**Golden State Realty** | **JASSI GILL** Broker/Owner
Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
CA DRE# 00966763

**Harmit S Toor** BEB BAY EAST BROKERS
Bay East Brokers, Inc.
Help you Buy, Sell & Loans:
♦Residential & Commercial Property
♦Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com
EQUAL HOUSING OPPORTUNITY

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
**Mann Insurance Brokers Inc.**
4123 Dyer St., #230, Union City, CA 94587



Twenty-Fourth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 29; July 22, 2023
20451 N. Plum Grove Rd., Palatine, IL 60074
Ph:847-359-0746, Fax:847-705-9388


## ਹੜ੍ਹ: ਹਰ ਪਾਸੇ ਤਬਾਹੀ ਦੇ ਨਿਸ਼ਾਨ

**ਚੰਡੀਗੜ੍ਹ:** ਪੰਜਾਬ ਵਿਚ ਹੜ੍ਹਾਂ ਦਾ ਪਾਣੀ ਭਾਵੇਂ ਘਟਣ ਲੱਗਾ ਹੈ ਪਰ ਇਹ ਹਰ ਪਾਸੇ ਤਬਾਹੀ ਦੇ ਨਿਸ਼ਾਨ ਛੱਡ ਗਿਆ ਹੈ। ਹੜ੍ਹਾਂ ਨੇ ਹਜ਼ਾਰਾਂ ਏਕੜ ਫਸਲ ਖਤਮ ਕਰ ਦਿੱਤੀ ਹੈ। ਇਸ ਵਾਰ ਸਬਜ਼ੀਆਂ ਬੀਜਣ ਵਾਲੇ ਕਿਸਾਨਾਂ ਨੂੰ ਸਭ ਤੋਂ ਵੱਧ ਨੁਕਸਾਨ ਝੱਲਣਾ ਪਿਆ ਹੈ। ਜਲ ਸਪਲਾਈ, ਸੜਕਾਂ ਅਤੇ ਪੁਲ ਢਹਿਣ ਕਾਰਨ ਲੋਕਾਂ ਦੀਆਂ ਮੁਸੀਬਤਾਂ ਅਜੇ ਘਟਣ ਵਾਲੀਆਂ ਨਹੀਂ। ਪੰਜਾਬ ਅਤੇ ਹਰਿਆਣਾ ਦੇ ਪ੍ਰਭਾਵਿਤ ਖੇਤਰਾਂ ਵਿਚ ਹੁਣ ਤੱਕ 60 ਮੌਤਾਂ ਹੋ ਚੁੱਕੀਆਂ ਹਨ।

ਹੜ੍ਹਾਂ ਦੀ ਮਾਰ ਪਿੱਛੋਂ ਬਿਮਾਰੀਆਂ ਫੈਲਣ ਦਾ ਖਤਰਾ ਵਧ ਗਿਆ ਹੈ। ਸ਼ਹਿਰੀ ਖੇਤਰਾਂ ਵਿਚ ਹੜ੍ਹਾਂ ਦੀ ਮਾਰ ਝੱਲਣ ਵਾਲੇ ਲੋਕ ਹੁਣ ਪੀਣ ਲਈ ਸਾਫ ਪਾਣੀ ਦੀ ਕਿੱਲਤ ਕਾਰਨ ਪੇਟ ਦੀਆਂ ਬਿਮਾਰੀਆਂ ਦੀ ਲਪੇਟ ਵਿਚ ਆਉਣ ਲੱਗ ਪਏ ਹਨ। ਪਟਿਆਲਾ ਵਿਚ ਪੇਚਸ਼ ਕਾਰਨ ਇਕ ਬੱਚੇ ਦੀ ਮੌਤ ਹੋ ਗਈ ਹੈ। ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਪਾਣੀ ਜਮ੍ਹਾਂ ਹੋਣ ਨਾਲ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਖਤਰੇ ਨੂੰ ਦੇਖਦੇ ਹੋਏ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਅਜਿਹੇ ਕਿਸੇ ਵੀ ਸੰਕਟ ਨੂੰ ਰੋਕਣ ਲਈ ਢੁਕਵੇਂ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਗਏ ਹਨ। ਪ੍ਰਭਾਵਿਤ ਇਲਾਕਿਆਂ ਵਿਚ ਮੈਡੀਕਲ ਕੈਂਪ ਲਗਾਏ ਗਏ ਹਨ ਅਤੇ ਲੋਕਾਂ ਨੂੰ ਦਵਾਈਆਂ ਵੰਡੀਆਂ ਜਾ ਰਹੀਆਂ ਹਨ।

ਪੰਜਾਬ ਸਰਕਾਰ ਨੇ ਸੂਬੇ ਵਿਚ ਹੜ੍ਹਾਂ ਕਾਰਨ ਬਣੇ ਹਾਲਾਤ ਨਾਲ ਨਜਿੱਠਣ ਲਈ ਵੱਖ-ਵੱਖ ਜ਼ਿਲ੍ਹਿਆਂ ਨੂੰ 62.70 ਕਰੋੜ ਰੁਪਏ ਦੇ ਫੰਡ ਜਾਰੀ ਕਰ ਦਿੱਤੇ ਹਨ। ਇਹ ਰਾਸ਼ੀ ਜਲ ਸਪਲਾਈ ਸਕੀਮਾਂ ਦੀ ਮੁਰੰਮਤ ਲਈ, ਹੜ੍ਹ ਕਾਰਨ ਪ੍ਰਭਾਵਿਤ ਸੜਕਾਂ ਅਤੇ ਪੁਲਾਂ ਦੀ ਮੁਰੰਮਤ, ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ, ਹੜ੍ਹਾਂ ਵਾਲੇ ਇਲਾਕਿਆਂ 'ਚ ਪੀਣ ਵਾਲੇ ਪਾਣੀ ਦੇ ਪ੍ਰਬੰਧਾਂ ਲਈ, ਪਸ਼ੂਆਂ ਦੀ ਸੰਭਾਲ ਤੇ ਉਨ੍ਹਾਂ ਦੇ ਚਾਰੇ ਦਾ ਪ੍ਰਬੰਧ ਕਰਨ ਲਈ ਦਿੱਤੀ ਗਈ ਹੈ।



ਪੰਜਾਬ ਵਿਚ ਹੜ੍ਹਾਂ ਕਾਰਨ 18 ਜ਼ਿਲ੍ਹਿਆਂ ਦੇ 1422 ਪਿੰਡ ਪ੍ਰਭਾਵਿਤ ਹੋ ਚੁੱਕੇ ਹਨ, ਜਿਨ੍ਹਾਂ 'ਚ ਕਾਫੀ ਨੁਕਸਾਨ ਹੋਇਆ ਹੈ। ਇਸੇ ਤਰ੍ਹਾਂ ਸੂਬੇ ਵਿਚ ਤਕਰੀਬਨ 600 ਘਰ ਨੁਕਸਾਨੇ ਗਏ ਹਨ ਜਦੋਂ ਕਿ ਨਵਾਂ ਸ਼ਹਿਰ ਤੇ ਰੋਪੜ ਵਿਚ ਕਰੀਬ 10 ਹਜ਼ਾਰ ਪੋਲਟਰੀ ਜਾਨਵਰ ਮਰੇ ਹਨ। ਪੰਜਾਬ ਦੇ ਸੱਤ ਜ਼ਿਲ੍ਹਿਆਂ ਪਟਿਆਲਾ, ਰੋਪੜ, ਸੰਗਰੂਰ, ਜਲੰਧਰ, ਫ਼ਿਰੋਜ਼ਪੁਰ, ਫ਼ਤਿਹਗੜ੍ਹ ਸਾਹਿਬ ਅਤੇ ਕਪੂਰਥਲਾ ਵਿਚ ਭਾਰਤੀ ਸੈਨਾ ਨੇ ਮੋਰਚਾ ਸੰਭਾਲਿਆ ਹੋਇਆ ਹੈ। ਹੜ੍ਹਾਂ ਦਾ ਪਾਣੀ ਉਤਰਨ ਮਗਰੋਂ ਖੇਤਾਂ ਵਿਚ ਕਿਧਰੇ ਫਸਲ ਦਿਖਾਈ ਨਹੀਂ ਦੇ ਰਹੀ ਜਿਸ ਕਾਰਨ ਕਿਸਾਨ ਨਿਰਾਸ਼ ਹਨ। ਕਈ ਥਾਈਂ ਪਾਣੀ ਤੇਜ ਵਹਾਅ 'ਚ ਫਸਲਾਂ ਰੋੜ੍ਹ ਕੇ ਲੈ ਗਿਆ ਅਤੇ ਕਿਤੇ ਫਸਲ ਦਰਿਆ ਦੇ ਪਾਣੀ ਦੀ ਗਾਰ ਹੇਠ ਦੱਬ ਗਈ ਹੈ। ਪਸ਼ੂਆਂ ਲਈ ਬੀਜਿਆ ਹਰਾ ਚਾਰਾ ਅਤੇ ਮੱਕੀ ਦੀ ਫਸਲ ਪੂਰੀ ਤਰ੍ਹਾਂ ਤਬਾਹ ਹੋ ਗਈ ਹੈ।

ਕਿਸਾਨਾਂ ਵੱਲੋਂ ਝੋਨੇ ਦੀ ਫਸਲ ਉਤੇ ਹੁਣ ਤੱਕ ਪ੍ਰਤੀ ਏਕੜ 10 ਤੋਂ 12 ਹਜ਼ਾਰ ਰੁਪਏ ਖਰਚ ਕੀਤੇ ਜਾ ਚੁੱਕੇ ਸਨ। ਤਬਾਹ ਹੋਈ ਫਸਲ ਨੂੰ ਦੁਬਾਰਾ ਲਗਾਉਣ ਲਈ ਨਾ ਤਾਂ ਕਿਸਾਨਾਂ ਕੋਲ ਪਨੀਰੀ ਮੌਜੂਦ ਹੈ ਅਤੇ ਨਾ ਹੀ ਪਾਣੀ ਦੀ ਮਾਰ ਕਾਰਨ ਉੱਜੜ ਚੁੱਕੇ ਖੇਤ ਇਕਸਾਰ ਹਨ। ਝੋਨੇ ਤੋਂ ਬਿਨਾਂ ਕੋਈ ਹੋਰ ਫਸਲ ਬੀਜਣ ਲਈ ਵੀ ਕਿਸਾਨਾਂ ਨੂੰ ਪਹਿਲਾਂ ਖੇਤ ਬਰਾਬਰ ਕਰਨੇ ਪੈਣਗੇ ਜਿਸ ਉੱਤੇ ਘੱਟੋ-ਘੱਟ 8 ਤੋਂ 10 ਹਜ਼ਾਰ ਰੁਪਏ ਪ੍ਰਤੀ ਏਕੜ ਖਰਚ ਆਵੇਗਾ, ਇਸ ਤੋਂ ਬਾਅਦ ਬਦਲਵੀਂ ਫਸਲ ਲਗਾਉਣ ਲਈ ਖਰਚੇ ਦਾ ਬੋਝ ਵੱਖ ਤੋਂ ਪਵੇਗਾ।

ਸਰਹੱਦੀ ਪਿੰਡਾਂ 'ਚ ਹੜ੍ਹ ਦਾ ਪਾਣੀ ਘਟਿਆ ਹੈ ਪਰ ਲੋਕਾਂ ਦੀਆਂ ਮੁਸ਼ਕਿਲਾਂ ਅਜੇ ਵੀ ਬਰਕਰਾਰ ਹਨ। ਹੁਸੈਨੀਵਾਲਾ ਨੇੜੇ ਕਰੀਬ ਵੀਹ ਏਕੜ ਜ਼ਮੀਨ ਹੜ੍ਹ ਦਾ ਪਾਣੀ ਆਪਣੇ ਨਾਲ ਵਹਾ ਕੇ ਲੈ ਗਿਆ ਹੈ। ਕਈ ਘਰਾਂ ਵਿਚ ਤਰੇੜਾਂ ਆ ਗਈਆਂ ਹਨ ਤੇ ਬਦਬੂ ਆਉਣੀ ਸ਼ੁਰੂ ਹੋ ਗਈ ਹੈ। ਘਰਾਂ ਅੰਦਰ ਪਿਆ ਸਾਮਾਨ ਖ਼ਰਾਬ ਹੋ ਗਿਆ ਹੈ। ਲੋਕਾਂ ਨੂੰ ਆਉਣ ਵਾਲੇ ਦਿਨਾਂ ਦੀ ਸਥਿਤੀ ਵੀ ਸਪੱਸ਼ਟ ਨਹੀਂ ਹੋ ਰਹੀ।

ਪੰਜਾਬ 'ਚ ਘੱਗਰ ਨੇ ਪਟਿਆਲਾ-ਸੰਗਰੂਰ ਦੇ ਸੈਂਕੜੇ ਪਿੰਡਾਂ 'ਚ ਤਬਾਹੀ ਮਚਾ ਦਿੱਤੀ ਹੈ। ਇਕੱਲੇ ਪਟਿਆਲਾ ਜ਼ਿਲ੍ਹੇ ਵਿਚ ਤਕਰੀਬਨ ਢਾਈ ਲੱਖ ਏਕੜ ਫਸਲ ਹੜ੍ਹਾਂ ਦੀ ਮਾਰ ਹੇਠ ਆ ਗਈ, ਜਿਸ ਵਿਚੋਂ ਕਰੀਬ ਸਵਾ ਲੱਖ ਏਕੜ 'ਚ ਮੁੜ ਫਸਲ ਸੰਭਵ ਨਹੀਂ ਰਹੀ ਹੈ। ਘੱਗਰ ਦੇ ਪਾਣੀ ਨੇ ਸੰਗਰੂਰ ਜ਼ਿਲ੍ਹੇ ਵਿਚ 42 ਹਜ਼ਾਰ ਏਕੜ ਫ਼ਸਲ

*(ਬਾਕੀ ਸਫਾ 6 'ਤੇ)*

## ਬਾਦਲ ਦਲ ਵਿਚ ਹੁਣ ਬੀਬੀਆਂ ਦੀ ਬਗਾਵਤ

**ਚੰਡੀਗੜ੍ਹ:** ਆਪਣੀ ਸਿਆਸੀ ਹੋਂਦ ਲਈ ਹੱਥ-ਪੈਰ ਮਾਰ ਰਹੇ ਸ਼੍ਰੋਮਣੀ ਅਕਾਲੀ ਦਲ ਬਾਦਲ ਵਿਚ ਨਵੀਂ 'ਬਗਾਵਤ' ਉਠੀ ਖਲੋਤੀ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਆਂਗਨਵਾੜੀ ਯੂਨੀਅਨ ਦੀ ਪ੍ਰਧਾਨ ਬੀਬੀ ਹਰਜਿੰਦਰ ਕੌਰ ਨੂੰ ਮਹਿਲਾ ਵਿੰਗ ਦਾ ਪ੍ਰਧਾਨ ਲਗਾਉਣ ਦੇ ਫੈਸਲੇ ਖ਼ਿਲਾਫ਼ ਅਕਾਲੀ ਦਲ ਦੀਆਂ ਬੀਬੀਆਂ ਨੇ 'ਬਗਾਵਤ' ਕਰ ਦਿੱਤੀ ਹੈ। ਇਹ ਪਹਿਲੀ ਵਾਰ ਹੈ ਜਦੋਂ ਪਾਰਟੀ ਵਿਚ ਟਕਸਾਲੀ ਬੀਬੀਆਂ ਨੇ ਇੰਨੇ ਵੱਡੇ ਪੱਧਰ ਉਤੇ ਬਗਾਵਤ ਕੀਤੀ ਹੋਵੇ।

ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀਆਂ ਟਕਸਾਲੀ ਆਗੂਆਂ ਤੇ ਵਰਕਰਾਂ ਵੱਲੋਂ ਨਵੀਂ ਪ੍ਰਧਾਨ ਹਰਗੋਬਿੰਦ ਕੌਰ ਦੀ ਨਿਯੁਕਤੀ 'ਤੇ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਰੋਸ ਵਜੋਂ 35 ਦੇ ਕਰੀਬ ਮਹਿਲਾ ਆਗੂਆਂ ਵੱਲੋਂ ਅਸਤੀਫੇ ਦੇ ਦਿੱਤੇ ਹਨ। ਟਕਸਾਲੀ ਬੀਬੀਆਂ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪੱਤਰ ਲਿਖ ਕੇ ਸਖਤ ਨਰਾਜ਼ਗੀ ਜ਼ਾਹਿਰ ਕੀਤੀ ਹੈ ਤੇ ਸਵਾਲ ਕੀਤਾ ਹੈ ਕਿ ਪਾਰਟੀ ਲਈ ਦਿਨ-ਰਾਤ ਇਕ ਕਰਨ ਵਾਲੇ ਲੋਕਾਂ ਨੂੰ ਲਾਂਭੇ ਕਰ ਕੇ ਬਾਹਰੋਂ ਆਏ ਲੋਕਾਂ ਨੂੰ ਪ੍ਰਧਾਨਗੀਆਂ ਦੇਣ ਦੀ ਕੀ ਤੁਕ ਹੈ।

ਉਨ੍ਹਾਂ ਤਰਕ ਦਿੱਤਾ ਕਿ ਪਾਰਟੀ ਵਿਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਨਾ ਬਣਦਾ ਹੈ ਪਰ ਉਹ ਮੌਜੂਦਾ ਆਗੂਆਂ ਦੀ ਕਤਾਰ ਵਿਚ ਪਿੱਛੇ ਲੱਗਣ ਤੇ ਆਪਣੀ ਯੋਗਤਾ ਸਾਬਤ ਕਰ ਕੇ ਅੱਗੇ ਆਉਣ, ਜਦਕਿ ਪਾਰਟੀ ਪ੍ਰਧਾਨ ਨੇ ਇਸ ਤੋਂ ਉਲਟ ਫੈਸਲਾ ਲੈ ਕੇ ਟਕਸਾਲੀ ਬੀਬੀਆਂ ਦਾ ਅਪਮਾਨ ਕੀਤਾ ਹੈ। ਜਿਸ ਬੀਬੀ ਨੂੰ ਇਸਤਰੀ ਵਿੰਗ ਦੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ, ਉਸ ਦਾ ਅਕਾਲੀ ਦਲ ਦੀ ਵਿਚਾਰਧਾਰਾ ਨਾਲ ਦੂਰ-ਨੇੜੇ ਦਾ ਵੀ ਕੋਈ ਸਬੰਧ ਨਹੀਂ ਹੈ। ਇਸ ਤੋਂ ਪਹਿਲਾਂ ਵੀ ਪਾਰਟੀ ਨੇ ਅਜਿਹੀਆਂ ਗਲਤੀਆਂ ਕੀਤੀਆਂ ਸਨ ਜਿਨ੍ਹਾਂ ਨਾਲ ਪਾਰਟੀ ਨੂੰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪਿਆ।

ਚੇਤੇ ਰਹੇ ਕਿ ਸੁਖਬੀਰ ਬਾਦਲ ਹੱਥ ਪਾਰਟੀ ਦੀ ਕਮਾਨ ਆਉਣ ਤੋਂ ਬਾਅਦ ਟਕਸਾਲੀ ਅਕਾਲੀ ਆਗੂਆਂ ਨੂੰ ਨੁੱਕਰੇ ਲਾਉਣ ਦਾ ਮੁੱਦੇ ਹਮੇਸ਼ਾ ਭਖਿਆ ਰਿਹਾ ਹੈ। ਇਸੇ ਰੋਸ ਵਜੋਂ ਪਾਰਟੀ ਦੇ ਕਈ ਕੱਦਾਵਰ ਆਗੂ ਅਕਾਲੀ ਦਲ ਨੂੰ ਅਲਵਿਦਾ ਆਖ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਅੰਦਰ ਬਗਾਵਤਾਂ ਦਾ ਅਮਲ 2017 ਦੀਆਂ ਚੋਣਾਂ ਹਾਰਨ ਤੋਂ ਬਾਅਦ ਸ਼ੁਰੂ ਹੋਇਆ ਸੀ ਜਦੋਂ ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਅਤੇ ਡਾ. ਰਤਨ ਸਿੰਘ ਅਜਨਾਲਾ ਆਦਿ ਨੇ ਬਗਾਵਤ ਕੀਤੀ ਸੀ ਪਰ ਜਥੇਦਾਰ ਬ੍ਰਹਮਪੁਰਾ ਨੇ ਅਕਾਲੀ ਦਲ ਵਿਚ ਵਾਪਸੀ ਕਰ ਲਈ ਸੀ। 2022 ਦੀਆਂ ਚੋਣਾਂ ਤੋਂ ਬਾਅਦ ਇਹ ਸੰਕਟ ਹੋਰ ਵੀ ਵਧਣ ਲੱਗਿਆ ਸੀ ਤੇ ਜ਼ਮੀਨੀ ਪੱਧਰ 'ਤੇ ਵਰਕਰਾਂ 'ਚ ਨਿਰਾਸ਼ਾ ਹੀ ਨਹੀਂ ਸੀ ਸਗੋਂ ਲੀਡਰਸ਼ਿਪ ਖਿਲਾਫ਼ ਰੋਹ ਵੀ ਸੀ। ਸ਼੍ਰੋਮਣੀ ਅਕਾਲੀ ਦਲ ਅੰਦਰ ਚੱਲ ਰਹੇ ਸੰਕਟ ਦੇ ਹੱਲ ਲਈ ਪਾਰਟੀ ਵੱਲੋਂ ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਕਮੇਟੀ ਬਣਾ ਕੇ ਜ਼ਮੀਨੀ ਪੱਧਰ ਤੱਕ ਵਰਕਰਾਂ ਨਾਲ ਗੱਲਬਾਤ ਕਰ ਕੇ ਰਿਪੋਰਟ ਤਿਆਰ ਕੀਤੀ ਗਈ। ਇਸ ਕਮੇਟੀ ਦੀ ਰਿਪੋਰਟ ਵਿਚ ਸਪਸ਼ਟ ਤੌਰ 'ਤੇ ਅਕਾਲੀ ਦਲ ਦੇ ਵਰਕਰਾਂ ਨੇ ਪਾਰਟੀ ਦੀ ਲੀਡਰਸ਼ਿਪ ਖਾਸ ਕਰ ਬਾਦਲਾਂ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਾਇਆ ਸੀ। ਕਮੇਟੀ ਦੀ ਲੀਡਰਸ਼ਿਪ ਤਬਦੀਲੀ ਬਾਰੇ ਸਿਫਾਰਸ਼ ਨੂੰ ਹੇਠਲੇ ਪੱਧਰ ਤੱਕ ਹੀ ਲਾਗੂ ਕਰ ਕੇ ਸੁਖਬੀਰ ਦੀ ਕੁਰਸੀ ਬਚਾ ਲਈ ਗਈ।

*(ਬਾਕੀ ਸਫਾ 6 'ਤੇ)*


**Medicare** COVERED CALIFORNIA
Life & Health Insurance
ਹੈਲਥ ਕੇਅਰ
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE

Raja SWEETS & CATERING
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine | Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਹੈਂਪਟਨ ਸ਼ਹਿਰ ਵਿਚ ਹੋਈ ਗੋਲੀਬਾਰੀ ਵਿਚ 4 ਮੌਤਾਂ, ਸ਼ੱਕੀ ਹਮਲਾਵਰ ਦੀ ਭਾਲ ਜਾਰੀ

**ਹੈਂਪਟਨ, ਜਾਰਜੀਆ:** ਇੱਥੇ ਹੋਈ ਗੋਲੀਬਾਰੀ ਵਿਚ 4 ਵਿਅਕਤੀਆਂ ਦੀਮੌਤ ਹੋ ਗਈ। ਲਾਅ ਇਨਫੋਰਸਮੈਂਟ ਅਧਿਕਾਰੀ ਇਕ ਸ਼ੱਕੀ ਦੋਸ਼ੀ ਦੀ ਭਾਲ ਵੱਡੀ ਪੱਧਰ ਉਪਰ ਕਰ ਰਹੇ ਹਨ। ਹੈਨਰੀ ਕਾਊਂਟੀ ਸ਼ੈਰਿਫ ਦਫਤਰ ਨੇ ਸ਼ੱਕੀ ਦੋਸ਼ੀ ਦੀ ਪਛਾਣ 40 ਸਾਲਾ ਆਂਦਰੇ ਲੌਂਗਮੋਰ ਵਜੋਂ ਕੀਤੀ ਹੈ ਜਿਸਦੀ ਪੁਲਿਸ ਨੇ ਤਸਵੀਰ ਵੀ ਜਾਰੀ ਕੀਤੀ ਹੈ। ਪੁਲਿਸ ਦਾ ਵਿਸ਼ਵਾਸ ਹੈ ਕਿ ਸ਼ੱਕੀ ਦੋਸ਼ੀ 2017 ਬਲੈਕ ਜੀਐਮਸੀ ਅਕੈਡੀਆ ਜੋ ਉਸਦੀ ਆਪਣੀ ਗੱਡੀ ਨਹੀਂ ਹੈ, ਵਿਚ ਸਵਾਰ ਹੈ। ਹੈਂਪਟਨ ਪੁਲਿਸ ਮੁਖੀ ਜੇਮਜ ਟਰਨਰ ਨੇ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਹੈਂਪਟਨ ਵਿਚ ਡੌਗਵੁੱਡ ਲੇਕਸ ਸਬਡਿਵੀਜ਼ਨ ਨੇੜੇ ਹੋਈ ਹੈ।

ਟਰਨਰ ਨੇ ਕਿਹਾ ਕਿ ਮ੍ਰਿਤਕਾਂ ਵਿਚ 3 ਮਰਦ ਤੇ ਇਕ ਔਰਤ ਸ਼ਾਮਿਲ ਹੈ ਤੇ ਇਹ ਸਾਰੇ ਬਾਲਗ ਹਨ। ਪੁਲਿਸ ਨੇ ਮ੍ਰਿਤਕਾਂ ਦੇ ਨਾਂ ਜਾਰੀ ਨਹੀਂ ਕੀਤੇ ਤੇ ਕਿਹਾ ਹੈ ਕਿ ਪੀੜਤ ਪਰਿਵਾਰਾਂ ਨੂੰ ਸੂਚਿਤ ਕਰਨ ਉਪਰੰਤ ਹੀ ਨਾਂ ਜਨਤਕ ਕੀਤੇ ਜਾਣਗੇ। ਸ਼ੈਰਿਫ ਦਫਤਰ ਨੇ ਉਸਦੀ ਗ੍ਰਿਫਤਾਰੀ ਸਬੰਧੀ ਕੋਈ ਵੀ ਸੁਰਾਗ ਜਾਂ ਸੂਚਨਾ ਦੇਣ ਵਾਲੇ ਨੂੰ 10000 ਡਾਲਰ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੈ। ਪੁਲਿਸ ਨੇ ਲੋਕਾਂ ਨੂੰ ਸੁਚੇਤ ਕੀਤਾ ਹੈ ਕਿ ਸ਼ੱਕੀ ਦੋਸ਼ੀ ਹਥਿਆਰਬੰਦ ਤੇ ਖਤਰਨਾਕ ਹੋ ਸਕਦਾ ਹੈ।




ਪੁਲਿਸ ਵਲੋਂ ਜਾਰੀ ਸ਼ੱਕੀ ਦੀ ਤਸਵੀਰ

TBF THE BAINS FIRM

Manpreet S. Bains

Personal Injury and Wrongful Death Attorneys

Case Results*

$10 MILLION Motorcycle vs. Truck Collision

$8 MILLION Wrongful Death


$5.25 MILLION Traumatic Brain Injury

$1.1 MILLION Burn Injury

$1.1 MILLION Pedestrian vs. Motor Vehicle Collision

*Past Performance Not a Guarantee of Future Results

Offices in San Francisco and Union City



WILLIAM E. WEISS Of Counsel

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com

www.thebainsfirm.com



ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CISI

CALIFORNIA IMMIGRATION SERVICES INC.

Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:

Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377

Website: www.caials.com e-mail: rosy@caials.com


ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



Homeopathicvibes

Harminder Singh Gill

Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)

Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

Ph: (408) 737-7100

www.homeopathicvibes.com

We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996

FAX: 209.982.9997

www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਗੁਰੂਮਿਲਾਪ ਸੰਸਥਾ ਵੱਲੋਂ ਗੁਰਦੁਆਰਾ ਸਿੰਘ ਸਭਾ ਵਿਖੇ ਸਾਲਾਨਾ ਸਮਾਗਮ

**ਫਰਿਜ਼ਨੋ:** ਸਥਾਨਕ ਗੁਰੂਮਿਲਾਪ ਸੰਸਥਾ ਜਿਹੜੀ ਸਿੱਖੀ ਸਿੱਖਿਆ ਗੁਰ ਵਿਚਾਰ ਦੇ ਸਲੋਗਨ ਹੇਠ ਰਾਜਸਥਾਨ ਦੇ ਅਲਵਰ ਵਿਖੇ ਗਰੀਬ ਸਾਬਤ ਸੂਰਤ ਸਿੱਖ ਬੱਚਿਆਂ ਲਈ ਸਕੂਲ ਚਲਾ ਕੇ ਮੁਫ਼ਤ ਵਿੱਦਿਆ ਮੁਹੱਈਆ ਕਰਵਾ ਰਹੀ ਹੈ, ਵੱਲੋਂ ਵਿੱਦਿਆ ਦਾ ਚਾਨਣ ਵੰਡਣ ਲਈ, ਸੰਗਤ ਨੂੰ ਸੰਸਥਾ ਦੇ ਕੰਮਾਂ ਤੋਂ ਜਾਣੂ ਕਰਵਾਉਣ ਲਈ ਸਾਲਾਨਾ ਕੀਰਤਨ ਦਰਬਾਰ ਗੁਰਦੁਆਰਾ ਸਿੰਘ ਸਭਾ ਵਿਖੇ 9 ਜੁਲਾਈ ਦਿਨ ਐਤਵਾਰ ਨੂੰ ਕਰਵਾਇਆ ਗਿਆ। ਸੰਸਥਾ ਦੇ ਮੋਢੀ ਸ. ਜਗਦੀਸ਼ ਸਿੰਘ ਨੇ ਦੱਸਿਆ ਕਿ ਜੇ ਸੰਗਤ ਵਿਚੋਂ ਕੋਈ ਬੱਚਾ ਗੋਦ ਲੈ ਕੇ ਪੜ੍ਹਾਉਣਾ ਚਾਹੇ ਤਾਂ ਮਹੀਨੇ ਦੀ ਫੀਸ 20 ਡਾਲਰ ਦੇ ਕੇ ਸੇਵਾ ਲੈ ਸਕਦਾ ਹੈ। ਜੇ ਭਾਰਤ ਤੋਂ ਕਿਸੇ ਨੇ ਸੇਵਾ ਲੈਣੀ ਹੋਵੇ ਤਾਂ 1600 ਰੁਪਏ ਪ੍ਰਤੀ ਮਹੀਨਾ ਆਪਣੇ ਦਸਵੰਧ ਵਿਚੋਂ ਕੱਢ ਕੇ ਲੈ ਸਕਦਾ ਹੈ। ਇਸੇ ਤਰੀਕੇ ਅਲਵਰ ਦੇ ਸਕੂਲ ਵਿਚ 300 ਤੋਂ ਜ਼ਿਆਦਾ ਬੱਚੇ ਪੜ੍ਹਦੇ ਹਨ, ਅਤੇ 25 ਤੋਂ ਜ਼ਿਆਦਾ ਸਟਾਫ ਮੈਂਬਰ ਹਨ। ਇੱਥੇ ਬੱਚਿਆਂ ਲਈ ਲੰਚ ਦਾ ਵੀ ਮੁਫਤ ਪ੍ਰਬੰਧ ਹੈ। ਜੇ ਲੰਚ ਦੀ ਸੇਵਾ ਲੈਣੀ ਹੋਵੇ ਤਾਂ ਮਹੀਨੇ ਦੀ ਸੇਵਾ ਤਕਰੀਬਨ 1300 ਡਾਲਰ ਦੇ ਕੇ ਲੈ ਸਕਦਾ ਹੈ।







ਇਸ ਮੌਕੇ ਜਿੱਥੇ ਗੁਰੂ ਘਰ ਦੇ ਕੀਰਤਨੀਏ ਭਾਈ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ, ਓਥੇ ਗੁਰਦੁਆਰਾ ਸਹਿਬ ਦੇ ਸੈਕਟਰੀ ਭਾਈ ਗੁਰਪ੍ਰੀਤ ਸਿੰਘ ਮਾਨ ਅਤੇ ਗੁਰੂਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਕਰਨਾਲ ਨੇ ਵੀ ਸੰਗਤਾਂ ਨੂੰ ਗੁਰੂਮਿਲਾਪ ਸੰਸਥਾ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਵੀ ਆਪਣੇ ਤਜਰਬੇ ਵਿਚੋਂ ਗੁਰਮਿਲਾਪ ਸੰਸਥਾ ਦੇ ਸੰਬੰਧ ਵਿਚ ਵਿਚਾਰ ਰੱਖੇ। ਇਸ ਤੋਂ ਇਲਾਵਾ ਪ੍ਰਕਾਸ਼ ਸਿੰਘ ਪ੍ਰੇਮੀ, ਬੀਬੀ ਕੁਲਵੰਤ ਕੌਰ, ਬੀਬੀ ਕਮਲਪ੍ਰੀਤ ਕੌਰ, ਭਾਈ ਹਰਵਿੰਦਰ ਸਿੰਘ ਆਦਿ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ, ਅਤੇ ਪੰਥ ਦੇ ਮਹਾਨ ਕੀਰਤਨੀਏ ਭਾਈ ਓਂਕਾਰ ਸਿੰਘ ਨੇ ਗੁਰਬਾਣੀ ਦਾ ਕੀਰਤਨ ਕਰ ਕੇ ਸਪੈਸ਼ਲ ਹਾਜ਼ਰੀ ਭਰੀ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ, ਅਤੇ ਸੰਗਤਾਂ ਨੇ ਗੁਰੂਮਿਲਾਪ ਸੰਸਥਾ ਨੂੰ ਮਦਦ ਦਾ ਭਰੋਸਾ ਦਿੱਤਾ। ਪੂਰੇ ਪ੍ਰੋਗਰਾਮ ਦੀ ਫੋਟੋ ਅਤੇ ਵੀਡੀਓਗ੍ਰਾਫੀ ਓਮਨੀ ਵੀਡੀਓ ਵਾਲੇ ਸ਼ਿਆਰਾ ਸਿੰਘ ਢੀਂਡਸਾ ਨੇ ਕੀਤੀ।

**-ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

# ਸ. ਪ੍ਰੀਤਮ ਸਿੰਘ ਦੇ ਦੇਹਾਂਤ ਨਾਲ ਨਨੂਆ ਪਰਿਵਾਰ ਨੂੰ ਸਦਮਾ

**ਇੰਡੀਆਨਾ:** ਪੀ ਸੀ ਐਸ ਸ਼ਿਕਾਗੋ ਦੇ ਸਾਬਕਾ ਪ੍ਰਧਾਨ ਸ. ਪਰਵਿੰਦਰ ਸਿੰਘ ਨਨੂਆ ਦੇ ਪਿਤਾ ਸ. ਪ੍ਰੀਤਮ ਸਿੰਘ ਨਨੂਆ ਦਾ ਲੰਘੀ 15 ਜੁਲਾਈ, ਨੂੰ ਫੋਰਟਵੇਨ ਇੰਡੀਆਨਾ ਵਿਚ ਆਪਣੇ ਘਰ ਵਿਚ ਦੇਹਾਂਤ ਹੋ ਗਿਆ। ਆਖਰੀ ਸਾਹ ਤੱਕ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦੇ ਨਾਲ ਸੀ। ਸ. ਨਨੂਆ ਦਾ ਸੰਸਕਾਰ ਸ਼ਨਿਚਰਵਾਰ 22 ਜੁਲਾਈ, 2023 ਨੂੰ ਮੈਕਕੋਮ ਐਂਡ ਸੰਨਜ਼ ਟ੍ਰਿਬਿਊਟ ਸੈਂਟਰ 2307 ਡਬਲਯੂ ਮੇਨ ਸਟਰੀਟ ਫੋਰਟਵੇਨ, ਇੰਡੀਆਨਾ 46804 ਵਿਖੇ ਸਵੇਰੇ 10:00 ਵਜੇ ਤੋਂ 11:30 ਵਜੇ ਦਰਮਿਆਨ ਹੋਵੇਗਾ।



ਸ. ਪ੍ਰੀਤਮ ਸਿੰਘ ਨਨੂਆ ਦਾ ਜਨਮ ਦਬਖੇੜਾ, ਕੁਰੂਕਸ਼ੇਤਰ, (ਹਰਿਆਣਾ) ਵਿਚ 20 ਜਨਵਰੀ 1935 ਨੂੰ ਹੋਇਆ ਸੀ। ਉਨ੍ਹਾਂ ਦੂਜੇ ਵਿਸ਼ਵ ਯੁੱਧ ਸਮੇਂ ਭਾਰਤੀ ਫੌਜ ਵਿਚ 20 ਸਾਲ ਸੇਵਾ ਨਿਭਾਈ ਤੇ ਬਹਾਦਰੀ ਅਤੇ ਹਿੰਮਤ ਦੀ ਮਿਸਾਲ ਪੇਸ਼ ਕੀਤੀ। ਜਦੋਂ ਉਹ ਵਾਪਸ ਪਰਤੇ ਤਾਂ ਖੇਤੀਬਾੜੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੇ ਤਿੰਨ ਬੱਚੇ ਹਰਜੀਤ ਸਿੰਘ ਨਨੂਆ, ਬਲਕਾਰ ਕੌਰ ਮੇਹਦਵਾਨ ਅਤੇ ਪਰਵਿੰਦਰ ਸਿੰਘ ਨਨੂਆ ਹਨ। ਉਹ ਬਹੁਤ ਹੀ ਪਿਆਰ ਕਰਨ ਵਾਲੇ ਅਤੇ ਸਹਿਯੋਗੀ ਪਿਤਾ ਸਨ, ਜਿਨ੍ਹਾਂ ਆਪਣੇ ਬੱਚਿਆਂ ਵਿਚ ਸਖ਼ਤ ਮਿਹਨਤ ਅਤੇ ਵਫ਼ਾਦਾਰੀ ਦੇ ਗੁਣ ਪੈਦਾ ਕੀਤੇ। ਉਹ ਆਪਣੀ ਪਤਨੀ ਜੋਗਿੰਦਰ ਕੌਰ ਨਨੂਆ ਸਣੇ 1997 ਵਿਚ ਆਪਣੇ ਸਭ ਤੋਂ ਛੋਟੇ ਬੇਟੇ ਪਰਵਿੰਦਰ ਨਨੂਆ ਕੋਲ ਅਮਰੀਕਾ ਆ ਗਏ ਤੇ ਉਸਦਾ ਅਤੇ ਉਸਦੀ ਪਤਨੀ ਸੁਰਜੀਤ ਕੌਰ ਨਨੂਆ ਦਾ ਉਨ੍ਹਾਂ ਦੇ ਸੁਪਨੇ ਪੂਰੇ ਕਰਨ ਵਿਚ ਸਾਥ ਦਿੱਤਾ। ਪ੍ਰੀਤਮ ਨਨੂਆ ਤੇ ਜੋਗਿੰਦਰ ਨਨੂਆ ਨੇ ਆਪਣੀ ਪੋਤੀ ਜਸਲੀਨ ਨਨੂਆ ਅਤੇ ਪੋਤੇ ਗਗਨ ਨਨੂਆ ਦਾ ਪਾਲਣ ਪੋਸ਼ਣ ਕੀਤਾ ਤੇ ਉਨ੍ਹਾਂ ਨੂੰ ਮੂਲ ਸਿੱਖ ਕਦਰਾਂ-ਕੀਮਤਾਂ ਨਾਲ ਜੋੜੀ ਰੱਖਿਆ ਤੇ ਪੰਜਾਬੀ ਸਿਖਾਈ।

ਜੋਗਿੰਦਰ ਕੌਰ ਨਨੂਆ ਅਚਾਨਕ ਲਿਊਕੀਮੀਆ ਦੇ ਸ਼ਿਕਾਰ ਹੋ ਗਏ ਪਰ ਪ੍ਰੀਤਮ ਨਨੂਆ ਨੇ ਕਦੇ ਵੀ ਉਨ੍ਹਾਂ ਦਾ ਸਾਥ ਨਹੀਂ ਛੱਡਿਆ। ਉਨ੍ਹਾਂ ਦੀ ਮੌਤ ਤੋਂ ਬਾਅਦ, ਸ. ਨਨੂਆ ਨੇ ਅਗਲੇ 12 ਸਾਲ ਆਪਣੇ ਸਾਰੇ ਬੱਚਿਆਂ ਹਰਜੀਤ ਸਿੰਘ, ਬਲਕਾਰ ਕੌਰ, ਪਰਵਿੰਦਰ ਸਿੰਘ, ਨੂੰਹ ਇੰਦਰਜੀਤ ਕੌਰ, ਸੁਰਜੀਤ ਕੌਰ, ਜਵਾਈ ਜਗਰੂਪ ਸਿੰਘ, ਪੋਤਰੇ ਪ੍ਰਭਦੀਪ ਸਿੰਘ, ਰਮਨਦੀਪ ਕੌਰ, ਜਸਲੀਨ ਕੌਰ, ਗਗਨ ਸਿੰਘ, ਰਵਿੰਦਰ ਸਿੰਘ, ਦਵਿੰਦਰ ਸਿੰਘ ਅਤੇ ਪੜਪੋਤੇ-ਪੜਪੋਤੀਆਂ ਦਾ ਮਾਰਗਦਰਸ਼ਨ ਕੀਤਾ।

# Matrimonials

## ਲੜਕੀ ਦੀ ਲੋੜ ਹੈ

Ramgarhia Sikh Family looking for a suitable match for their 29 years old, 5' 11" Boy. B. Com and well settled in Fresno, California, USA. Gotra: Khural & Bansal. Girl must be U.S. Citizen or Permanent resident.
Contact us at: (559) 702- 6844.
29-32

Sikh Ahluwalia family Looking for Gursikh girl with educated background for their 36, 5' 8" son.Qualification BTech IT and PG in software development.Working as IT professional in New York based company. He is turbaned Gursikh boy having faith in Guru Granth Sahib ji. Current location- Hartford CT. Please contact us at whatsapp 91-8860131363. US number: 315 849 6562. Emailbid - richiewalia@gmail.com
25-28

Wanted suitable girl for Gursikh, turbuned Arora, divorced boy, 36 yrs., 5'9', MTech engineering. Owns commercial, residential property in India. Settled in US. Caste no bar.
Please Email: utakecare2@yahoo.com or call 1-618-402-4269
20-23

Looking for a suitable match for my Kamboj,Sikh brother height 5'8, 1995 born and raised in USA. Our parents hometown is from Amritsar. My brother has completed studies in criminal justice/business Management. Currently has well established business in Pennsylvania. We are a modern/traditional family looking for someone who will be a great fit for my brother preferably looking in USA only.
Please call or whatsapp 347-920-9033.
20-23

## ਲੜਕੇ ਦੀ ਲੋੜ ਹੈ

Parjapat family Looking for a suitable Match for their daughter, USA citizen age 33, 5'4" Divorced, no kids, Degree in Accounting, well settled in California. Please contact us at e-mail:
beantsingh94553@yahoo.com
29-32

Jat Sikh well educated and well settled family seeking suitable match for their September, 2001 US born 5'4" daughter. Turban wearing keshadari boy and compatible humble family is preference but not limited to. She possesses AA degree in management and Supervision. Employed as Federal employee in Bay Area (California). Contact us @ Ph:510-861-6491 or
e-mail at: pgrrealty@gmail.com
26-29

Sikh Family is looking for USA Citizen match for their daughter 1988 born, 5'9", divorcee and has one child living with. Family belongs to Punjab Ludhiana. She has completed her nursing associate in India, currently not working as she is preparing for RN/IELTS.
Please contact us at 262-960-7366.
21-24

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949
20-23




UMA TRAVELS
2535 West Devon Ave.,
Chicago, IL 60659
For Delhi-Bombay Ahmedabad, Hydrabad-Madra
Call For Special Sale Fares
Call: 773-338-5603

# ਮਾਲਵੇ ਇਲਾਕੇ ਲਈ ਕਹਿਰ ਬਣਿਆ ਘੱਗਰ ਦਰਿਆ

**ਚੰਡੀਗੜ੍ਹ:** ਮੀਂਹ ਨੇ ਪਹਿਲਾਂ ਹਿਮਾਚਲ ਪ੍ਰਦੇਸ ਤੇ ਹੁਣ ਪੰਜਾਬ ਵਿਚ ਭਾਰੀ ਤਬਾਹੀ ਮਚਾਈ ਹੈ। ਹੜ੍ਹ ਦੀ ਮਾਰ ਹੇਠ ਆਏ ਪੰਜਾਬ ਦੀਆਂ ਤਸਵੀਰਾਂ ਅਤੇ ਵੀਡੀਓਜ਼ ਨੇ ਡਰਾਉਣਾ ਮੰਜਰ ਪੇਸ਼ ਕੀਤਾ ਹੈ। ਮਾਨਸੂਨ ਦੇ ਕਹਿਰ ਨਾਲ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ ਅਤੇ ਪੰਜਾਬ ਦੇ ਬਹੁਤੇ ਕਸਬੇ ਪਾਣੀ ਵਿਚ ਡੁੱਬ ਗਏ ਹਨ।

ਇਸ ਨਾਲ ਸੂਬੇ ਵਿਚ ਹਜ਼ਾਰਾਂ ਕਰੋੜਾਂ ਦਾ ਨੁਕਸਾਨ ਹੋਇਆ ਹੈ। ਸਭ ਤੋਂ ਵੱਧ ਪਾੜ ਸੰਗਰੂਰ ਅਤੇ ਪਟਿਆਲਾ ਜ਼ਿਲ੍ਹਿਆਂ ਵਿਚ ਘੱਗਰ ਦੇ ਬੰਨ੍ਹਾਂ 'ਤੇ ਪਏ। ਖਨੌਰੀ ਅਤੇ ਮੂਨਕ ਇਲਾਕੇ ਵਿਚ ਘੱਗਰ ਦਾ ਕਹਿਰ ਲਗਾਤਾਰ ਜਾਰੀ ਹੈ। ਘੱਗਰ 'ਚ ਕਈ ਥਾਂ ਪਏ ਪਾੜ ਜਿਉਂ ਦੇ ਤਿਉਂ ਬਰਕਰਾਰ ਹਨ ਤੇ ਪਾਣੀ ਦੇ ਤੇਜ਼ ਵਹਾਅ ਨੂੰ ਰੋਕਣ ਲਈ ਪਾੜ ਭਰਨ ਦੀ ਹਰ ਕੋਸ਼ਿਸ਼ ਅਸਫਲ ਹੋ ਰਹੀ ਹੈ। ਜ਼ਿਕਰਯੋਗ ਹੈ ਕਿ ਮਾਹਿਰ ਮੁਲਾਜ਼ਮਾਂ ਤੇ ਮਿੱਟੀ ਦੀ ਘਾਟ ਸਣੇ ਲਗਾਤਾਰ ਵਧ ਰਹੇ ਪਾਣੀ ਦੇ ਪੱਧਰ ਕਾਰਨ ਦਿੱਕਤਾਂ ਵਧੀਆਂ ਹੋਈਆਂ ਹਨ। ਇਲਾਕੇ ਦੇ ਦਰਜਨਾਂ ਪਿੰਡ ਘੱਗਰ ਦੀ ਮਾਰ ਹੇਠ ਹਨ ਤੇ ਹਜ਼ਾਰਾਂ ਏਕੜ ਫਸਲ ਪਾਣੀ 'ਚ ਡੁੱਬ ਚੁੱਕੀ ਹੈ। ਖਨੌਰੀ ਨੇੜੇ ਕੌਮੀ ਮਾਰਗ ਦਾ ਇਕ ਪਾਸਾ ਪਾਣੀ ਦੇ ਤੇਜ਼ ਵਹਾਅ ਕਾਰਨ ਟੁੱਟ ਗਿਆ ਹੈ ਤੇ ਸੜਕ



ਹੇਠਾਂ ਧਸਣ ਕਾਰਨ ਵੱਡਾ ਖੱਡਾ ਬਣ ਗਿਆ ਹੈ। ਮੂਨਕ ਵਿਚ ਐੱਸ.ਡੀ.ਐੱਮ. ਕੰਪਲੈਕਸ ਵੀ ਹੜ੍ਹ ਦੀ ਮਾਰ ਹੇਠ ਆ ਗਿਆ ਹੈ। ਮੂਨਕ ਅਤੇ ਖਨੌਰੀ ਸ਼ਹਿਰ 'ਚ ਪਾਣੀ ਨੂੰ ਦਾਖਲ ਹੋਣ ਤੋਂ ਰੋਕਣ ਲਈ ਲੋਕ ਆਪਣੇ ਪੱਧਰ 'ਤੇ ਬੰਨ੍ਹ ਲਾਉਣ 'ਚ ਜੁੱਟ ਗਏ ਹਨ। ਗੌਰਤਲਬ ਹੈ ਕਿ ਖਨੌਰੀ ਸ਼ਹਿਰ ਕੋਲੋਂ ਲੰਘਦੀ ਡਰੇਨ ਦੇ ਪਾਣੀ ਦਾ ਪੱਧਰ ਬੰਨ੍ਹ ਦੇ ਬਰਾਬਰ ਪੁੱਜਣ ਮਗਰੋਂ ਪਿੰਡ ਵਾਸੀਆਂ ਨੇ ਟਰੈਕਟਰ-ਟਰਾਲੀਆਂ ਸਮੇਤ ਮਿੱਟੀ ਨਾਲ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਖੁਦ ਹੀ ਮੋਰਚਾ ਸੰਭਾਦਿਆਂ ਕਰੀਬ ਅੱਧਾ ਕਿਲੋਮੀਟਰ ਤੱਕ ਬੰਨ੍ਹ ਦੋ-ਦੋ ਫੁੱਟ ਉੱਚਾ ਕਰ ਦਿੱਤਾ ਹੈ। ਘੱਗਰ ਦੇ ਪਾਣੀ ਦੀ ਮਾਰ ਹੇਠ ਆਉਣ ਕਾਰਨ ਕਈ ਮੁੱਖ ਸੜਕਾਂ ਬੰਦ ਹਨ, ਜਿਨ੍ਹਾਂ 'ਚ ਮੂਨਕ ਤੋਂ ਪਾਤੜਾਂ ਵਾਲੀ ਮੁੱਖ ਸੜਕ ਹਮੀਰਗੜ੍ਹ ਤੇ ਸਲੇਮਗੜ੍ਹ ਆਵਾਜਾਈ ਲਈ ਬੰਦ ਹੈ, ਮੂਨਕ ਤੋਂ ਟੋਹਾਣਾ ਸੜਕ ਸਤਿਸੰਗ ਘਰ ਨੇੜੇ ਮੂਨਕ ਆਵਾਜਾਈ ਲਈ ਬੰਦ ਹੈ, ਮੂਨਕ ਤੋਂ ਲਹਿਰਾ ਸੜਕ ਪਿੰਡ ਬੱਲਰਾ ਕੋਲੋਂ ਬੰਦ, ਨੈਸ਼ਨਲ ਹਾਈਵੇਅ-71 ਪਾਤੜਾਂ ਤੋਂ ਖਨੌਰੀ ਰੋਡ ਨੇੜੇ ਖਨੌਰੀ ਕੋਲੋਂ ਬੰਦ ਹੈ, ਮੂਨਕ ਤੋਂ ਮਕਰੋੜ ਸਾਹਿਬ ਵੱਲ ਨਵਾਂ ਬੱਸ ਸਟੈਂਡ ਨੇੜੇ ਬੰਦ ਹੈ ਅਤੇ ਪਿੰਡ ਮੰਡਵੀਂ ਖਨੌਰੀ ਲਿੰਕ ਰੋਡ ਆਵਾਜਾਈ ਲਈ ਬੰਦ ਹਨ, ਜਦਕਿ ਮੂਨਕ ਤੋਂ ਜਾਖਲ ਰੋਡ ਕਿਸੇ ਵੇਲੇ ਵੀ ਬੰਦ ਹੋ ਸਕਦਾ ਹੈ।

ਜ਼ਿਲ੍ਹਾ ਮੁੱਖ ਖੇਤੀਬਾੜੀ ਦਫ਼ਤਰ ਅਨੁਸਾਰ ਕਰੀਬ 30 ਹਜ਼ਾਰ ਏਕੜ ਫਸਲ ਘੱਗਰ ਦੇ ਪਾਣੀ ਦੀ ਮਾਰ ਹੇਠ ਹੈ। ਜੇਕਰ ਪਾਣੀ ਦਾ ਪੱਧਰ ਰੁਕ ਜਾਵੇ ਤਾਂ ਇਸ ਵਿਚੋਂ ਪੰਜਾਹ ਫੀਸਦ ਰਕਬੇ 'ਚ ਮੁੜ ਝੋਨਾ ਲੱਗ ਸਕਦਾ ਹੈ। ਜ਼ਿਲ੍ਹਾ ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਬੰਸ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਝੋਨੇ ਦੀ ਪਨੀਰੀ ਵਾਸਤੇ ਮਹਿੰਗੇ ਭਾਅ ਬੀਜ ਨਾ ਖਰੀਦਣ ਕਿਉਂਕਿ ਵੱਡੀ ਪੱਧਰ 'ਤੇ ਕਿਸਾਨਾਂ ਲਈ ਪਨੀਰੀ ਲਗਾਈ ਜਾ ਰਹੀ ਹੈ।

## ਕੋਈ ਪੀੜਤ ਛੱਤ ਤੋਂ ਵਾਂਝਾ ਨਹੀਂ ਰਹੇਗਾ: ਭਗਵੰਤ ਮਾਨ

**ਜਲੰਧਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕਿਸੇ ਵੀ ਹੜ੍ਹ ਪੀੜਤ ਨੂੰ ਛੱਤ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਹੜ੍ਹ ਦੀ ਮਾਰ ਹੇਠ ਆਏ ਹਰ ਘਰ ਦੀ ਦੁਬਾਰਾ ਛੱਤ ਪਾਈ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪਾਣੀ ਦੇ ਤੇਜ ਵਹਾਅ ਕਾਰਨ ਕਈ ਥਾਵਾਂ 'ਤੇ ਝੋਨੇ ਦੀ ਫਸਲ ਤਬਾਹ ਹੋ ਗਈ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਸੂਬਾ ਸਰਕਾਰ ਜਲਦੀ ਹੀ ਕਿਸਾਨਾਂ ਨੂੰ ਵੱਧ ਝਾੜ ਦੇਣ ਵਾਲੀਆਂ ਝੋਨੇ ਦੀਆਂ ਕਿਸਮਾਂ ਦੀ ਪਨੀਰੀ ਮੁਫਤ ਮੁਹੱਈਆ ਕਰਵਾਏਗੀ। ਉਨ੍ਹਾਂ ਕਿਹਾ ਕਿ ਜਦੋਂ ਉਹ ਹੜ੍ਹਾਂ ਨਾਲ ਪ੍ਰਭਾਵਿਤ ਪੰਜਾਬੀਆਂ ਦੀ ਸੇਵਾ ਕਰਨ ਵਿਚ ਰੁੱਝੇ ਹੋਏ ਹਨ ਤਾਂ ਵਿਰੋਧੀ ਧਿਰ ਇਸ ਮੌਕੇ ਨੂੰ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਵਰਤ ਰਹੀ ਹੈ।

# ਹੜ੍ਹ ਪੀੜਤਾਂ ਲਈ ਪੈਸੇ ਦੀ ਕੋਈ ਘਾਟ ਨਹੀਂ: ਜਿੰਪਾ

**ਚੰਡੀਗੜ੍ਹ:** ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨਾਲ ਇਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕਰਨ ਲਈ ਸੂਬਾ ਸਰਕਾਰ ਕੋਲ ਪੈਸੇ ਦੀ ਕੋਈ ਕਮੀ ਨਹੀਂ ਹੈ ਅਤੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ 33.50 ਕਰੋੜ ਰੁਪਏ ਅਗੇਤੇ ਰਾਹਤ ਕਾਰਜਾਂ ਲਈ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜਲਦ ਹੀ 71.50 ਕਰੋੜ ਰੁਪਏ ਦੀ ਹੋਰ ਰਾਸ਼ੀ ਜਾਰੀ ਕਰਨਗੇ ਤਾਂ ਜੋ ਹੜ੍ਹ ਪ੍ਰਭਾਵਿਤਾਂ ਦੀ ਹਰ ਤਰ੍ਹਾਂ ਦੀ ਮਦਦ ਕੀਤੀ ਜਾ ਸਕੇ। ਜਿੰਪਾ ਨੇ ਨਿਰਦੇਸ਼ ਦਿੱਤੇ ਕਿ ਹੜ੍ਹ ਪ੍ਰਭਾਵਿਤਾਂ ਤੱਕ ਰਾਸ਼ਨ ਅਤੇ ਦਵਾਈਆਂ ਪੁੱਜਦੀਆਂ ਕੀਤੀਆਂ ਜਾਣ ਤਾਂ ਜੋ ਕੋਈ ਵੀ ਵਿਅਕਤੀ ਇਨ੍ਹਾਂ ਜ਼ਰੂਰੀ ਵਸਤਾਂ ਤੋਂ ਵਿਹੂਣਾ ਨਾ ਹੋਵੇ। ਉਨ੍ਹਾਂ ਕਿਹਾ ਕਿ ਇਸ ਸਮੇਂ ਹਰੇਕ



ਮਨੁੱਖ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਹੜ੍ਹਾਂ ਦੌਰਾਨ ਜੇਕਰ ਕਿਸੇ ਵੀ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਪਰਿਵਾਰ ਨੂੰ ਤੁਰਤ 4 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦਿੱਤੀ ਜਾਵੇ। ਵੀਡੀਓ ਕਾਨਫਰੰਸਿੰਗ ਰਾਹੀਂ ਜੁੜੇ ਡਿਪਟੀ ਕਮਿਸ਼ਨਰਾਂ ਨੂੰ ਸੰਬੋਧਨ ਕਰਦਿਆਂ ਆਫਤ ਪ੍ਰਬੰਧਨ ਮੰਤਰੀ ਨੇ ਕਿਹਾ ਕਿ ਖਸਤਾ ਹਾਲਤ ਘਰਾਂ ਦੀ ਪਛਾਣ ਕਰਕੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾਵੇ ਤਾਂ ਜੋ ਕਿਸੇ ਦਾ ਜਾਨੀ ਨੁਕਸਾਨ ਨਾ ਹੋਵੇ।

# ਕੇਂਦਰ ਨੇ ਮਦਦ ਨਾ ਕੀਤੀ ਤਾਂ ਪੰਜਾਬ ਖੁਦ ਪ੍ਰਬੰਧ ਕਰਨ ਦੇ ਸਮਰੱਥ: ਮੁੱਖ ਮੰਤਰੀ

**ਪਟਿਆਲਾ:** ਕੁਦਰਤੀ ਆਫਤ ਉਤੇ ਸਿਆਸਤ ਕਰਨ ਲਈ ਵਿਰੋਧੀ ਧਿਰਾਂ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਇਸ ਵੇਲੇ ਉਹ ਪੰਜਾਬੀਆਂ ਨੂੰ ਫੌਰੀ ਰਾਹਤ ਪਹੁੰਚਾਉਣ ਵਿਚ ਰੁੱਝੇ ਹੋਏ ਹਨ ਅਤੇ ਢੁਕਵਾਂ ਸਮਾਂ ਆਉਣ 'ਤੇ ਵਿਰੋਧੀਆਂ ਦੇ ਬਿਆਨਾਂ ਦਾ ਮੂੰਹ ਤੋੜਵਾਂ ਜਵਾਬ ਦੇਣਗੇ। ਉਨ੍ਹਾਂ ਕਿਹਾ ਕਿ ਹੜ੍ਹਾਂ ਸਬੰਧੀ ਕੇਂਦਰ ਨੇ 218 ਕਰੋੜ ਰੁਪਏ ਅਜੇ 10 ਜੁਲਾਈ ਨੂੰ ਹੀ ਦਿੱਤੇ ਹਨ ਤੇ ਇਹ ਸਾਰਾ ਫੰਡ ਢੁਕਵੇਂ ਰੂਪ ਵਿਚ ਪੀੜਤਾਂ ਲਈ ਵਰਤਿਆ ਜਾਵੇਗਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵਲੋਂ 218 ਕਰੋੜ ਰੁਪਏ ਦੇ ਫੰਡ ਬੀਤੀ 10 ਜੁਲਾਈ ਨੂੰ ਜਾਰੀ ਕੀਤੇ ਹਨ ਪਰ ਦੋ ਦਿਨਾਂ ਬਾਅਦ ਹੀ ਉਸ ਤੋਂ 218 ਕਰੋੜ ਰੁਪਏ ਦਾ ਹਿਸਾਬ ਮੰਗਿਆ ਜਾ ਰਿਹਾ ਹੈ। ਤਿੰਨ ਦਿਨਾਂ ਵਿਚ ਉਹ ਇਹ ਫੰਡ ਕਿਥੇ ਖਰਚ ਦੇਣਗੇ। ਸ੍ਰੀ ਮਾਨ ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਵਲੋਂ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਵਲੋਂ 218 ਕਰੋੜ ਰੁਪਏ ਦੇ ਫੰਡ ਜਾਰੀ ਕਰਨ ਦੇ ਦਿੱਤੇ ਬਿਆਨ ਦੇ ਜਵਾਬ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ," ਫੰਡ ਜਾਰੀ ਕਰਕੇ ਦੋ ਦਿਨਾਂ ਬਾਅਦ ਹੀ ਹਿਸਾਬ ਮੰਗਦੇ ਹੋ?"

ਉਨ੍ਹਾਂ ਕਿਹਾ ਕਿ ਅਜਿਹੀ ਮੁਸ਼ਕਲ ਦੀ ਘੜੀ ਸੂਬਿਆਂ ਦੀ ਮਦਦ ਕਰਨਾ ਕੇਂਦਰ ਦਾ ਫਰਜ਼ ਬਣਦਾ ਹੈ। ਸੂਬਾ ਕੇਂਦਰ ਸਰਕਾਰ ਤੋਂ ਵਿੱਤੀ ਸਹਾਇਤਾ ਦੀ ਭੀਖ ਨਹੀਂ ਮੰਗੇਗਾ, ਪਰ ਹੜ੍ਹਾਂ ਦੇ ਨੁਕਸਾਨ ਦੇ ਅਨੁਮਾਨ ਦੀ ਰਿਪੋਰਟ ਜ਼ਰੂਰ ਭੇਜਾਂਗੇ। ਜੇਕਰ ਕੇਂਦਰ ਪੰਜਾਬ ਦੀ ਮਦਦ ਨਹੀਂ ਕਰੇਗਾ, ਤਾਂ ਪੰਜਾਬ ਖੁਦ ਇਸ ਦਾ ਪ੍ਰਬੰਧ ਕਰਨ ਦੇ ਸਮਰੱਥ ਹੈ। ਇਸ ਕਰਕੇ ਸਰਕਾਰ ਕੇਂਦਰ ਅੱਗੇ ਹੱਥ ਨਹੀਂ ਅੱਡੇਗੀ। ਉਨ੍ਹਾਂ ਇਹ ਵੀ ਕਿਹਾ ਕਿ ਨਿੱਤ ਦਿਨ ਪੰਜਾਬ ਕੋਲੋਂ ਪਾਣੀਆਂ ਦਾ ਹਿੱਸਾ ਮੰਗਣ ਵਾਲੇ ਹਿਮਾਚਲ ਅਤੇ ਹਰਿਆਣਾ ਹੁਣ ਤਬਾਹੀ ਮਚਾ ਰਹੇ ਪਾਣੀ ਸਬੰਧੀ ਚੁੱਪ ਕਿਉਂ ਹਨ। ਕੀ ਪੰਜਾਬ ਡੁੱਬਣ ਲਈ ਹੀ ਹੈ।

ਪਟਿਆਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਉਨ੍ਹਾਂ ਕਿਹਾ ਕਿ ਇਸ



ਸੰਵੇਦਨਸ਼ੀਲ ਮੌਕੇ 'ਤੇ ਵਿਰੋਧੀ ਧਿਰਾਂ ਵੱਲੋਂ ਸਿਆਸਤ ਕਰਨਾ ਸ਼ਰਮਨਾਕ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਮੁਸ਼ਕਲ ਦੀ ਘੜੀ ਲੰਘਣ ਮਗਰੋਂ ਉਹ ਨਿਕੰਮੇ ਤੇ ਨਕਾਰੇ ਹੋਏ ਸਿਆਸੀ ਵਿਰੋਧੀਆਂ ਨੂੰ ਢੁਕਵਾਂ ਜਵਾਬ ਦੇਣਗੇ। ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਲੋਕ ਇਹ ਫੜ੍ਹਾਂ ਮਾਰ ਰਹੇ ਹਨ ਕਿ ਕੇਂਦਰ ਨੇ 218 ਕਰੋੜ ਜਾਰੀ ਕੀਤੇ ਹਨ, ਉਨ੍ਹਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਫੰਡ 10 ਜੁਲਾਈ ਨੂੰ ਜਾਰੀ ਕੀਤੇ ਗਏ ਹਨ।

ਸੂਬਾ ਸਰਕਾਰ ਇਹ ਰਕਮ 72 ਘੰਟਿਆਂ ਵਿਚ ਖਰਚ ਨਹੀਂ ਕਰ ਸਕਦੀ ਕਿਉਂਕਿ ਘੱਟ ਤੋਂ ਘੱਟ ਨੁਕਸਾਨ ਲਈ ਸਰਕਾਰ ਨੇ ਪਹਿਲਾਂ ਹੀ ਲੋੜੀਂਦੇ ਉਪਰਾਲੇ ਕੀਤੇ ਸਨ।

# ਹੜ੍ਹ ਦੇ ਪਾਣੀ ਨੇ ਸਰਹੱਦੀ ਪਿੰਡਾਂ ਦੇ ਲੋਕ ਬੇਘਰ ਕੀਤੇ

**ਫ਼ਿਰੋਜ਼ਪੁਰ:** ਸਤਲੁਜ ਦਰਿਆ ਦਾ ਪਾਣੀ ਇਥੇ ਸਰਹੱਦ ਨਾਲ ਲੱਗਦੇ ਸੌ ਤੋਂ ਵੱਧ ਪਿੰਡਾਂ ਵਿਚ ਦਾਖਲ ਹੋ ਗਿਆ ਹੈ, ਜਿਸ ਨਾਲ ਹਜ਼ਾਰਾਂ ਲੋਕ ਪ੍ਰਭਾਵਿਤ ਹੋਏ ਹਨ। ਪ੍ਰਸ਼ਾਸਨ ਵੱਲੋਂ ਹੜ੍ਹ ਪੀੜਤ ਲੋਕਾਂ ਦੇ ਰਹਿਣ ਲਈ ਕੀਤੇ ਗਏ ਇੰਤਜ਼ਾਮ ਨਾਕਾਫ਼ੀ ਸਾਬਤ ਹੋ ਰਹੇ ਹਨ। ਕੁਝ ਹੜ੍ਹ ਪੀੜਤ ਪਰਿਵਾਰਾਂ ਨੇ ਆਪਣੇ ਘਰ ਛੱਡਣ ਤੋਂ ਇਨਕਾਰ ਕਰ ਦਿੱਤਾ ਹੈ, ਉਹ ਆਪਣੇ ਘਰਾਂ ਦੀਆਂ ਛੱਤਾਂ 'ਤੇ ਰਹਿਣ ਲਈ ਮਜਬੂਰ ਹਨ। ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਵੀ ਕਈ ਥਾਵਾਂ ਤੋਂ ਟੁੱਟ ਗਈ ਹੈ। ਇਸ ਤੋਂ ਪਹਿਲਾਂ ਇਸ ਜ਼ਿਲ੍ਹੇ ਅੰਦਰ ਅਜਿਹੀ ਸਥਿਤੀ 1988 ਵਿਚ ਪੈਦਾ ਹੋਈ ਸੀ।

ਦੱਸ ਦੇਈਏ ਕਿ 35 ਵਰ੍ਹੇ ਪਹਿਲਾਂ ਇਸ ਜ਼ਿਲ੍ਹੇ ਅੰਦਰ ਹੜ੍ਹ ਦਾ ਪਾਣੀ ਦਾਖ਼ਲ ਹੋਇਆ ਸੀ। ਉਦੋਂ ਪਾਣੀ ਨਾਲ ਸ਼ਹਿਰ ਦੇ ਕਈ ਹੇਠਲੇ ਇਲਾਕੇ ਵੀ ਡੁੱਬ ਗਏ ਸਨ। ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਅਜੇ ਤੱਕ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਪ੍ਰਸ਼ਾਸਨ ਵੱਲੋਂ ਜਿਹੜੇ ਰਾਹਤ ਕੈਂਪ ਬਣਾਏ ਗਏ



ਹਨ, ਉਥੇ ਲੋਕਾਂ ਨੂੰ ਲੋੜੀਂਦੀਆਂ ਸਾਰੀਆਂ ਸਹੂਲਤਾਂ ਮੁਹੱਈਆ ਨਹੀਂ ਹੋ ਰਹੀਆਂ। ਪ੍ਰਸ਼ਾਸਨ ਨਾਲੋਂ ਜ਼ਿਆਦਾ ਕੰਮ ਪਿੰਡਾਂ ਦੇ ਲੋਕ ਆਪਸੀ ਤਾਲਮੇਲ ਨਾਲ ਨੇਪਰੇ ਚਾੜ੍ਹ ਰਹੇ ਹਨ।

ਸਤਲੁਜ ਦਰਿਆ ਵਿਚ ਦੋ ਲੱਖ ਕਿਊਸਿਕ ਤੋਂ ਵੱਧ ਪਾਣੀ ਛੱਡਣ ਨਾਲ ਇਥੇ ਰੱਜੀ ਵਾਲਾ ਪਿੰਡ ਦੇ ਨਜ਼ਦੀਕ ਬਣਿਆ ਕੱਚਾ ਬੰਨ੍ਹ ਟੁੱਟ ਗਿਆ, ਜਿਸ ਨਾਲ ਸੈਂਕੜੇ ਏਕੜ ਜ਼ਮੀਨ ਵਿਚ ਖੜ੍ਹੀ ਝੋਨੇ ਦੀ ਫ਼ਸਲ ਸਣੇ ਕਈ ਘਰ ਡੁੱਬ ਗਏ। ਸਭ ਤੋਂ ਵੱਧ ਬਸਤੀ ਰਾਮ ਲਾਲ, ਰੁਕਨੇ ਵਾਲਾ, ਨਿਹਾਲਾ ਲਵੇਰਾ, ਬੰਡਾਲਾ, ਕਾਲੇ ਕੇ, ਜੱਲੋ ਕੇ, ਧੀਰਾ ਘਾਰਾ ਤੇ ਟੱਲੀ ਗ੍ਰਾਮ ਆਦਿ ਪਿੰਡ ਹੜ੍ਹ ਦੀ ਮਾਰ ਹੇਠ ਆਏ ਹਨ। ਇਥੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਣ ਵਾਸਤੇ ਪੁਲਿਸ ਅਤੇ ਫੌਜ ਦੀ ਮਦਦ ਲਈ ਜਾ ਰਹੀ ਹੈ। ਇਸ ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਸਿੰਜਾਈ ਵਿਭਾਗ ਦੇ ਅਧਿਕਾਰੀਆਂ ਦੀ ਅਣਗਹਿਲੀ ਦਾ ਖ਼ਮਿਆਜ਼ਾ ਹੁਣ ਪਿੰਡ ਵਾਸੀਆਂ ਨੂੰ ਭੁਗਤਣਾ ਪੈ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਫ਼ਿਰੋਜ਼ਪੁਰ ਦੇ ਹੜ੍ਹ ਪੀੜਤਾਂ ਵਾਸਤੇ ਡੇਢ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਭੇਜੀ ਗਈ ਹੈ। ਪ੍ਰਭਾਵਿਤ ਪਿੰਡਾਂ ਦੇ ਲੋਕ ਪੰਜਾਬ ਸਰਕਾਰ ਨੂੰ ਸਤਲੁਜ ਦਰਿਆ ਵਿਚ ਹੋਰ ਪਾਣੀ ਨਾ ਛੱਡਣ ਦੀ ਅਪੀਲ ਕਰ ਰਹੇ ਹਨ।

## ਸੜਕ ਹਾਦਸੇ ਰੋਕਣ ਲਈ ਵਿਸ਼ੇਸ਼ ਫੋਰਸ ਤਾਇਨਾਤ ਹੋਵੇਗੀ



**ਚੰਡੀਗੜ੍ਹ:** ਪੰਜਾਬ ਸਰਕਾਰ ਸੜਕੀ ਆਵਾਜਾਈ ਨੂੰ ਸੁਚਾਰੂ ਬਣਾਉਣ ਅਤੇ ਸੜਕ ਹਾਦਸਿਆਂ ਨੂੰ ਰੋਕਣ ਲਈ ਵਿਸ਼ੇਸ਼ ਫੋਰਸ ਤਿਆਰ ਕਰੇਗੀ ਕਿਉਂਕਿ ਸੂਬੇ ਵਿਚ ਸੜਕ ਹਾਦਸਿਆਂ ਕਾਰਨ ਰੋਜ਼ਾਨਾ ਔਸਤਨ 12-14 ਜਾਨਾਂ ਜਾਂਦੀਆਂ ਹਨ। ਪੰਜਾਬ ਪੁਲਿਸ ਇਨ੍ਹਾਂ ਜਵਾਨਾਂ ਨੂੰ ਕੌਮੀ ਅਤੇ ਰਾਜ ਮਾਰਗਾਂ 'ਤੇ ਤਾਇਨਾਤ ਕੀਤਾ ਜਾਵੇਗਾ ਜਿੱਥੇ ਹਰ ਸਾਲ 75 ਫੀਸਦੀ ਸੜਕ ਹਾਦਸੇ ਵਾਪਰਦੇ ਹਨ। ਇਕ ਅਧਿਕਾਰੀ ਨੇ ਦੱਸਿਆ ਕਿ ਇਸ ਫੋਰਸ ਵਿਚ ਲਗਭਗ 1,300 ਮੁਲਾਜ਼ਮ ਹੋਣਗੇ ਜੋ ਸਰੀਰ ਵਾਲੇ ਕੈਮਰੇ ਅਤੇ ਸ਼ਰਾਬ ਦੀ ਜਾਂਚ ਕਰਨ ਵਾਲੇ ਉਪਕਰਨਾਂ ਨਾਲ ਲੈਸ ਹੋਣਗੇ। ਇਸ ਫੋਰਸ ਨੂੰ ਵਾਹਨਾਂ ਦੀ ਸਪੀਡ ਚੈੱਕ ਕਰਨ ਲਈ ਇੰਟਰਸੈਪਟਰ ਵੀ ਦਿੱਤੇ ਜਾਣਗੇ। ਫੋਰਸ ਦੇ ਨੋਡਲ ਅਫਸਰ ਤੇ ਵਧੀਕ ਡਾਇਰੈਕਟਰ-ਜਨਰਲ ਆਫ ਪੁਲਿਸ ਏ.ਐਸ. ਰਾਏ ਨੇ ਦੱਸਿਆ ਕਿ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਇਹ ਫੋਰਸ 15 ਅਗਸਤ ਤੋਂ ਪਹਿਲਾਂ ਕੰਮ ਕਰਨਾ ਸ਼ੁਰੂ ਕਰ ਦੇਵੇਗੀ।

# ਅਕਾਲੀ ਦਲ ਵੱਲੋਂ ਵੀ ਸਾਂਝਾ ਸਿਵਲ ਕੋਡ ਘੱਟ ਗਿਣਤੀਆਂ ਲਈ ਮਾਰੂ ਕਰਾਰ



## ਅਕਾਲੀ ਦਲ ਰਾਜਾਂ ਨੂੰ ਖ਼ੁਦਮੁਖਤਾਰੀ ਦਾ ਹਮਾਇਤੀ: ਸੁਖਬੀਰ

**ਚੰਡੀਗੜ੍ਹ:** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦਲ ਹਮੇਸ਼ਾ ਲੋਕਤੰਤਰ ਤੇ ਸੰਘਵਾਦ ਦੀ ਰਾਖੀ ਅਤੇ ਰਾਜਾਂ ਨੂੰ ਵਧੇਰੇ ਖ਼ੁਦਮੁਖ਼ਤਿਆਰੀ ਦੇਣ ਦਾ ਹਮਾਇਤੀ ਰਿਹਾ ਹੈ। ਪੱਤਰ ਵਿਚ ਕਿਹਾ ਗਿਆ ਕਿ ਠੋਸ ਖਰੜਾ, ਜਿਸ ਵਿਚ ਤਜਵੀਜ਼ਸ਼ੁਦਾ ਕਾਨੂੰਨ ਦੇ ਸਾਰੇ ਵੇਰਵੇ ਹੋਣ, ਤਿਆਰ ਕੀਤਾ ਜਾਣਾ ਚਾਹੀਦਾ ਹੈ। ਸ੍ਰੀ ਬਾਦਲ ਨੇ ਦੱਸਿਆ ਕਿ ਲੁਧਿਆਣਾ ਵਿਚ 1978 ਵਿਚ ਪਾਸ ਕੀਤੇ ਗਏ ਆਨੰਦਪੁਰ ਸਾਹਿਬ ਦੇ ਮਤੇ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਭਾਰਤ ਦੀ ਸੰਘੀ ਪਛਾਣ ਦੀ ਰਾਖੀ ਦਾ ਸੰਕਲਪ ਲਿਆ ਸੀ ਜਿਸ ਵਿਚ ਵੱਖ-ਵੱਖ ਭਾਸ਼ਾਵਾਂ, ਧਰਮ ਅਤੇ ਸੱਭਿਆਚਾਰ ਹਨ।

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ 22ਵੇਂ ਲਾਅ ਕਮਿਸ਼ਨ ਨੂੰ ਸੂਚਿਤ ਕੀਤਾ ਹੈ ਕਿ ਤਜਵੀਜ਼ਸ਼ੁਦਾ ਸਾਂਝਾ ਸਿਵਲ ਕੋਡ ਦੇਸ਼ ਦੇ ਹਿੱਤ ਵਿਚ ਨਹੀਂ ਹੈ ਅਤੇ ਘੱਟ ਗਿਣਤੀਆਂ ਦੀ ਸਹਿਮਤੀ ਤੋਂ ਬਿਨਾਂ ਇਸ ਨੂੰ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਸੰਵਿਧਾਨ ਦੇ ਉਲਟ ਹੋਵੇਗਾ ਤੇ ਇਸ ਨਾਲ ਨਾਗਰਿਕਾਂ ਵਿਚ ਡਰ, ਅਵਿਸ਼ਵਾਸ ਅਤੇ ਵੰਡ ਦੀਆਂ ਭਾਵਨਾਵਾਂ ਪੈਦਾ ਹੋਣਗੀਆਂ।


ਸੁਖਬੀਰ ਨੇ ਕਮਿਸ਼ਨ ਨੂੰ ਦੱਸਿਆ ਕਿ ਪਾਰਟੀ ਨੇ ਇਸ ਮਾਮਲੇ ਵਿਚ ਸੂਬੇ ਅਤੇ ਸੂਬੇ ਤੋਂ ਬਾਹਰ ਵੀ ਵਿਆਪਕ ਵਿਚਾਰ-ਵਟਾਂਦਰਾ ਕੀਤਾ ਹੈ। 'ਵਿਚਾਰ-ਵਟਾਂਦਰੇ ਦੇ ਆਧਾਰ 'ਤੇ ਅਸੀਂ ਇਹ ਸਮਝੇ ਹਾਂ ਕਿ ਸਾਂਝਾ ਸਿਵਲ ਕੋਡ ਜੇਕਰ ਲਾਗੂ ਕੀਤਾ ਗਿਆ ਤਾਂ ਇਸ ਨਾਲ ਘੱਟ ਗਿਣਤੀਆਂ ਦੀਆਂ ਵੱਖ-ਵੱਖ ਜਾਤਾਂ, ਨਸਲਾਂ ਤੇ ਧਰਮਾਂ ਦੀ ਆਜ਼ਾਦੀ ਯਕੀਨੀ ਤੌਰ 'ਤੇ ਪ੍ਰਭਾਵਿਤ ਹੋਵੇਗੀ।'

ਕਮਿਸ਼ਨ ਦੇ ਮੈਂਬਰ ਸਕੱਤਰ ਨੂੰ ਲਿਖੇ ਪੱਤਰ ਵਿਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਕਸਾਰਤਾ ਨੂੰ ਦੇਸ਼ ਦੀ ਏਕਤਾ ਨਾਲ ਜੋੜ ਕੇ ਗਲਤ ਵਿਆਖਿਆ ਨਹੀਂ ਕਰਨੀ ਚਾਹੀਦੀ ਹੈ। 'ਇਹ ਦੋਵੇਂ ਵੱਖੋ-ਵੱਖਰੇ ਅਰਥ ਰੱਖਦੇ ਹਨ। ਭਾਰਤ 'ਅਨੇਕਤਾ ਵਿਚ ਏਕਤਾ' ਦਾ ਪ੍ਰਤੀਕ ਹੈ, ਨਾ ਕਿ ਇਕਸਾਰਤਾ ਵਿਚ ਏਕਤਾ ਦਾ ਪ੍ਰਤੀਕ ਹੈ। ਇਕ ਸੱਚਾ ਸੰਘੀ ਢਾਂਚਾ ਹੀ ਸਾਡੀਆਂ ਸਮੱਸਿਆਵਾਂ ਦਾ ਹੱਲ ਕਰ ਸਕਦਾ ਹੈ ਅਤੇ ਭਾਰਤ ਨੂੰ ਇਕ ਵਿਸ਼ਵ ਮਹਾਸ਼ਕਤੀ ਬਣਾ ਸਕਦਾ ਹੈ।' ਅਕਾਲੀ ਦਲ ਦੇ ਪ੍ਰਧਾਨ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਸਾਂਝੇ ਸਿਵਲ ਕੋਡ ਦੇ ਵਿਚਾਰ ਨੂੰ ਅੱਗੇ ਨਾ ਤੋਰਿਆ ਜਾਵੇ ਅਤੇ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਉਹ ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਦੇਸ਼ ਭਗਤ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੇ। ਉਨ੍ਹਾਂ ਕਿਹਾ ਕਿ ਸੰਵੇਦਨਸ਼ੀਲ ਸਰਹੱਦੀ ਸੂਬੇ ਪੰਜਾਬ ਵਿਚ ਸ਼ਾਂਤੀ ਅਤੇ ਫਿਰਕੂ ਸਦਭਾਵਨਾ ਪ੍ਰਮੁੱਖ ਰਾਸ਼ਟਰੀ ਤਰਜੀਹ ਬਣੀ ਰਹਿਣੀ ਚਾਹੀਦੀ ਹੈ।

# ਲੈਸਟਰ 'ਚ ਨਵਾਂ ਗੁਰਦੁਆਰਾ ਸੰਗਤ ਲਈ ਖੁੱਲ੍ਹਿਆ

**ਲੰਡਨ:** ਪੂਰਬੀ ਇੰਗਲੈਂਡ ਦੇ ਸ਼ਹਿਰ ਲੈਸਟਰ 'ਚ ਨਵਾਂ ਰਾਮਗੜ੍ਹੀਆ ਗੁਰਦੁਆਰਾ ਸੰਗਤ ਲਈ ਖੋਲ੍ਹ ਦਿੱਤਾ ਗਿਆ ਹੈ। ਇਹ ਗੁਰਦੁਆਰਾ 42 ਲੱਖ ਪਾਊਂਡ ਦੀ ਲਾਗਤ ਨਾਲ ਬਣਿਆ ਹੈ। ਰਾਮਗੜ੍ਹੀਆ ਬੋਰਡ ਲੈਸਟਰ ਨੇ ਅੱਠ ਸਾਲ ਪਹਿਲਾਂ ਹੈਮਿਲਟਨ ਇਲਾਕੇ 'ਚ ਜਮੀਨ ਐਕੁਆਇਰ ਕੀਤੀ ਸੀ ਤਾਂ ਜੋ ਭਾਈਚਾਰੇ ਵੱਲੋਂ ਗੁਰਦੁਆਰਾ ਬਣਾਇਆ ਜਾ ਸਕੇ

ਗੁਰਦੁਆਰਾ ਜੂਨ ਦੇ ਅਖੀਰ 'ਚ ਖੋਲ੍ਹਿਆ ਗਿਆ ਸੀ ਅਤੇ ਉਸ ਮਗਰੋਂ ਲਗਾਤਾਰ ਰੋਜ਼ਾਨਾ ਅਰਦਾਸ ਤੇ ਕੀਰਤਨ ਚੱਲ ਰਿਹਾ ਹੈ। ਰਾਮਗੜ੍ਹੀਆ ਬੋਰਡ ਲੈਸਟਰ ਨੇ ਇਕ ਬਿਆਨ 'ਚ ਕਿਹਾ ਕਿ ਪ੍ਰਸਤਾਵਿਤ ਇਮਾਰਤ 'ਚ ਬ੍ਰਿਟਿਸ਼ ਸਿੱਖ ਭਾਈਚਾਰੇ ਅਤੇ ਸਮਾਜ ਦੇ ਮੈਂਬਰਾਂ ਦੇ ਨਜ਼ਰੀਏ ਦੀ ਭਾਵਨਾ ਪ੍ਰਦਰਸ਼ਿਤ ਹੁੰਦੀ ਹੈ। ਇਹ ਆਧੁਨਿਕ ਸਮਕਾਲੀ ਡਿਜ਼ਾਈਨ ਹੈ ਜਿਸ ਵਿਚ ਪੱਥਰ ਦੀ ਸੁੰਦਰ ਫਿਨਿਸ਼ ਅਤੇ ਕੱਚ ਦੇ ਗੁੰਬਦ ਕੁਦਰਤੀ ਰੌਸ਼ਨੀ ਦੀ ਭਰਪੂਰਤਾ ਪ੍ਰਦਾਨ ਕਰਦੇ ਹਨ ਜੋ ਨਿਸ਼ਾਨ ਸਾਹਿਬ ਦੇ ਰੰਗ ਦੀ ਵਰਤੋਂ ਦੁਆਰਾ ਕੁਝ ਰਵਾਇਤੀ ਤੱਤਾਂ ਦੇ ਨਾਲ ਇਕ ਖੁੱਲ੍ਹਾ ਅਤੇ ਕੁਦਰਤੀ ਅਹਿਸਾਸ ਪ੍ਰਦਾਨ ਕਰਦੇ ਹਨ। ਗੁਰਦੁਆਰਾ 2.8 ਏਕੜ ਜਮੀਨ 'ਤੇ ਬਣਿਆ ਹੈ ਅਤੇ ਇਸ ਵਿਚ ਇਕ



ਵੱਡਾ ਲੰਗਰ ਹਾਲ ਵੀ ਹੈ। ਮੁੱਖ ਦੀਵਾਨ ਹਾਲ ਪਹਿਲੀ ਮੰਜ਼ਿਲ 'ਤੇ ਹੈ। ਇਸ ਤੋਂ ਪਹਿਲਾਂ ਚੈਰਿਟੀ ਨੇ 'ਦਸਵੰਦ' ਦੇ ਸਿੱਖ ਸਿਧਾਂਤ ਨੂੰ ਲਾਗੂ ਕੀਤਾ ਸੀ, ਜੋ ਕਮਿਊਨਿਟੀ ਪ੍ਰੋਜੈਕਟ ਲਈ ਫੰਡ ਇਕੱਠਾ ਕਰਨ ਲਈ ਸੇਵਾ ਜਾਂ ਨਿਰਸਵਾਰਥ ਸੇਵਾ ਵਰਗੇ ਚੈਰੀਟੇਬਲ ਕੰਮਾਂ ਲਈ ਕਮਾਈ ਕਰਨ ਵਾਲੇ ਮੈਂਬਰ ਦੀ ਆਮਦਨ ਦਾ 10 ਪ੍ਰਤੀਸ਼ਤ ਦੇਣ ਲਈ ਪ੍ਰੇਰਿਤ ਕਰਦਾ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਵੈੱਬ ਚੈਨਲ 24 ਤੋਂ ਸ਼ੁਰੂ ਕਰੇਗੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 24 ਜੁਲਾਈ ਸਵੇਰ ਤੋਂ ਆਪਣਾ ਵੈੱਬ ਚੈਨਲ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ ਇੱਥੇ ਸ਼੍ਰੋਮਣੀ ਕਮੇਟੀ ਦੀ ਇਕ ਨੁਕਾਤੀ ਏਜੰਡੇ 'ਤੇ ਸੱਦੀ ਗਈ ਅੰਤਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਵਿਚ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗੁਰਬਾਣੀ ਪ੍ਰਸਾਰਨ ਦਾ ਪੀ.ਟੀ.ਸੀ. ਨਾਲ ਹੋਇਆ ਸਮਝੌਤਾ 23 ਜੁਲਾਈ ਨੂੰ ਸਮਾਪਤ ਹੋ ਰਿਹਾ ਹੈ ਜਿਸ ਮਗਰੋਂ 24 ਜੁਲਾਈ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਯੂਟਿਊਬ ਚੈਨਲ ਅਤੇ ਹੋਰ ਵੈੱਬ ਮਾਧਿਅਮਾਂ ਰਾਹੀਂ ਗੁਰਬਾਣੀ ਪ੍ਰਸਾਰਨ ਦੀਆਂ ਸੇਵਾਵਾਂ ਸ਼ੁਰੂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕੋਈ ਵੀ ਚੈਨਲ, ਯੂਟਿਊਬ ਚੈਨਲ, ਵੈੱਬਸਾਈਟ ਅਤੇ ਸੋਸ਼ਲ ਮੀਡੀਆ ਮੰਚ ਆਪਣੀ ਮਰਜ਼ੀ ਨਾਲ ਗੁਰਬਾਣੀ ਦਾ ਪ੍ਰਸਾਰਨ ਨਹੀਂ ਕਰ ਸਕੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਛੇਤੀ ਹੀ ਆਪਣਾ ਨਿੱਜੀ ਸੈਟੇਲਾਈਟ ਚੈਨਲ ਸ਼ੁਰੂ ਕੀਤਾ ਜਾਵੇਗਾ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦਾ ਇਕ ਵਫ਼ਦ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੂੰ ਮਿਲੇਗਾ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਇਕ ਸਬ-ਕਮੇਟੀ ਗਠਿਤ ਕੀਤੀ ਹੈ ਜਿਸ ਵਿਚ ਪਹਿਲਾਂ ਵਾਲੀ ਸਬ-ਕਮੇਟੀ ਦੇ ਮੈਂਬਰ ਵੀ ਹਨ ਅਤੇ ਕੁਝ ਮਾਹਿਰਾਂ ਨੂੰ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਕਾਰਜ



ਤਕਨੀਕੀ ਹੋਣ ਕਾਰਨ ਕਈ ਪੱਖ ਵਿਚਾਰੇ ਗਏ ਹਨ ਅਤੇ ਸਬ-ਕਮੇਟੀ ਨੇ ਫਿਲਹਾਲ ਇਕ ਕੰਪਨੀ ਰਾਹੀਂ ਮਹੀਨਾਵਾਰ ਖਰਚੇ 'ਤੇ ਸੇਵਾਵਾਂ ਲੈਣ ਦੀ ਸਿਫਾਰਸ਼ ਕੀਤੀ ਹੈ, ਜਿਸ ਨੂੰ ਅੰਤ੍ਰਿੰਗ ਕਮੇਟੀ ਨੇ ਪ੍ਰਵਾਨ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕੰਪਨੀ ਦੀਆਂ ਲਈਆਂ ਜਾਣ ਵਾਲੀਆਂ ਇਹ ਸੇਵਾਵਾਂ ਤਕਨੀਕੀ, ਲੋੜੀਂਦੇ ਸਾਮਾਨ ਅਤੇ ਸਟਾਫ ਨਾਲ ਸਬੰਧਤ ਹਨ, ਜਦਕਿ ਪ੍ਰਸਾਰਨ ਦੇ ਹੱਕ-ਹਕੂਕ ਸ਼੍ਰੋਮਣੀ ਕਮੇਟੀ ਕੋਲ ਹੀ ਸੁਰੱਖਿਅਤ ਰਹਿਣਗੇ। ਇਸ ਤੋਂ ਪਹਿਲਾਂ ਇਸ ਸਬੰਧੀ ਗਠਿਤ ਕੀਤੀ ਗਈ ਸਬ-ਕਮੇਟੀ ਦੀ ਰਿਪੋਰਟ ਅੱਜ ਅੰਤ੍ਰਿੰਗ ਕਮੇਟੀ ਦੇ ਵਿਸ਼ੇਸ਼ ਇਕੱਤਰਤਾ ਵਿਚ ਪੇਸ਼ ਹੋਈ, ਜਿਸ ਨੂੰ ਹਾਜ਼ਰ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ।

ਵੱਖਰਾ ਚੈਨਲ: ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਸਮੂਹ ਅੰਤ੍ਰਿੰਗ ਕਮੇਟੀ ਅਹੁਦੇਦਾਰਾਂ ਅਤੇ ਮੈਂਬਰਾਂ ਦੇ ਵਫ਼ਦ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇਕ ਪੱਤਰ ਸੌਂਪ ਕੇ ਸ਼੍ਰੋਮਣੀ ਕਮੇਟੀ ਦੇ ਆਪਣੇ ਯੂਟਿਊਬ ਚੈਨਲ 'ਤੇ ਗੁਰਬਾਣੀ ਪ੍ਰਸਾਰਨ ਕਰਨ ਸਬੰਧੀ ਲਏ ਗਏ ਫੈਸਲੇ ਬਾਰੇ ਜਾਣਕਾਰੀ ਦਿੱਤੀ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਕ ਵੱਖਰੇ ਬਿਆਨ ਰਾਹੀਂ ਸ਼੍ਰੋਮਣੀ ਕਮੇਟੀ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ ਅਤੇ ਕਿਹਾ ਕਿ ਸਿੱਖ ਸੰਸਥਾ ਦਾ ਆਪਣਾ ਵੱਖਰਾ ਨਿੱਜੀ ਚੈਨਲ ਹੋਣਾ ਚਾਹੀਦਾ ਹੈ, ਜਿਸ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਤੇ ਪਾਸਾਰ ਕੀਤਾ ਜਾ ਸਕੇ ਅਤੇ ਗੁਰਬਾਣੀ ਦਾ ਸੰਦੇਸ ਘਰ ਘਰ ਤੱਕ ਪੁੱਜਦਾ ਕੀਤਾ ਜਾ ਸਕੇ।

# ਗੁਰਦੁਆਰਾ ਐਕਟ: ਮੁੱਖ ਮੰਤਰੀ ਨੇ ਰਾਜਪਾਲ ਨੂੰ ਪੱਤਰ ਲਿਖਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਰਾਜਪਾਲ ਬਨਵਾਲੀ ਲਾਲ ਪੁਰੋਹਿਤ ਨੂੰ ਪੱਤਰ ਲਿਖ ਕੇ 'ਦਿ ਸਿੱਖ ਗੁਰਦੁਆਰਾ ਐਕਟ-1925' ਵਿਚ ਪ੍ਰਸਤਾਵਿਤ ਸੋਧ ਨੂੰ ਮਨਜ਼ੂਰੀ ਦੇਣ ਦੀ ਅਪੀਲ ਕੀਤੀ। ਰਾਜਪਾਲ ਨੂੰ ਲਿਖੇ ਪੱਤਰ 'ਚ ਮੁੱਖ ਮੰਤਰੀ ਨੇ ਕਿਹਾ ਕਿ ਹਰਿਮੰਦਰ ਸਾਹਿਬ ਦੀ ਸਰਬ ਸਾਂਝੀ ਗੁਰਬਾਣੀ ਦੇ ਪ੍ਰਸਾਰਨ 'ਤੇ ਸਿਆਸੀ ਪਰਿਵਾਰ ਦੀ ਮਾਲਕੀ ਵਾਲੇ ਵਿਸ਼ੇਸ਼ ਚੈਨਲ ਨੇ ਏਕਾਧਿਕਾਰ ਕਾਇਮ ਕੀਤਾ ਹੋਇਆ ਹੈ ਤੇ ਇਸ ਤੋਂ ਮੁਨਾਫਾ ਕਮਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੇ ਪਾਸਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਸਰਬ ਸਾਂਝੀ ਗੁਰਬਾਣੀ ਦਾ ਪ੍ਰਸਾਰਨ



ਸਾਰਿਆਂ ਲਈ ਮੁਫ਼ਤ ਯਕੀਨੀ ਬਣਾਉਣ ਲਈ ਪੰਜਾਬ ਵਿਧਾਨ ਸਭਾ ਵਿਚ 'ਦਿ ਸਿੱਖ ਗੁਰਦੁਆਰਾ (ਸੋਧ) ਬਿੱਲ-2023' ਲਿਆਂਦਾ ਗਿਆ ਸੀ। 'ਦਿ ਸਿੱਖ ਗੁਰਦੁਆਰਾ ਐਕਟ-1925' ਵਿਚ ਧਾਰਾ 125-ਏ ਦਰਜ ਕੀਤੀ ਗਈ ਤੇ ਵਿਧਾਨ ਸਭਾ ਨੇ ਇਸ ਨੂੰ ਵੱਡੇ ਬਹੁਮਤ ਨਾਲ ਪਾਸ ਕਰ ਦਿੱਤਾ ਸੀ।

## 'ਪ੍ਰਸਾਰਨ ਅਧਿਕਾਰ ਇੱਕ ਪਰਿਵਾਰ ਕੋਲ ਨਹੀਂ ਜਾਣ ਦਿਆਂਗੇ'

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਪਾਲ ਨੂੰ ਕਿਹਾ ਕਿ ਇਸ ਚੈਨਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਮਝੌਤਾ 23 ਜੁਲਾਈ, 2023 ਨੂੰ ਖਤਮ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਗੁਰਬਾਣੀ ਪ੍ਰਸਾਰਨ ਦਾ ਅਧਿਕਾਰ ਇਕੱਲੇ ਬਾਦਲ ਪਰਿਵਾਰ ਦੇ ਹੱਥਾਂ 'ਚ ਜਾਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਰਾਜਪਾਲ ਨੂੰ ਬਿੱਲ 'ਤੇ ਛੇਤੀ ਦਸਤਖ਼ਤ ਕਰਨ ਦੀ ਅਪੀਲ ਕੀਤੀ ਤਾਂ ਜੋ ਵੱਖ-ਵੱਖ ਚੈਨਲਾਂ ਤੇ ਹੋਰ ਮਾਧਿਅਮਾਂ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਮੁਫਤ ਪ੍ਰਸਾਰਨ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਿੱਲ ਰਾਜਪਾਲ ਦੇ ਦਸਤਖਤਾਂ ਲਈ 26 ਜੂਨ, 2023 ਨੂੰ ਭੇਜ ਦਿੱਤਾ ਸੀ ਪਰ ਇਸ ਉੱਪਰ ਅਜੇ ਵੀ ਦਸਤਖ਼ਤ ਨਹੀਂ ਕੀਤੇ ਗਏ। ਉਨ੍ਹਾਂ ਕਿਹਾ ਕਿ ਇਸ ਵਿਚ ਦੇਰੀ ਕਰਨ ਨਾਲ ਪੰਜਾਬ ਦੇ ਲੋਕਾਂ ਦੇ ਜਮਹੂਰੀ ਹੱਕ ਨੂੰ ਦਬਾਇਆ ਜਾ ਰਿਹਾ ਹੈ। ਸ੍ਰੀ ਮਾਨ ਨੇ ਰਾਜਪਾਲ ਨੂੰ ਕਿਹਾ ਕਿ ਇਸ ਚੈਨਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਮਝੌਤਾ 23 ਜੁਲਾਈ, 2023 ਨੂੰ ਖਤਮ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਗੁਰਬਾਣੀ ਪ੍ਰਸਾਰਨ ਦਾ ਅਧਿਕਾਰ ਇਕੱਲੇ ਬਾਦਲ ਪਰਿਵਾਰ ਦੇ ਹੱਥਾਂ 'ਚ ਜਾਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜੇਕਰ ਰਾਜਪਾਲ ਬਿੱਲ ਨੂੰ ਤੁਰਤ ਪ੍ਰਵਾਨਗੀ ਨਹੀਂ ਦਿੰਦੇ ਤਾਂ ਇਸ ਨਾਲ ਦੁਨੀਆ ਭਰ 'ਚ ਲੱਖਾਂ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਦੇਖਣ ਤੋਂ ਵਿਰਵੇ ਹੋ ਜਾਣਗੇ। ਇਸ ਨਾਲ ਵਿਸ਼ਵ ਭਰ ਵਿਚ ਵਸਦੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚੇਗੀ। ਮੁੱਖ ਮੰਤਰੀ ਨੇ ਰਾਜਪਾਲ ਨੂੰ ਬਿੱਲ 'ਤੇ ਛੇਤੀ ਦਸਤਖ਼ਤ ਕਰਨ ਦੀ ਅਪੀਲ ਕੀਤੀ ਤਾਂ ਜੋ ਵੱਖ-ਵੱਖ ਚੈਨਲਾਂ ਤੇ ਹੋਰ ਮਾਧਿਅਮਾਂ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਮੁਫਤ ਪ੍ਰਸਾਰਨ ਕੀਤਾ ਜਾ ਸਕੇ।

# ਮੀਂਹ ਕਾਰਨ ਪਾਕਿਸਤਾਨ ਸਥਿਤ ਗੁਰਦੁਆਰਾ ਰੋੜੀ ਸਾਹਿਬ ਦੀ ਇਮਾਰਤ ਨੂੰ ਨੁਕਸਾਨ

**ਅੰਮ੍ਰਿਤਸਰ:** ਲਗਾਤਾਰ ਪੈ ਰਹੇ ਮੀਂਹ ਕਾਰਨ ਲਾਹੌਰ (ਪਾਕਿਸਤਾਨ) ਦੇ ਪਿੰਡ ਝਾਮਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਰੋੜੀ ਸਾਹਿਬ ਦੀ ਇਮਾਰਤ ਨੁਕਸਾਨੀ ਗਈ ਹੈ। ਮੋਹਲੇਧਾਰ ਮੀਂਹ ਕਾਰਨ ਗੁਰਦੁਆਰੇ ਦੀ ਇਮਾਰਤ ਦਾ ਇਕ ਹਿੱਸਾ ਡਿੱਗ ਗਿਆ ਅਤੇ ਹੁਣ ਕੁੱਝ ਹਿੱਸਾ ਹੀ ਬਾਕੀ ਬਚਿਆ ਹੈ। ਮਿਲੇ ਵੇਰਵਿਆਂ ਮੁਤਾਬਕ 7 ਜੁਲਾਈ ਨੂੰ ਹੋਈ ਬਾਰਸ਼ ਮਗਰੋਂ ਗੁਰਦੁਆਰੇ ਦੀ ਇਮਾਰਤ ਦਾ ਕੁਝ ਹਿੱਸਾ ਢਹਿ-ਢੇਰੀ ਹੋ ਗਿਆ ਸੀ। ਲਾਹੌਰ ਦਾ ਇਹ ਪਿੰਡ ਝਾਮਨ ਭਾਰਤੀ ਸਰਹੱਦੀ ਪਿੰਡ ਖਾਲੜਾ ਤੋਂ ਪਾਕਿਸਤਾਨ ਵਾਲੇ ਪਾਸੇ ਕੁਝ ਕਿਲੋਮੀਟਰ ਦੀ ਦੂਰੀ 'ਤੇ ਹੈ।

ਦੇਸ਼ ਦੀ ਵੰਡ ਤੋਂ ਬਾਅਦ ਗੁਰਦੁਆਰੇ ਦੀ ਇਮਾਰਤ ਦੀ ਸਾਂਭ-ਸੰਭਾਲ ਨਹੀਂ ਹੁੰਦੀ ਰਹੀ ਜਿਸ ਕਾਰਨ ਇਹ ਇਮਾਰਤ ਖਸਤਾ ਹਾਲਤ ਵਿਚ ਸੀ। ਇਮਾਰਤ ਦਾ ਅੰਦਰੂਨੀ ਹਿੱਸਾ ਕਈ ਥਾਵਾਂ ਤੋਂ ਟੁੱਟ ਚੁੱਕਾ ਸੀ ਅਤੇ ਹੁਣ ਮੀਂਹ ਕਾਰਨ ਇਸ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ। ਸਥਾਨਕ ਲੋਕਾਂ ਤੋਂ ਮਿਲੀ ਜਾਣਕਾਰੀ ਤੋਂ ਬਾਅਦ ਗੁਰਦੁਆਰੇ ਦੀ ਇਮਾਰਤ ਢਹਿ-ਢੇਰੀ ਹੋਣ ਦਾ ਮਾਮਲਾ ਉੱਭਰ ਕੇ ਸਾਹਮਣੇ ਆਇਆ। ਦੇਸ ਦੀ ਵੰਡ ਵੇਲੇ ਦੇ ਪ੍ਰਭਾਵਿਤ ਲੋਕਾਂ ਅਤੇ ਇਮਾਰਤਾਂ ਬਾਰੇ ਕੰਮ ਕਰ ਰਹੇ ਇੱਕ ਪਾਕਿਸਤਾਨੀ



ਬਲੌਗਰ ਅੱਬਾਸ ਲਾਸਾਰੀ ਨੇ ਦੱਸਿਆ ਕਿ ਉਹ ਅਤੇ ਸਮਾਜ ਸੇਵੀ ਪ੍ਰੋਫੈਸਰ ਅਮਾਨਉਲ੍ਹਾ ਮੁਸਾਫਰ ਪਿੰਡ ਜਾਮਨ ਗਏ ਸਨ ਜਿੱਥੇ ਉਨ੍ਹਾਂ ਨੂੰ ਸਥਾਨਕ ਲੋਕਾਂ ਤੋਂ ਗੁਰਦੁਆਰੇ ਦੀ ਇਮਾਰਤ ਦੇ ਢਹਿ-ਢੇਰੀ ਹੋਣ ਬਾਰੇ ਜਾਣਕਾਰੀ ਮਿਲੀ। ਉਨ੍ਹਾਂ ਇਸ ਸਬੰਧੀ ਵੀਡੀਓ ਵੀ ਬਣਾਈ ਅਤੇ ਫੋਟੋਗਰਾਫੀ ਵੀ ਕੀਤੀ ਹੈ। ਇਸ ਦੌਰਾਨ ਇਹ ਮਾਮਲਾ ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ ਕਰਦੀ ਜਥੇਬੰਦੀ ਇਨਟੈੱਕ ਨੇ ਵੀ ਉਭਾਰਿਆ ਹੈ। ਜਥੇਬੰਦੀ ਦੇ ਸੂਬਾ ਕਨਵੀਨਰ ਮੇਜਰ ਜਨਰਲ ਬਲਵਿੰਦਰ ਸਿੰਘ (ਸੇਵਾਮੁਕਤ) ਨੇ ਇਸ ਮਾਮਲੇ ਵਿਚ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਸਬੰਧੀ ਪਾਕਿਸਤਾਨ ਸਰਕਾਰ ਨੂੰ ਆਖੇ ਕਿ ਵੰਡ ਵੇਲੇ ਉਧਰ ਰਹਿ ਗਈਆਂ ਵਿਰਾਸਤੀ ਇਮਾਰਤਾਂ ਦੀ ਸਾਂਭ-ਸੰਭਾਲ ਕਰੇ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਸਬੰਧੀ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰੇ ਤਾਂ ਜੋ ਅਜਿਹੀਆਂ ਵਿਰਾਸਤੀ ਅਤੇ ਧਾਰਮਿਕ ਇਮਾਰਤਾਂ ਦੀ ਸਾਂਭ-ਸੰਭਾਲ ਕਰਕੇ ਉਨ੍ਹਾਂ ਨੂੰ ਬਚਾਇਆ ਜਾ ਸਕੇ।

## ਮਾਮਲਾ ਅੰਤਰਿਗ ਕਮੇਟੀ 'ਚ ਵਿਚਾਰਾਂਗੇ: ਗਰੇਵਾਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਜਰਨਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਆਖਿਆ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਵੀ ਆਇਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਅੰਤਰਿਗ ਕਮੇਟੀ ਦੀ ਮੀਟਿੰਗ ਵਿਚ ਵੀ ਰੱਖਿਆ ਜਾਵੇਗਾ। ਇਸ ਮਾਮਲੇ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਾਕਿਸਤਾਨ ਔਕਾਫ ਬੋਰਡ ਨੂੰ ਵੀ ਅਪੀਲ ਕੀਤੀ ਜਾਵੇਗੀ ਕਿ ਅਜਿਹੀਆਂ ਇਤਿਹਾਸਕ ਅਤੇ ਧਾਰਮਿਕ ਇਮਾਰਤਾਂ ਦੀ ਸਾਂਭ-ਸੰਭਾਲ ਕੀਤੀ ਜਾਵੇ।

ਗੁਰਦੁਆਰੇ ਦੇ ਇਤਿਹਾਸ ਬਾਰੇ ਮਿਲੀ ਜਾਣਕਾਰੀ ਮੁਤਾਬਕ ਇਹ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ। ਕੁਝ ਇਤਿਹਾਸਕਾਰਾਂ ਦਾ ਮੱਤ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੇ ਨਾਨਕੇ ਪਿੰਡ ਜਾਣ ਵੇਲੇ ਇਸ ਪਿੰਡ ਵਿਚ ਆਏ ਸਨ ਅਤੇ ਇੱਥੇ ਇਕ ਗਰੀਬ ਤੇ ਮਿਹਨਤੀ ਵਿਅਕਤੀ ਦੇ ਘਰ ਪ੍ਰਸ਼ਾਦਾ ਛਕਿਆ ਸੀ। ਕੁਝ ਇਕ ਦਾ ਦਾਅਵਾ ਹੈ ਕਿ ਗੁਰੂ ਸਾਹਿਬ ਇਸ ਪਿੰਡ ਵਿਚ ਠਹਿਰੇ ਵੀ ਸਨ। ਗੁਰਦੁਆਰੇ ਦੇ ਨਾਮ 'ਤੇ ਕੁਝ ਜਮੀਨ ਵੀ ਹੈ। ਕਿਸੇ ਵੇਲੇ ਆਲੀਸ਼ਾਨ ਗੁਰਦੁਆਰਾ ਅਤੇ ਸਰੋਵਰ ਵੀ ਸੀ ਜੋ ਵੰਡ ਤੋਂ ਬਾਅਦ ਅਣਗੌਲਿਆ ਰਿਹਾ ਹੈ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਗਵੰਤ ਮਾਨ ਵੱਲੋਂ ਨਸ਼ਿਆਂ ਨਾਲ ਨਜਿੱਠਣ ਲਈ ਸਖਤ ਕਾਨੂੰਨ ਦੀ ਵਕਾਲਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨਸ਼ਿਆਂ ਦੇ ਖਤਰੇ ਨਾਲ ਸਿੱਝਣ ਲਈ ਮੌਜੂਦਾ ਕਾਨੂੰਨਾਂ ਵਿਚ ਸਖ਼ਤ ਤਜਵੀਜ਼ਾਂ ਜੋੜਨ ਦੀ ਵਕਾਲਤ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਡਰੋਨਾਂ ਦੀ ਰਜਿਸਟਰੇਸ਼ਨ ਨੂੰ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਡਰੋਨਾਂ ਦੀ ਵਰਤੋਂ ਹਥਿਆਰ, ਹੈਰੋਇਨ ਅਤੇ ਧਮਾਕਾਖ਼ੇਜ਼ ਸਮੱਗਰੀ ਦੀ ਸਰਹੱਦ ਪਾਰੋਂ ਤਸਕਰੀ ਲਈ ਵਰਤੋਂ ਕੀਤੀ ਜਾਂਦੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ 'ਨਸ਼ਾ ਤਸਕਰੀ ਤੇ ਕੌਮੀ ਸੁਰੱਖਿਆ' ਬਾਰੇ ਹੋਈ ਮੀਟਿੰਗ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਸ਼ਾ ਤਸਕਰੀ ਦੇ ਵਪਾਰ ਨਾਲ ਜੁੜੇ ਤਸਕਰਾਂ ਲਈ ਕਠੋਰ ਸਜਾਵਾਂ ਦੀ ਵਕਾਲਤ ਕਰਦਿਆਂ ਨਸ਼ਾ ਤਸਕਰਾਂ ਦੇ ਅਸਾਸੇ ਜ਼ਬਤ ਕਰਨ ਤੇ ਉਨ੍ਹਾਂ ਨੂੰ ਜਨਤਕ ਤੌਰ 'ਤੇ ਸ਼ਰਮਿੰਦਾ ਕਰਨ 'ਤੇ ਜੋਰ ਦਿੰਦਿਆਂ ਆਖਿਆ ਕਿ ਇਹ ਕਦਮ ਸ਼ਕਤੀਸ਼ਾਲੀ ਰੋਕ ਵਜੋਂ ਕੰਮ ਕਰੇਗਾ। ਸ੍ਰੀ ਸ਼ਾਹ ਨੇ ਇੱਥੇ 'ਨਸ਼ਾ ਤਸਕਰੀ ਤੇ ਕੌਮੀ ਸੁਰੱਖਿਆ' ਵਿਸ਼ੇ ਬਾਰੇ ਕਾਨਫਰੰਸ ਮੌਕੇ ਸੰਬੋਧਨ ਕਰਦਿਆਂ ਵੀਡੀਓ ਕਾਨਫਰੰਸਿੰਗ ਰਾਹੀਂ ਮੁਲਕ ਦੇ ਵੱਖੋ-ਵੱਖਰੇ ਹਿੱਸਿਆਂ ਵਿਚ 2.378 ਕਰੋੜ ਰੁਪਏ ਦੇ 1.40 ਲੱਖ ਕਿਲੋਗ੍ਰਾਮ ਨਸ਼ੀਲੇ ਪਦਾਰਥ ਖਤਮ ਕਰਨ ਦੀ ਕਾਰਵਾਈ ਵੀ ਦੇਖੀ। ਉਨ੍ਹਾਂ ਕਿਹਾ ਕਿ ਅਜਿਹੇ ਵਿਅਕਤੀਆਂ ਨੂੰ ਜਨਤਕ ਤੌਰ 'ਤੇ ਸ਼ਰਮਿੰਦਾ ਕਰਨ ਜਾਂ ਇਨ੍ਹਾਂ ਦਾ ਬਾਈਕਾਟ ਕਰਨ ਨਾਲ ਹੋਰ ਲੋਕ ਨਸ਼ਾ ਤਸਕਰੀ ਵੱਲ ਜਾਣ ਤੋਂ ਰੁਕਣਗੇ। ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਸੂਬਿਆਂ ਨੂੰ ਵਿੱਤੀ ਜਾਂਚ-ਪੜਤਾਲ ਬਾਰੇ ਕੇਸਾਂ 'ਤੇ ਈ.ਡੀ. ਨਾਲ ਮਿਲ ਕੇ ਕੰਮ ਕਰਨ ਤੇ ਇਨ੍ਹਾਂ ਨੂੰ ਈਡੀ ਕੋਲ ਰੈਫਰ ਕਰਨ ਦੀ ਲੋੜ ਹੈ। ਸ਼ਾਹ ਨਾਲ ਹੋਈ ਵਰਚੁਅਲ ਮੀਟਿੰਗ ਵਿਚ ਭਾਗ ਲੈਂਦਿਆਂ ਭਗਵੰਤ ਮਾਨ ਨੇ ਜਾਣੂ ਕਰਵਾਇਆ ਕਿ ਪੰਜਾਬ ਪਹਿਲਾ ਸੂਬਾ ਹੈ, ਜਿਸ ਨੇ ਨਸ਼ਾ ਸਪਲਾਈ ਚੇਨ ਤੋੜਨ, ਨਸ਼ਾ ਤਸਕਰੀ ਅਤੇ ਤਸਕਰਾਂ ਦੀ ਗ੍ਰਿਫ਼ਤਾਰੀ ਲਈ ਕਾਨੂੰਨ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ ਲਈ ਵਿਸ਼ੇਸ਼ ਟਾਸਕ ਫੋਰਸ ਅਤੇ ਐਸ.ਟੀ.ਐਫ. ਥਾਣਿਆਂ ਦਾ ਗਠਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਨਸ਼ਿਆਂ ਦੇ ਖ਼ਤਰੇ ਨਾਲ ਨਜਿੱਠਣ ਲਈ ਤਿੰਨ-ਸੂਤਰੀ ਰਣਨੀਤੀ ਲਾਗੂ ਕੀਤੀ ਗਈ ਹੈ, ਜਿਸ ਵਿਚ ਕਾਨੂੰਨ ਲਾਗੂ ਕਰਨ, ਨਸ਼ਾ ਮੁਕਤੀ ਤੇ ਨਸ਼ਿਆਂ ਦੀ ਰੋਕਥਾਮ ਸ਼ਾਮਲ ਹੈ।

## ਲੁਧਿਆਣਾ ਵਿਚ ਐਨ.ਆਰ.ਆਈ. ਦਾ ਕਤਲ

**ਲੁਧਿਆਣਾ:** ਇਥੋਂ ਦੀ ਠਾਕੁਰ ਕਲੋਨੀ ਵਿਚ ਮੋਟਰਸਾਈਕਲ ਸਵਾਰਾਂ ਨੇ ਐਨ.ਆਰ.ਆਈ. ਦੀ ਤੇਜ਼ਧਾਰ ਹਥਿਆਰਾਂ ਨਾਲ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ 42 ਸਾਲਾ ਬਰਿੰਦਰ ਸਿੰਘ ਵਜੋਂ ਹੋਈ ਹੈ। ਪੁਲਿਸ ਨੇ ਦੱਸਿਆ ਕਿ ਬਰਿੰਦਰ ਸਿੰਘ ਆਪਣੇ ਨੌਕਰ ਸਮੇਤ ਫਾਰਮ ਹਾਊਸ ਤੋਂ ਲਲਤੋਂ ਕਲਾਂ ਸਥਿਤ ਆਪਣੇ ਘਰ ਜਾ ਰਿਹਾ ਸੀ ਕਿ ਰਸਤੇ ਵਿਚ ਦੋ ਮੋਟਰਸਾਈਕਲ ਸਵਾਰਾਂ ਨੇ ਉਸ ਨੂੰ ਰੋਕ ਲਿਆ। ਉਨ੍ਹਾਂ ਨੇ ਆਪਣੇ ਮੂੰਹ ਢਕੇ ਹੋਏ ਸਨ ਅਤੇ ਕਥਿਤ ਤੌਰ ਉਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਉਸ ਨੂੰ ਡੀ.ਐਮ.ਸੀ. ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੇ ਦਮ ਤੋੜ ਦਿੱਤਾ। ਹਮਲੇ ਵਿਚ ਨੌਕਰ ਵੀ ਜ਼ਖਮੀ ਹੋ ਗਿਆ। ਮੁੱਢਲੀ ਜਾਂਚ ਵਿਚ ਇਹ ਕਤਲ ਨਿੱਜੀ ਰੰਜਿਸ਼ ਕਾਰਨ ਹੋਇਆ ਲੱਗਦਾ ਹੈ।

# ਰਾਹਤ ਕਾਰਜਾਂ ਨੂੰ ਲੈ ਕੇ ਭਗਵੰਤ ਮਾਨ ਤੇ ਸ਼੍ਰੋਮਣੀ ਕਮੇਟੀ ਆਹਮੋ-ਸਾਹਮਣੇ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੁਣ ਹੜ੍ਹਾਂ ਦੇ ਰਾਹਤ ਕਾਰਜਾਂ ਨੂੰ ਲੈ ਕੇ ਮੁੜ ਆਹਮੋ-ਸਾਹਮਣੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦਾ ਬੈਂਕ ਖਾਤਾ ਨੰਬਰ ਜਾਰੀ ਕਰਨ ਦੀ ਨਿਖੇਧੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੇ ਕਿਸ ਹੈਸੀਅਤ 'ਚ ਇਹ ਨੰਬਰ ਜਾਰੀ ਕੀਤਾ। ਸ੍ਰੀ ਮਾਨ ਨੇ ਕਿਹਾ ਕਿ ਇਹ ਬਹੁਤ ਸ਼ਰਮਨਾਕ ਹੈ ਕਿ ਅਕਾਲੀ ਆਗੂ ਸ਼੍ਰੋਮਣੀ ਕਮੇਟੀ ਦੇ ਅਧਿਕਾਰਤ ਨੁਮਾਇੰਦਿਆਂ ਦੀ ਥਾਂ ਖੁਦ ਇਨ੍ਹਾਂ ਖਾਤਾ ਨੰਬਰਾਂ ਦਾ ਵੇਰਵਾ ਜਨਤਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਅਜੇ ਤੱਕ ਖਾਤਾ ਨੰਬਰ ਜਨਤਕ ਨਹੀਂ ਕੀਤੇ ਗਏ ਪਰ ਸੁਖਬੀਰ ਬਾਦਲ ਨੇ ਇਹ ਨੰਬਰ ਜਾਰੀ ਕਰ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ 'ਤੇ ਇਕੋ ਪਰਿਵਾਰ ਦਾ ਕੰਟਰੋਲ ਹੈ ਅਤੇ ਅੱਜ ਅਕਾਲੀ ਆਗੂ ਵੱਲੋਂ ਨੰਬਰ ਜਾਰੀ ਕਰਨ ਨਾਲ ਉਨ੍ਹਾਂ ਦਾਅਵਾ ਸਹੀ ਸਾਬਤ ਹੋ ਗਿਆ। ਉਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਹੜ੍ਹ ਪੀੜਤਾਂ ਦੀ ਮਦਦ ਉਤੇ ਧਿਆਨ ਦੇਣ ਦੀ ਸਲਾਹ ਦਿੱਤੀ ਹੈ। ਸ੍ਰੀ ਧਾਮੀ ਨੇ ਸਪਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਨੇ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਇਹ ਰਾਹਤ ਖਾਤਾ ਜਾਰੀ ਕੀਤਾ ਸੀ, ਜਿਸ ਵਿਚ ਸਹਿਯੋਗ ਭੇਜਣ ਦੀ ਅਪੀਲ ਸ਼੍ਰੋਮਣੀ ਕਮੇਟੀ ਨੇ ਹੀ ਕੀਤੀ ਹੈ। ਹਰ ਗੱਲ ਵਿਚ ਰਾਜਨੀਤੀ ਚੰਗੀ ਨਹੀਂ ਹੁੰਦੀ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਇਸ ਖਾਤੇ ਨੂੰ ਸੰਗਤ ਤੱਕ ਕੋਈ ਵੀ ਪਹੁੰਚਾ ਸਕਦਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰ ਵਿਚ ਲੋਕਾਂ ਦਾ ਵੱਡਾ ਨੁਕਸਾਨ ਹੋਇਆ ਹੈ, ਜਿਸ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪੀੜਤਾਂ ਦੀ ਹਰ ਸੰਭਵ ਸਹਾਇਤਾ ਦੇ ਆਦੇਸ਼ ਕੀਤੇ ਹਨ।

# ਮਿਸ਼ਨ 2024: ਭਾਜਪਾ ਖਿਲਾਫ ਸਾਂਝੇ ਮੋਰਚੇ ਲਈ ਸਹਿਮਤੀ ਬਣੀ

**ਨਵੀਂ ਦਿੱਲੀ:** 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਟੱਕਰ ਦੇਣ ਲਈ 26 ਪਾਰਟੀਆਂ ਇਕਜੁੱਟ ਹੋਈਆਂ ਹਨ। ਬੈਂਗਲੁਰੂ ਵਿਚ ਵਿਰੋਧੀ ਪਾਰਟੀਆਂ ਦੀ ਬੈਠਕ ਵਿਚ ਸਾਂਝੇ ਗੱਠਜੋੜ ਲਈ ਸਹਿਮਤੀ ਬਣੀ ਹੈ। ਮੀਟਿੰਗ ਵਿਚ ਵਿਰੋਧੀ ਪਾਰਟੀਆਂ ਦੇ 'ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ' (ਇੰਡੀਆ) ਬਣਾਇਆ ਹੈ। ਵਿਰੋਧੀ ਧਿਰਾਂ ਦੀ ਮੀਟਿੰਗ ਮਗਰੋਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਸਾਰੀਆਂ ਧਿਰਾਂ ਭਾਜਪਾ ਗੱਠਜੋੜ ਖ਼ਿਲਾਫ਼ ਮੋਰਚਾ ਖੜ੍ਹਾ ਕਰਨ ਲਈ ਸਹਿਮਤ ਹੋ ਗਈਆਂ ਹਨ ਤੇ ਇਸ ਦਾ ਨਾਂ 'ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ) ਹੋਵੇਗਾ। ਗੱਠਜੋੜ ਵਿਚ 11 ਮੈਂਬਰਾਂ ਦੀ ਤਾਲਮੇਲ ਕਮੇਟੀ ਬਣਾਈ ਜਾਵੇਗੀ ਅਤੇ ਇਸ ਦੇ ਮੈਂਬਰਾਂ ਦੇ ਨਾਵਾਂ ਦਾ ਐਲਾਨ ਮੁੰਬਈ ਵਿਚ ਹੋਣ ਵਾਲੀ ਅਗਲੀ ਮੀਟਿੰਗ ਵਿਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ ਅਤੇ ਇਸ ਦੇ ਲੋਕਾਂ ਨੂੰ ਬਚਾਉਣਾ ਸਾਡੀ ਸਭ ਤੋਂ ਵੱਡੀ ਤਰਜੀਹ ਹੈ। ਇਸ ਲਈ ਅਸੀਂ ਆਪਣੇ ਮਤਭੇਦਾਂ ਨੂੰ ਪਿੱਛੇ ਰੱਖਣ ਦਾ ਫੈਸਲਾ ਕੀਤਾ ਹੈ।

ਖੜਗੇ ਨੇ ਕਿਹਾ ਕਿ ਭਾਜਪਾ ਨੇ ਲੋਕਤੰਤਰ ਦੀਆਂ ਸਾਰੀਆਂ ਏਜੰਸੀਆਂ ਜਿਵੇਂ ਈ.ਡੀ, ਸੀ.ਬੀ.ਆਈ. ਆਦਿ ਨੂੰ ਤਬਾਹ ਕਰ ਦਿੱਤਾ ਹੈ। ਸਾਡੇ ਸਿਆਸੀ ਮਤਭੇਦ ਹਨ, ਪਰ ਅਸੀਂ ਦੇਸ ਨੂੰ ਬਚਾਉਣ ਲਈ ਇਕੱਠੇ ਹੋਏ ਹਾਂ। ਇਸ ਤੋਂ ਪਹਿਲਾਂ ਅਸੀਂ ਪਟਨਾ ਵਿਚ ਮਿਲੇ, ਜਿੱਥੇ 16 ਪਾਰਟੀਆਂ ਮੌਜੂਦ ਸਨ। ਅੱਜ ਦੀ ਮੀਟਿੰਗ ਵਿਚ 26 ਪਾਰਟੀਆਂ ਨੇ ਹਿੱਸਾ ਲਿਆ। ਸਾਡਾ ਮਕਸਦ ਹੈ ਕਿ ਅਸੀਂ ਸਰਕਾਰ ਦੀਆਂ ਨਾਕਾਮੀਆਂ ਨੂੰ ਉਜਾਗਰ ਕਰਾਂਗੇ। ਮੈਨੂੰ ਖੁਸ਼ੀ ਹੈ ਕਿ ਰਾਹੁਲ, ਮਮਤਾ ਸਾਰੇ ਸਹਿਮਤ ਹਨ। 2024 ਵਿਚ ਇਕੱਠੇ ਲੜਾਂਗੇ ਅਤੇ ਸ਼ਾਨਦਾਰ ਨਤੀਜੇ ਲਿਆਵਾਂਗੇ।

## ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਲਈ ਫੰਡ ਜਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਹੜ੍ਹਾਂ ਕਾਰਨ ਬਣੇ ਹਾਲਾਤ ਨਾਲ ਨਜਿੱਠਣ ਲਈ ਵੱਖ-ਵੱਖ ਜ਼ਿਲ੍ਹਿਆਂ ਨੂੰ 62.70 ਕਰੋੜ ਰੁਪਏ ਦੇ ਫੰਡ ਜਾਰੀ ਕਰ ਦਿੱਤੇ ਹਨ। ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਹ ਰਾਸ਼ੀ ਜਲ ਸਪਲਾਈ ਸਕੀਮਾਂ ਦੀ ਮੁਰੰਮਤ ਲਈ, ਹੜ੍ਹ ਕਾਰਨ ਪ੍ਰਭਾਵਿਤ ਸੜਕਾਂ ਅਤੇ ਪੁਲਾਂ ਦੀ ਮੁਰੰਮਤ, ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ, ਹੜ੍ਹਾਂ ਵਾਲੇ ਇਲਾਕਿਆਂ 'ਚ ਪੀਣ ਵਾਲੇ ਪਾਣੀ ਦੇ ਪ੍ਰਬੰਧਾਂ ਲਈ, ਪਸ਼ੂਆਂ ਦੀ ਸੰਭਾਲ ਤੇ ਉਨ੍ਹਾਂ ਦੇ ਚਾਰੇ ਦਾ ਪ੍ਰਬੰਧ ਕਰਨ ਲਈ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਹੜ੍ਹਾਂ ਕਾਰਨ 18 ਜ਼ਿਲ੍ਹਿਆਂ ਦੇ 1422 ਪਿੰਡ ਪ੍ਰਭਾਵਿਤ ਹੋ ਚੁੱਕੇ ਹਨ, ਜਿਨ੍ਹਾਂ 'ਚ ਕਾਫੀ ਨੁਕਸਾਨ ਹੋਇਆ ਹੈ। ਇਸ ਦੌਰਾਨ ਕੈਬਨਿਟ ਮੰਤਰੀ ਨੇ ਕਿਹਾ ਕਿ ਅੰਮ੍ਰਿਤਸਰ ਜ਼ਿਲ੍ਹੇ ਨੂੰ 1.50 ਕਰੋੜ ਰੁਪਏ, ਹੁਸ਼ਿਆਰਪੁਰ, ਬਠਿੰਡਾ, ਬਰਨਾਲਾ, ਮਾਨਸਾ, ਪਠਾਨਕੋਟ, ਮਾਲੇਰਕੋਟਲਾ ਤੇ ਫਰੀਦਕੋਟ ਨੂੰ 1-1 ਕਰੋੜ ਰੁਪਏ, ਫਿਰੋਜ਼ਪੁਰ ਨੂੰ 3.15 ਕਰੋੜ ਰੁਪਏ, ਫਾਜ਼ਿਲਕਾ ਨੂੰ 1.15 ਕਰੋੜ ਰੁਪਏ ਅਤੇ ਫਤਹਿਗੜ੍ਹ ਸਾਹਿਬ ਨੂੰ 3.15 ਕਰੋੜ ਰੁਪਏ ਜਾਰੀ ਕੀਤੇ ਗਏ ਹਨ।

# ਗੁਰਦੁਆਰਾ ਐਕਟ ਸੋਧ: ਰਾਜਪਾਲ ਹੁਣ ਅਟਾਰਨੀ ਜਨਰਲ ਤੋਂ ਸਲਾਹ ਲੈਣਗੇ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਗੁਰਦੁਆਰਾ ਐਕਟ 'ਚ ਸੋਧ ਨੂੰ ਪ੍ਰਵਾਨਗੀ ਦੇਣ ਸਬੰਧੀ ਲਿਖੀ ਚਿੱਠੀ ਦਾ ਮੋੜਵਾਂ ਜਵਾਬ ਦਿੱਤਾ ਹੈ। ਰਾਜਪਾਲ ਨੇ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਬਿੱਲ 'ਤੇ ਦੇਸ਼ ਦੇ ਅਟਾਰਨੀ ਜਨਰਲ ਤੋਂ ਕਾਨੂੰਨੀ ਸਲਾਹ ਲੈਣ ਦੀ ਗੱਲ ਆਖਦਿਆਂ 19 ਅਤੇ 20 ਜੂਨ ਨੂੰ ਸੱਦੇ ਗਏ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ। ਮੁੱਖ ਮੰਤਰੀ ਨੂੰ ਲਿਖੇ ਪੱਤਰ 'ਚ ਸ੍ਰੀ ਪੁਰੋਹਿਤ ਨੇ ਕਿਹਾ ਕਿ ਵਿਧਾਨ ਸਭਾ ਦੇ ਸੈਸ਼ਨ ਬਾਰੇ ਜੋ ਕਾਨੂੰਨੀ ਸਲਾਹ ਲਈ ਗਈ ਹੈ, ਉਸ ਮੁਤਾਬਕ ਦੋ ਰੋਜ਼ਾ ਸੈਸ਼ਨ ਕਾਨੂੰਨੀ ਨੁਕਤਾ ਨਿਗਾਹ ਤੋਂ ਠੀਕ ਨਹੀਂ ਸੀ। ਇਸ ਲਈ ਸੈਸ਼ਨ ਦੌਰਾਨ ਪਾਸ ਕੀਤੇ ਗਏ ਬਿੱਲਾਂ ਬਾਰੇ ਵੀ ਸ਼ੰਕੇ ਪੈਦਾ ਹੋ ਜਾਂਦੇ ਹਨ। ਸਰਕਾਰ ਨੇ ਗੁਰਦੁਆਰਾ ਐਕਟ ਵਿਚ ਸੋਧ ਸਬੰਧੀ ਬਿੱਲ ਪਾਸ ਕੀਤਾ ਸੀ ਜਿਸ ਵਿਚ ਸਰਕਾਰ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਅਤੇ ਕੀਰਤਨ ਦੇ ਪ੍ਰਸਾਰਣ ਲਈ ਹਰੇਕ ਟੀਵੀ ਚੈਨਲ ਨੂੰ ਬਰਾਬਰ ਦੇ ਅਧਿਕਾਰ ਦੇਣ ਦੀ ਮੱਦ ਸ਼ਾਮਲ ਕੀਤੀ ਗਈ ਸੀ। ਇਸ ਬਿੱਲ ਨੂੰ ਮਨਜ਼ੂਰੀ ਲਈ ਰਾਜਪਾਲ ਕੋਲ ਭੇਜ ਦਿੱਤਾ ਗਿਆ ਸੀ। ਬਿੱਲ 'ਤੇ ਸਹੀ ਨਾ ਪਾਉਣ ਕਰਕੇ 15 ਜੁਲਾਈ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਬਨਵਾਰੀ ਲਾਲ ਪੁਰੋਹਿਤ ਨੂੰ ਚਿੱਠੀ ਲਿਖ ਕੇ ਬਿੱਲ ਤੁਰੰਤ ਪਾਸ ਕਰਨ ਲਈ ਕਿਹਾ ਸੀ।

## ਹੜ੍ਹ: ਹਰ ਪਾਸੇ ਤਬਾਹੀ ਦੇ ਨਿਸ਼ਾਨ

*(ਪਹਿਲੇ ਸਫੇ ਦੀ ਬਾਕੀ)*

ਬਰਬਾਦ ਕਰ ਦਿੱਤੀ ਹੈ ਤੇ ਹਾਲੇ ਹੋਰ ਨੁਕਸਾਨ ਦਾ ਡਰ ਹੈ।

ਬਿਪਤਾ ਦੀ ਇਸ ਘੜੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੋਕਾਂ ਦੀ ਬਾਂਹ ਫੜਨ ਲਈ ਡਟੀ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪੀੜਤਾਂ ਦੀ ਹਰ ਸੰਭਵ ਸਹਾਇਤਾ ਦੇ ਆਦੇਸ਼ ਕੀਤੇ ਹਨ। ਇਸੇ ਤਹਿਤ ਵੱਖ-ਵੱਖ ਥਾਵਾਂ 'ਤੇ 25 ਗੁਰਦੁਆਰਿਆਂ ਵਿਚ ਕੇਂਦਰ ਸਥਾਪਤ ਕਰ ਕੇ ਰਾਹਤ ਕਾਰਜ ਚੱਲ ਰਹੇ ਹਨ। ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਵੱਲ੍ਹਾ ਤੋਂ 3 ਮੈਡੀਕਲ ਟੀਮਾਂ ਭੇਜੀਆਂ ਗਈਆਂ ਹਨ। ਪਸ਼ੂਆਂ ਲਈ ਹਰਾ ਚਾਰਾ ਭੇਜਿਆ ਜਾ ਰਿਹਾ ਹੈ।

# ਅਮਰੀਕਾ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਬਨੂੜ:** ਪਿੰਡ ਮੁਠਿਆੜਾਂ ਦੇ ਹਸ਼ਨਪ੍ਰੀਤ ਸਿੰਘ (22) ਦੀ ਅਮਰੀਕਾ ਦੇ ਕੈਲੀਫੋਰਨੀਆ ਸ਼ਹਿਰ ਵਿਚ ਸਥਿਤ ਮਿਲਟਨ ਝੀਲ ਵਿਚ ਡੁੱਬਣ ਕਾਰਨ ਮੌਤ ਹੋ ਗਈ ਹੈ। ਹਸ਼ਨਪ੍ਰੀਤ ਦੋ ਭੈਣਾਂ ਦਾ ਇਕਲੌਤਾ ਭਰਾ ਸੀ ਤੇ ਡੇਢ ਸਾਲ ਪਹਿਲਾਂ ਦਸੰਬਰ 2021 ਵਿਚ ਹੋਟਲ ਮੈਨੇਜਮੈਂਟ ਦੀ ਪੜ੍ਹਾਈ ਕਰਨ ਲਈ ਅਮਰੀਕਾ ਗਿਆ ਸੀ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਹਸ਼ਨਪ੍ਰੀਤ ਸਿੰਘ ਆਪਣੇ ਦੋਸਤਾਂ ਨਾਲ ਮਿਲਟਨ ਝੀਲ 'ਤੇ ਘੁੰਮਣ ਗਿਆ ਸੀ, ਜਿੱਥੇ ਉਸ ਦਾ ਪੈਰ ਤਿਲਕ ਗਿਆ ਤੇ ਉਹ ਝੀਲ ਵਿਚ ਡਿੱਗ ਗਿਆ। ਗੋਤਾਖੋਰਾਂ ਨੇ ਉਸ ਨੂੰ ਤੁਰਤ ਬਾਹਰ ਕੱਢ ਕੇ ਹੈਲੀਕਾਪਟਰ ਰਾਹੀਂ ਹਸਪਤਾਲ ਪਹੁੰਚਾਇਆ ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਡੇਢ ਕੁ ਮਹੀਨਾ ਪਹਿਲਾਂ ਹੀ ਹਸ਼ਨਪ੍ਰੀਤ ਦੇ ਪਿਤਾ ਕਸ਼ਮੀਰ ਸਿੰਘ ਦੀ ਭਾਖੜਾ ਨਹਿਰ ਵਿਚ ਡੁੱਬਣ ਕਾਰਨ ਮੌਤ ਹੋ ਗਈ ਸੀ, ਜਿਸ ਪਿੱਛੋਂ ਹਸ਼ਨਪ੍ਰੀਤ ਹੀ ਆਪਣੀ ਮਾਂ ਦਾ ਸਹਾਰਾ ਸੀ।

## ਬਾਦਲ ਦਲ ਵਿਚ ਹੁਣ ਬੀਬੀਆਂ ਦੀ ਬਗਾਵਤ

*(ਪਹਿਲੇ ਸਫੇ ਦੀ ਬਾਕੀ)*

ਮੌਜੂਦਾ ਹਾਲਾਤ ਇਹ ਬਣ ਰਹੇ ਹਨ ਕਿ 2024 ਵਿਚ ਹੋਣ ਵਾਲੀਆਂ ਸੰਸਦੀ ਚੋਣਾਂ ਤੇ ਉਸ ਤੋਂ ਬਾਅਦ ਵਿਧਾਨ ਸਭਾ ਦੀਆਂ ਚੋਣਾਂ ਤੱਕ ਦਾ ਪੈਂਡਾ ਅਕਾਲੀ ਦਲ ਤੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਲਈ ਮੁਸ਼ਕਿਲਾਂ ਭਰਿਆ ਹੋਣ ਦੇ ਸਪਸ਼ਟ ਸੰਕੇਤ ਦਿਖਾਈ ਦੇ ਰਹੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ
ਅੰਮ੍ਰਿਤਪਾਲ ਸਿੰਘ ਸੰਘਾ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਭਾਰਤੀ ਅਮਰੀਕੀਆਂ ਨੇ ਭਾਰਤ ਦੀ ਹਮਾਇਤ 'ਚ ਰੈਲੀ ਕੀਤੀ



**ਸਾਂ ਫਰਾਂਸਿਸਕੋ:** ਇਥੇ ਭਾਰਤੀ ਕੌਂਸੁਲੇਟ ਵਿਚ ਹਾਲ 'ਚ ਖਾਲਿਸਤਾਨ ਸਮਰਥਕਾਂ ਵੱਲੋਂ ਅਗਜ਼ਨੀ ਦੀ ਕੋਸ਼ਿਸ਼ ਕੀਤੇ ਜਾਣ ਮਗਰੋਂ ਵੱਡੀ ਗਿਣਤੀ ਭਾਰਤੀ ਅਮਰੀਕੀਆਂ ਨੇ ਭਾਰਤ ਨਾਲ ਇੱਕਜੁਟਤਾ ਪ੍ਰਗਟਾਉਣ ਲਈ ਇੱਥੇ ਸਫ਼ਾਰਤਖ਼ਾਨੇ ਸਾਹਮਣੇ ਸ਼ਾਂਤੀਪੂਰਨ ਰੈਲੀ ਕੀਤੀ। ਖਾਲਿਸਤਾਨ ਸਮਰਥਕਾਂ ਵੱਲੋਂ 2 ਜੁਲਾਈ ਨੂੰ ਟਵਿੱਟਰ 'ਤੇ ਪੋਸਟ ਕੀਤੀ ਇਕ ਵੀਡੀਓ ਵਿਚ ਸਾਂ ਫਰਾਂਸਿਸਕੋ 'ਚ ਭਾਰਤੀ ਸਫ਼ਾਰਤਖ਼ਾਨੇ 'ਚ ਅਗਜ਼ਨੀ ਦੀ ਘਟਨਾ ਦਿਖਾਈ ਗਈ ਸੀ। ਇਹ ਕੁਝ ਹੀ ਮਹੀਨਿਆਂ 'ਚ ਹਿੰਸਾ ਦੀ ਅਜਿਹੀ ਦੂਜੀ ਘਟਨਾ ਸੀ।

ਇਸ ਹਫਤੇ ਸਾਂ ਫਰਾਂਸਿਸਕੋ ਅਤੇ ਇਸ ਦੇ ਨੇੜਲੇ ਖੇਤਰਾਂ ਤੋਂ ਵੱਡੀ ਗਿਣਤੀ 'ਚ ਭਾਰਤੀ ਅਮਰੀਕੀਆਂ ਨੇ ਭਾਰਤ ਦੀ ਹਮਾਇਤ ਕੀਤੀ ਅਤੇ ਹਾਲੀਆ ਹਿੰਸਕ ਕਾਰਵਾਈਆਂ ਖ਼ਿਲਾਫ਼ ਸਾਂ ਫਰਾਂਸਿਸਕੋ ਵਿਚ ਭਾਰਤੀ ਦੂਤਘਰ ਨਾਲ ਦੇ ਬਾਹਰ ਇਕ ਸ਼ਾਂਤੀਪੂਰਨ ਰੈਲੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਉਕਤ ਘਟਨਾ ਨੂੰ ਦਹਿਸ਼ਤੀ ਕਾਰਵਾਈ ਦੱਸਿਆ ਅਤੇ ਹਿੰਸਾ ਲਈ ਜ਼ਿੰਮੇਵਾਰ ਲੋਕਾਂ ਨੂੰ ਨਿਆਂ ਦੇ ਕਟਹਿਰੇ 'ਚ ਖੜ੍ਹੇ ਕਰਨ ਦੀ ਮੰਗ ਕੀਤੀ।

ਦੱਸਣਯੋਗ ਹੈ ਕਿ ਅਮਰੀਕਾ ਵਿਚ ਭਾਰਤ ਦੇ ਸਫ਼ੀਰ ਤਰਨਜੀਤ ਸਿੰਘ ਸੰਧੂ ਨੇ ਇੱਥੇ ਸਫ਼ਾਰਤਖ਼ਾਨੇ ਦੇ ਦੌਰਾ ਕੀਤਾ ਸੀ ਅਤੇ ਮਿਸ਼ਨ ਵਿਚ ਭਾਰਤੀ ਰਾਜਦੂਤਾਂ ਅਤੇ ਅਧਿਕਾਰੀਆਂ ਨੂੰ ਮਿਲੇ ਸਨ। ਭਾਰਤ ਨੇ ਕੈਨੇਡਾ, ਬਰਤਾਨੀਆ ਅਤੇ ਅਮਰੀਕਾ ਵਰਗੇ ਆਪਣੇ ਭਾਈਵਾਲ ਦੇਸ਼ਾਂ ਨੂੰ ਕਿਹਾ ਹੈ ਕਿ ਉਹ 'ਕੱਟੜਪੰਥੀ ਖਾਲਿਸਤਾਨੀ ਵਿਚਾਰਧਾਰਾ' ਨੂੰ ਤਵੱਜੋ ਨਾ ਦੇਵੇ, ਕਿਉਂਕਿ ਇਹ ਦੁਵੱਲੇ ਸਬੰਧਾਂ ਲਈ 'ਚੰਗੀ ਨਹੀਂ' ਹੈ।

# ਭਾਰਤ ਤੇ ਫਰਾਂਸ ਹਿੰਦ-ਪ੍ਰਸ਼ਾਂਤ ਖੇਤਰ ਵਿਚ ਸਮੁੰਦਰੀ ਸਹਿਯੋਗ ਵਧਾਉਣ ਲਈ ਸਹਿਮਤ

**ਪੈਰਿਸ:** ਭਾਰਤ ਤੇ ਫਰਾਂਸ ਵਿਚਾਲੇ ਰਣਨੀਤਿਕ ਤੌਰ ਤੋਂ ਅਹਿਮ ਹਿੰਦ-ਪ੍ਰਸ਼ਾਂਤ ਖੇਤਰ ਵਿਚ ਸੰਤੁਲਿਤ ਤੇ ਸਥਿਰ ਵਿਵਸਥਾ ਬਣਾਉਣ ਦੇ ਯਤਨ ਤਹਿਤ ਸਮੁੰਦਰੀ ਸਹਿਯੋਗ ਤੇ ਦੋਵਾਂ ਮੁਲਕਾਂ ਵਿਚ ਜਲ ਸੈਨਾ ਦਾ ਅਭਿਆਸ ਵਧਾਉਣ 'ਤੇ ਸਹਿਮਤੀ ਬਣੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਵਿਚਾਲੇ ਇੱਥੇ ਦੁਵੱਲੀ ਵਾਰਤਾ ਤੋਂ ਬਾਅਦ ਭਾਰਤ-ਫਰਾਂਸ ਹਿੰਦ ਪ੍ਰਸ਼ਾਂਤ ਖਰੜਾ ਜਾਰੀ ਕੀਤਾ ਗਿਆ। ਇਸ ਵਿਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਮੋਦੀ ਦਾ ਸਾਗਰ (ਖੇਤਰ ਵਿਚ ਸਾਰਿਆਂ ਲਈ ਸੁਰੱਖਿਆ ਤੇ ਵਿਕਾਸ) ਸਬੰਧੀ ਦ੍ਰਿਸ਼ਟੀਕੋਣ ਅਤੇ ਫਰਾਂਸ ਦੀ ਹਿੰਦ-ਪ੍ਰਸ਼ਾਂਤ ਰਾਜਨੀਤੀ ਵਿਚ ਉਲੇਖ ਸੁਰੱਖਿਆ ਅਤੇ ਸਹਿਯੋਗ ਸਬੰਧੀ ਰਾਸ਼ਟਰਪਤੀ ਮੈਕਰੋਂ ਦਾ ਦ੍ਰਿਸ਼ਟੀਕੋਣ ਬਹੁਤ ਮੇਲ ਖਾਂਦੇ ਹਨ।

ਹਿੰਦ-ਪ੍ਰਸ਼ਾਂਤ ਖੇਤਰ ਵਿਚ ਚੀਨ ਦੇ ਵਧਦੇ ਹਮਲਾਵਰ ਰੁਖ ਦਰਮਿਆਨ ਦੋਵਾਂ ਆਗੂਆਂ ਨੇ ਕਿਹਾ, 'ਸਾਡਾ ਮੰਨਣਾ ਹੈ ਕਿ ਭਾਰਤ-ਫਰਾਂਸ ਸਾਂਝੇਦਾਰੀ ਹਿੰਦ-ਪ੍ਰਸ਼ਾਂਤ ਖੇਤਰ ਵਿਚ ਦੁਵੱਲੇ ਸਬੰਧਾਂ ਦਾ ਅਹਿਮ ਥੰਮ੍ਹ ਬਣੇਗੀ। ਜ਼ਿਕਰਯੋਗ ਹੈ ਕਿ ਫਰਾਂਸ ਦੇ ਹਿੰਦ-ਪ੍ਰਸ਼ਾਂਤ ਖੇਤਰ ਵਿਚ ਰੀਯੂਨੀਅਨ ਟਾਪੂ, ਨਿਊ ਕੈਲੇਡੋਨੀਆ ਤੇ ਫਰੈਂਚ ਪੋਲੀਨੇਸ਼ੀਆ ਵਰਗੇ ਖੇਤਰ ਮੌਜੂਦ ਹਨ ਜਿੱਥੇ



ਲਗਭਗ 15 ਲੱਖ ਦੀ ਵਸੋਂ ਵੱਸਦੀ ਹੈ। ਇਸ ਤੋਂ ਪਹਿਲਾਂ ਮੈਕਰੋਂ ਨਾਲ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਤੇ ਫਰਾਂਸ ਦੇ ਮੋਢਿਆਂ 'ਤੇ ਹਿੰਦ-ਪ੍ਰਸ਼ਾਂਤ ਖੇਤਰ ਵਿਚ ਸ਼ਾਂਤੀ ਤੇ ਸਥਿਰਤਾ ਯਕੀਨੀ ਬਣਾਉਣ ਦੀ ਵੱਡੀ ਜ਼ਿੰਮੇਵਾਰੀ ਹੈ। ਮੋਦੀ ਨੇ ਕਿਹਾ,'ਅਸੀਂ ਭਾਰਤ ਦੀ ਹਿੰਦ-ਪ੍ਰਸ਼ਾਂਤ ਮਹਾਸਾਗਰ ਪਹਿਲ ਵਿਚ ਸਮੁੰਦਰੀ ਸੋਮਿਆਂ ਦੇ ਥੰਮ੍ਹ ਦੀ ਅਗਵਾਈ ਕਰਨ ਦੇ ਫਰਾਂਸ ਦੇ ਫੈਸਲੇ ਦਾ ਸਵਾਗਤ ਕਰਦੇ ਹਾਂ।' ਉਨ੍ਹਾਂ ਕਿਹਾ,'ਅਸੀਂ ਆਪਣੇ ਆਦਾਨ ਪ੍ਰਦਾਨ ਨੂੰ ਵਧਾਉਣਾ ਜਾਰੀ ਰੱਖਾਂਗੇ, ਹਾਲਾਤ ਮੁਤਾਬਕ ਤੇ ਖੇਤਰੀ ਜਾਗਰੂਕਤਾ ਫੈਲਾਉਣ ਦੇ ਮਾਮਲੇ ਵਿਚ ਸਹਿਯੋਗ ਕਰਾਂਗੇ ਅਤੇ ਖੇਤਰ ਵਿੱਚ ਸਮੁੰਦਰੀ ਸਹਿਯੋਗ ਵਧਾਵਾਂਗੇ, ਜਿਵੇਂ ਅਸੀਂ ਖੇਤਰ ਵਿਚ ਭਾਈਵਾਲ ਮੁਲਕਾਂ ਨਾਲ ਮਿਲ ਕੇ ਦੱਖਣੀ ਪੱਛਮੀ ਹਿੰਦ ਮਹਾਸਾਗਰ ਵਿਚ ਕੰਮ ਕਰ ਰਹੇ ਹਾਂ।'

# ਹੁਣ ਵੀ.ਆਈ.ਪੀਜ਼ ਨਾਲ ਐਂਬੂਲੈਂਸਾਂ ਨਹੀਂ ਚੱਲਣਗੀਆਂ

**ਰੂਪਨਗਰ:** ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਇਥੇ ਮਿਨੀ ਸਕੱਤਰੇਤ ਰੂਪਨਗਰ ਵਿਚ ਸੀਨੀਅਰ ਅਧਿਕਾਰੀਆਂ, ਇੰਡੀਅਨ ਮੈਡੀਕਲ ਐਸੋਸੀਏਸ਼ਨ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨਾਲ ਹੜ੍ਹਾਂ ਸਬੰਧੀ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਲੋਕਾਂ ਲਈ ਫੌਰੀ ਸਿਹਤ ਸੇਵਾਵਾਂ ਯਕੀਨੀ ਬਣਾਉਣ ਦੇ ਉਦੇਸ਼ ਹਿੱਤ ਸੂਬੇ ਦੇ ਸਮੂਹ ਸਿਵਲ ਸਰਜਨਾਂ ਨੂੰ ਹੁਕਮ ਜਾਰੀ ਕੀਤੇ ਗਏ ਹਨ ਕਿ ਮੁੱਖ ਮੰਤਰੀ ਪੰਜਾਬ ਤੋਂ ਇਲਾਵਾ ਮੰਤਰੀ ਸਹਿਬਾਨ ਜਾਂ ਵੀ.ਆਈ.ਪੀਜ਼. ਨਾਲ ਐਂਬੂਲੈਂਸਾਂ ਦੀ ਤਾਇਨਾਤੀ ਨਾ ਕੀਤੀ ਜਾਵੇ।

ਸਿਹਤ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੇ ਵਿਭਾਗ ਵੱਲੋਂ ਲੋਕਾਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਸਰਕਾਰੀ ਤੇ ਗੈਰ ਸਰਕਾਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਨਿਰੰਤਰ ਮੈਡੀਕਲ ਕੈਂਪ ਲਾ ਕੇ ਦਵਾਈਆਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਇਲਾਕਿਆਂ ਵਿਚ ਪਾਣੀ ਖੜ੍ਹਾ ਹੈ, ਉੱਥੇ ਕਿਸ਼ਤੀਆਂ ਰਾਹੀਂ ਅਤੇ ਜਿਥੇ ਪਾਣੀ ਘੱਟ ਰਿਹਾ ਹੈ, ਉਥੇ ਐਂਬੂਲੈਂਸਾਂ ਰਾਹੀਂ ਲੋੜਵੰਦਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਡਾਕਟਰਾਂ ਦੀ ਘਾਟ ਪੂਰੀ ਕਰਨ ਲਈ 550 ਹਾਊਸ ਸਰਜਨਾਂ ਦੀ ਭਰਤੀ ਕੀਤੀ ਗਈ ਹੈ, ਜਿਨ੍ਹਾਂ 'ਚੋਂ 10 ਹਾਊਸ ਸਰਜਨ ਜ਼ਿਲ੍ਹਾ ਰੂਪਨਗਰ ਵਿਚ ਐਮਰਜੈਂਸੀ ਸੇਵਾਵਾਂ ਲਈ ਲਗਾਏ ਗਏ ਹਨ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਰਕਾਰ ਦੀ ਪ੍ਰਵਾਨਗੀ ਮਗਰੋਂ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿਚ 2 ਹਜ਼ਾਰ ਹੋਰ ਮੈਡੀਕਲ ਤੇ ਪੈਰਾ ਮੈਡੀਕਲ ਸਟਾਫ ਦੀ ਭਰਤੀ ਪ੍ਰਕਿਰਿਆ ਵੀ ਛੇਤੀ ਹੀ ਆਰੰਭ ਦਿੱਤੀ ਜਾਵੇਗੀ।



# ਹਰਿਆਣਾ ਨੂੰ ਵਿਧਾਨ ਸਭਾ ਲਈ ਥਾਂ ਦੇਣ ਦੀ ਤਿਆਰੀ: ਬਾਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਤੇ ਪੰਜਾਬ ਦੀ 'ਆਪ' ਸਰਕਾਰ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਸਿਆਸੀ ਲਾਹਾ ਲੈਣ ਲਈ ਰਲ ਕੇ ਚੰਡੀਗੜ੍ਹ ਵਿਚ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਲਈ ਥਾਂ ਦੇਣ ਦੀਆਂ ਸਾਜ਼ਿਸ਼ਾਂ ਘੜੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਫੈਸਲਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਕੀਤੇ ਐਲਾਨ ਦੇ ਮੁਤਾਬਕ ਹੈ, ਜਿਨ੍ਹਾਂ 9 ਜੁਲਾਈ 2022 ਨੂੰ ਜੈਪੁਰ ਵਿਚ ਹੋਈ ਨਾਰਥ ਜ਼ੋਨਲ ਕਾਊਂਸਲ ਦੀ ਮੀਟਿੰਗ ਦੌਰਾਨ ਯੂਟੀ ਵਿਚ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਵਾਸਤੇ ਥਾਂ ਦੇਣ ਦੀ ਗੱਲ ਆਖੀ ਸੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ



ਨੇ ਇਸ ਐਲਾਨ ਦਾ ਵਿਰੋਧ ਨਹੀਂ ਕੀਤਾ, ਜਿਸ ਕਾਰਨ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਕਮਜ਼ੋਰ ਹੋਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਨੇ ਇਸ ਸੰਵੇਦਨਸ਼ੀਲ ਮਾਮਲੇ 'ਤੇ ਦੋਗਲਾ ਕਿਰਦਾਰ ਨਿਭਾਇਆ ਹੈ ਕਿਉਂਕਿ ਜਦੋਂ ਹਰਿਆਣਾ ਨੇ ਪਹਿਲੀ ਵਾਰ ਇਹ ਤਜਵੀਜ਼ ਤਿਆਰ ਕੀਤੀ ਸੀ ਤਾਂ ਉਸ ਵੇਲੇ ਭਗਵੰਤ ਮਾਨ ਨੇ ਇਸ ਦਾ ਵਿਰੋਧ ਕਰਨ ਦੀ ਥਾਂ ਕੇਂਦਰ ਸਰਕਾਰ ਤੋਂ ਪੰਜਾਬ ਲਈ ਵੀ ਵੱਖਰੇ ਥਾਂ ਦੀ ਮੰਗ ਕੀਤੀ ਸੀ।

# ਚੋਰ ਮੋਰੀ ਰਾਹੀਂ ਪੱਕੇ ਹੋਏ ਮੁਲਾਜ਼ਮਾਂ ਦੀ ਨਿਯੁਕਤੀ ਰੱਦ ਕਰਨ ਦੀ ਪ੍ਰਕਿਰਿਆ ਵਿੱਢੀ

**ਚੰਡੀਗੜ੍ਹ:** ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਵਿਚ ਗਲਤ ਤਰੀਕੇ ਨਾਲ ਰੈਗੂਲਰ ਹੋਏ 138 ਮੁਲਾਜ਼ਮਾਂ ਦੀ ਪੱਕੀ ਨਿਯੁਕਤੀ ਰੱਦ ਕਰਨ ਦੀ ਪ੍ਰਕਿਰਿਆ ਵਿੱਢ ਦਿੱਤੀ ਹੈ। ਪੰਚਾਇਤ ਵਿਭਾਗ ਨੇ ਪੱਤਰ ਜਾਰੀ ਕਰ ਕੇ ਗਲਤ ਤਰੀਕੇ ਨਾਲ ਰੈਗੂਲਰ ਕੀਤੇ ਮੁਲਾਜ਼ਮਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ ਅਤੇ ਇਹ ਕਿਹਾ ਹੈ ਕਿ ਨਿੱਜੀ ਸੁਣਵਾਈ ਦਾ ਮੌਕਾ ਦੇ ਕੇ ਇਨ੍ਹਾਂ ਮੁਲਾਜ਼ਮਾਂ ਦੀ ਰੈਗੂਲਰ ਨਿਯੁਕਤੀ ਨੂੰ ਰੱਦ ਕੀਤਾ ਜਾਵੇ ਅਤੇ ਪਹਿਲਾਂ ਵਾਲੀ ਸਥਿਤੀ ਬਹਾਲ ਕੀਤੀ ਜਾਵੇ।

ਯਾਦ ਰਹੇ ਕਿ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਵਿਚ ਪੰਚਾਇਤ ਵਿਭਾਗ ਦੇ ਉੱਚ ਅਫਸਰਾਂ ਨੇ ਆਪਣੇ ਨੇੜਲਿਆਂ ਅਤੇ ਚਹੇਤਿਆਂ ਨੂੰ ਪਹਿਲਾਂ ਚੋਰ ਮੋਰੀ ਰਾਹੀਂ ਭਰਤੀ ਕੀਤਾ ਅਤੇ ਮੁੜ ਉਨ੍ਹਾਂ ਨੂੰ ਰੈਗੂਲਰ ਕੀਤਾ। ਹਰ ਪੰਚਾਇਤ ਵਿਭਾਗ ਨੇ ਇਨ੍ਹਾਂ ਦੀ ਪੜਤਾਲ ਵਾਸਤੇ 10 ਮਈ 2022 ਨੂੰ ਇਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਸੀ, ਜਿਸ ਦੀ ਪੜਤਾਲ ਰਿਪੋਰਟ ਹੁਣ ਸਾਹਮਣੇ ਆਈ ਹੈ। ਇਸ ਦੇ ਆਧਾਰ 'ਤੇ ਮਹਿਕਮੇ ਨੇ ਗਲਤ ਰੈਗੂਲਰ ਹੋਏ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਸ਼ੁਰੂ ਕੀਤੀ ਹੈ। ਵਿਜੀਲੈਂਸ ਬਿਊਰੋ ਵੱਲੋਂ ਪਹਿਲਾਂ ਹੀ ਇਨ੍ਹਾਂ ਨਿਯੁਕਤੀਆਂ ਦੀ ਪੜਤਾਲ ਕੀਤੀ ਜਾ ਰਹੀ ਹੈ। 'ਆਪ' ਸਰਕਾਰ ਨੇ ਇਸ ਗੋਰਖਧੰਦੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਤਾਂ ਪੰਚਾਇਤ ਮਹਿਕਮੇ ਦੇ ਕਾਫੀ ਅਫਸਰ ਵੀ ਫਸਣਗੇ। ਜਿਨ੍ਹਾਂ ਮੁਲਾਜ਼ਮਾਂ ਨੂੰ ਗਲਤ ਤਰੀਕੇ ਨਾਲ ਰੈਗੂਲਰ ਕੀਤਾ ਗਿਆ, ਉਨ੍ਹਾਂ ਵਿਚ ਸੇਵਾਦਾਰ, ਚੌਕੀਦਾਰ, ਅਪਰੇਟਰ, ਮਾਲੀ, ਸਮਿਤੀ ਪਟਵਾਰੀ, ਕਲਰਕ ਅਤੇ ਡਰਾਈਵਰ ਆਦਿ ਸ਼ਾਮਲ ਹਨ। ਇਨ੍ਹਾਂ ਵਿਚ 46 ਸਮਿਤੀ ਪਟਵਾਰੀ ਹਨ, ਜਿਹੜੇ ਪਿਛਲੇ ਸਮੇਂ ਦੌਰਾਨ ਭਰਤੀ ਹੋਏ ਸਨ।

ਵੇਰਵਿਆਂ ਅਨੁਸਾਰ ਪੰਚਾਇਤ ਸਮਿਤੀ ਪਾਤੜਾਂ ਦੇ ਚਾਰ ਮੁਲਾਜ਼ਮ, ਸਹਿਣਾ ਦੇ ਤਿੰਨ ਮੁਲਾਜ਼ਮ, ਕਾਦੀਆਂ ਦੇ ਚਾਰ ਮੁਲਾਜ਼ਮ, ਬਲਾਕ ਫੂਲ ਦੇ ਚਾਰ, ਫਤਹਿਗੜ੍ਹ ਚੂੜੀਆਂ ਦੇ ਦੋ, ਮੌੜ ਦੇ ਤਿੰਨ ਆਦਿ ਸ਼ਾਮਲ ਹਨ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਇਸ ਪੱਤਰ ਜ਼ਰੀਏ ਉਨ੍ਹਾਂ ਅਫਸਰਾਂ ਖ਼ਿਲਾਫ਼ ਵੀ ਕਾਰਵਾਈ ਵਿੱਢਣ ਲਈ ਕਿਹਾ ਹੈ, ਜਿਨ੍ਹਾਂ ਨੇ ਇਨ੍ਹਾਂ ਮੁਲਾਜ਼ਮਾਂ ਨੂੰ ਗਲਤ ਤਰੀਕੇ ਨਾਲ ਰੈਗੂਲਰ ਕੀਤਾ ਹੈ। ਇਨ੍ਹਾਂ ਵਿਚ ਮਹਿਲਾ ਮੁਲਾਜ਼ਮ ਵੀ ਸ਼ਾਮਲ ਹਨ।

# ਸਿੱਧੂ ਮੂਸੇਵਾਲਾ ਕਤਲ: ਮੁਲਜ਼ਮ ਅਦਾਲਤ 'ਚ ਮੁੜ ਪੇਸ਼ ਨਾ ਕੀਤੇ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਕਿਸੇ ਵੀ ਮੁਲਜ਼ਮ ਨੂੰ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ। ਇਸ ਸਬੰਧੀ ਮਾਨਸਾ ਦੇ ਚੀਫ ਜੁਡੀਸ਼ਲ ਮੈਜਿਸਟਰੇਟ (ਸੀ.ਜੇ.ਐਮ.) ਨੇ ਜੇਲ੍ਹ ਪ੍ਰਸ਼ਾਸਨ ਨੂੰ ਅਗਲੀ ਪੇਸ਼ੀ 26 ਜੁਲਾਈ ਦੌਰਾਨ ਸਾਰੇ ਮੁਲਜ਼ਮਾਂ ਨੂੰ ਸਰੀਰਕ ਤੌਰ 'ਤੇ ਜਾਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕਰਨ ਦੇ ਮੁੜ ਤੋਂ ਨਿਰਦੇਸ਼ ਦਿੱਤੇ ਹਨ। ਮਾਨਸਾ ਦੀ ਸੀ.ਜੇ.ਐਮ. ਸੁਰਭੀ ਪਰਾਸ਼ਰ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ ਮੌਜੂਦਾ ਕੇਸ ਵਿਚ ਹਿਰਾਸਤ 'ਚ ਲਏ ਸਾਰੇ ਵਿਅਕਤੀਆਂ ਨੂੰ ਜੇਲ੍ਹ ਪ੍ਰਸ਼ਾਸਨ ਵੱਲੋਂ ਪੇਸ਼ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜੇਲ੍ਹਾਂ ਦੇ ਸੁਪਰਡੈਂਟ ਪ੍ਰੋਡਕਸ਼ਨ ਵਾਰੰਟ ਰਾਹੀਂ 26 ਜੁਲਾਈ ਨੂੰ ਇਨ੍ਹਾਂ ਮੁਲਜ਼ਮਾਂ ਨੂੰ ਸਰੀਰਕ ਜਾਂ ਵਰਚੁਅਲ ਮੋਡ ਰਾਹੀਂ ਪੇਸ਼ ਕਰਨ।

ਸੁਣਵਾਈ ਦੌਰਾਨ ਕਿਸੇ ਵੀ ਮੁਲਜ਼ਮ ਨੂੰ ਅਦਾਲਤ 'ਚ ਪੇਸ਼ ਨਾ ਕਰਨ 'ਤੇ ਜੱਜ ਨੇ ਸਖਤੀ ਨਾਲ ਜੇਲ੍ਹ ਅਧਿਕਾਰੀਆਂ ਨੂੰ ਅਗਲੀ ਸੁਣਵਾਈ 'ਤੇ ਸਾਰੇ ਮੁਲਜ਼ਮਾਂ ਨੂੰ ਪੇਸ਼ ਕਰਨ ਲਈ ਕਿਹਾ ਹੈ। ਪਿਛਲੀ ਪੇਸ਼ੀ 'ਤੇ ਵੀਡੀਓ ਕਾਨਫਰੰਸ ਰਾਹੀਂ ਪਵਨ ਨਹਿਰਾ, ਦੀਪਕ ਮੁੰਡੀ, ਨਸੀਬ ਦੀਨ, ਮਨਪ੍ਰੀਤ, ਕਸ਼ਿਸ਼, ਸੰਦੀਪ, ਬਿੱਟੂ, ਮੋਨੂ ਡਾਗਰ, ਜਗਤਾਰ, ਪ੍ਰਭਦੀਪ, ਅੰਕਿਤ ਸੇਰਸਾ, ਕੇਸ਼ਵ, ਚਰਨਜੀਤ ਤੇ ਅਰਸ਼ਦ ਨੇ ਪੇਸ਼ੀ ਭੁਗਤੀ ਸੀ।

# ਭਾਰਤ-ਯੂ.ਏ.ਈ. ਆਪੋ-ਆਪਣੀਆਂ ਕਰੰਸੀਆਂ 'ਚ ਵਪਾਰ ਕਰਨ ਲਈ ਰਾਜ਼ੀ

**ਅਬੂ ਧਾਬੀ:** ਭਾਰਤ ਅਤੇ ਯੂ.ਏ.ਈ. ਆਪੋ-ਆਪਣੇ ਮੁਲਕਾਂ ਦੀਆਂ ਕਰੰਸੀਆਂ 'ਚ ਵਪਾਰ ਕਰਨ ਅਤੇ ਭਾਰਤੀ ਯੂਨੀਫਾਈਡ ਪੇਮੈਂਟਸ ਇੰਟਰਫੇਸ ਨੂੰ ਖਾੜੀ ਮੁਲਕ ਦੇ ਇੰਸਟੈਂਟ ਪੇਮੈਂਟ ਪਲੇਟਫਾਰਮ ਨਾਲ ਜੋੜਨ ਲਈ ਸਹਿਮਤ ਹੋ ਗਏ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫਰਾਂਸ ਦੌਰੇ ਮਗਰੋਂ ਇਥੇ ਪੁੱਜਣ 'ਤੇ ਯੂ.ਏ.ਈ. ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜ਼ਾਏਦ ਅਲ ਨਾਹਯਾਨ ਨਾਲ ਵਿਆਪਕ ਚਰਚਾ ਕੀਤੀ। ਯੂ.ਏ.ਈ. ਦੇ ਰਾਸ਼ਟਰਪਤੀ ਨਾਲ ਮੁਲਾਕਾਤ ਮਗਰੋਂ ਆਪਣੇ ਬਿਆਨ 'ਚ ਮੋਦੀ ਨੇ ਕਿਹਾ ਕਿ ਪਿਛਲੇ ਸਾਲ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ 'ਤੇ ਦਸਤਖ਼ਤ ਮਗਰੋਂ ਭਾਰਤ-ਯੂ.ਏ.ਈ. ਵਪਾਰ 'ਚ 20 ਫੀਸਦੀ ਦਾ ਵਾਧਾ ਦੇਖਣ ਨੂੰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਆਪੋ-ਆਪਣੀਆਂ ਕਰੰਸੀਆਂ 'ਚ ਵਪਾਰ ਸਬੰਧੀ ਸਮਝੌਤੇ ਨਾਲ ਦੋਵੇਂ ਮੁਲਕਾਂ ਵਿਚਕਾਰ ਮਜ਼ਬੂਤ ਆਰਥਿਕ ਸਹਿਯੋਗ ਅਤੇ ਦੁਵੱਲੇ ਵਿਸ਼ਵਾਸ ਦਾ ਪਤਾ ਲੱਗਦਾ ਹੈ। ਦੋਵੇਂ ਮੁਲਕਾਂ ਦੇ ਕੇਂਦਰੀ ਬੈਂਕਾਂ ਵਿਚਾਲੇ ਸਮਝੌਤੇ ਬਾਰੇ ਗੱਲਬਾਤ ਕਰਦਿਆਂ ਮੋਦੀ ਨੇ ਕਿਹਾ ਕਿ ਇਸ ਨਾਲ ਕੌਮਾਂਤਰੀ ਵਿੱਤੀ ਲੈਣ-ਦੇਣ ਸੁਖਾਲਾ ਹੋਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਯੂ.ਏ.ਈ. 'ਚ ਸੀ.ਓ.ਪੀ.-28 ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ ਅਤੇ ਉਨ੍ਹਾਂ ਇਸ ਸਾਲ ਹੋਣ ਵਾਲੀ ਕਾਨਫਰੰਸ 'ਚ ਹਿੱਸਾ ਲੈਣ ਦਾ ਮਨ ਬਣਾ ਲਿਆ ਹੈ। ਮੋਦੀ ਦਾ ਇਥੇ ਰਾਸ਼ਟਰਪਤੀ ਭਵਨ 'ਕਸਰ ਅਲ ਵਤਨ' ਵਿਚ ਰਵਾਇਤੀ ਸਵਾਗਤ ਕੀਤਾ ਗਿਆ ਜਿਥੇ ਯੂ.ਏ.ਈ. ਦੇ ਰਾਸ਼ਟਰਪਤੀ ਨੇ ਉਨ੍ਹਾਂ ਦੀ ਅਗਵਾਈ ਕੀਤੀ। ਪ੍ਰਧਾਨ ਮੰਤਰੀ ਨੇ ਜਵਾਨਾਂ ਤੋਂ ਸਲਾਮੀ ਵੀ ਲਈ। ਇਸ ਦੌਰਾਨ ਬੱਚੇ ਤਿਰੰਗਾ ਲਹਿਰਾਉਂਦੇ ਦਿਖਾਈ ਦਿੱਤੇ। ਸਰਕਾਰੀ ਬਿਆਨ ਮੁਤਾਬਕ ਭਾਰਤੀ ਰਿਜ਼ਰਵ ਬੈਂਕ ਅਤੇ ਯੂ.ਏ.ਈ. ਦੇ ਸੈਂਟਰਲ ਬੈਂਕ ਨੇ ਸਥਾਨਕ ਕਰੰਸੀਆਂ ਭਾਰਤੀ ਰੁਪਏ ਅਤੇ ਯੂ.ਏ.ਈ. ਦੇ ਦਿਰਹਾਮ ਦੀ ਸਰਹੱਦ ਪਾਰ ਲੈਣ-ਦੇਣ ਅਤੇ ਪੇਮੈਂਟ ਨੂੰ ਇਕ-ਦੂਜੇ ਮੁਲਕ ਨਾਲ ਜੋੜਨ 'ਚ ਸਹਿਯੋਗ ਲਈ ਦੋ ਸਮਝੌਤਿਆਂ 'ਤੇ ਦਸਤਖ਼ਤ ਕੀਤੇ। ਸਮਝੌਤਿਆਂ 'ਤੇ ਆਰ.ਬੀ.ਆਈ. ਦੇ ਗਵਰਨਰ ਸ਼ਕਤੀਕਾਂਤ ਦਾਸ ਅਤੇ ਯੂ.ਏ.ਈ. ਸੈਂਟਰਲ ਬੈਂਕ ਦੇ ਗਵਰਨਰ ਖਾਲਿਦ ਮੁਹੰਮਦ ਬਲਾਮਾ ਨੇ ਮੋਦੀ ਅਤੇ ਜਾਯਦ ਦੀ ਹਾਜ਼ਰੀ 'ਚ ਦਸਤਖ਼ਤ ਕੀਤੇ।



# ਹੜ੍ਹਾਂ ਦੀ ਮਾਰ: ਸਿਆਸੀ ਧਿਰਾਂ ਇਕ-ਦੂਜੇ ਦੀ ਲਾਹ-ਪਾਹ ਵਿਚ ਉਲਝੀਆਂ

**ਚੰਡੀਗੜ੍ਹ:** ਪੰਜਾਬ ਵਿਚ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ। ਲੋਕਾਂ ਦੇ ਘਰਾਂ ਤੇ ਫਸਲਾਂ ਦਾ ਵੱਡਾ ਨੁਕਸਾਨ ਹੋਇਆ ਹੈ। ਇਸ ਔਖੀ ਘੜੀ ਵਿਚ ਬਿਪਤਾ ਮਾਰਿਆਂ ਦੀ ਸਾਰ ਲੈਣ ਦੀ ਥਾਂ ਸਿਆਸੀ ਧਿਰਾਂ ਆਪ ਵਿਚ ਉਲਝੀਆਂ ਹੋਈਆਂ ਹਨ। ਸਿਆਸੀ ਆਗੂਆਂ ਵੱਲੋਂ ਹੜ੍ਹ ਮਾਰੇ ਇਲਾਕਿਆਂ ਵਿਚ ਗੇੜੇ ਤਾਂ ਮਾਰ ਜਾ ਰਹੇ ਹਨ ਪਰ ਆਪਣੇ ਵਿਰੋਧੀਆਂ ਨੂੰ ਭੰਡਣ ਉਤੇ ਵੱਧ ਟਿੱਲ ਲਾਇਆ ਜਾ ਰਿਹਾ ਹੈ।

ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸੂਬੇ ਨੂੰ ਪਈ ਹੜ੍ਹਾਂ ਦੀ ਮਾਰ ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ 'ਆਪ' 'ਤੇ ਲਾਪਰਵਾਹੀ ਵਰਤਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਮਾਨਸੂਨ ਤੋਂ ਪਹਿਲਾਂ ਅਗੇਤੇ ਪ੍ਰਬੰਧ ਕਰਨ ਸਬੰਧੀ ਜੋ ਮੀਟਿੰਗ ਜਨਵਰੀ ਮਹੀਨੇ ਵਿਚ ਹੋਣੀ ਚਾਹੀਦੀ ਸੀ, ਉਹ ਸਰਕਾਰ ਨੇ ਮਈ ਮਹੀਨੇ ਦੇ ਅਖੀਰ ਵਿਚ ਕੀਤੀ, ਪਰ ਉਦੋਂ ਤੱਕ ਕੋਈ ਵੀ ਪ੍ਰਬੰਧ ਕਰਨ ਦਾ ਸਮਾਂ ਲੰਘ ਚੁੱਕਿਆ ਸੀ। ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਭਗਵੰਤ ਮਾਨ ਹੜ੍ਹ ਪੀੜਤ ਕਿਸਾਨਾਂ ਨੂੰ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ, ਜਿਨ੍ਹਾਂ ਦੇ ਘਰ ਢਹਿ ਗਏ ਹਨ, ਉਨ੍ਹਾਂ ਨੂੰ 5 ਲੱਖ ਰੁਪਏ ਅਤੇ ਮਰਨ ਵਾਲਿਆਂ ਦੇ ਵਾਰਸਾਂ ਨੂੰ 10 ਲੱਖ ਰੁਪਏ ਮੁਆਵਜ਼ਾ ਦੇਣ।



ਸਾਬਕਾ ਕੇਂਦਰੀ ਮੰਤਰੀ ਤੇ ਬਠਿੰਡਾ ਤੋਂ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਵੱਲੋਂ ਚਾਂਦਪੁਰਾ ਬੰਨ੍ਹ ਟੁੱਟਣ ਲਈ ਪੰਜਾਬ ਸਰਕਾਰ ਨੂੰ ਦੋਸ਼ੀ ਠਹਿਰਾਉਣ ਵਾਲੇ ਬਿਆਨ 'ਤੇ ਟਿੱਪਣੀ ਕਰਦਿਆਂ 'ਆਪ' ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਅਤੇ ਸਰਦੂਲਗੜ੍ਹ ਤੋਂ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਕਿਹਾ ਕਿ ਹਰਸਿਮਰਤ ਕੌਰ ਬਾਦਲ ਖੁਦ ਮਾਨਸਾ ਜ਼ਿਲ੍ਹੇ ਦੇ ਇਸ ਇਲਾਕੇ ਤੋਂ ਤਿੰਨ ਵਾਰ ਸੰਸਦ ਮੈਂਬਰ ਚੁਣੀ ਗਈ ਤੇ ਕੇਂਦਰੀ ਮੰਤਰੀ ਵੀ ਰਹੀ ਹੈ, ਜਿਸ ਦੌਰਾਨ ਉਨ੍ਹਾਂ ਚਾਂਦਪੁਰ ਬੰਨ੍ਹ ਦੀ ਮੁਰੰਮਤ ਜਾਂ ਇਸ ਨੂੰ ਹੋਰ ਸੁਰੱਖਿਅਤ ਕਰਨ ਲਈ ਇਕ ਰੁਪਏ ਦੀ ਵੀ ਗ੍ਰਾਂਟ ਜਾਰੀ ਨਹੀਂ ਕੀਤੀ। ਪ੍ਰਿੰਸੀਪਲ ਬੁੱਧਰਾਮ ਨੇ ਕਿਹਾ ਕਿ ਹਰਸਿਮਰਤ ਬਾਦਲ ਬਠਿੰਡੇ ਤੋਂ ਲਗਭਗ ਸਵਾ 14 ਸਾਲਾਂ ਤੋਂ ਸੰਸਦ ਮੈਂਬਰ ਹਨ ਤੇ ਇਸ ਸਮੇਂ ਦੌਰਾਨ ਉਨ੍ਹਾਂ ਨੂੰ ਇਲਾਕੇ ਦੀ ਸੇਵਾ ਲਈ 75 ਕਰੋੜ ਰੁਪਏ ਦਾ ਫੰਡ ਮਿਲਿਆ ਹੈ, ਪਰ ਉਨ੍ਹਾਂ ਨੂੰ ਅੱਜ ਤੋਂ ਪਹਿਲਾਂ ਕਦੇ ਚਾਂਦਪੁਰਾ ਬੰਨ੍ਹ ਦੀ ਮਜ਼ਬੂਤੀ ਦਾ ਖਿਆਲ ਨਹੀਂ ਆਇਆ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਫ਼ਿਰੋਜ਼ਪੁਰ 'ਚ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਨ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਹੈ ਕਿ ਉਹ ਹੜ੍ਹ ਪੀੜਤਾਂ ਦੀ ਮਦਦ ਲਈ ਪੁਖਤਾ ਕਦਮ ਚੁੱਕਣ। ਉਨ੍ਹਾਂ ਆਖਿਆ ਕਿ ਸਰਕਾਰ ਲੋਕਾਂ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਵਿਚ ਵੀ ਅਸਫ਼ਲ ਰਹੀ ਹੈ। ਲੋਕ ਡਾਕਟਰੀ ਸਹਾਇਤਾ ਤੋਂ ਸੱਖਣੇ ਹਨ ਤੇ ਇਸ ਮੌਕੇ ਮੁੱਖ ਮੰਤਰੀ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਣਾ ਚਾਹੀਦਾ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਜਾਣਕਾਰੀ ਮਿਲੀ ਹੈ ਕਿ ਹਰੀ ਕੇ ਬੈਰਾਜ ਦੇ ਸਾਰੇ ਗੇਟ 'ਆਪ' ਦੇ ਇਕ ਸੰਸਦ ਮੈਂਬਰ ਦੇ ਕਹਿਣ 'ਤੇ ਖੋਲ੍ਹੇ ਗਏ ਹਨ, ਜਿਸ ਕਾਰਨ ਸਰਹੱਦੀ ਪਿੰਡਾਂ ਵਿਚ ਹੜ੍ਹ ਆਇਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਵਿਚ ਰੋਸ ਹੈ ਕਿ ਗਰਮੀਆਂ ਵਿਚ ਲੋੜ ਵੇਲੇ ਉਨ੍ਹਾਂ ਨੂੰ ਪਾਣੀ ਦੇਣ ਦੀ ਥਾਂ ਰਾਜਸਥਾਨ ਭੇਜ ਦਿੱਤਾ ਜਾਂਦਾ ਹੈ ਤੇ ਹੁਣ ਹੜ੍ਹਾਂ ਵੇਲੇ ਸਾਰਾ ਪਾਣੀ ਸਰਹੱਦੀ ਪਿੰਡਾਂ ਵਿੱਚ ਛੱਡ ਦਿੱਤਾ ਗਿਆ ਹੈ।

## ਮੁੱਖ ਮੰਤਰੀ ਦੀ ਪਨੀਰੀ ਮੁੜ ਬੀਜਣ ਵਾਲੀ ਸਲਾਹ ਬੇਤੁਕੀ: ਬਾਜਵਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਕਿਸਾਨਾਂ ਨੂੰ ਝੋਨੇ ਲਾਉਣ ਦੀ ਪ੍ਰਕਿਰਿਆ ਮੁੜ ਸ਼ੁਰੂ ਕਰਨ ਦੀ ਸਲਾਹ ਦੇਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਲਵਾਈ ਦੀ ਪ੍ਰਕਿਰਿਆ ਨੂੰ ਮੁੜ ਸ਼ੁਰੂ ਕਰਨ ਦਾ ਵਿਚਾਰ ਇਸ ਸਮੇਂ ਬਿਲਕੁਲ ਵੀ ਵਿਹਾਰਕ ਨਹੀਂ ਹੈ ਕਿਉਂਕਿ ਖੇਤ ਹਾਲੇ ਵੀ ਹੜ੍ਹ ਦੇ ਪਾਣੀ ਨਾਲ ਭਰੇ ਹੋਏ ਹਨ। ਬਾਜਵਾ ਨੇ ਕਿਹਾ ਕਿ ਖੇਤੀ ਅਰਥਸ਼ਾਸਤਰੀ ਸਰਦਾਰਾ ਸਿੰਘ ਜੌਹਲ ਨੇ ਸੋਸ਼ਲ ਮੀਡੀਆ 'ਤੇ ਮੁੱਖ ਮੰਤਰੀ ਦੀ ਇਸ ਸਲਾਹ ਨੂੰ ਗਲਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਅਜਿਹੀ ਸਲਾਹ ਦੇਣ ਤੋਂ ਪਹਿਲਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੇਤੀਬਾੜੀ ਵਿਭਾਗ ਤੇ ਕਿਸਾਨ ਕਮਿਸ਼ਨ ਦੇ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਸੀ।

## ਜੌੜਾਮਾਜਰਾ ਤੇ ਜੈ ਇੰਦਰ ਕੌਰ ਕਿਸ਼ਤੀ ਲਈ ਖਹਿਬੜੇ

**ਡਕਾਲਾ:** ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਲਿਜਾਣ ਵਾਸਤੇ ਕਿਸ਼ਤੀਆਂ ਲੈਣ ਲਈ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਧੀ ਤੇ ਭਾਜਪਾ ਦੀ ਸੂਬਾ ਮੀਤ ਪ੍ਰਧਾਨ ਜੈ ਇੰਦਰ ਕੌਰ ਅਤੇ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵਿਚਾਲੇ ਤਿੱਖੀ ਬਹਿਸ ਹੋ ਗਈ। ਇਸ ਦੌਰਾਨ ਦੋਵੇਂ ਆਗੂ ਇਕ ਦੂਜੇ ਨੂੰ 'ਤੂੰ-ਤੂੰ, ਮੈਂ-ਮੈਂ' ਕਰਦੇ ਵੀ ਸੁਣੇ ਗਏ। ਬਾਅਦ ਵਿਚ ਜੌੜਾਮਾਜਰਾ ਨੇ ਜੈ ਇੰਦਰ ਕੌਰ 'ਤੇ ਹੜ੍ਹਾਂ ਲਈ ਵੰਡੀ ਜਾ ਰਹੀ ਸਰਕਾਰੀ ਰਾਹਤ ਕਾਰਜ ਵਿਚ ਵਿਘਨ ਪਾਉਣ ਦਾ ਦੋਸ਼ ਲਾਇਆ ਹੈ, ਜਦਕਿ ਜੈ ਇੰਦਰ ਕੌਰ ਦਾ ਕਹਿਣਾ ਸੀ ਕਿ ਮੰਤਰੀ ਵੱਲੋਂ ਹੜ੍ਹਾਂ 'ਚ ਘਿਰੇ ਲੋਕਾਂ ਲਈ ਮੰਗੀ ਇਕ ਕਿਸ਼ਤੀ ਤੋਂ ਜਵਾਬ ਦੇਣ ਤੋਂ ਉਹ ਗੁੱਸੇ ਵਿਚ ਆ ਗਏ ਸਨ।

## ਬੰਨ੍ਹ ਤੋੜਨ 'ਤੇ ਵਿਧਾਇਕ ਰਾਣਾ ਇੰਦਰ ਪ੍ਰਤਾਪ ਖਿਲਾਫ ਪਰਚਾ ਦਰਜ



**ਕਪੂਰਥਲਾ:** ਸੁਲਤਾਨਪੁਰ ਲੋਧੀ ਦੇ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਵੱਲੋਂ ਹਲਕੇ ਦੇ ਲੋਕਾਂ ਨੂੰ ਨਾਲ ਲੈ ਕੇ ਪਿੰਡ ਭਰੋਆਣਾ ਨੇੜਿਓਂ ਸਤਲੁਜ ਦਾ ਧੁੱਸੀ ਬੰਨ੍ਹ ਤੋੜ ਦਿੱਤਾ ਗਿਆ। ਪੁਲਿਸ ਨੇ ਇਸ ਮਾਮਲੇ ਵਿਚ ਵਿਧਾਇਕ ਅਤੇ ਅਣਪਛਾਤਿਆਂ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਵਿਰੋਧੀ ਧਿਰਾਂ ਦੇ ਆਗੂਆਂ ਨੇ ਪ੍ਰਸ਼ਾਸਨ ਦੀ ਇਜਾਜ਼ਤ ਤੋਂ ਬਿਨਾਂ ਬੰਨ੍ਹ ਤੋੜਨ ਦੀ ਨਿਖੇਧੀ ਕੀਤੀ ਅਤੇ ਵਿਧਾਇਕ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਵਿਧਾਇਕ ਰਾਣਾ ਅਨੁਸਾਰ ਉਨ੍ਹਾਂ ਦੇ ਖੇਤਰ ਦੇ ਲੋਕ ਹੜ੍ਹ ਦੇ ਪਾਣੀ ਕਾਰਨ ਖਤਰੇ ਵਿਚ ਹਨ ਪਰ ਪ੍ਰਸ਼ਾਸਨ ਇਸ ਤੋਂ ਬੇਖ਼ਬਰ ਹੈ। ਇਸ ਦੇ ਜਵਾਬ ਵਿਚ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਬੰਨ੍ਹ ਤੋੜਨ ਲਈ ਪ੍ਰਸ਼ਾਸਨ ਦੀ ਇਜਾਜ਼ਤ ਲੈਣੀ ਜ਼ਰੂਰੀ ਹੈ। ਉਧਰ ਭਾਜਪਾ ਆਗੂ ਕਰਨਜੀਤ ਸਿੰਘ ਆਹਲੀ ਨੇ ਕਿਹਾ ਕਿ ਬੰਨ੍ਹ ਸਰਕਾਰੀ ਹੈ ਅਤੇ ਪ੍ਰਸ਼ਾਸਨ ਦੀ ਮਨਜ਼ੂਰੀ ਤੋਂ ਬਿਨਾਂ ਇਸ ਨੂੰ ਤੋੜਨਾ ਗੈਰਕਾਨੂੰਨੀ ਹੈ। ਉਨ੍ਹਾਂ ਬੰਨ੍ਹ ਤੋੜਨ ਵਾਲੇ ਵਿਧਾਇਕ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਸਰਕਾਰ ਕੋਲ ਤਜਰਬੇ ਦੀ ਘਾਟ ਕਾਰਨ ਵੱਧ ਨੁਕਸਾਨ ਹੋਇਆ: ਸੁਖਬੀਰ



**ਲਾਲੜੂ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲਾਲੜੂ ਇਲਾਕੇ ਦੇ ਹੜ੍ਹ ਪੀੜਤ ਪਿੰਡਾਂ ਸਰਸੀਣੀ, ਖਜੂਰ ਮੰਡੀ, ਆਲਮਗੀਰ, ਸਾਧਾਂਪੁਰ, ਡੰਗਡੇਰਾ ਅਤੇ ਟਿਵਾਣਾ ਦਾ ਦੌਰਾ ਕੀਤਾ। ਉਨ੍ਹਾਂ ਕਿਸਾਨਾਂ ਦੀਆਂ ਮੁਸ਼ਕਲਾਂ ਸੁਣਨ ਮਗਰੋਂ ਕਿਹਾ ਕਿ ਹੜ੍ਹਾਂ ਦੀ ਕੁਦਰਤੀ ਆਫਤ ਨਾਲ ਸੂਬੇ ਵਿਚ ਕਿਸਾਨਾਂ ਦਾ ਤਿੰਨ ਤੋਂ ਚਾਰ ਹਜ਼ਾਰ ਕਰੋੜ ਰੁਪਏ ਦਾ ਵਿੱਤੀ ਨੁਕਸਾਨ ਹੋਇਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੂੰ ਦੋ ਸਾਲ ਲਈ ਇਸ਼ਤਿਹਾਰਬਾਜ਼ੀ ਤੇ ਅਰਵਿੰਦ ਕੇਜਰੀਵਾਲ ਦੀਆਂ ਹਵਾਈ ਫੇਰੀਆਂ ਬੰਦ ਕਰ ਕੇ ਸੂਬੇ ਦੇ ਹੜ੍ਹ ਪੀੜਤਾਂ ਦੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਲਾਲੜੂ ਇਲਾਕੇ ਵਿਚ ਕਰੀਬ ਪੰਜ ਤੋਂ ਛੇ ਹਜ਼ਾਰ ਏਕੜ ਜ਼ਮੀਨ ਬਰਬਾਦ ਹੋ ਗਈ ਹੈ, ਜਿਸ ਨੂੰ ਮੁੜ ਖੇਤੀਬਾੜੀ ਯੋਗ ਬਣਾਉਣ ਲਈ ਦੋ ਤੋਂ ਤਿੰਨ ਲੱਖ ਰੁਪਏ ਪ੍ਰਤੀ ਏਕੜ ਖਰਚ ਕਰਨੇ ਪੈਣਗੇ।

ਉਨ੍ਹਾਂ ਕਿਹਾ ਕਿ ਸਰਕਾਰ ਕੋਲ ਤਜਰਬੇ ਦੀ ਘਾਟ ਹੈ। ਜੇ ਸਮੇਂ 'ਤੇ ਡਰੇਨਾਂ ਦੀ ਸਫਾਈ ਅਤੇ ਬੰਨ੍ਹ ਮਜ਼ਬੂਤ ਕੀਤੇ ਹੁੰਦੇ ਤਾਂ ਇੰਨੇ ਵੱਡੇ ਪੱਧਰ 'ਤੇ ਤਬਾਹੀ ਨਾ ਹੁੰਦੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਪਹਿਲਾਂ ਮੂੰਗੀ ਦੀ ਫਸਲ ਸਰਕਾਰੀ ਰੇਟ 'ਤੇ ਖਰੀਦਣ ਦਾ ਐਲਾਨ ਕੀਤਾ ਸੀ ਪਰ ਜਦੋਂ ਮੂੰਗੀ ਦੀ ਇਕ ਲੱਖ ਕੁਇੰਟਲ ਫਸਲ ਪੈਦਾ ਹੋ ਗਈ ਤਾਂ ਸਿਰਫ ਦੋ ਹਜ਼ਾਰ ਕੁਇੰਟਲ ਫਸਲ ਹੀ ਖਰੀਦੀ ਗਈ। ਹੁਣ ਵੀ ਉਨ੍ਹਾਂ ਹੜ੍ਹਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ ਪਰ ਥੋੜ੍ਹੇ ਦਿਨਾਂ 'ਚ ਇਹ ਸਿਰਫ ਅਖ਼ਬਾਰੀ ਬਿਆਨ ਬਣ ਕੇ ਰਹਿ ਜਾਣਗੇ।

ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਸਰਕਾਰ ਨੇ ਢੁਕਵੇਂ ਪ੍ਰਬੰਧ ਕਰਨ ਵਿਚ ਢਿੱਲ ਵਰਤੀ, ਜਿਸ ਨਾਲ ਸੂਬੇ ਦੇ ਕਈ ਜ਼ਿਲ੍ਹਿਆਂ ਵਿਚ ਹੜ੍ਹਾਂ ਨੇ ਤਬਾਹੀ ਮਚਾਈ।

ਬਾਜਵਾ ਨੇ ਕਿਹਾ ਕਿ ਇਹ ਸਿਰਫ ਸੂਬੇ ਵਿਚ ਕੁਪ੍ਰਬੰਧਨ ਅਤੇ ਉਚਿਤ ਪ੍ਰਬੰਧਾਂ ਦੀ ਘਾਟ ਕਾਰਨ ਹੈ। ਹੜ੍ਹਾਂ ਨੇ ਲਗਭਗ ਅੱਧੇ ਰਾਜ ਵਿਚ ਤਬਾਹੀ ਮਚਾਈ। ਇਸ ਦੌਰਾਨ 'ਆਪ' ਸਰਕਾਰ ਵੱਲੋਂ ਹੜ੍ਹਾਂ ਦੀ ਅਗਾਊਂ ਤਿਆਰੀ ਕਰਨ ਵਿਚ ਨਾਕਾਮਯਾਬੀਆਂ ਕਾਰਨ 14 ਜ਼ਿਲ੍ਹਿਆਂ ਦੇ 1056 ਪਿੰਡਾਂ ਦੇ ਵਸਨੀਕਾਂ ਨੂੰ ਭਿਆਨਕ ਅਨੁਭਵ ਵਿਚੋਂ ਗੁਜਰਨਾ ਪੈ ਰਿਹਾ ਹੈ।

## ਕਿਸਾਨ ਮੋਰਚੇ ਨੇ ਹੜ੍ਹਾਂ ਕਾਰਨ ਹੋਈ ਤਬਾਹੀ ਲਈ ਸਿਆਸੀ ਧਿਰਾਂ ਨੂੰ ਜ਼ਿੰਮੇਵਾਰ ਦੱਸਿਆ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਵਿਚ ਸ਼ਾਮਲ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਇਕ ਬਿਆਨ ਰਾਹੀਂ ਕਿਹਾ ਹੈ ਕਿ ਪੰਜਾਬ ਵਿਚ ਹੜ੍ਹ ਆਉਣ ਨਾਲ ਲੋਕਾਂ ਦੇ ਹੋਏ ਜਾਨ-ਮਾਲ ਦੇ ਨੁਕਸਾਨ ਲਈ ਪੰਜਾਬ 'ਤੇ ਰਾਜ ਕਰਨ ਵਾਲੀਆਂ ਸਾਰੀਆਂ ਸਿਆਸੀ ਧਿਰਾਂ ਜ਼ਿੰਮੇਵਾਰ ਹਨ। ਜਾਣਕਾਰੀ ਅਨੁਸਾਰ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ, ਕਿਸਾਨ ਯੂਨੀਅਨ ਸ਼ੇਰ-ਏ-ਪੰਜਾਬ ਪ੍ਰਧਾਨ ਗੁਰਿੰਦਰ ਸਿੰਘ ਭੰਗੂ, ਲੋਕ ਭਲਾਈ ਵੈਲਫੇਅਰ ਸੁਸਾਇਟੀ ਪ੍ਰਧਾਨ ਬਲਦੇਵ ਸਿੰਘ ਸਿਰਸਾ, ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ, ਪ੍ਰਧਾਨ ਸੁਖਦੇਵ ਸਿੰਘ ਭੋਜਰਾਜ ਤੇ ਪੰਜਾਬ ਕਿਸਾਨ ਮਜ਼ਦੂਰ ਯੂਨੀਅਨ ਪ੍ਰਧਾਨ ਸੁਖਜੀਤ ਸਿੰਘ ਸਣੇ ਹੋਰਨਾਂ ਨੇ ਕਿਹਾ ਕਿ ਬੇਸ਼ੱਕ ਹੜ੍ਹ ਆਉਣਾ ਕੁਦਰਤੀ ਆਫਤ ਕਹਾਉਂਦਾ ਹੈ, ਪਰ ਪੰਜਾਬ ਵਿਚ ਇਸ ਦੀ ਮਾਰ ਪੈਣ ਕਾਰਨ ਹੋਏ ਨੁਕਸਾਨ ਲਈ ਸਿਰਫ ਕੁਦਰਤ ਨਹੀਂ, ਸਮੇਂ ਦੀਆਂ ਸਰਕਾਰਾਂ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ।

# ਹਰਿਆਣੇ ਵਾਲੇ ਹੁਣ ਵਾਧੂ ਪਾਣੀ ਲੈ ਲੈਣ: ਭਗਵੰਤ ਮਾਨ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਘੱਗਰ ਦਰਿਆ ਦੀ ਮਾਰ ਝੱਲ ਰਹੇ ਇਲਾਕੇ ਦਾ ਦੌਰਾ ਕਰਨ ਅਤੇ ਇਥੇ ਚੱਲ ਰਹੇ ਰਾਹਤ ਕਾਰਜਾਂ ਦਾ ਜਾਇਜ਼ਾ ਲੈਣ ਲਈ ਮੂਨਕ ਪਹੁੰਚੇ। ਉਨ੍ਹਾਂ ਕਿਹਾ ਕਿ ਫਸਲਾਂ ਦੇ ਹੋਏ ਨੁਕਸਾਨ ਲਈ ਦੁੱਗਣਾ ਮੁਆਵਜ਼ਾ ਵੀ ਦਿੱਤਾ ਜਾ ਸਕਦਾ ਹੈ ਅਤੇ ਫਸਲਾਂ ਮੁੜ ਬੀਜੀਆਂ ਵੀ ਜਾਣਗੀਆਂ, ਪਰ ਜਾਨੀ ਨੁਕਸਾਨ ਨੂੰ ਮੁੜ ਪੂਰਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਢੇ ਤਿੰਨ ਕਰੋੜ ਵਸਨੀਕ ਇਸ ਵੇਲੇ ਕੁਦਰਤੀ ਆਫ਼ਤ ਦੀ ਮਾਰ ਹੇਠ ਹਨ ਤੇ ਸਰਕਾਰ ਦੀ ਤਰਜੀਹ ਇਸ ਵੇਲੇ ਇਨ੍ਹਾਂ ਲੋੜਵੰਦਾਂ ਦੀ ਬਾਂਹ ਫੜਨਾ ਹੈ।

ਭਗਵੰਤ ਮਾਨ ਨੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਕ ਵਾਰ ਫਿਰ ਪੰਜਾਬ ਵਾਸੀਆਂ ਨੇ ਜਾਤ-ਪਾਤ, ਧਰਮ ਤੇ ਸਿਆਸਤ ਤੋਂ ਉੱਪਰ ਉੱਠ ਕੇ ਪੀੜਤਾਂ ਦੀ ਮਦਦ ਕੀਤੀ ਹੈ ਤੇ ਇਹੀ ਅਸਲੀ ਪੰਜਾਬੀਅਤ ਹੈ। ਵਿਰੋਧੀ ਧਿਰਾਂ ਵੱਲੋਂ ਚੁੱਕੇ ਗਏ ਸਵਾਲਾਂ 'ਤੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਤਾਂ ਹਰ ਗੱਲ 'ਤੇ ਸਿਆਸਤ ਕਰਦੇ ਹਨ। ਉਨ੍ਹਾਂ ਪੁੱਛਿਆ ਕਿ ਕੀ ਹੁਣ ਹੜ੍ਹ ਵੀ ਭਗਵੰਤ ਮਾਨ ਨੇ ਲਿਆਂਦੇ ਹਨ? ਮੀਂਹ ਵੀ ਭਗਵੰਤ ਮਾਨ ਨੇ ਪਵਾਏ ਹਨ? ਉਨ੍ਹਾਂ ਕਿਹਾ ਕਿ ਇਸ ਸਮੱਸਿਆ ਨਾਲ ਨਜਿੱਠਣ ਮਗਰੋਂ ਉਹ ਵਿਰੋਧੀਆਂ ਦਾ ਜਵਾਬ ਦੇਣਗੇ। ਇਸ ਮੌਕੇ ਹਰਿਆਣਾ, ਹਿਮਾਚਲ ਤੇ ਰਾਜਸਥਾਨ ਵੱਲੋਂ ਪੰਜਾਬ ਤੋਂ ਕੀਤੀ ਜਾਂਦੀ ਪਾਣੀ ਦੀ ਮੰਗ 'ਤੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ, 'ਹਰਿਆਣਾ ਆਖਦਾ ਰਹਿੰਦਾ ਹੈ ਕਿ ਪਾਣੀ ਦਿਓ, ਹੁਣ ਅਸੀਂ ਕਿਹਾ ਹੈ ਕਿ ਪਾਣੀ ਲੈ ਲਓ ਤਾਂ ਕਹਿੰਦੇ ਅਸੀਂ ਨਹੀਂ ਲੈਣਾ। ਹਿਮਾਚਲ ਵਾਲੇ ਇਕ ਪਾਸੇ ਆਖਦੇ ਹਨ ਕਿ ਪਾਣੀ ਦਿਓ, ਉਪਰੋਂ ਪਾਣੀ ਛੱਡੀ ਜਾਂਦੇ ਨੇ, ਹੁਣ ਆਪਣਾ ਪਾਣੀ ਰੱਖ ਲੈਣ।' ਉਨ੍ਹਾਂ ਕਿਹਾ, 'ਹਰਿਆਣਾ, ਹਿਮਾਚਲ ਤੇ ਰਾਜਸਥਾਨ ਪੰਜਾਬ ਤੋਂ ਪਾਣੀ ਦਾ ਹਿੱਸਾ ਮੰਗਣ ਤਾਂ ਆ ਜਾਂਦੇ ਹਨ, ਪਰ ਡੁੱਬਣ ਵੇਲੇ ਪੰਜਾਬ ਨੂੰ ਇਕੱਲਾ ਛੱਡ ਦਿੱਤਾ ਜਾਂਦਾ ਹੈ।' ਮੁੱਖ ਮੰਤਰੀ ਨੇ ਕਿਹਾ ਕਿ ਇਹ ਮੁੱਦਾ ਤੇ ਸਮਾਂ ਦੋਵੇਂ ਸਿਆਸਤ ਕਰਨ ਵਾਲੇ ਨਹੀਂ ਹਨ, ਸਗੋਂ ਸਾਰੇ ਪੰਜਾਬੀਆਂ ਨੂੰ ਇਸ ਕੁਦਰਤੀ ਆਫਤ ਨਾਲ ਨਜਿੱਠਣ ਲਈ ਇਕਜੁੱਟ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਪਹਿਲੇ ਮੁੱਖ ਮੰਤਰੀਆਂ ਵਾਂਗ ਹੈਲੀਕਾਪਟਰ 'ਤੇ ਗੇੜੇ ਨਹੀਂ ਲਾ ਰਹੇ, ਸਗੋਂ ਉਹ ਜ਼ਮੀਨੀ ਪੱਧਰ 'ਤੇ ਅਸਲ ਸਥਿਤੀ ਦਾ ਜਾਇਜ਼ਾ ਲੈ ਰਹੇ ਹਨ।



## ਸਰਕਾਰ ਲੋਕਾਂ ਦੀ ਸਹਾਇਤਾ ਲਈ ਵਚਨਬੱਧ: ਮਾਨ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਥਿਤੀ ਚਿੰਤਾਜਨਕ ਹੈ ਤੇ ਸੂਬਾ ਸਰਕਾਰ ਲੋਕਾਂ ਦੇ ਨੁਕਸਾਨ ਨੂੰ ਘੱਟ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਗੰਭੀਰ ਸੰਕਟ ਮੌਕੇ ਲੋਕਾਂ ਦੀ ਸਹਾਇਤਾ ਕਰਨ ਲਈ ਵਚਨਬੱਧ ਹੈ ਤੇ ਇਸ ਕੰਮ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਭਾਰੀ ਮੀਂਹ ਕਾਰਨ ਫਸਲਾਂ, ਘਰਾਂ ਅਤੇ ਹੋਰ ਨੁਕਸਾਨ ਦਾ ਪਤਾ ਲਾਉਣ ਲਈ ਡੀ.ਸੀਜ਼ ਨੂੰ ਵਿਸ਼ੇਸ਼ ਗਿਰਦਾਵਰੀ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਖੁਦ ਵੀ ਸੂਬੇ ਦੇ ਹਰ ਕੋਨੇ ਤੋਂ ਸਥਿਤੀ ਦਾ ਜਾਇਜ਼ਾ ਲੈ ਰਹੇ ਹਨ।

# ਪੰਜਾਬ ਕਾਂਗਰਸ ਨੂੰ ਇਕ ਹੋਰ ਝਟਕਾ; ਅਸ਼ਵਨੀ ਸੇਖੜੀ ਭਾਜਪਾ 'ਚ ਸ਼ਾਮਲ

**ਬਟਾਲਾ:** ਸੱਤ ਦਹਾਕਿਆਂ ਤੋਂ ਕਾਂਗਰਸ ਪਾਰਟੀ ਨਾਲ ਜੁੜਿਆ ਸੇਖੜੀ ਪਰਿਵਾਰ ਪਾਰਟੀ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਸ਼ਵਨੀ ਸੇਖੜੀ, ਉਨ੍ਹਾਂ ਦੀ ਪਤਨੀ ਤੇ ਪੁੱਤਰਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ। ਜ਼ਿਕਰਯੋਗ ਹੈ ਕਿ ਅਸ਼ਵਨੀ ਸੇਖੜੀ ਬਟਾਲਾ ਤੋਂ ਤਿੰਨ ਵਾਰ ਵਿਧਾਇਕ ਰਹੇ ਹਨ, ਜਦਕਿ ਉਨ੍ਹਾਂ ਦੇ ਪਿਤਾ ਮਰਹੂਮ ਵਿਸ਼ਵਾਮਿੱਤਰ ਸੇਖੜੀ ਦੋ ਵਾਰ ਵਿਧਾਇਕ ਬਣੇ ਸਨ।

ਸ੍ਰੀ ਸੇਖੜੀ ਨੇ ਕਿਹਾ ਕਿ ਉਨ੍ਹਾਂ ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੋਂ ਦੁਖੀ ਹੋ ਕੇ ਉਸ ਪਾਰਟੀ ਨੂੰ ਛੱਡਿਆ ਹੈ, ਜਿਸ ਨਾਲ ਉਨ੍ਹਾਂ ਦੇ ਪਰਿਵਾਰ ਦਾ ਸੱਤ ਦਹਾਕਿਆਂ ਦਾ ਰਿਸ਼ਤਾ ਹੈ। ਸੇਖੜੀ ਨੇ ਦੋਸ਼ ਲਾਇਆ ਕਿ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਉਨ੍ਹਾਂ ਨੂੰ ਆਪਣੇ ਹਲਕੇ ਵਿਚ ਕੰਮ ਨਹੀਂ ਕਰਨ ਦਿੰਦੇ ਤੇ ਹਰ ਕੰਮ ਵਿਚ ਬੇਲੋੜੀ ਦਖਲਅੰਦਾਜ਼ੀ ਵੀ ਕਰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ 'ਤੇ ਹਲਕਾ ਵਾਸੀਆਂ ਨਾਲ ਸੰਪਰਕ ਤੋੜਨ ਦੇ ਦੋਸ਼ ਲੱਗ ਰਹੇ ਹਨ, ਜਦਕਿ ਉਕਤ ਪਾਰਟੀ ਆਗੂ ਨੇ ਉਨ੍ਹਾਂ ਨੂੰ ਕਦੇ ਆਪਣਾ ਕੰਮ ਨਹੀਂ ਕਰਨ ਦਿੱਤਾ। ਉਨ੍ਹਾਂ ਕਿਹਾ ਕਿ ਹਲਕਾ ਵਾਸੀਆਂ ਨਾਲ ਉਨ੍ਹਾਂ ਦਾ ਸੰਪਰਕ ਦਿਨੋ-ਦਿਨ ਘਟਾਇਆ ਗਿਆ ਹੈ। ਸੇਖੜੀ ਨੇ ਕਿਹਾ ਕਿ ਉਹ ਲੋਕ ਸਭਾ, ਰਾਜ ਸਭਾ ਜਾਂ ਵਿਧਾਨ ਸਭਾ ਦੀ ਸੀਟ ਲਈ ਨਹੀਂ ਸਗੋਂ ਲੋਕ ਸੇਵਾ ਲਈ ਭਾਜਪਾ ਵਿਚ ਸ਼ਾਮਲ ਹੋਏ ਹਨ। ਇਧਰ, ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਅਸ਼ਵਨੀ ਸੇਖੜੀ ਦੇ ਭਾਜਪਾ ਵਿਚ ਚਲੇ ਜਾਣ ਨਾਲ ਕਾਂਗਰਸ ਨੂੰ ਕੋਈ ਫਰਕ ਨਹੀਂ ਪਵੇਗਾ ਕਿਉਂਕਿ ਉਸ ਦੇ ਪੱਲੇ ਕੁਝ ਵੀ ਨਹੀਂ ਸੀ। ਸ੍ਰੀ ਬਾਜਵਾ ਨੇ ਕਿਹਾ ਕਿ ਉਨ੍ਹਾਂ ਜਿਸ ਵਿਅਕਤੀ ਨੂੰ ਟਿਕਟ ਦਿਵਾਉਣ ਲਈ ਜ਼ੋਰ ਲਾਇਆ, ਉਹ ਅੱਜ ਪਾਰਟੀ ਨੂੰ ਦਗਾ ਦੇ ਗਿਆ ਹੈ। ਇਕ ਸਵਾਲ ਦੇ ਜਵਾਬ ਵਿਚ ਸ੍ਰੀ ਬਾਜਵਾ ਨੇ ਕਿਹਾ ਕਿ ਜੇਕਰ ਅਸ਼ਵਨੀ ਸੇਖੜੀ ਬਟਾਲਾ ਦੇ ਲੋਕਾਂ ਵਿਚ ਵਿਚਰਦੇ ਤੇ ਉਨ੍ਹਾਂ ਦੀ ਸੇਵਾ ਕਰਦੇ ਤਾਂ ਉਨ੍ਹਾਂ ਦੀ ਜਿੱਤ ਜ਼ਰੂਰ ਹੋਣੀ ਸੀ। ਉਨ੍ਹਾਂ ਵਿਅੰਗ ਕਰਦਿਆਂ ਕਿਹਾ ਕਿ ਹੁਣ ਕਾਂਗਰਸ ਨੂੰ ਛੱਡ ਕੇ ਭਾਜਪਾ ਪ੍ਰਧਾਨ ਬਣੇ ਸੁਨੀਲ ਜਾਖੜ ਕਾਂਗਰਸ ਵਿਚਲੀ ਗੰਦਗੀ ਨੂੰ ਸਾਫ ਕਰਨ 'ਤੇ ਲੱਗੇ ਹੋਏ ਹਨ।



### ਵਰਕਰਾਂ ਤੋਂ ਟੁੱਟੇ ਸੇਖੜੀ ਦਾ ਕੋਈ ਵਜੂਦ ਨਹੀਂ: ਰੰਧਾਵਾ

**ਚੰਡੀਗੜ੍ਹ:** ਕਾਂਗਰਸ ਦੇ ਸੀਨੀਅਰ ਲੀਡਰ ਸੁਖਜਿੰਦਰ ਸਿੰਘ ਰੰਧਾਵਾ ਨੇ ਅਸ਼ਵਨੀ ਸੇਖੜੀ ਦੇ ਭਾਜਪਾ ਵਿਚ ਸ਼ਾਮਲ ਹੋਣ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਪਾਰਟੀ ਵਰਕਰਾਂ ਤੋਂ ਟੁੱਟ ਚੁੱਕੇ ਸੇਖੜੀ ਦਾ ਕੋਈ ਵਜੂਦ ਨਹੀਂ ਹੈ। ਉਨ੍ਹਾਂ ਕਾਂਗਰਸ ਦੀ ਕਥਿਤ 'ਗੰਦਗੀ' ਸਾਫ ਕਰਨ ਲਈ ਭਾਜਪਾ ਦੇ ਸੂਬਾਈ ਪ੍ਰਧਾਨ ਸੁਨੀਲ ਜਾਖੜ ਦਾ ਧੰਨਵਾਦ ਵੀ ਕੀਤਾ। ਰੰਧਾਵਾ ਨੇ ਕਿਹਾ ਕਿ ਕਾਂਗਰਸ ਦਾ ਗੜ੍ਹ ਮੰਨੇ ਜਾਂਦੇ ਬਟਾਲਾ ਵਿਚ ਲੋਕਾਂ ਤੋਂ ਦੂਰੀ ਬਣਾ ਕੇ ਬੈਠੇ ਅਸ਼ਵਨੀ ਸੇਖੜੀ ਕਰਕੇ ਹੀ ਪਾਰਟੀ ਨੂੰ ਵੱਡੀ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ 2017 ਦੀਆਂ ਚੋਣਾਂ ਤੋਂ ਬਾਅਦ ਸੇਖੜੀ ਨੇ ਕਦੇ ਵੀ ਸਥਾਨਕ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨਹੀਂ ਸੁਣੀਆਂ, ਜਿਸ ਦਾ ਸਿੱਟਾ ਹੈ ਕਿ ਅੱਜ ਉਹ ਪਾਰਟੀ ਦੇ ਵਰਕਰਾਂ ਅਤੇ ਆਗੂਆਂ ਤੋਂ ਟੁੱਟ ਚੁੱਕੇ ਹਨ ਤੇ ਹਲਕਾ ਵਾਸੀਆਂ ਨਾਲ ਵੀ ਉਨ੍ਹਾਂ ਦਾ ਕੋਈ ਸੰਪਰਕ ਨਹੀਂ ਹੈ।

## ਗੈਂਗਸਟਰ ਫਰਾਰ ਮਾਮਲੇ ਵਿਚ ਪੰਜ ਪੁਲਿਸ ਮੁਲਾਜ਼ਮਾਂ 'ਤੇ ਪਰਚਾ ਦਰਜ

**ਫਰੀਦਕੋਟ:** ਬੰਬੀਹਾ ਗਰੁੱਪ ਦੇ ਗੈਂਗਸਟਰ ਸੁਰਿੰਦਰਪਾਲ ਸਿੰਘ ਬਿੱਲਾ ਦੇ ਪੁਲਿਸ ਹਿਰਾਸਤ ਵਿਚੋਂ ਫਰਾਰ ਹੋਣ ਦੇ ਮਾਮਲੇ ਵਿਚ ਕਾਰਵਾਈ ਕਰਦਿਆਂ ਜ਼ਿਲ੍ਹਾ ਪੁਲਿਸ ਨੇ ਫਰੀਦਕੋਟ ਸਿਟੀ ਦੇ 5 ਪੁਲਿਸ ਮੁਲਾਜ਼ਮਾਂ ਖਿਲਾਫ ਅਪਰਾਧਕ ਕੇਸ ਦਰਜ ਕੀਤਾ ਹੈ। ਦੱਸਣਯੋਗ ਹੈ ਕਿ ਇਕ ਹਫ਼ਤਾ ਪਹਿਲਾਂ ਫਰੀਦਕੋਟ ਪੁਲਿਸ ਵੱਲੋਂ ਐਨਕਾਊਂਟਰ ਮਗਰੋਂ ਗ੍ਰਿਫਤਾਰ ਕੀਤਾ ਗਿਆ ਬੰਬੀਹਾ ਗਰੁੱਪ ਦਾ ਗੈਂਗਸਟਰ ਸੁਰਿੰਦਰਪਾਲ ਸਿੰਘ ਉਰਫ਼ ਬਿੱਲਾ ਪੁਲਿਸ ਹਿਰਾਸਤ 'ਚੋਂ ਫਰਾਰ ਹੋ ਗਿਆ ਸੀ। ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਇਸ ਗੈਂਗਸਟਰ ਦੀ ਸੁਰੱਖਿਆ ਲਈ ਤਾਇਨਾਤ ਕੀਤੇ ਗਏ ਪੁਲਿਸ ਕਰਮਚਾਰੀਆਂ ਨੇ ਲਾਪਰਵਾਹੀ ਦਿਖਾਈ ਹੈ, ਜਿਸ ਕਰਕੇ ਗੈਂਗਸਟਰ ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਗਿਆ। ਇਸ ਸਬੰਧੀ ਏ.ਐਸ.ਆਈ. ਨਾਨਕ ਚੰਦ, ਸਿਪਾਹੀ ਗੁਰਤੇਜ ਸਿੰਘ, ਹਰਜਿੰਦਰ ਸਿੰਘ, ਹਰਪਾਲ ਸਿੰਘ ਤੇ ਰਾਜਿੰਦਰ ਕੁਮਾਰ ਖਿਲਾਫ ਕੇਸ ਦਰਜ ਹੋਇਆ ਹੈ।

# ਸਰਕਾਰ ਸਕੂਲ ਵਿਦਿਆਰਥਣਾਂ ਲਈ ਮੁਫਤ ਬੱਸ ਸੇਵਾ ਸ਼ੁਰੂ ਕਰੇਗੀ

**ਚੰਡੀਗੜ੍ਹ:** ਸ੍ਰੀਹਰੀਕੋਟਾ ਤੋਂ ਚੰਦਰਯਾਨ-3 ਦੀ ਉਡਾਣ ਭਰਨ ਦਾ ਸ਼ਾਨਦਾਰ ਨਜ਼ਾਰਾ ਦੇਖਣ ਵਾਲੇ ਵਿਦਿਆਰਥੀਆਂ ਨੇ ਚੰਡੀਗੜ੍ਹ ਵਿਚ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ। ਵਿਦਿਆਰਥੀਆਂ ਨੇ ਮੁੱਖ ਮੰਤਰੀ ਨਾਲ ਚੰਦਰਯਾਨ-3 ਦੀ ਲਾਂਚਿੰਗ ਦੇ ਤਜਰਬੇ ਸਾਂਝੇ ਕੀਤੇ। ਭਗਵੰਤ ਮਾਨ ਨੇ ਕਿਹਾ ਕਿ ਸਕੂਲਜ਼ ਆਫ ਐਮੀਨੈਂਸ ਵਿਚੋਂ ਚੁਣੇ ਗਏ 30 ਵਿਦਿਆਰਥੀਆਂ ਦਾ ਬੈਚ ਇਸ ਯਾਤਰਾ ਲਈ ਭੇਜਿਆ ਗਿਆ ਸੀ।

ਉਨ੍ਹਾਂ ਕਿਹਾ ਕਿ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਵੱਲੋਂ ਆਉਣ ਵਾਲੇ ਦਿਨਾਂ 'ਚ 13 ਵੱਖ-ਵੱਖ ਪ੍ਰੋਜੈਕਟਾਂ 'ਤੇ ਹੋਰ ਪੁਲਾੜ ਤੇ ਮਿਜ਼ਾਈਲਾਂ ਸਬੰਧੀ ਪ੍ਰੋਗਰਾਮ ਉਲੀਕੇ ਜਾਣਗੇ ਤੇ ਇਨ੍ਹਾਂ ਵਿਚ ਸੂਬੇ ਦੇ ਹੋਰ ਵਿਦਿਆਰਥੀਆਂ ਨੂੰ ਵਿਗਿਆਨਕ ਤੇ ਤਕਨੀਕੀ ਗਿਆਨ 'ਚ ਵਾਧਾ ਕਰਨ ਲਈ ਭੇਜਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸਰੋ ਨੇ ਪੰਜਾਬ 'ਚ ਸਪੇਸ ਮਿਊਜ਼ੀਅਮ ਸਥਾਪਤ ਕਰਨ 'ਚ ਦਿਲਚਸਪੀ ਦਿਖਾਈ ਹੈ। ਇਸ ਪ੍ਰੋਜੈਕਟ ਦੀ ਸਥਾਪਨਾ ਲਈ ਸੂਬਾ ਸਰਕਾਰ ਇਸਰੋ ਨੂੰ ਪੂਰਾ ਸਹਿਯੋਗ ਦੇਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੀ ਸਿੱਖਿਆ ਪ੍ਰਣਾਲੀ 'ਚ ਵੱਡੇ ਸੁਧਾਰ ਲਿਆਉਣ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਸੂਬੇ 'ਚ ਸਿੱਖਿਆ ਨੂੰ ਹੁਲਾਰਾ ਦੇਣ ਲਈ ਬੁਨਿਆਦੀ ਢਾਂਚੇ ਅਤੇ ਮਨੁੱਖੀ ਵਸੀਲਿਆਂ ਦੇ ਵਿਕਾਸ 'ਤੇ ਪੂਰਾ ਧਿਆਨ ਦਿੱਤਾ ਜਾ ਰਿਹਾ ਹੈ। ਸ੍ਰੀ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਜਲਦ ਹੀ ਸਰਕਾਰੀ ਸਕੂਲਾਂ 'ਚ ਪੜ੍ਹਦੀਆਂ ਵਿਦਿਆਰਥਣਾਂ ਲਈ ਬੱਸ ਸੇਵਾ ਸ਼ੁਰੂ ਕਰੇਗੀ। ਇਸ ਯੋਜਨਾ ਦਾ ਉਦੇਸ਼ ਵਿਦਿਆਰਥਣਾਂ ਨੂੰ ਸਰਕਾਰੀ ਸਕੂਲਾਂ 'ਚ ਆਪਣੀ ਪੜ੍ਹਾਈ ਪੂਰੀ ਕਰਨ ਲਈ ਸਹੂਲਤ ਪ੍ਰਦਾਨ ਕਰਨਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਹ ਕਦਮ ਸਕੂਲਾਂ ਵਿਚ ਪੜ੍ਹਦੀਆਂ ਲੜਕੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਏਗਾ।



## ਹੜ੍ਹ ਦਾ ਜਾਇਜ਼ਾ ਲੈਣ ਆਏ ਮੀਤ ਹੇਅਰ ਦਾ ਵਿਰੋਧ

ਮਾਨਸਾ: ਮਾਨਸਾ ਜ਼ਿਲ੍ਹੇ ਦੇ ਹੜ੍ਹ ਪੀੜਤਾਂ ਨੂੰ ਮਿਲਣ ਲਈ ਆਏ ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਖ਼ਿਲਾਫ਼ ਨੌਜਵਾਨਾਂ ਵੱਲੋਂ ਵਿਰੋਧ ਕੀਤਾ ਗਿਆ, ਜਿਸ ਕਾਰਨ ਉਨ੍ਹਾਂ ਨੂੰ ਵਾਪਸ ਮੁੜਨਾ ਪਿਆ। ਜਾਣਕਾਰੀ ਅਨੁਸਾਰ ਮੰਤਰੀ ਦਾ ਵਿਰੋਧ ਪਿੰਡ ਬੀਰੇਵਾਲਾ ਡੋਗਰਾ ਦੇ ਖੇਤਾਂ ਵਿਚ ਹੜ੍ਹਾਂ ਤੋਂ ਬਚਾਅ ਲਈ ਮਿੱਟੀ ਪਾ ਰਹੇ ਨੌਜਵਾਨਾਂ ਵੱਲੋਂ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਨਾਲ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਸਮੇਤ ਹੋਰ ਅਫਸਰਸ਼ਾਹੀ ਵੀ ਮੌਜੂਦ ਸੀ।

ਨੌਜਵਾਨਾਂ ਨੇ ਦੋਸ਼ ਲਾਇਆ ਕਿ ਹੜ੍ਹਾਂ ਤੋਂ ਪਹਿਲਾਂ ਲੋਕਾਂ ਦੇ ਬਚਾਅ ਲਈ ਬੰਦੋਬਸਤ ਕਰਨ ਵਾਸਤੇ ਕਿਸੇ ਧਿਰ ਦਾ ਕੋਈ ਆਗੂ ਨਹੀਂ ਆਇਆ ਅਤੇ ਹੁਣ ਜਦੋਂ ਲੋਕ ਡੁੱਬਣ ਲੱਗੇ ਹਨ ਤਾਂ ਇਹ ਸਿਆਸਤ ਕਰਨ ਲਈ ਹੜ੍ਹ ਦੀ ਮਾਰ ਹੇਠ ਆਏ ਇਲਾਕਿਆਂ ਵਿਚ ਗੇੜੇ ਮਾਰਨ ਲੱਗੇ ਹਨ। ਜਦੋਂ ਨੌਜਵਾਨ ਸ਼ਾਂਤ ਨਾ ਹੋਏ ਤਾਂ ਕੈਬਨਿਟ ਮੰਤਰੀ ਤੇ ਵਿਧਾਇਕ ਸਿਆਣਪ ਵਰਤਦਿਆਂ ਉਥੋਂ ਥੋੜ੍ਹਾ ਚਲੇ ਗਏ।

# ਘਰ ਅੰਦਰ ਦਾਖਲ ਹੋ ਕੇ ਬਜ਼ੁਰਗ ਦੀ ਹੱਤਿਆ ਕੀਤੀ

**ਮੋਗਾ:** ਸ਼ਹਿਰ ਵਿਚ ਸੰਘਣੀ ਆਬਾਦੀ ਵਾਲੇ ਖੇਤਰ ਵਿਚ ਦਿਨ-ਦਿਹਾੜੇ ਚਾਰ ਨੌਜਵਾਨਾਂ ਨੇ ਇਕ ਘਰ ਵਿਚ ਦਾਖਲ ਹੋ ਕੇ ਗੋਲੀਆਂ ਮਾਰ ਕੇ ਬਜ਼ੁਰਗ ਦੀ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ ਸੰਤੋਖ ਸਿੰਘ (60) ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਇਹ ਘਟਨਾ ਦੁਪਹਿਰੇ ਲਗਭਗ 12.15 ਵਜੇ ਵਾਪਰੀ ਹੈ, ਜਿਸ ਦੌਰਾਨ ਬਜ਼ੁਰਗ ਨੂੰ ਤਿੰਨ-ਚਾਰ ਗੋਲੀਆਂ ਵੱਜੀਆਂ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਸਾਰੀ ਵਾਰਦਾਤ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋ ਗਈ ਹੈ। ਘਟਨਾ ਦੀ ਜਾਣਕਾਰੀ ਮਿਲਣ ਮਗਰੋਂ ਸਥਾਨਕ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਆਰੰਭ ਦਿੱਤੀ ਹੈ। ਮ੍ਰਿਤਕ ਦੀ ਪਤਨੀ ਮਹਿੰਦਰ ਕੌਰ ਨੇ ਦੱਸਿਆ ਕਿ ਉਹ ਦੋਵੇਂ ਬੈਠੇ ਟੀ.ਵੀ. ਦੇਖ ਰਹੇ ਸਨ, ਜਦੋਂ ਕੁਝ ਨੌਜਵਾਨਾਂ ਨੇ ਦਰਵਾਜ਼ਾ ਖੜਕਾਇਆ।

ਨੌਜਵਾਨਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਫਰੀਦਕੋਟ ਜੇਲ੍ਹ ਵਿਚ ਬੰਦ ਉਨ੍ਹਾਂ ਦੇ ਵੱਡੇ ਮੁੰਡੇ ਨੇ ਭੇਜਿਆ ਹੈ। ਜਦੋਂ ਸੰਤੋਖ ਸਿੰਘ ਦਰਵਾਜ਼ੇ ਕੋਲ ਗਿਆ ਤਾਂ ਹਮਲਾਵਰ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ। ਸੀ.ਸੀ.ਟੀ.ਵੀ. ਕੈਮਰੇ ਦੀ ਪੜਤਾਲ ਤੋਂ ਪਤਾ ਲੱਗਿਆ ਹੈ ਕਿ ਹਮਲਾਵਰ ਵਰਨਾ ਕਾਰ ਵਿਚ ਆਏ ਸਨ, ਜੋ ਘਰ ਤੋਂ ਥੋੜੀ ਦੂਰੀ 'ਤੇ ਰੁਕਦੀ ਹੈ। ਇਸ ਵਿਚੋਂ ਪਹਿਲਾਂ ਦੋ ਨੌਜਵਾਨ ਨਿਕਲ ਕੇ ਘਰ ਵੱਲ ਆਉਂਦੇ ਹਨ। ਮ੍ਰਿਤਕ ਦਾ ਵੱਡਾ ਬੇਟਾ ਐਨ.ਡੀ.ਪੀ.ਐੱਸ. ਐਕਟ ਤਹਿਤ ਫ਼ਰੀਦਕੋਟ ਜੇਲ੍ਹ ਵਿਚ ਬੰਦ ਹੈ ਅਤੇ ਦੂਜੇ ਬੇਟੇ ਦੀ ਸਥਾਨਕ ਬੁੱਘੀਪੁਰਾ ਚੌਕ ਵਿਚ ਵਰਕਸ਼ਾਪ ਹੈ।

# ਬੰਨ੍ਹਾਂ ਦੀ ਮਜ਼ਬੂਤੀ ਲਈ ਅਕਾਲੀ ਦਲ ਨੇ ਜੇ.ਸੀ.ਬੀ. ਮਸ਼ੀਨਾਂ ਭੇਜੀਆਂ



**ਸਰਦੂਲਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਸਾਬਕਾ ਉਪ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਹਲਕਾ ਸਰਦੂਲਗੜ੍ਹ ਦੇ ਪਿੰਡ ਭੰਡਾ ਖੁਰਦ, ਰੋੜਕੀ ਤੇ ਸਰਦੂਲਗੜ੍ਹ ਵਿਚ ਘੱਗਰ ਦੇ ਪਾਣੀ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਸ੍ਰੀ ਬਾਦਲ ਨੇ ਕਿਹਾ ਕਿ ਇਕ ਹਫਤਾ ਪਹਿਲਾਂ ਕੇਂਦਰ ਤੋਂ 218 ਕਰੋੜ ਰੁਪਏ ਦੀ ਗ੍ਰਾਂਟ ਮਿਲਣ ਦੇ ਬਾਵਜੂਦ ਪੰਜਾਬ ਸਰਕਾਰ ਹਾਲੇ ਤੱਕ ਹੜ੍ਹਾਂ ਤੋਂ ਪ੍ਰਭਾਵਿਤ ਇਲਾਕਿਆਂ ਲਈ ਪੁਖਤਾ ਪ੍ਰਬੰਧ ਨਹੀਂ ਕਰ ਸਕੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਸੂਬੇ ਵਿਚ ਹੜ੍ਹਾਂ ਨਾਲ ਨਜਿੱਠਣ ਵਿਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਵੀ ਸਰਦੂਲਗੜ੍ਹ 'ਚ ਘੱਗਰ ਦਾ ਪਾਣੀ ਬੰਨ੍ਹਾਂ ਨੇੜੇ ਵਗ ਰਿਹਾ ਹੈ, ਜਿਸ ਕਾਰਨ ਬੰਨ੍ਹ ਕਦੇ ਵੀ ਟੁੱਟ ਸਕਦੇ ਹਨ। ਉਨ੍ਹਾਂ ਐਲਾਨ ਕੀਤਾ ਕਿ ਬੰਨ੍ਹਾਂ ਦੀ ਮਜ਼ਬੂਤੀ ਲਈ ਅਕਾਲੀ ਦਲ ਵੱਲੋਂ ਤੁਰਤ ਜੇ.ਸੀ.ਬੀ. ਮਸ਼ੀਨਾਂ ਅਤੇ ਤਿੰਨੇ ਪਿੰਡਾਂ ਨੂੰ ਇਕ-ਇਕ ਹਜ਼ਾਰ ਲਿਟਰ ਡੀਜ਼ਲ ਭੇਜਿਆ ਜਾਵੇਗਾ। ਸ੍ਰੀ ਬਾਦਲ ਨੇ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਸੂਬੇ ਨੂੰ ਢੁਕਵੀਂ ਰਾਹਤ ਦਿੰਦਿਆਂ ਹੋਰ ਗ੍ਰਾਂਟ ਭੇਜੇ।

# ਬਠਿੰਡਾ ਹਵਾਈ ਅੱਡੇ ਤੋਂ ਉਡਾਣਾਂ ਦੀ ਆਸ ਹੁਣ ਟੁੱਟਣ ਲੱਗੀ

**ਬਠਿੰਡਾ:** ਸਥਾਨਕ ਸਿਵਲ ਏਅਰਪੋਰਟ 'ਤੇ ਤਿੰਨ ਸਾਲ ਬਾਅਦ ਵੀ ਮੁੜ ਜਹਾਜ਼ ਉੱਡਣ ਦੀ ਉਮੀਦ ਮੱਧਮ ਪੈਂਦੀ ਨਜ਼ਰ ਆ ਰਹੀ ਹੈ। ਬਠਿੰਡਾ ਏਅਰ ਪੋਰਟ ਦੇ ਵਧੀਕ ਜਨਰਲ ਮੈਨੇਜਰ ਰਾਕੇਸ਼ ਕੁਮਾਰ ਰਾਵਤ ਨੇ ਕਿਹਾ ਸੀ ਕਿ ਫਲਾਈ ਬਿਗ ਚਾਰਟਰ ਏਅਰ ਕੰਪਨੀ ਵੱਲੋਂ ਬਠਿੰਡਾ ਏਅਰਪੋਰਟ ਤੋਂ 26 ਮਈ ਤੱਕ ਉਡਾਣ ਸ਼ੁਰੂ ਹੋ ਜਾਵੇਗੀ ਪਰ 45 ਦਿਨ ਬੀਤਣ ਦੇ ਬਾਵਜੂਦ ਜਹਾਜ਼ ਉਡਾਣ ਨਹੀਂ ਭਰ ਸਕਿਆ।

ਗੌਰਤਲਬ ਹੈ ਫਲਾਈ ਬਿਗ ਚਾਰਟਰ ਨੇ ਬਠਿੰਡਾ ਤੋਂ ਗਾਜ਼ੀਆਬਾਦ ਦੇ ਹਿੰਡਨ ਏਅਰਪੋਰਟ ਤੱਕ ਰੂਟ ਚਾਲੂ ਕਰਨ ਲਈ ਹਾਮੀ ਭਰੀ ਸੀ। ਜ਼ਿਕਰਯੋਗ ਹੈ ਕਿ ਬਠਿੰਡਾ ਸ਼ਹਿਰ ਤੋਂ ਲਗਭਗ 30 ਕਿਲੋਮੀਟਰ ਦੂਰੀ 'ਤੇ ਸਥਿਤ ਪਿੰਡ ਵਿਰਕ ਕਲਾਂ ਵਿਚ 2012 ਵਿਚ 25 ਕਰੋੜ ਰੁਪਏ ਦੀ ਲਾਗਤ ਨਾਲ ਹਵਾਈ ਅੱਡਾ ਸਥਾਪਤ ਕੀਤਾ ਗਿਆ ਸੀ। ਬਠਿੰਡਾ ਸਿਵਲ ਏਅਰਪੋਰਟ ਦੀ ਗੱਲ ਕੀਤੀ ਜਾਵੇ ਤਾਂ ਇਸ ਤੋਂ ਪਹਿਲਾਂ ਅਲਾਇੰਸ ਏਅਰ (ਏਏ), ਏਅਰ ਇੰਡੀਆ ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਬਠਿੰਡਾ ਦੀ ਇਕੱਲੀ ਸੇਵਾ ਪ੍ਰਦਾਤਾ ਸੀ। ਬਠਿੰਡਾ ਲਈ ਹਵਾਈ ਸੇਵਾ ਕੇਂਦਰ ਦੀ ਦੇਸ ਕਾ ਆਮ ਨਾਗਰਿਕ (ਉਡਾਨ) ਦੀ ਖੇਤਰੀ ਕਨੈਕਟੀਵਿਟੀ ਸਕੀਮ (ਆਰ.ਸੀ.ਐਸ.) ਦੇ ਹਿੱਸੇ ਵਜੋਂ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਕਿਰਾਏ ਘੱਟ ਰੱਖੇ ਗਏ ਸਨ। ਲੋਕਾਂ ਦਾ ਕਹਿਣਾ ਹੈ ਕਿ ਪਹਿਲਾਂ ਵਾਲੀ ਏਅਰ ਕੰਪਨੀ ਨੇ ਬਠਿੰਡਾ ਨੂੰ ਨਵੀਂ ਦਿੱਲੀ ਨਾਲ ਹਫਤੇ ਵਿਚ ਤਿੰਨ ਵਾਰ ਸ਼ਡਿਊਲ ਨਾਲ ਜੋੜਿਆ ਸੀ ਅਤੇ ਰੂਟ ਵਿਚ ਔਸਤਨ 80 ਫੀਸਦੀ ਮੁਸਾਫ਼ਰਾਂ ਦੀ ਆਮਦ ਹੋਣ ਕਾਰਨ ਇਸ ਏਅਰਪੋਰਟ 'ਤੇ ਰੌਣਕ ਲੱਗਣੀ ਸ਼ੁਰੂ ਹੋ ਗਈ ਸੀ। ਅਲਾਇੰਸ ਏਅਰ ਨੇ 28 ਨਵੰਬਰ, 2020 ਤੋਂ ਦਿੱਲੀ ਰੂਟ 'ਤੇ ਹਵਾਈ ਸੇਵਾਵਾਂ ਬੰਦ ਕਰ ਦਿੱਤੀਆਂ ਸਨ ਅਤੇ ਜੰਮੂ ਲਈ ਉਡਾਨਾਂ 27 ਅਕਤੂਬਰ, 2019 ਨੂੰ ਬੰਦ ਕਰ ਦਿੱਤੀਆਂ ਸਨ। ਗੌਰਤਲਬ ਹੈ ਕਿ ਉਡਾਣਾਂ ਤੋਂ ਸੱਖਣੇ ਇਸ ਏਅਰਪੋਰਟ 'ਤੇ ਜਿੱਥੇ 30 ਤੋਂ 35 ਮੁਲਾਜ਼ਮ ਕੰਮ ਕਰ ਰਹੇ ਹਨ ਉਥੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਦੀ ਫੌਜ ਖਾਲੀ ਏਅਰਪੋਰਟ ਦੀ ਰਾਖੀ ਕਰ ਰਹੀ ਹੈ। ਸੂਤਰਾਂ ਅਨੁਸਾਰ ਇਸ ਹਵਾਈ ਅੱਡੇ ਦੇ ਰੱਖ ਰਖਾਓ ਦਾ ਤਕਰੀਬਨ 60 ਤੋਂ 70 ਲੱਖ ਸਾਲਾਨਾ ਖਰਚਾ ਪੈ ਰਿਹਾ ਹੈ। ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨਾਲ ਬਠਿੰਡਾ ਏਅਰਪੋਰਟ ਤੋਂ ਜਹਾਜ਼ ਨਾ ਉੱਡਣ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਕੰਪਨੀ ਵੱਲੋਂ ਛੇ ਮਹੀਨੇ ਦਾ ਸਮਾਂ ਮੰਗਿਆ ਗਿਆ ਹੈ ਪਰ ਇਸ ਕੰਪਨੀ ਵੱਲੋਂ ਰੁਚੀ ਨਹੀਂ ਦਿਖਾਈ ਗਈ। ਇਸ ਬਾਰੇ ਏਅਰਪੋਰਟ ਅਥਾਰਿਟੀ ਹੀ ਦੱਸ ਸਕਦੀ ਹੈ ਤੇ ਉਹ ਪਤਾ ਕਰਵਾਉਣ ਦੀ ਕੋਸ਼ਿਸ਼ ਕਰਨਗੇ।



# ਹੜ੍ਹਾਂ ਦੀ ਡਾਢੀ ਮਾਰ ਨੇ ਪੰਜਾਬ ਦੀ ਕਿਸਾਨੀ ਝੰਬੀ

**ਚੰਡੀਗੜ੍ਹ:** ਪੰਜਾਬ 'ਚ ਘੱਗਰ ਨੇ ਪਟਿਆਲਾ-ਸੰਗਰੂਰ ਦੇ ਸੈਂਕੜੇ ਪਿੰਡਾਂ 'ਚ ਤਬਾਹੀ ਮਚਾ ਦਿੱਤੀ ਹੈ। ਇਕੱਲੇ ਪਟਿਆਲਾ ਜ਼ਿਲ੍ਹੇ ਵਿਚ ਕਰੀਬ ਢਾਈ ਲੱਖ ਏਕੜ ਫਸਲ ਪਾਣੀ ਵਿਚ ਡੁੱਬ ਗਈ ਹੈ ਜਿਸ ਵਿਚੋਂ ਕਰੀਬ ਸਵਾ ਲੱਖ ਏਕੜ 'ਚ ਮੁੜ ਫਸਲ ਸੰਭਵ ਨਹੀਂ ਰਹੀ ਹੈ। ਘੱਗਰ ਦੇ ਪਾਣੀ ਨੇ ਸੰਗਰੂਰ ਜ਼ਿਲ੍ਹੇ ਵਿਚ 42 ਹਜ਼ਾਰ ਏਕੜ ਫ਼ਸਲ ਬਰਬਾਦ ਕਰ ਦਿੱਤੀ ਹੈ ਤੇ ਹਾਲੇ ਹੋਰ ਨੁਕਸਾਨ ਦਾ ਡਰ ਹੈ।

ਵੇਰਵਿਆਂ ਅਨੁਸਾਰ ਪੰਜਾਬ ਦੇ 14 ਜ਼ਿਲ੍ਹੇ ਪੂਰੀ ਤਰ੍ਹਾਂ ਮੀਂਹ ਦੇ ਕਹਿਰ ਦੀ ਮਾਰ ਵਿਚ ਆ ਗਏ ਹਨ ਅਤੇ ਕਰੀਬ 1200 ਪਿੰਡਾਂ 'ਤੇ ਆਫ਼ਤ ਦਾ ਮੀਂਹ ਵਰ੍ਹਿਆ ਹੈ। ਸ਼ੁਤਰਾਣਾ ਦੇ ਪਿੰਡ ਜੋਗੇਵਾਲਾ ਵਿਚ ਇਕ ਸਾਬਕਾ ਏ.ਐਸ.ਆਈ. ਭਗਵਾਨ ਦਾਸ ਦੀ ਪਾਣੀ 'ਚ ਰੁੜ੍ਹ ਕੇ ਮੌਤ ਹੋ ਗਈ ਹੈ। ਇਸੇ ਤਰ੍ਹਾਂ ਸੂਬੇ ਵਿਚ ਕਰੀਬ 300 ਘਰ ਨੁਕਸਾਨੇ ਗਏ ਹਨ ਜਦੋਂ ਕਿ ਨਵਾਂ ਸ਼ਹਿਰ ਤੇ ਰੋਪੜ ਵਿਚ ਕਰੀਬ 10 ਹਜ਼ਾਰ ਪੋਲਟਰੀ ਜਾਨਵਰ ਮਰੇ ਹਨ। ਪੰਜਾਬ ਦੇ ਸੱਤ ਜ਼ਿਲ੍ਹਿਆਂ ਪਟਿਆਲਾ, ਰੋਪੜ, ਸੰਗਰੂਰ, ਜਲੰਧਰ, ਫ਼ਿਰੋਜ਼ਪੁਰ, ਫਤਿਹਗੜ੍ਹ ਸਾਹਿਬ ਅਤੇ ਕਪੂਰਥਲਾ ਵਿਚ ਭਾਰਤੀ ਸੈਨਾ ਨੇ ਮੋਰਚਾ ਸੰਭਾਲਿਆ।

ਹੜ੍ਹਾਂ ਦਾ ਪਾਣੀ ਉਤਰਨ ਮਗਰੋਂ ਖੇਤਾਂ ਵਿਚ ਕਿਧਰੇ ਫਸਲ ਦਿਖਾਈ ਨਹੀਂ ਦੇ ਰਹੀ, ਜਿਸ ਕਾਰਨ ਕਿਸਾਨ ਨਿਰਾਸ਼ ਹਨ। ਕਈ ਥਾਈਂ ਪਾਣੀ ਤੇਜ ਵਹਾਅ 'ਚ ਫਸਲਾਂ ਰੋੜ ਕੇ ਲੈ ਗਿਆ ਅਤੇ ਕਿਤੇ ਫਸਲ ਦਰਿਆ ਦੇ ਪਾਣੀ ਦੀ ਗਾਰ ਹੇਠ ਦੱਬ ਗਈ ਹੈ। ਘੱਗਰ ਨੇੜਲੇ ਪਿੰਡ ਇਬਰਾਹਿਮਪੁਰ, ਪਰਾਗਪੁਰ, ਬੋਹੜਾ, ਬੋਹੜੀ ਅਤੇ ਭਾਂਖਰਪੁਰ ਦੇ ਕਿਸਾਨਾਂ ਦੀ ਸੈਂਕੜੇ ਏਕੜ ਝੋਨੇ ਦੀ ਫਸਲ ਤਬਾਹ ਹੋ ਗਈ ਹੈ। ਪਸ਼ੂਆਂ ਲਈ ਬੀਜਿਆ ਹਰਾ ਚਾਰਾ ਅਤੇ ਮੱਕੀ ਦੀ ਫਸਲ ਪੂਰੀ ਤਰ੍ਹਾਂ ਤਬਾਹ ਹੋ ਗਈ ਹੈ। ਕਿਸਾਨ ਜਥੇਬੰਦੀ ਲੱਖੋਵਾਲ ਨੇ ਸੂਬਾ ਸਰਕਾਰ ਸਮੇਤ ਕੇਂਦਰ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕੀਤੀ ਹੈ।

ਜਥੇਬੰਦੀ ਦੇ ਬਲਾਕ ਪ੍ਰਧਾਨ ਕਰਮ ਸਿੰਘ ਨੇ ਦੱਸਿਆ ਕਿ ਹੜ੍ਹ ਕਾਰਨ ਘੱਗਰ ਨਾਲ ਲਗਦੇ ਕਰੀਬ 35 ਪਿੰਡਾਂ ਦੀ ਹਜ਼ਾਰਾਂ ਏਕੜ ਝੋਨੇ ਦੀ ਫਸਲ ਸਮੇਤ ਹੋਰ ਫਸਲਾਂ ਤੇ ਸਬਜ਼ੀਆਂ ਤਬਾਹ ਹੋ ਗਈਆਂ ਹਨ। ਉਨ੍ਹਾਂ ਦੱਸਿਆ ਕਿ ਕਿਸਾਨਾਂ ਵੱਲੋਂ ਝੋਨੇ ਦੀ ਫਸਲ ਤੇ ਹੁਣ ਤੱਕ ਪ੍ਰਤੀ ਏਕੜ 10 ਤੋਂ 12 ਹਜ਼ਾਰ ਰੁਪਏ ਖਰਚ ਕੀਤੇ ਜਾ ਚੁੱਕੇ ਸਨ। ਉਨ੍ਹਾਂ ਦੱਸਿਆ ਕਿ ਤਬਾਹ ਹੋਈ ਫਸਲ ਨੂੰ ਦੁਬਾਰਾ ਲਗਾਉਣ ਲਈ ਨਾ ਤਾਂ ਕਿਸਾਨਾਂ ਕੋਲ ਪਨੀਰੀ ਮੌਜੂਦ ਹੈ ਅਤੇ ਨਾ ਹੀ ਪਾਣੀ ਦੀ ਮਾਰ ਕਾਰਨ ਉਜੜ ਚੁੱਕੇ ਖੇਤ ਇਕਸਾਰ ਹਨ। ਉਨ੍ਹਾਂ ਕਿਹਾ ਕਿ ਝੋਨੇ ਤੋਂ ਬਿਨਾਂ ਕੋਈ ਹੋਰ ਫਸਲ ਬੀਜਣ ਲਈ ਵੀ ਕਿਸਾਨਾਂ ਨੂੰ ਪਹਿਲਾਂ ਖੇਤ ਬਰਾਬਰ ਕਰਨੇ ਪੈਣਗੇ ਜਿਸ ਉੱਤੇ ਘੱਟੋ ਘੱਟ 8 ਤੋਂ 10 ਹਜ਼ਾਰ ਰੁਪਏ ਪ੍ਰਤੀ ਏਕੜ ਖਰਚ ਆਵੇਗਾ, ਇਸ ਤੋਂ ਬਾਅਦ ਬਦਲਵੀਂ ਫਸਲ ਲਗਾਉਣ ਲਈ ਖਰਚੇ ਦਾ ਬੋਝ ਵੱਖ ਤੋਂ ਪਵੇਗਾ।

ਸਰਹੱਦੀ ਪਿੰਡਾਂ 'ਚ ਹੜ੍ਹ ਦਾ ਪਾਣੀ ਘਟਿਆ ਹੈ ਪਰ ਲੋਕਾਂ ਦੀਆਂ ਮੁਸ਼ਕਲਾਂ ਅਜੇ ਵੀ ਬਰਕਰਾਰ ਹਨ। ਹੁਸੈਨੀਵਾਲਾ ਨੇੜੇ ਕਰੀਬ ਵੀਹ ਏਕੜ ਜ਼ਮੀਨ ਹੜ੍ਹ ਦਾ ਪਾਣੀ ਆਪਣੇ ਨਾਲ ਵਹਾ ਕੇ ਲੈ ਗਿਆ ਹੈ। ਅਲੀ ਕੇ ਪਿੰਡ ਦੇ ਇਕ ਗਰੀਬ ਕਿਸਾਨ ਦੀ ਕੁੱਲ ਚਾਰ ਏਕੜ ਜ਼ਮੀਨ ਦਰਿਆ ਵਿਚ ਰੁੜ੍ਹ ਗਈ ਹੈ। ਉਸ ਦੇ ਕੋਲ ਹੁਣ ਇਕ ਮਰਲਾ ਵੀ ਜ਼ਮੀਨ ਬਾਕੀ ਨਹੀਂ ਬਚੀ। ਪਿੰਡ ਚਾਂਦੀ ਵਾਲਾ ਦੇ ਵਸਨੀਕ ਅਨੂਪ ਸਿੰਘ ਤੇ ਲੱਡੂ ਸਿੰਘ ਦੀ ਸਾਢੇ ਤਿੰਨ ਏਕੜ ਜ਼ਮੀਨ 'ਚੋਂ ਡੇਢ ਏਕੜ ਸਤਲੁਜ ਵਿਚ ਰੁੜ੍ਹ ਗਈ ਹੈ। ਕਈ ਥਾਵਾਂ ਤੋਂ ਸਤਲੁਜ ਦੇ ਕਿਨਾਰੇ ਖੁਰਨ ਕਾਰਨ ਪਾਣੀ ਨੇ ਆਪਣਾ ਰੁਖ ਬਦਲ ਲਿਆ ਹੈ। ਇਹੀ ਸਥਿਤੀ ਬਸਤੀ ਰਾਮ ਲਾਲ, ਨਿਹਾਲਾ ਲਵੇਰਾ, ਮੁੱਠਿਆਂ ਵਾਲਾ ਤੇ ਨਾਲ ਲਗਦੇ ਪਿੰਡਾਂ ਵਿਚ ਹੈ।

ਮਿਲੀ ਜਾਣਕਾਰੀ ਅਨੁਸਾਰ ਹੁਸੈਨੀਵਾਲਾ ਤੋਂ ਅੱਗੇ ਗੱਟੀ ਰਾਜੋ ਕੀ ਤੇ ਨਾਲ ਲੱਗਦੇ ਇਕ ਦਰਜਨ ਤੋਂ ਵੱਧ ਪਿੰਡਾਂ ਦੇ ਕਈ ਘਰਾਂ ਵਿਚ ਹੜ੍ਹਾਂ ਦਾ ਪਾਣੀ ਅਜੇ ਤੱਕ ਖੜ੍ਹਾ ਹੈ। ਕਈ ਘਰਾਂ ਵਿਚ ਤਰੇੜਾਂ ਆ ਗਈਆਂ ਹਨ ਤੇ ਬਦਬੂ ਆਉਣੀ ਸ਼ੁਰੂ ਹੋ ਗਈ ਹੈ। ਘਰਾਂ ਅੰਦਰ ਪਿਆ ਸਾਮਾਨ ਖਰਾਬ ਹੋ ਗਿਆ ਹੈ। ਲੋਕਾਂ ਨੂੰ ਆਉਣ ਵਾਲੇ ਦਿਨਾਂ ਦੀ ਸਥਿਤੀ ਵੀ ਸਪੱਸ਼ਟ ਨਹੀਂ ਹੋ ਰਹੀ।

ਦੂਜੇ ਪਾਸੇ ਜਿਨ੍ਹਾਂ ਖੇਤਾਂ ਵਿਚੋਂ ਹੜ੍ਹਾਂ ਦਾ ਪਾਣੀ ਨਿਕਲ ਚੁੱਕਾ ਹੈ, ਉਥੇ ਕਿਸਾਨਾਂ ਨੇ ਆਪਣੀਆਂ ਜ਼ਮੀਨਾਂ ਦੁਬਾਰਾ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ, ਪਰ ਨੀਵੇਂ ਇਲਾਕਿਆਂ ਵਿਚ ਅਜੇ ਵੀ ਪਾਣੀ ਰਿਹਾ ਹੈ। ਹੜ੍ਹ ਦੇ ਪਾਣੀ ਨਾਲ ਖੇਤਾਂ ਵਿਚ ਲੱਗੀਆਂ ਮੋਟਰਾਂ ਖਰਾਬ ਹੋ ਗਈਆਂ ਹਨ।



## ਸਰਕਾਰ ਦੀ ਢਿੱਲਮੱਠ ਕਾਰਨ ਨੁਕਸਾਨ ਹੋਇਆ: ਰਾਜਾ ਵੜਿੰਗ

**ਫਤਹਿਗੜ੍ਹ ਸਾਹਿਬ:** ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕੁਦਰਤੀ ਆਫਤ ਵਿਚ ਕਿਸੇ ਦਾ ਕੋਈ ਕਸੂਰ ਨਹੀਂ ਹੈ ਪਰ ਸਰਕਾਰ ਨੂੰ ਇਸ ਆਫਤ ਨਾਲ ਨਜਿੱਠਣ ਲਈ ਪਹਿਲਾਂ ਤੋਂ ਹੀ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਸਨ ਅਤੇ ਸਰਕਾਰ ਦੇ ਅਵੇਸਲੇਪਣ ਕਾਰਨ ਅੱਜ ਪੰਜਾਬ ਵਿਚ ਕਿਸਾਨੀ ਦਾ ਵੱਡਾ ਨੁਕਸਾਨ ਹੋਇਆ ਹੈ ਅਤੇ ਕਿਸਾਨਾਂ ਦੀ ਫਸਲ ਬੁਰੀ ਤਰ੍ਹਾਂ ਤਬਾਹ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਅਣਗਹਿਲੀ ਦਾ ਮੁੱਦਾ ਵਿਧਾਨ ਸਭਾ ਵਿਚ ਉਠਾਇਆ ਜਾਵੇਗਾ। ਸਰਕਾਰ ਤੁਰਤ ਪ੍ਰਭਾਵਿਤ ਕਿਸਾਨਾਂ ਨੂੰ ਝੋਨੇ ਅਤੇ ਹੋਰ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਵੇ।

## ਸਬਜ਼ੀਆਂ ਬੀਜਣ ਵਾਲੇ ਕਿਸਾਨਾਂ ਨੂੰ ਸਭ ਤੋਂ ਵੱਧ ਮਾਰ

**ਚੰਡੀਗੜ੍ਹ:** ਸਬਜ਼ੀਆਂ ਬੀਜਣ ਵਾਲੇ ਕਿਸਾਨਾਂ ਨੂੰ ਸਭ ਤੋਂ ਵੱਧ ਨੁਕਸਾਨ ਝੱਲਣਾ ਪਿਆ ਹੈ। ਸੈਂਕੜੇ ਏਕੜ ਰਕਬੇ ਵਿਚ ਖੜ੍ਹੀ ਅਰਬੀ ਦੀ ਫਸਲ ਤਬਾਹ ਹੋ ਗਈ ਹੈ। ਪੀੜਤ ਕਿਸਾਨ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕਰ ਰਹੇ ਹਨ। ਸਰਹੱਦ ਨਾਲ ਲੱਗਦੇ ਇਨ੍ਹਾਂ ਪਿੰਡਾਂ ਵਿਚ ਨਿਮਨ ਕਿਸਾਨੀ ਦੀ ਗਿਣਤੀ ਵੱਧ ਹੈ। ਜਿਹੜੇ ਕਿਸਾਨਾਂ ਨੇ ਮਹਿੰਗੇ ਭਾਅ 'ਤੇ ਜ਼ਮੀਨਾਂ ਠੇਕੇ 'ਤੇ ਲਈਆਂ ਸਨ, ਉਹ ਹੁਣ ਚਿੰਤਾ ਵਿਚ ਹਨ। ਚਾਰਾ ਨਾ ਮਿਲਣ ਕਰਕੇ ਪਸ਼ੂ ਬਿਮਾਰ ਹੋ ਰਹੇ ਹਨ। ਬਸਤੀ ਰਾਮ ਲਾਲ ਇਲਾਕੇ ਵਿਚ ਕਈ ਪਸ਼ੂਆਂ ਦੀ ਮੌਤ ਵੀ ਹੋਈ ਹੈ, ਜਿਸ ਨਾਲ ਇਲਾਕੇ ਵਿਚ ਬਦਬੂ ਫੈਲ ਗਈ ਹੈ। ਕਿਸਾਨਾਂ ਨੇ ਦੱਸਿਆ ਕਿ ਲੋਕ ਪਸ਼ੂਆਂ ਵਾਸਤੇ ਚਾਰੇ ਦੀ ਮੰਗ ਕਰ ਰਹੇ ਹਨ, ਪਰ ਪ੍ਰਸ਼ਾਸਨ ਵੱਲੋਂ ਚਾਰਾ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ। ਕਈ ਪਸ਼ੂ ਬਿਮਾਰ ਹੋ ਗਏ ਹਨ ਜਿਨ੍ਹਾਂ ਨੂੰ ਇਲਾਜ ਦੀ ਜ਼ਰੂਰਤ ਹੈ। ਹੁਸੈਨੀਵਾਲਾ ਦੇ ਨਾਲ ਲੱਗਦੇ ਇਲਾਕਿਆਂ ਵਿਚ ਵੀ ਪਸ਼ੂਆਂ ਲਈ ਚਾਰੇ ਮੰਗ ਸਭ ਤੋਂ ਵੱਧ ਹੈ।

# ਹੜ੍ਹਾਂ ਦੀ ਮਾਰ ਪਿੱਛੋਂ ਬਿਮਾਰੀਆਂ ਫੈਲਣ ਦਾ ਖਤਰਾ ਵਧਿਆ



**ਫਰੀਦਕੋਟ:** ਹੜ੍ਹਾਂ ਦੀ ਮਾਰ ਪਿੱਛੋਂ ਬਿਮਾਰੀਆਂ ਫੈਲਣ ਦਾ ਖਤਰਾ ਵਧ ਗਿਆ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਫਰੀਦਕੋਟ, ਫਿਰੋਜ਼ਪੁਰ ਅਤੇ ਜਲੰਧਰ ਜ਼ਿਲ੍ਹਿਆਂ ਦੀ ਫੇਰੀ ਦੌਰਾਨ ਹੜ੍ਹਾਂ ਤੋਂ ਬਾਅਦ ਹੋਣ ਵਾਲੀਆਂ ਬਿਮਾਰੀਆਂ ਸਬੰਧੀ ਜ਼ਮੀਨੀ ਪੱਧਰ 'ਤੇ ਜਾਣਕਾਰੀ ਇਕੱਤਰ ਕੀਤੀ। ਉਨ੍ਹਾਂ ਕਿਹਾ ਕਿ ਬਿਮਾਰੀਆਂ ਤੋਂ ਬਚਾਅ ਲਈ ਅਗੇਤੇ ਪ੍ਰਬੰਧ ਜਰੂਰੀ ਹਨ। ਇਸ ਦੌਰਾਨ ਸਿਹਤ ਮੰਤਰੀ ਨੇ ਫਰੀਦਕੋਟ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਲੋਕਾਂ ਨੂੰ ਮੈਡੀਕਲ ਸੇਵਾਵਾਂ ਮੁਹੱਈਆ ਕਰਵਾਉਣੀਆਂ ਯਕੀਨੀ ਬਣਾਉਣ ਅਤੇ ਬਿਮਾਰੀਆਂ ਤੋਂ ਬਚਾਅ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਆਈ.ਐਮ.ਏ. ਅਤੇ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ।

ਸਿਹਤ ਮੰਤਰੀ ਨੇ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਲੋਕਾਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਸਰਕਾਰੀ ਤੇ ਗੈਰ-ਸਰਕਾਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਮੈਡੀਕਲ ਕੈਂਪ ਲਗਾ ਰਹੀ ਹੈ। ਉਨ੍ਹਾਂ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਮੈਡੀਕਲ ਸੇਵਾਵਾਂ ਤੋਂ ਇਲਾਵਾ ਰਾਸ਼ਨ ਅਤੇ ਹੋਰ ਲੋੜੀਂਦੀਆਂ ਵਸਤੂਆਂ ਮੁਹੱਈਆ ਕਰਵਾਉਣ ਦੀ ਵੀ ਅਪੀਲ ਕੀਤੀ। ਸਿਹਤ ਮੰਤਰੀ ਨੇ ਦੱਸਿਆ ਕਿ ਫ਼ਿਰੋਜ਼ਪੁਰ 'ਚ ਛੇਤੀ ਹੀ ਕੈਂਸਰ ਦੇ ਮਰੀਜ਼ਾਂ ਲਈ ਓ.ਪੀ.ਡੀ. ਸ਼ੁਰੂ ਕੀਤੀ ਜਾਵੇਗੀ ਅਤੇ ਪੀ.ਜੀ.ਆਈ. ਦੇ ਸੈਟੇਲਾਈਟ ਸੈਂਟਰ ਦਾ ਕੰਮ ਵੀ ਛੇਤੀ ਸ਼ੁਰੂ ਹੋਵੇਗਾ। ਇਸ ਦੌਰਾਨ ਗਿੱਦੜਪਿੰਡੀ ਅਤੇ ਮੰਡਾਲਾ ਛੰਨਾ ਪਹੁੰਚੇ ਡਾ. ਬਲਬੀਰ ਸਿੰਘ ਨੇ ਹੜ੍ਹਾਂ ਦੀ ਮਾਰ ਝੱਲ ਰਹੇ ਪਿੰਡਾਂ ਲਈ ਤਾਇਨਾਤ ਮੈਡੀਕਲ ਟੀਮਾਂ ਨਾਲ ਗੱਲਬਾਤ ਕਰਦਿਆਂ ਲੋਕਾਂ ਨੂੰ ਆ ਰਹੀਆਂ ਸਿਹਤ ਸਮੱਸਿਆਵਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਪਿੰਡ ਮੰਡਾਲਾ ਛੰਨਾ ਵਿੱਚ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਵੀ ਮੁਲਾਕਾਤ ਕੀਤੀ।

## ਦਿੱਲੀ ਵਿਚ ਅੱਖਾਂ ਤੇ ਚਮੜੀ ਦੇ ਰੋਗ ਫੈਲੇ

**ਦਿੱਲੀ:** ਦਿੱਲੀ ਦੇ ਸਿਹਤ ਮੰਤਰੀ ਸੌਰਭ ਭਾਰਦਵਾਜ ਨੇ ਕਿਹਾ ਕਿ ਸ਼ਹਿਰ ਦੇ ਸਾਰੇ ਸਰਕਾਰੀ ਵਿਭਾਗਾਂ ਨੂੰ ਹੜ੍ਹ ਤੋਂ ਬਾਅਦ ਦੀ ਸਥਿਤੀ ਉਤੇ ਲਗਾਤਾਰ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਇੱਥੇ ਦਿੱਲੀ ਦੇ ਸਰਕਾਰੀ ਹਸਪਤਾਲ ਦੇ ਨਿਰੀਖਣ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਇਹ ਵੀ ਕਿਹਾ ਕਿ ਦਿੱਲੀ ਦੇ ਵੱਖ-ਵੱਖ ਹਿੱਸਿਆਂ ਵਿਚ ਸਥਾਪਤ ਹੜ੍ਹ ਰਾਹਤ ਕੈਂਪਾਂ ਵਿਚੋਂ ਵੱਡੀ ਗਿਣਤੀ ਵਿਚ ਅੱਖਾਂ ਅਤੇ ਚਮੜੀ ਦੀ ਐਲਰਜੀ ਦੇ ਕੇਸ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪੂਰਬੀ ਦਿੱਲੀ ਅਤੇ ਉੱਤਰ-ਪੂਰਬੀ ਦਿੱਲੀ ਹੜ੍ਹਾਂ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।

## ਹੜ੍ਹ ਪ੍ਰਭਾਵਿਤ ਖੇਤਰ ਵਿਚ ਪੇਚਸ਼ ਕਾਰਨ ਬੱਚੇ ਦੀ ਮੌਤ

**ਪਟਿਆਲਾ:** ਪਟਿਆਲਾ ਸ਼ਹਿਰ ਦੇ ਅਰਬਨ ਅਸਟੇਟ ਤੇ ਹੋਰ ਸ਼ਹਿਰੀ ਖੇਤਰਾਂ ਵਿਚ ਹੜ੍ਹਾਂ ਦੀ ਮਾਰ ਝੱਲਣ ਵਾਲੇ ਲੋਕ ਹੁਣ ਪੀਣ ਲਈ ਸਾਫ ਪਾਣੀ ਦੀ ਕਿੱਲਤ ਹੋਣ ਕਾਰਨ ਪੇਟ ਦੀਆਂ ਬਿਮਾਰੀਆਂ ਦੀ ਲਪੇਟ ਵਿਚ ਆਉਣ ਲੱਗ ਪਏ ਹਨ। ਸਥਾਨਕ ਹੀਰਾ ਬਾਗ ਵਿਚ ਪੇਚਸ਼ ਕਾਰਨ ਇਕ ਬੱਚੇ ਦੀ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਅਭਿਜੋਤ (9) ਵਜੋਂ ਹੋਈ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਪੀਣ ਵਾਲੇ ਪਾਣੀ ਦੀ ਸੇਵਾ ਕਰਨ ਵਾਲੀਆਂ ਸਮੂਹ ਧਿਰਾਂ ਨੂੰ ਨਿਰਧਾਰਤ ਮਾਪਦੰਡਾਂ ਅਤੇ ਹਦਾਇਤਾਂ ਦੀ ਪਾਲਣਾ ਕਰਨ ਦੀ ਸਖਤ ਹਦਾਇਤ ਕੀਤੀ ਹੈ।

## ਬਿਜਲੀ ਤੇ ਪਾਣੀ ਸਪਲਾਈ ਬਹਾਲ ਕਰਨ ਲਈ ਕੰਮ ਸ਼ੁਰੂ ਕੀਤੇ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਦੇ ਹੜ੍ਹ ਦੀ ਮਾਰ ਹੇਠ ਆਏ ਕਈ ਖੇਤਰਾਂ ਵਿਚ ਪਾਣੀ ਘੱਟ ਹੋਣ ਤੋਂ ਬਾਅਦ ਬਿਜਲੀ ਦੀ ਬਹਾਲੀ ਤੇ ਨਿਯਮਤ ਪੀਣ ਵਾਲੇ ਪਾਣੀ ਦੀ ਸਪਲਾਈ ਦੇਣ ਅਤੇ ਨੁਕਸਾਨੇ ਗਏ ਬੁਨਿਆਦੀ ਢਾਂਚੇ ਦੀ ਮੁਰੰਮਤ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਅਜੇ ਵੀ ਪੰਜਾਬ ਦੇ ਸੰਗਰੂਰ ਅਤੇ ਪਟਿਆਲਾ ਜ਼ਿਲ੍ਹਿਆਂ ਸਮੇਤ ਕਈ ਥਾਵਾਂ 'ਤੇ ਰਾਹਤ ਕਾਰਜ ਜਾਰੀ ਹਨ ਅਤੇ ਘੱਗਰ ਨਾਲ ਟੁੱਟੇ ਬੰਨ੍ਹਾਂ ਨੂੰ ਪੂਰਨ ਦੇ ਯਤਨ ਕੀਤੇ ਜਾ ਰਹੇ ਹਨ। ਪੰਜਾਬ ਅਤੇ ਹਰਿਆਣਾ ਦੇ ਕਈ ਜ਼ਿਲ੍ਹਿਆਂ ਵਿਚ ਪਿਛਲੇ ਹਫਤੇ ਪਏ ਭਾਰੀ ਮੀਂਹ ਕਾਰਨ ਆਮ ਜਨਜੀਵਨ ਪ੍ਰਭਾਵਿਤ ਹੋ ਗਿਆ ਹੈ ਅਤੇ ਰਿਹਾਇਸ਼ੀ ਅਤੇ ਵਾਹੀਯੋਗ ਜ਼ਮੀਨਾਂ ਦੇ ਵੱਡੇ ਹਿੱਸੇ ਹੜ੍ਹ ਦੀ ਮਾਰ ਹੇਠ ਆ ਗਏ ਹਨ।

# ਹੜ੍ਹਾਂ ਕਾਰਨ ਪੰਜਾਬ ਤੇ ਹਰਿਆਣਾ ਵਿਚ 60 ਤੋਂ ਵੱਧ ਮੌਤਾਂ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਦੇ ਪ੍ਰਭਾਵਿਤ ਖੇਤਰਾਂ ਵਿਚ ਰਾਹਤ ਕਾਰਜ ਜਾਰੀ ਹਨ ਪਰ ਇਸ ਦੌਰਾਨ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਫੈਲਣ ਦਾ ਖਦਸ਼ਾ ਹੈ। ਹੜ੍ਹਾਂ ਕਾਰਨ ਦੋਵਾਂ ਸੂਬਿਆਂ ਵਿਚ ਹੁਣ ਤੱਕ 60 ਮੌਤਾਂ ਹੋ ਚੁੱਕੀਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਪਾਣੀ ਜਮ੍ਹਾਂ ਹੋਣ ਨਾਲ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਖਤਰੇ ਨੂੰ ਦੇਖਦੇ ਹੋਏ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਅਜਿਹੇ ਕਿਸੇ ਵੀ ਸੰਕਟ ਨੂੰ ਰੋਕਣ ਲਈ ਢੁਕਵੇਂ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਗਏ ਹਨ। ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਮੈਡੀਕਲ ਕੈਂਪ ਲਗਾਏ ਗਏ ਹਨ ਅਤੇ ਲੋਕਾਂ ਨੂੰ ਦਵਾਈਆਂ ਵੰਡੀਆਂ ਜਾ ਰਹੀਆਂ ਹਨ। ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿਚ ਮੀਂਹ ਨਾਲ ਸਬੰਧਤ ਘਟਨਾਵਾਂ ਵਿਚ 29 ਲੋਕਾਂ ਦੀ ਮੌਤ ਹੋ ਚੁੱਕੀ ਹੈ ਜਦਕਿ ਹਰਿਆਣਾ ਵਿਚ ਮਰਨ ਵਾਲਿਆਂ ਦੀ ਗਿਣਤੀ 26 ਹੈ। ਪੰਜਾਬ ਦੇ ਵੱਖ-ਵੱਖ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿਚ ਪਾਣੀ ਨਾਲ ਭਰੇ ਇਲਾਕਿਆਂ ਵਿਚੋਂ 25,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਗੁਆਂਢੀ ਸੂਬੇ ਹਰਿਆਣਾ 'ਚ 5300 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ। ਪੰਜਾਬ ਦੇ 14 ਜ਼ਿਲ੍ਹੇ ਪਟਿਆਲਾ, ਮੋਗਾ, ਲੁਧਿਆਣਾ, ਮੁਹਾਲੀ, ਜਲੰਧਰ, ਸੰਗਰੂਰ, ਪਠਾਨਕੋਟ, ਤਰਨਤਾਰਨ, ਫਿਰੋਜ਼ਪੁਰ, ਫਤਿਹਗੜ੍ਹ ਸਾਹਿਬ, ਫਰੀਦਕੋਟ, ਹੁਸ਼ਿਆਰਪੁਰ, ਰੂਪਨਗਰ ਅਤੇ ਸ਼ਹੀਦ ਭਗਤ ਸਿੰਘ ਨਗਰ ਪ੍ਰਭਾਵਿਤ ਹੋਏ ਹਨ।


ਸੂਬਾ ਸਰਕਾਰ ਵੱਲੋਂ ਚਲਾਏ ਗਏ ਰਾਹਤ ਕਾਰਜ ਦੌਰਾਨ 26,191 ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਸੂਬੇ ਵਿਚ ਕੁੱਲ 148 ਰਾਹਤ ਕੈਂਪ ਹਨ, ਜਿਨ੍ਹਾਂ ਵਿਚ 3731 ਲੋਕ ਠਹਿਰੇ ਹੋਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ 15 ਜ਼ਿਲ੍ਹਿਆਂ ਦੇ 1414 ਪਿੰਡ ਹਾਲੇ ਵੀ ਹੜ੍ਹਾਂ ਤੋਂ ਪ੍ਰਭਾਵਿਤ ਹਨ। ਇਨ੍ਹਾਂ ਵਿਚ ਤਰਨ ਤਾਰਨ, ਫਿਰੋਜ਼ਪੁਰ, ਫਤਿਹਗੜ੍ਹ ਸਾਹਿਬ, ਫਰੀਦਕੋਟ, ਹੁਸ਼ਿਆਰਪੁਰ, ਰੂਪਨਗਰ, ਪਟਿਆਲਾ, ਮੋਗਾ, ਲੁਧਿਆਣਾ, ਮੁਹਾਲੀ, ਐੱਸ.ਬੀ.ਐੱਸ. ਨਗਰ, ਫਾਜ਼ਿਲਕਾ, ਜਲੰਧਰ, ਕਪੂਰਥਲਾ ਅਤੇ ਸੰਗਰੂਰ ਜ਼ਿਲ੍ਹੇ ਸ਼ਾਮਲ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਵਿਚ ਹੜ੍ਹਾਂ ਕਾਰਨ 32 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਤਿੰਨ ਜਣੇ ਲਾਪਤਾ ਹਨ। ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਡਰਾਈ ਫੂਡ ਦੇ ਪੈਕੇਟ ਵੰਡੇ ਜਾ ਰਹੇ ਹਨ। ਰੂਪਨਗਰ 'ਚ 21,025, ਪਟਿਆਲਾ 'ਚ 59,000, ਮੁਹਾਲੀ 'ਚ 3600, ਨਵਾਂਸ਼ਹਿਰ 'ਚ 5700 ਤੇ ਫਤਹਿਗੜ੍ਹ ਸਾਹਿਬ 'ਚ 2200 ਤੋਂ ਵੱਧ ਪੈਕੇਟ ਵੰਡੇ ਜਾ ਚੁੱਕੇ ਹਨ।



## ਹੜ੍ਹ ਪ੍ਰਭਾਵਿਤ ਖੇਤਰਾਂ 'ਚ ਰਾਹਤ ਕਾਰਜ ਜ਼ੋਰਾਂ 'ਤੇ

**ਚੰਡੀਗੜ੍ਹ:** ਪੰਜਾਬ ਵਿਚ ਹੜ੍ਹ ਪ੍ਰਭਾਵਿਤ ਖੇਤਰਾਂ ਵਿਚੋਂ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਯਤਨਸ਼ੀਲ ਹੈ। ਇਸ ਦੌਰਾਨ ਵੱਡੀ ਗਿਣਤੀ 'ਚ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਸਿਹਤ ਵਿਭਾਗ ਦੀਆਂ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ 24 ਘੰਟੇ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਸੂਬੇ 'ਚ 316 ਰੈਪਿਡ ਰਿਸਪਾਂਸ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਤਾਇਨਾਤ ਹਨ ਅਤੇ 189 ਮੈਡੀਕਲ ਕੈਂਪ ਲਗਾ ਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ।

# ਕਰਾਚੀ ਦਾ 150 ਸਾਲ ਪੁਰਾਣਾ ਮੰਦਰ ਢਾਹਿਆ



**ਕਰਾਚੀ:** ਇਥੇ ਲਗਭਗ 150 ਸਾਲ ਪੁਰਾਣੇ ਮੰਦਰ ਨੂੰ ਅਸੁਰੱਖਿਅਤ ਐਲਾਨਦੇ ਹੋਏ ਢਾਹ ਦਿੱਤਾ ਗਿਆ। ਇਸ ਘਟਨਾ ਕਾਰਨ ਹਿੰਦੂ ਭਾਈਚਾਰਾ ਸਦਮੇ ਵਿਚ ਹੈ। ਵੇਰਵਿਆਂ ਅਨੁਸਾਰ ਇਥੋਂ ਦੇ ਸੋਲਜਰ ਬਾਜ਼ਾਰ ਵਿਚ ਮਾੜੀ ਮਾਤਾ ਮੰਦਰ ਨੂੰ ਪੁਲਿਸ ਬਲ ਦੀ ਮੌਜੂਦਗੀ ਵਿਚ ਬੁਲਡੋਜ਼ਰਾਂ ਨਾਲ ਢਾਹ ਦਿੱਤਾ ਗਿਆ। ਇਲਾਕੇ ਦੇ ਮੰਦਰਾਂ, ਜਿਨ੍ਹਾਂ ਵਿਚ ਸ੍ਰੀ ਪੰਚ ਮੁਖੀ ਹਨੂੰਮਾਨ ਮੰਦਰ ਵੀ ਸ਼ਾਮਲ ਹੈ, ਦੀ ਦੇਖਭਾਲ ਕਰਨ ਵਾਲੇ ਰਾਮ ਨਾਥ ਮਿਸ਼ਰਾ ਮਹਾਰਾਜ ਨੇ ਕਿਹਾ ਕਿ ਮੰਦਰ ਨੂੰ ਢਾਹੁਣ ਦੀ ਕਾਰਵਾਈ ਨੂੰ ਤੜਕੇ ਅੰਜਾਮ ਦਿੱਤਾ ਗਿਆ ਤੇ ਸਾਨੂੰ ਇਸ ਬਾਰੇ ਜਾਣਕਾਰੀ ਵੀ ਨਹੀਂ ਦਿੱਤੀ ਗਈ।

ਉਨ੍ਹਾਂ ਦੱਸਿਆ ਮੰਦਰ ਦੀ ਬਾਹਰਲੀ ਕੰਧ ਤੇ ਮੁੱਖ ਗੇਟ ਨੂੰ ਨੁਕਸਾਨ ਨਹੀਂ ਪਹੁੰਚਾਇਆ ਗਿਆ ਤੇ ਅੰਦਰਲੇ ਹਿੱਸਾ ਨੂੰ ਢਾਹ ਦਿੱਤਾ ਗਿਆ। ਮਿਸ਼ਰਾ ਅਨੁਸਾਰ ਇਹ ਮੰਦਰ 150 ਸਾਲ ਪਹਿਲਾਂ ਉਸਾਰਿਆ ਗਿਆ ਸੀ ਤੇ ਇਸ ਦੇ ਵਿਹੜੇ ਹੇਠ ਖਜਾਨਾ ਵੀ ਦੱਬਿਆ ਹੋਇਆ ਹੈ। ਇਹ ਮੰਦਰ 400-500 ਵਰਗ ਗਜ ਰਕਬੇ 'ਤੇ ਉਸਾਰਿਆ ਗਿਆ ਸੀ ਤੇ ਪਿਛਲੇ ਕੁਝ ਸਾਲਾਂ ਤੋਂ ਇਸ ਜਮੀਨ 'ਤੇ ਭੂ-ਮਾਫੀਆ ਦੀ ਨਜ਼ਰ ਸੀ। ਸਥਾਨਕ ਥਾਣੇ ਦੇ ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸਬੰਧਤ ਅਥਾਰਿਟੀ ਨੇ ਇਸ ਪ੍ਰਚੀਨ ਮੰਦਰ ਨੂੰ ਅਸੁਰੱਖਿਅਤ ਐਲਾਨਿਆ ਸੀ ਜਿਸ ਕਾਰਨ ਇਸ ਨੂੰ ਢਾਹ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮੰਦਰ ਦੀ ਦੇਖਰੇਖ ਕਰਨ ਵਾਲੇ ਕਰਾਚੀ ਦੇ ਮਦਰਾਸੀ ਹਿੰਦੂ ਭਾਈਚਾਰੇ ਨੇ ਵੀ ਮੰਨ ਲਿਆ ਸੀ ਕਿ ਮੰਦਰ ਕਾਫੀ ਪੁਰਾਣਾ ਤੇ ਅਸੁਰੱਖਿਅਤ ਹੈ। ਮੰਦਰ ਦੇ ਪ੍ਰਬੰਧਕਾਂ ਨੇ ਮੂਰਤੀਆਂ ਨੂੰ ਆਰਜ਼ੀ ਤੌਰ 'ਤੇ ਇਕ ਕਮਰੇ ਵਿਚ ਸ਼ਿਫਟ ਕਰ ਦਿੱਤਾ ਸੀ। ਇਸੇ ਦੌਰਾਨ ਇਲਾਕੇ ਦੇ ਹਿੰਦੂ ਆਗੂ ਰਾਮੇਸ਼ ਨੇ ਦੋਸ਼ ਲਾਇਆ ਕਿ ਮੰਦਰ ਦੇ ਪ੍ਰਬੰਧਕਾਂ 'ਤੇ ਪਿਛਲੇ ਕੁਝ ਸਮੇਂ ਤੋਂ ਜਮੀਨ ਨੂੰ ਖਾਲੀ ਕਰਨ ਲਈ ਦਬਾਅ ਪਾਇਆ ਜਾ ਰਿਹਾ ਸੀ ਤੇ ਹੁਣ ਜਾਅਲੀ ਦਸਤਾਵੇਜ਼ਾਂ ਰਾਹੀਂ ਜਮੀਨ ਨੂੰ ਇਕ ਡਿਵੈਲਪਰ ਨੂੰ ਵੇਚ ਦਿੱਤਾ ਗਿਆ ਹੈ ਜੋ ਇਥੇ ਕਮਰਸ਼ੀਅਲ ਇਮਾਰਤ ਉਸਾਰਨਾ ਚਾਹੁੰਦਾ ਹੈ। ਇਸੇ ਦੌਰਾਨ ਪਾਕਿਸਤਾਨ-ਹਿੰਦੂ ਕਾਊਂਸਿਲ ਨੇ ਸਿੰਧ ਦੇ ਮੁੱਖ ਮੰਤਰੀ ਸਈਦ ਮੁਰਾਦ ਅਲੀ ਸ਼ਾਹ ਤੇ ਸਿੰਧ ਪੁਲਿਸ ਦੇ ਇੰਸਪੈਕਟਰ-ਜਨਰਲ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਬਾਰੇ ਗੰਭੀਰਤਾ ਨਾਲ ਨੋਟਿਸ ਲਿਆ ਜਾਵੇ ਤੇ ਛੇਤੀ ਹੀ ਕਾਰਵਾਈ ਕੀਤੀ ਜਾਵੇ।

## ਹਿੰਦੂ ਮੰਦਰ 'ਤੇ ਰਾਕੇਟ ਲਾਂਚਰਾਂ ਨਾਲ ਹਮਲਾ

**ਕਰਾਚੀ:** ਪਾਕਿਸਤਾਨ ਦੇ ਸਿੰਧ ਸੂਬੇ ਵਿਚ ਹਿੰਦੂ ਮੰਦਰ 'ਤੇ ਰਾਕੇਟ ਲਾਂਚਰਾਂ ਨਾਲ ਹਮਲਾ ਕਰ ਦਿੱਤਾ। ਹਫਤੇ ਵਿਚ ਮੰਦਰਾਂ ਦੀ ਭੰਨ-ਤੋੜ ਦੀ ਇਹ ਦੂਜੀ ਘਟਨਾ ਹੈ। ਹਮਲਾਵਰਾਂ ਵੱਲੋਂ ਇਹ ਹਮਲਾ ਸਿੰਧ ਸੂਬੇ ਦੇ ਕਾਸ਼ਮੋਰ ਖੇਤਰ ਵਿਚ ਕੀਤਾ ਗਿਆ। ਇਸ ਦੇ ਨਾਲ ਹੀ ਘੱਟ ਗਿਣਤੀ ਹਿੰਦੂ ਭਾਈਚਾਰੇ ਨਾਲ ਸਬੰਧਤ ਲੋਕਾਂ ਦੇ ਘਰ ਹਨ। ਹਮਲਾਵਰਾਂ ਵੱਲੋਂ ਬਿਨਾਂ ਭੜਕਾਹਟ ਦੇ ਮੰਦਰ 'ਤੇ ਗੋਲਾਬਾਰੀ ਕੀਤੀ ਗਈ। ਇਸ ਦੀ ਸੂਚਨਾ ਮਿਲਦਿਆਂ ਹੀ ਕਾਸ਼ਮੋਰ-ਕੰਧਕੋਟ ਦੇ ਐਸ.ਐਸ.ਪੀ. ਇਰਫਾਨ ਸਾਮੋ ਪੁਲਿਸ ਪਾਰਟੀ ਨਾਲ ਘਟਨਾ ਸਥਾਨ 'ਤੇ ਪਹੁੰਚੇ। ਉਨ੍ਹਾਂ ਕਿਹਾ ਕਿ ਅੱਠ-ਨੌਂ ਹਥਿਆਰਬੰਦ ਵਿਅਕਤੀਆਂ ਵੱਲੋਂ ਹਮਲਾ ਕੀਤਾ ਗਿਆ ਜਿਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ। ਇਹ ਮੰਦਰ ਬਾਗਰੀ ਫਿਰਕੇ ਨਾਲ ਸਬੰਧਤ ਹੈ। ਇਸ ਫਿਰਕੇ ਦੇ ਡਾ. ਸੁਰੇਸ਼ ਨੇ ਕਿਹਾ ਕਿ ਡਾਕੂਆਂ ਵੱਲੋਂ ਦਾਗੇ ਗਏ ਰਾਕੇਟ ਲਾਂਚਰ ਫਟੇ ਨਹੀਂ ਜਿਸ ਕਾਰਨ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ।

# ਅਮਿਤ ਸ਼ਾਹ ਦੀ ਨਿਗਰਾਨੀ ਹੇਠ ਡੇਢ ਲੱਖ ਕਿਲੋ ਨਸ਼ੀਲੇ ਪਦਾਰਥ ਨਸ਼ਟ



**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਵਰਚੁਅਲ ਮੌਜੂਦਗੀ ਵਿਚ ਦੇਸ ਦੇ ਵੱਖ-ਵੱਖ ਹਿੱਸਿਆਂ ਵਿਚ 2,381 ਕਰੋੜ ਰੁਪਏ ਦੀ 1.40 ਲੱਖ ਕਿਲੋਗ੍ਰਾਮ ਤੋਂ ਵੱਧ ਨਸ਼ੀਲੇ ਪਦਾਰਥ ਨਸ਼ਟ ਕੀਤੇ ਗਏ। ਅਧਿਕਾਰੀਆਂ ਨੇ ਦੱਸਿਆ ਕਿ ਨਸ਼ਟ ਕੀਤੇ ਨਸ਼ੀਲੇ ਪਦਾਰਥਾਂ ਵਿਚ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ.ਸੀ.ਬੀ.) ਦੀ ਹੈਦਰਾਬਾਦ ਯੂਨਿਟ ਦੁਆਰਾ ਜ਼ਬਤ 6,590 ਕਿਲੋਗ੍ਰਾਮ, ਇੰਦੌਰ ਯੂਨਿਟ ਦੁਆਰਾ ਜ਼ਬਤ 822 ਕਿਲੋਗ੍ਰਾਮ ਅਤੇ ਜੰਮੂ ਯੂਨਿਟ ਦੁਆਰਾ 356 ਕਿਲੋਗ੍ਰਾਮ ਸ਼ਾਮਲ ਹਨ। ਇਸ ਤੋਂ ਇਲਾਵਾ ਵੱਖ-ਵੱਖ ਰਾਜਾਂ ਦੀਆਂ ਵੱਖ-ਵੱਖ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਵੀ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕੀਤਾ। ਮੱਧ ਪ੍ਰਦੇਸ ਵਿਚ 1,03,884 ਕਿਲੋਗ੍ਰਾਮ, ਅਸਾਮ ਵਿਚ 1,486 ਕਿਲੋਗ੍ਰਾਮ, ਚੰਡੀਗੜ੍ਹ ਵਿਚ 229 ਕਿਲੋਗ੍ਰਾਮ, ਗੋਆ ਵਿਚ 25 ਕਿਲੋਗ੍ਰਾਮ, ਗੁਜਰਾਤ ਵਿਚ 4,277 ਕਿਲੋਗ੍ਰਾਮ, ਹਰਿਆਣਾ ਵਿਚ 2,458 ਕਿਲੋਗ੍ਰਾਮ, ਜੰਮੂ-ਕਸ਼ਮੀਰ ਵਿਚ 4,069 ਕਿਲੋ, ਮਹਾਰਾਸ਼ਟਰ ਵਿਚ 159 ਕਿਲੋ, ਤ੍ਰਿਪੁਰਾ ਵਿਚ 1,803 ਕਿਲੋ ਅਤੇ ਉੱਤਰ ਪ੍ਰਦੇਸ ਵਿਚ 4,049 ਕਿਲੋਗ੍ਰਾਮ ਨਸ਼ੀਲੇ ਪਦਾਰਥ ਨਸ਼ਟ ਕੀਤੇ ਗਏ। ਇਸ ਨਾਲ ਸਿਰਫ ਇਕ ਸਾਲ ਵਿਚ ਨਸ਼ਟ ਕੀਤੇ ਨਸ਼ਿਆਂ ਦੀ ਕੁੱਲ ਮਾਤਰਾ 12,000 ਕਰੋੜ ਰੁਪਏ ਦੀ ਕੀਮਤ ਦੇ ਨਾਲ ਲਗਭਗ 10 ਲੱਖ ਕਿਲੋਗ੍ਰਾਮ ਤੱਕ ਪਹੁੰਚ ਗਈ ਹੈ। ਪਹਿਲੀ ਜੂਨ 2022 ਤੋਂ 15 ਜੁਲਾਈ 2023 ਤੱਕ ਐਨ.ਸੀ.ਸੀ. ਦੀਆਂ ਖੇਤਰੀ ਇਕਾਈਆਂ ਅਤੇ ਰਾਜਾਂ ਦੀਆਂ ਨਸ਼ੀਲੇ ਪਦਾਰਥ ਵਿਰੋਧੀ ਟਾਸਕ ਫੋਰਸਾਂ ਨੇ ਸਮੂਹਿਕ ਤੌਰ ਉਤੇ 9,580 ਕਰੋੜ ਰੁਪਏ ਦੀ ਕੀਮਤ ਦੇ 8,76,554 (8.76 ਲੱਖ) ਕਿਲੋਗ੍ਰਾਮ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕੀਤਾ।

# ਭਾਰਤ ਵੱਲੋਂ ਨੇਪਾਲ 'ਚ ਹਸਪਤਾਲਾਂ ਤੇ ਸਕੂਲਾਂ ਨੂੰ ਵਾਹਨ ਭੇਟ

**ਕਾਠਮੰਡੂ:** ਭਾਰਤ ਨੇ ਨੇਪਾਲ 'ਚ ਸਿਹਤ ਅਤੇ ਸਿੱਖਿਆ ਖੇਤਰਾਂ 'ਚ ਕਾਰਜਸ਼ੀਲ ਵੱਖ-ਵੱਖ ਸੰਸਥਾਵਾਂ ਨੂੰ 84 ਵਾਹਨ ਤੋਹਫੇ ਵਜੋਂ ਦਿੱਤੇ ਹਨ। ਨੇਪਾਲ ਸਥਿਤ ਭਾਰਤੀ ਸਫ਼ਾਰਤਖ਼ਾਨੇ ਵੱਲੋਂ ਇਹ ਜਾਣਕਾਰੀ ਦਿੱਤੀ ਗਈ। ਭਾਰਤੀ ਸਫੀਰ ਨਵੀਨ ਸ੍ਰੀਵਾਸਤਵ ਨੇ ਇੱਥੇ ਸਿੱਖਿਆ, ਵਿਗਿਆਨ ਤੇ ਤਕਨੀਕ ਮੰਤਰੀ ਅਸ਼ੋਕ ਕੁਮਾਰ ਰਾਏ ਦੀ ਹਾਜਰੀ ਵਿਚ 34 ਐਂਬੂਲੈਂਸਾਂ ਅਤੇ 50 ਸਕੂਲ ਬੱਸਾਂ ਦੀਆਂ ਚਾਬੀਆਂ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਸੌਂਪੀਆਂ।

ਸ੍ਰੀਵਾਸਤਵ ਨੇ ਕਿਹਾ, ''ਭਾਰਤ ਸਰਕਾਰ ਵੱਲੋਂ ਨੇਪਾਲ-ਭਾਰਤ ਵਿਕਾਸ ਭਾਈਵਾਲੀ ਪ੍ਰੋਗਰਾਮ (ਐਨ.ਆਈ.ਡੀ.ਪੀ.ਪੀ.) ਤਹਿਤ ਨੇਪਾਲ ਸਰਕਾਰ ਦੀਆਂ ਸਿਹਤ ਅਤੇ ਸਿੱਖਿਆ ਖੇਤਰ 'ਚ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਹੁਲਾਰਾ ਦੇਣ ਲਈ ਵਾਹਨ ਤੋਹਫੇ ਵਜੋਂ ਦੇਣ ਦੀ ਲੰਮੇ ਸਮੇਂ ਤੋਂ ਰਵਾਇਤ ਹੈ।''



ਵਾਹਨ ਭੇਟ ਕਰਨ ਲਈ ਕਰਵਾਏ ਸਮਾਗਮ 'ਚ ਵੱਖ-ਵੱਖ ਨਗਰਪਾਲਿਕਾਵਾਂ ਦੇ ਮੇਅਰਾਂ ਤੇ ਚੇਅਰਪਰਸਨਾਂ ਤੋਂ ਇਲਾਵਾ ਲਾਭਪਾਤਰੀ ਸੰਸਥਾਵਾਂ ਦੇ ਨੁਮਾਇੰਦੇ ਹਾਜਰ ਸਨ। ਇਸ ਮੌਕੇ ਭਾਰਤੀ ਸਫੀਰ ਨੇ ਕਿਹਾ, ''ਇਹ ਭਾਰਤ ਅਤੇ ਨੇਪਾਲ ਵਿਚਾਲੇ ਠੋਸ ਅਤੇ ਮਜ਼ਬੂਤ ਵਿਕਾਸ ਭਾਈਵਾਲੀ ਦਾ ਹਿੱਸਾ ਹੈ ਜਿਸ ਦਾ ਲੰਮਾ ਇਤਿਹਾਸ ਅਤੇ ਵਿਰਾਸਤ ਹੈ।''

ਇਸ ਦੌਰਾਨ ਨੇਪਾਲ ਦੇ ਸਿੱਖਿਆ ਮੰਤਰੀ ਰਾਏ ਨੇ ਨੇਪਾਲ ਵਿਚ ਭਾਰਤ ਸਰਕਾਰ ਵੱਲੋਂ ਚੱਲ ਰਹੇ ਵੱਖ-ਵੱਖ ਪ੍ਰੋਜੈਕਟਾਂ ਦੀ ਸ਼ਲਾਘਾ ਕੀਤੀ ਅਤੇ ਆਸ ਪ੍ਰਗਟਾਈ ਕਿ ਇਹ ਮਦਦ ਦੋਵਾਂ ਦੇਸ਼ਾਂ ਵਿਚਾਲੇ ਦੁਵੱਲੇ ਰਿਸ਼ਤਿਆਂ ਅਤੇ ਲੋਕਾਂ ਵਿਚਾਲੇ ਤਾਲਮੇਲ ਨੂੰ ਲਗਾਤਾਰ ਮਜ਼ਬੂਤ ਬਣਾਉਂਦੀ ਰਹੇਗੀ। ਉਨ੍ਹਾਂ ਨੇ ਨੇਪਾਲ ਵਿਚ ਭਾਰਤ ਸਰਕਾਰ ਵੱਲੋਂ ਸਕੂਲਾਂ ਤੇ ਸਿਹਤ ਸੇਵਾਵਾਂ ਲਈ ਮਦਦ ਦੇਣ ਦੀ ਸ਼ਲਾਘਾ ਕੀਤੀ। ਦੱਸਣਯੋਗ ਹੈ ਕਿ ਭਾਰਤ 1994 ਤੋਂ ਹੁਣ ਤੱਕ ਨੇਪਾਲ ਵਿਚ ਵੱਖ-ਵੱਖ ਸਿਹਤ ਤੇ ਸਿੱਖਿਆ ਸੰਸਥਾਵਾਂ ਨੂੰ 974 ਐਂਬੂਲੈਂਸਾਂ ਅਤੇ 234 ਸਕੂਲ ਵਾਹਨ ਭੇਟ ਕਰ ਚੁੱਕਾ ਹੈ।

## ਹਰਿਆਣਾ ਨੂੰ ਚੰਡੀਗੜ੍ਹ 'ਚ ਜਮੀਨ ਦੇਣ ਦਾ ਸੋਮ ਪ੍ਰਕਾਸ਼ ਵੱਲੋਂ ਵਿਰੋਧ

**ਤਲਵਾੜਾ:** ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਇਥੇ ਹਰਿਆਣਾ ਨੂੰ ਚੰਡੀਗੜ੍ਹ ਵਿਚ ਵਿਧਾਨ ਸਭਾ ਲਈ ਜ਼ਮੀਨ ਦੇਣ ਦਾ ਨਿੱਜੀ ਤੌਰ 'ਤੇ ਵਿਰੋਧ ਕੀਤਾ ਹੈ। ਹਾਲਾਂਕਿ ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਪੱਧਰ 'ਤੇ ਇਸ ਮੁੱਦੇ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਕੇਂਦਰੀ ਮੰਤਰੀ ਆਗਾਮੀ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਦੇ ਮੱਦੇਨਜ਼ਰ ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਨਾਲ ਮੀਟਿੰਗ ਕਰਨ ਲਈ ਇਥੇ ਪਹੁੰਚੇ ਸਨ। ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਕੇਂਦਰੀ ਰਾਜ ਮੰਤਰੀ ਨੇ ਕਿਹਾ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਹੜ੍ਹਾਂ ਦੀ ਮਾਰ ਹੇਠ ਹਨ। ਇਹ ਇਕ ਕੁਦਰਤੀ ਆਫਤ ਹੈ ਤੇ ਕੇਂਦਰ ਸਰਕਾਰ ਪੀੜਤਾਂ ਦੀ ਹਰ ਸੰਭਵ ਮਦਦ ਕਰ ਰਹੀ ਹੈ।

# ਪ੍ਰੇਮੀ ਨਾਲ ਰਹਿਣ ਭਾਰਤ ਆਈ ਪਾਕਿਸਤਾਨੀ ਔਰਤ ਦਾ ਬਾਈਕਾਟ

**ਕਰਾਚੀ:** ਆਪਣੇ ਚਾਰ ਬੱਚਿਆਂ ਨਾਲ ਚੋਰੀ ਭਾਰਤ ਆਈ ਪਾਕਿਸਤਾਨੀ ਮਹਿਲਾ ਸੀਮਾ ਗੁਲਾਮ ਹੈਦਰ ਦਾ ਉਸ ਦੇ ਪਰਿਵਾਰ ਤੇ ਗੁਆਂਢੀਆਂ ਨੇ ਬਾਈਕਾਟ ਕਰ ਦਿੱਤਾ ਹੈ। ਉਹ ਭਾਰਤ ਵਿਚ ਇਕ ਹਿੰਦੂ ਵਿਅਕਤੀ ਨਾਲ ਰਹਿਣ ਆਈ ਹੈ ਜਿਸ ਨਾਲ ਉਸ ਦੀ ਆਨਲਾਈਨ ਗੇਮ ਦੌਰਾਨ ਦੋਸਤੀ ਹੋਈ ਸੀ। ਸੀਮਾ ਗੁਲਾਮ ਹੈਦਰ ਤੇ ਸਚਿਨ ਮੀਣਾ 2019 ਵਿਚ ਪਬਜੀ ਖੇਡਣ ਦੌਰਾਨ ਇਕ ਦੂਜੇ ਦੇ ਸੰਪਰਕ ਵਿਚ ਆਏ ਸਨ ਅਤੇ ਇਸ ਮਗਰੋਂ ਪ੍ਰੇਮ ਕਹਾਣੀ ਸ਼ੁਰੂ ਹੋ ਗਈ।

ਉਤਰ ਪ੍ਰਦੇਸ਼ ਪੁਲਿਸ ਮੁਤਾਬਕ ਸੀਮਾ (30) ਤੇ ਸਚਿਨ ਮੀਣਾ (22) ਦਿੱਲੀ ਨੇੜੇ ਗ੍ਰੇਟਰ ਨੋਇਡਾ ਦੇ ਰਬੂਪੁਰਾ ਇਲਾਕੇ ਵਿਚ ਰਹਿੰਦੇ ਹਨ ਜਿੱਥੇ ਸਚਿਨ ਕਰਿਆਨੇ ਦੀ ਦੁਕਾਨ ਚਲਾਉਂਦਾ ਹੈ। ਸੀਮਾ ਨੂੰ ਬਿਨਾਂ ਵੀਜ਼ੇ ਦੇ ਨੇਪਾਲ ਜਰੀਏ ਆਪਣੇ ਚਾਰ ਬੱਚਿਆਂ ਨਾਲ ਨਾਜਾਇਜ਼ ਢੰਗ ਨਾਲ ਭਾਰਤ ਵਿਚ ਦਾਖਲ ਹੋਣ ਕਰਕੇ ਚਾਰ ਜੁਲਾਈ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ ਜਦੋਂ ਕਿ ਸਚਿਨ ਨੂੰ ਨਾਜਾਇਜ਼ ਸ਼ਰਨਾਰਥੀ ਨੂੰ ਪਨਾਹ ਦੇਣ ਦੇ ਦੋਸ਼ ਹੇਠ ਜੇਲ੍ਹ ਭੇਜ ਦਿੱਤਾ ਗਿਆ ਸੀ। ਹਾਲ ਵਿਚ ਉਨ੍ਹਾਂ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ।



ਸੀਮਾ ਦੇ ਬੱਚਿਆਂ ਦੀ ਉਮਰ ਸੱਤ ਸਾਲ ਤੋਂ ਘੱਟ ਹੈ। ਉਸ ਦੇ ਰਿਸ਼ਤੇਦਾਰਾਂ ਤੇ ਗੁਆਂਢੀਆਂ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਸੀਮਾ ਪਾਕਿਸਤਾਨ ਕਦੇ ਨਾ ਪਰਤੇ। ਜ਼ਿਕਰਯੋਗ ਹੈ ਕਿ ਉਹ ਭਾਰਤ ਆਉਣ ਤੋਂ ਪਹਿਲਾਂ ਆਪਣੇ ਬੱਚਿਆਂ ਨਾਲ ਪਿਛਲੇ ਤਿੰਨ ਸਾਲ ਤੋਂ ਪਾਕਿਸਤਾਨ ਵਿਚ ਕਿਰਾਏ ਦੇ ਮਕਾਨ ਵਿਚ ਰਹਿ ਰਹੀ ਸੀ।

# ਰੂਸ ਕੋਲ ਕਲੱਸਟਰ ਬੰਬਾਂ ਦਾ ਲੋੜੀਂਦਾ ਭੰਡਾਰ: ਪੂਤਿਨ

**ਕੀਵ:** ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਕਿ ਰੂਸ ਕੋਲ ਕਲੱਸਟਰ ਬੰਬਾਂ ਦਾ ਲੋੜੀਂਦਾ ਭੰਡਾਰ ਹੈ ਅਤੇ ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਯੂਕਰੇਨ ਨੇ ਇਸ ਵਿਵਾਦਤ ਹਥਿਆਰ ਦੀ ਵਰਤੋਂ ਕੀਤੀ ਤਾਂ ਰੂਸ ਇਸ ਕਾਰਵਾਈ ਦਾ ਢੁਕਵਾਂ ਜਵਾਬ ਦੇਵੇਗਾ। ਅਮਰੀਕਾ ਵੱਲੋਂ ਯੂਕਰੇਨ ਨੂੰ ਕਲੱਸਟਰ ਹਥਿਆਰ ਮੁਹੱਈਆ ਕਰਵਾਏ ਜਾਣ ਮਗਰੋਂ ਪੂਤਿਨ ਨੇ ਕਿਹਾ ਕਿ ਰੂਸ ਨੇ ਹੁਣ ਤੱਕ ਯੂਕਰੇਨ ਖਿਲਾਫ ਜੰਗ 'ਚ ਕਲਸਟਰ ਬੰਬਾਂ ਦੀ ਵਰਤੋਂ ਨਹੀਂ ਕੀਤੀ ਹੈ। ਉਨ੍ਹਾਂ ਕਿਹਾ, 'ਹੁਣ ਤੱਕ ਅਸੀਂ ਇਹ ਨਹੀਂ ਕੀਤਾ। ਅਸੀਂ ਇਨ੍ਹਾਂ ਦੀ ਵਰਤੋਂ ਨਹੀਂ ਕੀਤੀ ਅਤੇ ਨਾ ਹੀ ਸਾਨੂੰ



ਅਜਿਹਾ ਕਰਨ ਦੀ ਲੋੜ ਹੈ।' ਰੂਸੀ ਰਾਸ਼ਟਰਪਤੀ ਨੇ ਇਹ ਗੱਲ ਇਕ ਟੀਵੀ ਇੰਟਰਵਿਊ ਦੌਰਾਨ ਕਹੀ ਹੈ। ਰੋਸੀਆ ਟੀਵੀ ਰਿਪੋਰਟਰ ਪਾਵੇਲ ਜਾਰੂਬਿਨ ਨੇ ਆਪਣੇ ਟੈਲੀਗ੍ਰਾਮ ਚੈਨਲ 'ਤੇ ਇਸ ਇੰਟਰਵਿਊ ਦੇ ਹਿੱਸੇ ਪ੍ਰਕਾਸ਼ਤ ਕੀਤੇ ਹਨ। ਪੈਂਟਾਗਨ ਨੇ ਦੱਸਿਆ ਸੀ ਕਿ ਅਮਰੀਕਾ ਵੱਲੋਂ ਮੁਹੱਈਆ ਕਰਵਾਏ ਗਏ ਕਲੱਸਟਰ ਹਥਿਆਰ ਯੂਕਰੇਨ ਪਹੁੰਚ ਗਏ ਹਨ। ਅਮਰੀਕਾ ਇਨ੍ਹਾਂ ਹਥਿਆਰਾਂ ਨੂੰ ਕੀਵ ਨੂੰ ਉਸ ਦੇ ਹਮਲੇ ਵਧਾਉਣ ਅਤੇ ਰੂਸ ਦੇ ਮੋਹਰੀ ਮੋਰਚਿਆਂ ਤੋਂ ਅੱਗੇ ਵਧਣ 'ਚ ਮਦਦ ਕਰਨ ਲਈ ਲੋੜੀਂਦੇ ਹਥਿਆਰਾਂ ਦੇ ਇਕ ਰੂਪ ਵਜੋਂ ਦੇਖਦਾ ਹੈ।

# ਸੂਡਾਨ 'ਚ ਟਕਰਾਅ ਕਾਰਨ 31 ਲੱਖ ਤੋਂ ਵੱਧ ਲੋਕ ਬੇਘਰ

**ਕਾਹਿਰਾ:** ਸੂਡਾਨ ਦੇ ਪੂਰੀ ਤਰ੍ਹਾਂ 'ਖਾਨਾਜੰਗੀ' ਵੱਲ ਵਧਣ ਦੀਆਂ ਚਿੰਤਾਵਾਂ ਦੇ ਮੱਦੇਨਜ਼ਰ ਸੰਯੁਕਤ ਰਾਸ਼ਟਰ ਨੇ ਕਿਹਾ ਕਿ ਦੇਸ਼ ਵਿਚ ਤੇਜ ਹੋਏ ਟਕਰਾਅ ਕਾਰਨ 31 ਲੱਖ ਤੋਂ ਵੱਧ ਲੋਕ ਬੇਘਰ ਹੋ ਗਏ ਹਨ। ਇਨ੍ਹਾਂ ਵਿਚੋਂ ਸੱਤ ਲੱਖ ਤੋਂ ਵੱਧ ਲੋਕਾਂ ਨੇ ਗੁਆਂਢੀ ਮੁਲਕਾਂ ਵਿਚ ਡੇਰੇ ਜਮਾਏ ਹੋਏ ਹਨ। ਅਪਰੈਲ ਤੋਂ ਫੌਜਾਂ ਦਰਮਿਆਨ ਸ਼ੁਰੂ ਹੋਏ ਸੰਘਰਸ਼ ਮਗਰੋਂ ਸੂਡਾਨ ਵਿਚ ਬਦਅਮਨੀ ਫੈਲ ਗਈ ਹੈ। ਰਾਜਧਾਨੀ ਖਾਰਤੋਮ ਤੇ ਦੇਸ਼ ਦੀਆਂ ਹੋਰ ਥਾਵਾਂ 'ਤੇ ਲੜਾਈ ਖੁੱਲ੍ਹ ਕੇ ਸਾਹਮਣੇ ਆ ਗਈ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫਾਰ ਮਾਈਗ੍ਰੇਸ਼ਨ ਮੁਤਾਬਕ ਸੂਡਾਨ ਵਿਚ ਮੁੜ ਸ਼ੁਰੂ ਹੋਈ ਬਦਅਮਨੀ ਮਗਰੋਂ 24 ਲੱਖ ਤੋਂ ਵੱਧ ਲੋਕ ਆਪਣੇ ਘਰਾਂ ਨੂੰ ਛੱਡ ਕੇ ਦੇਸ਼ ਦੇ ਅੰਦਰ ਸੁਰੱਖਿਅਤ ਥਾਵਾਂ 'ਤੇ ਚਲੇ ਗਏ ਹਨ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 22 ਜੁਲਾਈ, 2023*

# ਮੋਦੀ ਖਿਲਾਫ ਮੋਰਚਾ

ਭਾਰਤ ਵਿਚ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਸੱਤਾਧਾਰੀ ਕੌਮੀ ਜਮਹੂਰੀ ਗੱਠਜੋੜ (ਐੱਨ.ਡੀ.ਏ.) ਨਾਲ ਮੱਥਾ ਲਾਉਣ ਲਈ ਵਿਰੋਧੀ ਪਾਰਟੀਆਂ ਨੇ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ) ਨਾਂ ਦਾ ਗੱਠਜੋੜ ਬਣਾਇਆ ਹੈ। ਕਿਹਾ ਜਾ ਰਿਹਾ ਹੈ ਕਿ 2024 ਵਿਚ ਹੋਣ ਵਾਲੀ ਇਹ ਲੜਾਈ 'ਇੰਡੀਆ ਬਨਾਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ' ਹੋਵੇਗੀ। ਬੰਗਲੂਰੂ ਵਿਚ 26 ਵਿਰੋਧੀ ਪਾਰਟੀਆਂ ਦੇ ਆਗੂਆਂ ਦੀ ਚਾਰ ਘੰਟੇ ਚੱਲੀ ਮੀਟਿੰਗ ਤੋਂ ਬਾਅਦ ਬਾਕਾਇਦਾ ਐਲਾਨ ਕੀਤਾ ਗਿਆ ਕਿ ਸਾਰੀਆਂ ਪਾਰਟੀਆਂ 2024 ਵਾਲੀਆਂ ਲੋਕ ਸਭਾ ਚੋਣਾਂ ਇਕਜੁੱਟ ਹੋ ਕੇ ਲੜਨਗੀਆਂ; ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਵਿਰੋਧੀ ਪਾਰਟੀਆਂ ਵਿਚਾਲੇ ਤਾਲਮੇਲ ਖਾਤਰ 11 ਮੈਂਬਰੀ ਕਮੇਟੀ ਬਣਾਈ ਜਾਵੇਗੀ; ਕਮੇਟੀ ਦੇ ਕਨਵੀਨਰ ਦੀ ਚੋਣ ਮੁੰਬਈ ਵਿਚ ਹੋਣ ਵਾਲੀ ਅਗਲੀ ਮੀਟਿੰਗ ਵਿਚ ਹੋਵੇਗੀ;ਨਵੇਂ ਗੱਠਜੋੜ ਦੇ ਪ੍ਰਚਾਰ ਪ੍ਰਬੰਧਨ ਲਈ ਦਿੱਲੀ ਵਿਚ ਸਕੱਤਰੇਤ ਕਾਇਮ ਕੀਤਾ ਜਾਵੇਗਾ ਅਤੇ ਵੱਖ-ਵੱਖ ਮੁੱਦਿਆਂ ਲਈ ਵਿਸ਼ੇਸ਼ ਕਮੇਟੀਆਂ ਬਣਾਈਆਂ ਜਾਣਗੀਆਂ। ਕਾਂਗਰਸ ਦੇ ਪ੍ਰਧਾਨ ਮਲਿਕਅਰਜੁਨ ਖੜਗੇ ਨੇ ਬੈਠਕ ਦੌਰਾਨ ਆਪਣੇ ਸੰਬੋਧਨ ਦੀ ਸ਼ੁਰੂਆਤ ਵਿਚ ਕਿਹਾ ਕਿ ਕਾਂਗਰਸ ਦੀ ਸੱਤਾ ਜਾਂ ਪ੍ਰਧਾਨ ਮੰਤਰੀ ਦੇ ਅਹੁਦੇ ਵਿਚ ਦਿਲਚਸਪੀ ਨਹੀਂ;ਹੁਣ ਤਾਂਉਨ੍ਹਾਂ ਲਈ ਮੁਲਕ ਦੇ ਸੰਵਿਧਾਨ, ਜਮਹੂਰੀਅਤ, ਧਰਮਨਿਰਪੱਖਤਾ ਅਤੇ ਸਮਾਜਿਕ ਨਿਆਂ ਨੂੰ ਬਚਾਉਣ ਦੀ ਲੜਾਈ ਹੈ। ਉਨ੍ਹਾਂ ਅਨੁਸਾਰ, ਵੱਖ-ਵੱਖ ਧਿਰਾਂ ਵਿਚਕਾਰ ਕੁਝ ਵਖਰੇਵੇਂ ਜ਼ਰੂਰ ਹਨ ਪਰ ਇਨ੍ਹਾਂ ਨੂੰ ਪਾਰਟੀ ਪਿੱਛੇ ਛੱਡ ਆਈ ਹੈ, ਇਸ ਲਈ ਹੁਣਸਾਰੇ ਦੇਸ਼ ਹਿੱਤ ਵਿਚ ਇਕਜੁੱਟ ਹੋ ਰਹੇ ਹਨ। ਯਾਦ ਰਹੇ ਕਿ ਮੀਟਿੰਗ ਵਿਚ ਸ਼ਾਮਲ 26 ਵਿਰੋਧੀ ਪਾਰਟੀਆਂ ਦੀਆਂ ਲੋਕ ਸਭਾ ਵਿਚਤਕਰੀਬਨ 150 ਸੀਟਾਂ ਹਨ।

ਮੀਟਿੰਗ ਤੋਂਬਾਅਦ ਜਾਰੀ 'ਸਮੂਹਿਕ ਸੰਕਲਪ' (ਸਾਂਝੇ ਮਤੇ) ਵਿਚ ਵਿਰੋਧੀ ਪਾਰਟੀਆਂ ਨੇ ਜਾਤੀ ਆਧਾਰਿਤ ਜਨਗਣਨਾ ਲਾਗੂ ਕਰਨ ਦੀ ਮੰਗ ਕੀਤੀ। ਵਿਰੋਧੀ ਧਿਰਾਂ ਦਾ ਆਖਣਾ ਹੈ ਕਿ ਉਹ ਘੱਟਗਿਣਤੀਆਂ ਖਿਲਾਫ ਪੈਦਾ ਕੀਤੀ ਜਾ ਰਹੀ ਨਫ਼ਰਤ ਤੇ ਹਿੰਸਾ ਨੂੰ ਭਾਂਜ ਦੇਣ ਅਤੇ ਮਹਿਲਾਵਾਂ, ਦਲਿਤਾਂ, ਕਬਾਇਲੀਆਂ ਤੇ ਕਸ਼ਮੀਰੀ ਪੰਡਿਤਾਂ ਖਿਲਾਫ ਵਧਦੇ ਅਪਰਾਧਾਂ ਖਿਲਾਫ ਇਕੱਠੀਆਂ ਹੋਈਆਂ ਹਨ। ਉਨ੍ਹਾਂ ਮਨੀਪੁਰ ਨੂੰ ਤਬਾਹ ਕਰਨ ਵਾਲੀ ਮਨੁੱਖੀ ਤ੍ਰਾਸਦੀ ਬਾਰੇ ਵੀ ਫਿਕਰ ਜ਼ਾਹਿਰ ਕੀਤੀ। ਮਤੇ ਵਿਚ ਕਿਹਾ ਗਿਆ ਹੈ ਕਿ ਰਾਜ ਪ੍ਰਬੰਧ ਦੇ ਫੈਡਰਲ ਢਾਂਚੇ ਨੂੰ ਕਮਜ਼ੋਰ ਕਰਨ ਲਈ ਗਿਣਮਿੱਥ ਕੇ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਗੈਰ-ਭਾਜਪਾ ਸ਼ਾਸਿਤ ਰਾਜਾਂ ਵਿਚ ਰਾਜਪਾਲਾਂ ਤੇ ਉਪ ਰਾਜਪਾਲਾਂ ਦੀ ਭੂਮਿਕਾ ਸਾਰੇ ਸੰਵਿਧਾਨਕ ਨੇਮ ਉਲੰਘੇ ਜਾ ਰਹੇ ਹਨ। ਇਸੇ ਦੌਰਾਨ ਕੌਮੀ ਜਮਹੂਰੀ ਗੱਠਜੋੜ (ਐੱਨ.ਡੀ.ਏ.) ਨੇ ਵੀ ਬੈਠਕ ਕੀਤੀ ਅਤੇ ਇਸ ਬੈਠਕ ਵਿਚ ਵਿਰੋਧੀ ਧਿਰਾਂ ਦੇ ਨਵੇਂ ਗੱਠਜੋੜ 'ਇੰਡੀਆ' ਦੇ ਹਵਾਲੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸੱਤਾ ਹਾਸਲ ਕਰਨ ਦੀ ਲਾਲਸਾ ਨਾਲ ਕਾਇਮ ਗੱਠਜੋੜ ਮੁਲਕ ਲਈ ਨੁਕਸਾਨਦੇਹ ਹੈ।ਇਹ ਸ਼ਾਇਦ ਪਹਿਲੀ ਵਾਰ ਹੈ ਕਿ ਵਿਰੋਧੀ ਧਿਰ ਦੀ ਅਜਿਹੀ ਸਰਗਰਮੀ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੰਨੀ ਛੇਤੀ ਪ੍ਰਤੀਕਿਰਿਆ ਜ਼ਾਹਿਰ ਕੀਤੀ ਹੈ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਵਿਰੋਧੀ ਧਿਰਾਂ ਦੀ ਏਕਤਾ ਦੀਆਂ ਖਬਰਾਂ ਅਤੇ ਸਰਗਰਮੀ ਨੇ ਭਾਰਤੀ ਜਨਤਾ ਪਾਰਟੀ ਅਤੇ ਨਰਿੰਦਰ ਮੋਦੀ ਨੂੰ ਸੱਚਮੁੱਚ ਫਿਕਰਾਂ ਵਿਚ ਪਾ ਦਿੱਤਾ ਹੈ। ਇਸ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਦੀ ਸਰਪ੍ਰਸਤ ਅਤੇ ਮੁਲਕ ਵਿਚ ਹਿੰਦੂਤਵ ਦਾ ਏਜੰਡਾ ਲਾਗੂ ਕਰਨ ਲਈ ਹੱਥ-ਪੈਰ ਮਾਰ ਰਹੀ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਨੇ ਕਿਹਾ ਸੀ ਕਿ ਅਗਲੀਆਂ ਚੋਣਾਂ ਜਿੱਤਣ ਲਈ ਸਿਰਫ ਨਰਿੰਦਰ ਮੋਦੀ ਅਤੇ ਭਗਵਾ ਏਜੰਡਾ ਸ਼ਾਇਦ ਕੰਮ ਨਹੀਂ ਕਰੇਗਾ; ਇਸ ਲਈ ਚੋਣਾਂ ਜਿੱਤਣ ਖਾਤਰ ਭਾਰਤੀ ਜਨਤਾ ਪਾਰਟੀ ਨੂੰ ਕੁਝ ਹੋਰ ਵੀ ਕਰਨਾ ਪਵੇਗਾ। ਅਸਲ ਵਿਚ, ਭਾਰਤੀ ਜਨਤਾ ਪਾਰਟੀ ਉਥੇ ਅਤੇ ਉਦੋਂ ਹੀ ਜਿੱਤਦੀ ਹੈ ਜਿਥੇ ਅਤੇ ਜਦੋਂ ਇਹ ਵੋਟਾਂ ਦਾ ਧਰੁਵੀਕਰਨ ਕਰਨ ਵਿਚ ਕਾਮਯਾਬ ਰਹਿੰਦੀ ਹੈ। ਇਹ ਗੱਲ ਆਰ.ਐੱਸ.ਐੱਸ. ਵੀ ਮੰਨ ਚੁੱਕੀ ਹੈ ਬਲਕਿ ਇਸ ਦਾ ਤਾਂ ਮੁੱਢ ਤੋਂ ਹੀ ਇਹ ਵਿਚਾਰ ਹੈ ਕਿ ਜੇ ਹਿੰਦੂਆਂ ਦੀਆਂ ਵੋਟਾਂ ਹਾਸਲ ਕਰ ਲਈਆਂ ਜਾਣ ਤਾਂ ਚੋਣਾਂ 'ਚ ਜਿੱਤ ਪੱਕੀ ਹੈ। ਹੁਣ ਵਿਰੋਧੀ ਧਿਰਾਂ ਦਾ ਜਿਹੜਾ ਸਾਂਝਾ ਮੋਰਚਾ ਬਣ ਰਿਹਾ ਹੈ, ਉਹ ਬਿਨਾਂ ਸ਼ੱਕ ਵੋਟਾਂ ਦਾ ਧਰੁਵੀਕਰਨ ਅਤੇ ਵੋਟ ਵੰਡ ਹੋਣ ਤੋਂ ਰੋਕਣ ਲਈ ਕਾਰਗਰ ਸਾਬਤ ਹੋ ਸਕਦਾ ਹੈ। ਇਉਂ ਭਾਜਪਾ ਦੇ ਫਿਰਕਾਪ੍ਰਸਤੀ ਦੇ ਆਧਾਰ ਉਤੇ ਧਰੁਵੀਕਰਨ ਨੂੰ ਵੱਡੀ ਸੰਨ੍ਹ ਵੱਜ ਸਕਦੀ ਹੈ।

ਯਾਦ ਰਹੇ ਕਿ ਕਿ ਵਿਰੋਧੀ ਧਿਰਾਂ ਦੀ ਪਟਨਾ ਵਾਲੀ ਮੀਟਿੰਗ ਵਿਚ ਕੁੱਲ 16 ਪਾਰਟੀਆਂ ਨੇ ਸ਼ਿਰਕਤ ਕੀਤੀ ਸੀ। ਬੰਗਲੂਰੂ ਵਾਲੀ ਮੀਟਿੰਗ ਵਿਚ ਇਹ ਗਿਣਤੀ 26 ਤੱਕ ਅੱਪੜ ਗਈ ਹੈ। ਇਸ ਤੋਂ ਵੀ ਵੱਡੀ ਗੱਲ ਇਹ ਕਿ ਇਨ੍ਹਾਂ ਪਾਰਟੀਆਂ ਦੇ ਆਗੂਆਂ ਨੂੰ ਜਾਪ ਰਿਹਾ ਹੈ ਕਿ ਜੇ 2024 ਵਾਲੀਆਂ ਲੋਕ ਸਭਾ ਚੋਣਾਂ ਵਿਚ ਵੀ ਭਾਰਤੀ ਜਨਤਾ ਪਾਰਟੀ ਜਿੱਤ ਗਈ ਤਾਂ ਮੁਲਕ ਅੰਦਰ ਜਮਹੂਰੀਅਤ ਦਾ ਨਾਮੋ-ਨਿਸ਼ਾਨ ਮਿਟ ਜਾਵੇਗਾ।ਉਂਝ ਵੀ ਹੁਣ ਤੱਕ ਜਿਹੜੇ ਤੱਥ ਉਜਾਗਰ ਹੋਏ ਹਨ, ਉਹ ਵੀ ਇਹੀ ਸਾਬਤ ਕਰਦੇ ਹਨ ਕਿ ਨਰਿੰਦਰ ਮੋਦੀ ਅਤੇ ਆਰ.ਐੱਸ.ਐੱਸ. ਨੇ ਇੱਕ-ਇੱਕ ਕਰ ਕੇ ਸਾਰੀਆਂ ਸੰਸਥਾਵਾਂ ਉਤੇ ਕਬਜ਼ਾ ਕਰ ਲਿਆ ਹੈ ਅਤੇ ਇਨ੍ਹਾਂ ਸਾਰੀਆਂ ਹੀ ਸੰਸਥਾਵਾਂ ਨੂੰ ਵਿਰੋਧੀ ਧਿਰ ਦੇ ਖਾਤਮੇ ਲਈ ਵਰਤਿਆ ਜਾ ਰਿਹਾ ਹੈ। ਇਸ ਮਾਰੂ ਸਿਆਸਤ ਦੇ ਖਿਲਾਫ ਹੀ ਵਿਰੋਧੀ ਧਿਰਾਂ ਇਕੱਠੀਆਂ ਹੋ ਰਹੀਆਂ ਹਨ। ਉਧਰ, ਕੌਮਾਂਤਰੀ ਪੱਧਰ 'ਤੇ ਵੀ ਇਕ ਅਜਿਹਾ ਧੜਾ ਉਭਰ ਰਿਹਾ ਹੈ ਜਿਹੜਾ ਮੋਦੀ ਅਤੇ ਆਰ.ਐੱਸ.ਐੱਸ. ਦੀ ਫਿਰਕਾਪ੍ਰਸਤੀ ਦੇ ਆਧਾਰ 'ਤੇ ਮਨੁੱਖ ਵਿਰੋਧੀ ਸਿਆਸਤ ਨੂੰ ਪਸੰਦ ਨਹੀਂ ਕਰਦਾ। ਇਸੇ ਕਰ ਕੇ ਪਿਛਲੇ ਦਿਨੀਂ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੂੰ ਇਹ ਕਹਿਣ ਲਈ ਮਜਬੂਰ ਹੋਣਾ ਪਿਆ ਕਿਮੁਲਕ ਵਿਚ ਕਿਸੇ ਨੂੰ ਵੀ ਆਪਣੇ ਵਿਚਾਰਾਂ ਕਾਰਨ ਕੋਈ ਖ਼ਤਰਾ ਨਹੀਂ ਹੈ ਸਗੋਂ ਭਾਰਤ ਤਾਂ ਸਦੀਆਂ ਤੋਂ ਸੰਸਕ੍ਰਿਤੀਆਂ, ਧਰਮਾਂ, ਭਾਸ਼ਾਵਾਂ ਅਤੇ ਨਸਲਾਂ ਦਾ ਮਿਸ਼ਰਨ ਰਿਹਾ ਹੈ। ਇਸ ਤਰ੍ਹਾਂ ਜੇ ਵਿਰੋਧੀ ਧਿਰਾਂ ਵਾਕਈ ਇੱਕਜੁੱਟ ਹੋ ਕੇ ਮੋਰਚਾ ਮੱਲਣ ਤਾਂ ਆਰ.ਐੱਸ.ਐੱਸ. ਅਤੇ ਮੋਦੀ ਦੀ ਵੰਡਪਾਊ ਸਿਆਸਤ ਨੂੰ ਪਛਾੜਿਆ ਜਾ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹਾਲਾਤੇ ਪੰਜਾਬ !*

ਆਖਰ ਪੈਂਦੇ ਨੇ ਰੋਕਣੇ ਬਹੁਤ ਮਹਿੰਗੇ ਵਹਿਣ ਕੁਦਰਤੀ ਆਏ ਜੋ ਚੱਲਦੇ ਨੇ।
ਰਾਜਸਥਾਨ ਹਿਮਾਚਲ ਹਰਿਆਣੀਓਂ ਜੀ ਦੇਖੋ 'ਹਾਲੇ-ਪੰਜਾਬ' ਅਜ ਕੱਲ੍ਹ ਦੇ ਨੇ।
ਚਾਹੁੰਦੇ ਲੁੱਟਣਾ 'ਐੱਸ.ਵਾਈ.ਐੱਲ' ਰਾਹੀਂ ਪਾਏ ਪੁਆੜੇ ਇਹ 'ਪੰਜੇ ਤੇ ਦਲ' ਦੇ ਨੇ।
ਮਸਲਾ ਕਿਸੇ ਵੀ ਤਰ੍ਹਾਂ ਇਹ ਮੁੱਕਣਾ ਨਾ 'ਰਾਇਪੇਰੀਅਨ' ਰਸਤੇ ਹੀ ਹੱਲ ਦੇ ਨੇ।
ਘੱਲਦੇ 'ਪੱਕੀ ਪਕਾਈ' ਦੁਖਿਆਰਿਆਂ ਨੂੰ ਬਖਸ਼ੇ ਹੋਏ ਇਹ 'ਬਾਬੇ ਅਟੱਲ' ਦੇ ਨੇ।
ਮਾਲਕ ਉਹੀ ਦਰਿਆਵਾਂ ਤੇ ਪਾਣੀਆਂ ਦੇ ਜਿਹੜੇ ਹੜ੍ਹਾਂ ਦੀ ਮਾਰ ਵੀ ਝੱਲਦੇ ਨੇ!

# ਪੰਜਾਬ ਵਿਚ ਹੜ੍ਹ ਦੀ ਮਾਰ ਅਤੇ ਪ੍ਰਬੰਧਾਂ ਦੀ ਨਾਕਾਮੀ

***ਐਤਕੀਂ ਹੜ੍ਹ ਨੇ ਪੰਜਾਬ ਅਤੇ ਆਸ-ਪਾਸ ਦੇ ਇਲਾਕਿਆਂ ਨੂੰ ਡੁੱਬ ਸੁੱਟਿਆ ਹੈ। ਉਂਝ ਇਹ ਗੱਲ ਬਹੁਤ ਚੰਗੀ ਹੋਈ ਕਿ ਸੰਕਟ ਵਿਚ ਫਸੇ ਲੋਕਾਂ ਨੇ ਸਰਕਾਰ ਦੇ ਹੱਥਾਂ ਵੱਲ ਦੇਖਣ ਦੀ ਥਾਂ ਖੁਦ ਮੋਰਚਾ ਸੰਭਾਲਿਆ ਅਤੇ ਇਕ-ਦੂਜੇ ਦੀ ਮਦਦ ਕੀਤੀ ਹੈ। ਆਫਤ ਪ੍ਰਬੰਧਨ ਸਰਕਾਰਾਂ ਦੀ ਤਰਜੀਹ ਹੋਣੀ ਚਾਹੀਦੀ ਹੈ ਪਰ ਸੱਤਾਧਾਰੀ ਸਿਰਫ ਫੋਟੋ ਸੈਸ਼ਨ ਤੱਕ ਮਹਿਦੂਦ ਰਹੇ ਹਨ। ਇਨ੍ਹਾਂ ਸਮੁੱਚੇ ਹਾਲਾਤ 'ਤੇ ਟਿੱਪਣੀ ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਪੰਜਾਬ ਸਮੇਤ ਉੱਤਰੀ ਭਾਰਤ ਦੇ ਕਈ ਸੂਬੇ ਹੜ੍ਹਾਂ ਦੀ ਮਾਰ ਹੇਠ ਹਨ। ਵੈਸੇ ਤਾਂ ਕੁਦਰਤੀ ਆਫਤਾਂ ਦਾ ਸੇਕ ਪੂਰੀ ਦੁਨੀਆ ਝੱਲ ਰਹੀ ਹੈ ਪਰ ਪੰਜਾਬ ਵਿਚ ਕੋਈ ਬੱਦਲ ਨਹੀਂ ਫਟਿਆ, ਕੋਈ ਬਹੁਤ ਜ਼ਿਆਦਾ ਮੀਂਹ ਪਿਆ ਹੈ ਬਲਕਿ ਪੰਜਾਬ ਵਿਚ ਤਾਂ ਜ਼ਿਆਦਾਤਰ ਪਾਣੀ ਸਦਾ ਵਾਂਗ ਹਿਮਾਚਲ ਪ੍ਰਦੇਸ਼ ਵਿਚੋਂ ਆਇਆ ਹੈ। ਸਾਡੇ ਲਈ ਇਸ ਨੂੰ ਕੁਦਰਤੀ ਭਾਣਾ ਮੰਨਣ ਤੋਂ ਅੱਗੇ ਇਹ ਸਮਝਣ ਦਾ ਸਵਾਲ ਹੈ: ਕੀ ਇਸ ਪਾਣੀ ਦੀ ਨਿਕਾਸੀ ਦੇ ਠੋਸ ਪ੍ਰਬੰਧ ਕਰ ਕੇ ਇਸ ਨੁਕਸਾਨ ਤੋਂ ਬਚਿਆ ਜਾ ਸਕਦਾ ਸੀ?

ਜੇ ਦਰਿਆਵਾਂ, ਨਹਿਰਾਂ, ਡਰੇਨਾਂ, ਸੂਏ, ਕੱਸੀਆਂ ਦੇ ਕੰਢੇ ਮਜ਼ਬੂਤ ਕੀਤੇ ਹੁੰਦੇ ਤੇ ਇਸ ਪਾਣੀ ਨੂੰ ਸੰਭਾਲਣ ਅਤੇ ਪੰਜਾਬ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਠੋਸ ਪ੍ਰਬੰਧ ਕੀਤੇ ਹੁੰਦੇ ਤਾਂ ਇਹ ਪਾਣੀ ਆਫਤ ਦੀ ਬਜਾਇ ਸਹਾਈ ਹੋ ਸਕਦਾ ਸੀ। ਪੰਜਾਬ ਦਾ ਨਹਿਰੀ ਪ੍ਰਬੰਧ ਦਰੁਸਤ ਨਾ ਹੋਣ ਕਾਰਨ ਇੱਕ ਪਾਸੇ ਰੋਪੜ, ਮੁਹਾਲੀ, ਨਵਾਂ ਸ਼ਹਿਰ, ਪਟਿਆਲਾ, ਜਲੰਧਰ, ਫਤਿਹਗੜ੍ਹ ਸਾਹਿਬ, ਫਿਰੋਜ਼ਪੁਰ, ਮੋਗਾ, ਕਪੂਰਥਲਾ, ਸੰਗਰੂਰ ਦਾ ਮੂਨਕ ਵਾਲਾ ਹਿੱਸਾ, ਤਰਨਤਾਰਨ ਹੜ੍ਹਾਂ ਦੀ ਮਾਰ ਹੇਠ ਹਨ; ਦੂਜੇ ਪਾਸੇ ਬਰਨਾਲਾ, ਬਠਿੰਡਾ, ਮੋਗਾ ਦਾ ਨਿਹਾਲ ਸਿੰਘ ਵਾਲਾ ਖੇਤਰ, ਧੂਰੀ, ਰਾਏਕੋਟ ਵਰਗੇ ਖੇਤਰਾਂ ਵਿਚ ਝੋਨੇ ਦੀ ਫਸਲ ਪਾਲਣ ਲਈ ਧਰਤੀ ਹੇਠੋਂ ਪਾਣੀ ਕੱਢਿਆ ਜਾ ਰਿਹਾ ਹੈ।

ਹਿਮਾਚਲ ਦੇ ਪਹਾੜਾਂ ਵਿਚੋਂ ਮੈਦਾਨੀ ਖੇਤਰਾਂ ਵਿਚ ਜ਼ਿਆਦਾ ਪਾਣੀ ਆਉਣ ਦਾ ਖਦਸ਼ਾ ਅਪਰੈਲ ਮਹੀਨੇ ਵਿਚ ਹੀ ਜ਼ਾਹਰ ਹੋ ਗਿਆ ਸੀ ਕਿ ਪੱਛਮੀ ਗੜਬੜ ਕਾਰਨ ਮੌਸਮ ਦਾ ਅਸਰ ਜੰਮੂ ਕਸ਼ਮੀਰ, ਹਿਮਾਚਲ, ਉੱਤਰਾਖੰਡ ਆਦਿ 'ਚ ਭਾਰੀ ਬਾਰਸ਼ਾਂ ਅਤੇ ਬਰਫਬਾਰੀ ਦੇ ਰੂਪ ਵਿਚ ਸਾਹਮਣੇ ਆਵੇਗਾ। ਜੂਨ ਦੇ ਸ਼ੁਰੂ ਵਿਚ ਬਿਪਰਜੋਆਇ ਚੱਕਰਵਾਤ ਦਾ ਅਸਰ ਪੈਣ ਦਾ ਪਤਾ ਵੀ ਲੱਗ ਗਿਆ ਸੀ। ਸੰਯੁਕਤ ਰਾਸ਼ਟਰ ਹੇਠਲੇ ਮੌਸਮ ਵਿਭਾਗ ਦੀ ਏਸ਼ਿਆਈ ਸ਼ਾਖਾ ਨੇ ਪਹਾੜੀ ਇਲਾਕਿਆਂ ਵਿਚ ਪਹਿਲਾਂ ਦੇ ਮੁਕਾਬਲੇ ਤੇਜ਼ ਬਾਰਸ਼ ਦੀ ਸੰਭਾਵਨਾ ਜਤਾਈ ਸੀ। ਇਸੇ ਕਰ ਕੇ ਪੰਜਾਬ ਸਰਕਾਰ ਦੀ ਤਰਜੀਹ ਹੋਣੀ ਚਾਹੀਦੀ ਸੀ ਕਿ ਪਹਿਲ ਦੇ ਆਧਾਰ 'ਤੇ ਸਤਲੁਜ, ਬਿਆਸ, ਰਾਵੀ ਅਤੇ ਘੱਗਰ ਸਮੇਤ ਬਾਕੀ ਨਹਿਰਾਂ, ਨਾਲਿਆਂ ਦਾ ਪ੍ਰਬੰਧ ਸੁਚਾਰੂ ਕੀਤਾ ਜਾਂਦਾ। ਪੰਜਾਬ ਨਾਲ ਸਬੰਧਤ ਪੌਂਗ ਡੈਮ, ਰਣਜੀਤ ਸਾਗਰ ਡੈਮ ਅਤੇ ਭਾਖੜਾ ਡੈਮ ਵੱਲ ਧਿਆਨ ਦਿੱਤਾ ਜਾਂਦਾ। ਡੈਮਾਂ ਦੀ ਨਿਯਮਤ ਦੇਖਭਾਲ ਅਤੇ ਫੰਡਾਂ ਦੀ ਲੋੜ ਹੁੰਦੀ ਹੈ। ਜੇ ਮੌਨਸੂਨ ਤੋਂ ਪਹਿਲਾਂ ਹਰ ਸਾਲ ਬੰਨ੍ਹ ਮਜ਼ਬੂਤ ਨਹੀਂ ਹੁੰਦੇ ਹਨ ਤਾਂ ਇਹ ਟੁੱਟ ਹੀ ਜਾਂਦੇ ਹਨ ਅਤੇ ਹੜ੍ਹਾਂ ਦਾ ਕਾਰਨ ਬਣਦੇ ਹਨ, ਫਿਰ ਵੀ ਅਣਗਹਿਲੀ ਵਰਤੀ ਜਾਂਦੀ ਹੈ।

ਪਾਣੀ ਸੂਬਿਆਂ ਦਾ ਵਿਸ਼ਾ ਹੋਣ ਕਾਰਨ ਹੜ੍ਹਾਂ ਦੀ ਰੋਕਥਾਮ ਕਰਨ ਵਾਲੀਆਂ ਸਕੀਮਾਂ ਸੂਬਾ ਸਰਕਾਰ ਦੁਆਰਾ ਬਣਾਈਆਂ ਅਤੇ ਲਾਗੂ ਕੀਤੀਆਂ ਜਾਂਦੀਆਂ ਹਨ। ਕੇਂਦਰ ਸਰਕਾਰ ਦੀ ਭੂਮਿਕਾ ਸਿਰਫ ਤਕਨੀਕੀ ਸੇਧ ਅਤੇ ਵਿੱਤੀ ਮਦਦ ਤੱਕ ਸੀਮਤ ਹੈ। ਪੰਜਾਬ ਵਿਚ ਹੜ੍ਹਾਂ ਵਾਲੀ ਹਾਲਤ ਲਈ ਕੇਂਦਰ ਤੇ ਸੂਬਾ, ਦੋਵੇਂ ਸਰਕਾਰਾਂ ਜ਼ਿੰਮੇਵਾਰ ਹਨ।

ਹੜ੍ਹਾਂ ਦੀ ਆਫਤ ਨਾਲ ਨਜਿੱਠਣ ਲਈ ਪੰਜਾਬ ਨੇ ਲੱਗਭੱਗ 6 ਦਹਾਕੇ ਪਹਿਲਾਂ ਡਰੇਨੇਜ਼ ਸਿਸਟਮ ਤਿਆਰ ਕੀਤਾ ਸੀ ਜਿਸ ਤਹਿਤ ਪਾਣੀ ਦੇ ਕੁਦਰਤੀ ਵਹਾਅ ਦੇ ਹਿਸਾਬ ਨਾਲ ਕਾਲਾ ਸੰਘਿਆਂ ਡਰੇਨ, ਬੁੱਢਾ ਨਾਲਾ ਆਦਿ ਡਰੇਨਾਂ/ਨਾਲੇ ਤਿਆਰ ਕੀਤੇ ਸਨ ਪਰ ਇਹਨਾਂ ਵਿਚੋਂ ਜ਼ਿਆਦਾਤਰ ਬਰਸਾਤੀ ਨਾਲਿਆਂ ਦੀ ਥਾਂ ਗੰਦੇ ਨਾਲੇ ਬਣ ਗਏ। 1988 ਦੇ ਹੜ੍ਹਾਂ ਤੋਂ ਵੀ ਪੰਜਾਬ ਨੇ ਭੋਰਾ ਨਹੀਂ ਸਿੱਖਿਆ ਬਲਕਿ 35 ਸਾਲਾਂ ਬਾਅਦ ਵੀ ਹਾਲਤ ਬਦ ਤੋਂ ਬਦਤਰ ਹੋਈ ਹੈ ਕਿਉਂਕਿ ਸਤਲੁਜ ਦਰਿਆ ਦੇ ਬੰਨ੍ਹ 4 ਲੱਖ ਕਿਊਸਿਕ ਪਾਣੀ ਨੂੰ ਨਜਿੱਠਣ ਦੀ ਸਮਰੱਥਾ ਵਾਲੀ ਤਜਵੀਜ਼ ਤਹਿਤ ਬਣਾਏ ਗਏ ਸਨ; ਹਕੀਕਤ ਇਹ ਹੈ ਕਿ ਸਤਲੁਜ ਦਰਿਆ 2 ਲੱਖ ਕਿਊਸਿਕ ਪਾਣੀ ਨੂੰ ਸੰਭਾਲਣ ਦੇ ਵੀ ਯੋਗ ਨਹੀਂ। ਅਸਲ 'ਚ, ਡਰੇਨੇਜ਼ ਸਿਸਟਮ ਕਦੇ ਵੀ ਸਾਡੀਆਂ ਸਰਕਾਰਾਂ ਦੀ ਤਰਜੀਹ ਨਹੀਂ ਰਿਹਾ ਹੈ। ਸੂਬੇ ਦਾ ਬਹੁਤ ਪੁਰਾਣਾ ਡਰੇਨੇਜ਼ ਸਿਸਟਮ ਸਟਾਫ ਅਤੇ ਫੰਡਾਂ ਦੀ ਘਾਟ



ਨਾਲ ਜੂਝ ਰਿਹਾ ਹੈ। ਇਸ ਲਈ ਇਸ ਨੂੰ ਨਵੇਂ ਸਿਰੇ ਤੋਂ ਡਿਜ਼ਾਇਨ ਕਰਨ ਦੀ ਲੋੜ ਹੈ।

ਪਿਛਲੀਆਂ ਸਰਕਾਰਾਂ ਦੀ ਸਰਪ੍ਰਸਤੀ ਹੇਠ ਸਰਗਰਮ ਰਹੇ ਦੋ ਤਰ੍ਹਾਂ ਦੇ ਮਾਫੀਆ ਗ੍ਰੋਹ ਵੀ ਹੜ੍ਹਾਂ ਦਾ ਭਾਵੇਂ ਮੁੱਖ ਕਾਰਨ ਨਾ ਸਹੀ, ਅਹਿਮ ਕਾਰਨ ਜ਼ਰੂਰ ਬਣੇ ਹਨ। ਰੇਤ ਮਾਫੀਆ ਦੀ ਅੰਨ੍ਹੇਵਾਹ ਖੁਦਾਈ ਨੇ ਦਰਿਆਵਾਂ/ਨਹਿਰਾਂ ਦੇ ਕਿਨਾਰਿਆਂ ਅਤੇ ਬੰਨ੍ਹਾਂ ਨੂੰ ਕਮਜ਼ੋਰ ਕੀਤਾ ਹੈ। ਦੂਜਾ, ਚੰਡੀਗੜ੍ਹ ਨੇੜਲੇ ਇਲਾਕਿਆਂ ਵਿਚ ਕੱਟੀਆਂ ਜਾਇਜ਼, ਨਾਜਾਇਜ਼ ਕਲੋਨੀਆਂ ਨੇ ਪਾਣੀ ਦਾ ਕੁਦਰਤੀ ਵਹਾਅ ਰੋਕ ਕੇ ਰਿਹਾਇਸ਼ੀ ਖੇਤਰਾਂ ਵੱਲ ਧੱਕਿਆ ਹੈ। ਕੁਦਰਤੀ ਨਿਯਮ ਹੈ ਕਿ ਪਾਣੀ ਦਾ ਵਹਾਅ ਜਿੱਥੋਂ ਦੀ ਦਹਾਕੇ ਪਹਿਲਾਂ ਰਿਹਾ ਹੈ, ਹੁਣ ਵੀ ਉੱਥੋਂ ਦੀ ਹੀ ਹੋਵੇਗਾ ਪਰ ਕਲੋਨਾਈਜ਼ਰਾਂ ਨੇ ਸਰਕਾਰ ਨੂੰ ਮੋਟਾ ਪੈਸਾ ਖੁਆ ਕੇ ਸ਼ਾਮਲਾਟ ਜ਼ਮੀਨਾਂ ਸਮੇਤ ਨਿੱਜੀ ਜਾਇਦਾਦਾਂ ਵਿਚ ਬਗੈਰ ਠੋਸ ਡਰੇਨੇਜ਼ ਪ੍ਰਬੰਧਾਂ ਅਤੇ ਸੀਵਰੇਜ ਸਿਸਟਮ ਦੇ ਉਸਾਰੀਆਂ ਕਰ ਦਿੱਤੀਆਂ ਹਨ। ਅਜਿਹੀਆਂ ਉਸਾਰੀਆਂ ਪਾਣੀ ਦੇ ਕੁਦਰਤੀ ਵਹਾਅ ਵਿਚ ਰੋੜਾ ਬਣਦੀਆਂ ਹਨ।

2019 ਵਿਚ ਜਲੰਧਰ ਦੇ ਗਿੱਦੜਪਿੰਡੀ ਨੇੜੇ ਸਤਲੁਜ ਦਰਿਆ ਵਿਚ ਪਾੜ ਪੈਣ ਕਾਰਨ ਸ਼ਾਹਕੋਟ ਅਤੇ ਸੁਲਤਾਨਪੁਰ ਲੋਧੀ ਦੇ ਪਿੰਡ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਸਨ। ਗਿੱਦੜਪਿੰਡੀ ਨੇੜੇ ਸਤਲੁਜ ਦਰਿਆ ਦੇ ਉੱਪਰ ਰੇਲਵੇ ਲਾਈਨ ਹੈ ਅਤੇ ਸਤਲੁਜ ਦਰਿਆ ਤੇ ਰੇਲਵੇ ਪੁਲ ਵਿਚਕਾਰ ਮਿੱਟੀ ਜਮ੍ਹਾਂ ਹੋਣ ਕਾਰਨ ਪਾੜਾ ਘਟਣ ਨਾਲ ਪਾਣੀ ਦੇ ਵਹਾਅ ਵਿਚ ਰੁਕਾਵਟ ਪਾੜ ਪੈਣ ਦਾ ਕਾਰਨ ਬਣਦੀ ਹੈ। ਇਹ ਪਤਾ ਹੋਣ ਦੇ ਬਾਵਜੂਦ ਸਾਡੀਆਂ ਪੁਰਾਣੀਆਂ-ਨਵੀਂ ਸਰਕਾਰ ਨੇ ਇਸ ਮਸਲੇ ਨੂੰ ਹੱਲ ਕਰਨ ਵੱਲ ਧਿਆਨ ਨਹੀਂ ਦਿੱਤਾ।

ਹੜ੍ਹ ਆਉਣ ਦੀ ਹਾਲਤ ਵਿਚ ਅਸੀਂ ਉਹੀ ਦਹਾਕਿਆਂ ਪੁਰਾਣੇ ਢੰਗ 'ਤੇ ਨਿਰਭਰ ਹਾਂ ਕਿ ਜ਼ਿਆਦਾ ਪਾਣੀ ਆਉਣ 'ਤੇ ਨਹਿਰਾਂ ਵਿਚ ਪਾਣੀ ਛੱਡਣਾ ਬੰਦ ਕਰ ਦਿਓ ਕਿਉਂਕਿ ਗਾਦ ਭਰ ਜਾਵੇਗੀ। ਕੀ ਅਸੀਂ ਇਹ ਤਕਨੀਕ ਵਿਕਸਤ ਨਹੀਂ ਕਰ ਸਕਦੇ ਕਿ ਦਰਿਆਈ ਪਾਣੀ ਦੀ ਗਾਦ ਕੋਈ ਝੀਲ ਬਗੈਰਾ ਬਣਾ ਕੇ ਉਸ ਵਿਚ ਛੱਡਦਿਆਂ ਇਕੱਲਾ ਪਾਣੀ ਅੱਗੇ ਨਹਿਰਾਂ, ਸੂਇਆਂ, ਰਜਵਾਹਿਆਂ ਵਿਚ ਲਿਜਾਇਆ ਜਾਵੇ? ਜੇ ਵਿਕਸਤ ਤਕਨੀਕ ਨਾਲ ਸਤਲੁਜ, ਰਾਵੀ, ਬਿਆਸ ਅਤੇ ਘੱਗਰ ਵੀ ਸਾਫ਼ ਕਰਨ ਦਾ ਪ੍ਰਬੰਧ ਕੀਤਾ ਜਾਵੇ ਤਾਂ ਮਸਲਾ ਹੱਲ ਹੋਣ ਵੱਲ ਵਧ ਸਕਦਾ ਹੈ।

ਮਸਲੇ ਦੀ ਜੜ੍ਹ ਅਖੌਤੀ ਵਿਕਾਸ ਮਾਡਲ ਹੈ। ਉਦਹਾਰਨ ਵਜੋਂ ਕਿਸੇ ਸਮੇਂ ਛੱਪੜ ਪਿੰਡ ਦੇ ਨਿਕਾਸੀ ਪਾਣੀ ਨੂੰ ਸਾਂਭਣ ਦਾ ਸਾਧਨ ਸਨ ਤੇ ਛੱਪੜਾਂ ਦੇ ਪਾਣੀ ਦੀ ਵੱਖ-ਵੱਖ ਰੂਪਾਂ ਵਿਚ ਵਰਤੋਂ ਵੀ ਕੀਤੀ ਜਾਂਦੀ ਸੀ ਪਰ ਹੁਣ ਪੰਜਾਬ ਦੇ ਜ਼ਿਆਦਾਤਰ ਪਿੰਡਾਂ ਵਿਚਲੇ ਛੱਪੜ ਪੂਰ ਕੇ ਜਾਂ ਤਾਂ ਪਾਰਕ ਬਣਾ ਦਿੱਤੇ ਗਏ ਹਨ ਜਾਂ ਨਾਜਾਇਜ਼ ਕਬਜ਼ੇ ਕੀਤੇ ਜਾ ਚੁੱਕੇ ਹਨ। ਜੇ ਕਿਤੇ ਛੱਪੜ ਹਨ ਵੀ, ਉਹ ਬਹੁਤ ਛੋਟੇ ਹਨ; ਭਾਵ ਵਿਕਾਸ ਦੇ ਨਾਮ 'ਤੇ ਜੋ ਅਸੀਂ ਕਰ ਰਹੇ ਹਾਂ, ਉਹ ਅਸਲ ਵਿਚ ਵਿਕਾਸ ਨਹੀਂ। ਹੁਣ ਹਾਲਤ ਇਹ ਹੈ ਕਿ ਪੰਜਾਬ ਦੇ ਪਿੰਡਾਂ, ਸ਼ਹਿਰਾਂ ਵਿਚ ਸੀਵਰੇਜ ਸਿਸਟਮ ਦਾ ਇਸ ਕਦਰ ਬੁਰਾ ਹਾਲ ਹੈ ਕਿ ਥੋੜ੍ਹਾ ਜਿਹਾ ਮੀਂਹ ਪੈਣ ਨਾਲ ਹੀ ਚਾਰੇ ਪਾਸੇ ਪਾਣੀ-ਪਾਣੀ ਹੋ ਜਾਂਦਾ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਆਫਤ ਪ੍ਰਬੰਧਨ ਸਰਕਾਰਾਂ ਦੀ ਤਰਜੀਹ ਹੋਣੀ ਚਾਹੀਦੀ ਹੈ। ਕਿਸੇ ਆਫਤ ਨਾਲ ਨਜਿੱਠਣ ਦੇ ਦੋ ਢੰਗ ਹੁੰਦੇ ਹਨ: ਇੱਕ, ਵੇਲੇ ਸਿਰ ਤਿਆਰੀ; ਦੂਜਾ, ਆਫਤ ਆਉਣ 'ਤੇ ਪੂਰੀ ਸਟੇਟ ਮਸ਼ੀਨਰੀ ਝੋਕ ਦੇਣੀ ਪਰ ਇੱਥੇ ਜ਼ਿਆਦਾ ਪਾਣੀ ਆਉਣ ਦਾ ਅੰਦੇਸ਼ਾ ਹੋਣ ਦੇ ਬਾਵਜੂਦ ਪਹਿਲਾਂ ਤਾਂ ਤਿਆਰੀ ਹੀ ਨਹੀਂ ਕੀਤੀ ਗਈ ਤੇ ਹੁਣ 'ਬੂਹੇ ਆਈ ਜੰਞ ਬਿੰਨੋਂ ਕੁੜੀ ਦੇ ਕੰਨ' ਵਾਲੀ ਕਹਾਵਤ ਨੂੰ ਵੀ ਪਿੱਛੇ ਛੱਡ ਕੇ ਸੱਤਾਧਾਰੀ ਸਿਰਫ ਫੋਟੋ ਸੈਸ਼ਨ ਤੱਕ ਮਹਿਦੂਦ ਹਨ।

ਮੁੱਖ ਮੰਤਰੀ ਸਮੇਤ ਸਾਰੀ ਕੈਬਨਿਟ ਸਿਰਫ ਲੋਕਾਂ ਕੋਲ ਜਾ ਕੇ ਫੋਟੋਆਂ ਕਰਵਾਉਣ ਤੱਕ ਸੀਮਤ ਹੈ। ਇਸ ਹਾਲਤ ਵਿਚ ਮੀਡੀਆ ਦਾ ਫਰਜ਼ ਹੈ ਕਿ ਸਰਕਾਰ ਨੂੰ ਸਵਾਲ ਕਰੇ ਕਿ ਪੁਰਾਣੀਆਂ ਸਰਕਾਰਾਂ ਦੇ ਮੁਕਾਬਲੇ ਨਵੀਂ ਸਰਕਾਰ ਨੇ ਕਿੰਨੀਆਂ ਡਰੇਨਾਂ ਦੀ ਸਫਾਈ ਕਰਵਾਈ, ਕਿੰਨੇ ਬੰਨ੍ਹ ਮਜ਼ਬੂਤ ਕੀਤੇ, ਦਰਿਆਵਾਂ ਦੇ ਕਿਨਾਰੇ ਮਜ਼ਬੂਤ ਕਰਨ ਲਈ ਕਿੰਨੀ ਰਾਸ਼ੀ ਖਰਚ ਕੀਤੀ ਪਰ ਮੀਡੀਆ ਦਾ ਵੱਡਾ ਹਿੱਸਾ ਦਿਖਾ ਰਿਹਾ ਹੈ ਕਿ "ਲੋਕਾਂ ਲਈ ਫਿਕਰਮੰਦ ਮੁੱਖ ਮੰਤਰੀ ਦੇ ਪੈਰ ਗਾਦ ਵਿਚ ਲਿੱਬੜੇ ਹੋਏ ਹਨ"। ਵਿਰੋਧੀ ਧਿਰਾਂ ਕਾਂਗਰਸ, ਅਕਾਲੀ ਦਲ, ਭਾਜਪਾ ਦਾ ਹਾਲ ਵੀ ਇਹੋ ਹੈ ਕਿ ਉਹਨਾਂ ਸੱਤਾ ਵਿਚ ਰਹਿੰਦਿਆਂ ਪਾਣੀ ਦੀ ਨਿਕਾਸੀ ਵੱਲ ਕੋਈ ਧਿਆਨ ਨਹੀਂ ਦਿੱਤਾ, ਹੁਣ ਲੋਕਾਂ ਨਾਲ ਹੇਜ ਜਤਾ ਰਹੇ ਹਨ।

ਮੁੱਖ ਮੰਤਰੀ/ਮੰਤਰੀ ਮੀਂਹਾਂ ਦੇ ਪਾਣੀ ਵਿਚ ਵੜਦਾ ਹੈ ਜਾਂ ਨਹੀਂ, ਇਹ ਮਾਇਨੇ ਨਹੀਂ ਰੱਖਦਾ; ਮਾਇਨੇ ਇਹ ਰੱਖਦਾ ਹੈ ਕਿ ਪੀੜਤ ਲੋਕਾਂ ਲਈ ਉਹ ਕਿਹੜੀ ਨੀਤੀ ਲੈ ਕੇ ਆ ਰਿਹਾ ਹੈ। ਹੜ੍ਹਾਂ ਤੋਂ ਪੀੜਤ ਪੰਜਾਬੀਆਂ ਨੂੰ ਮੁੜ ਪੈਰਾਂ ਸਿਰ ਕਰਨਾ ਸਰਕਾਰ ਲਈ ਵੱਡੀ ਚੁਣੌਤੀ ਹੈ। ਇਨ੍ਹਾਂ ਸਾਰੇ ਹਾਲਾਤ ਵਿਚ ਪੰਜਾਬੀਆਂ ਵਿਚ ਭਾਈਚਾਰਕ ਏਕਤਾ ਦੀ ਜੋ ਮਿਸਾਲ ਮਿਲੀ ਹੈ, ਉਹ ਬਹੁਤ ਚੰਗੀ ਗੱਲ ਹੈ। ਲੋਕਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਸਰਕਾਰ ਵੱਲ ਝਾਕਣ ਦੀ ਬਜਾਇ ਪੀੜਤਾਂ ਦੀ ਜਿਸ ਤਰ੍ਹਾਂ ਬਾਂਹ ਫੜੀ ਹੈ, ਉਸ ਦੀ ਪੂਰੀ ਦੁਨੀਆ ਵਿਚ ਤਾਰੀਫ ਹੋ ਰਹੀ ਹੈ। ਇਸ ਦੌਰਾਨ ਪਾਕਿਸਤਾਨ ਦਾ ਇਹ ਰੋਲ ਹਾਂ-ਪੱਖੀ ਹੈ ਕਿ ਉਸ ਨੇ ਸੁਲੇਮਾਨ ਹੈੱਡਵਰਕਸ ਤੋਂ 10 ਫਲੱਡ ਗੇਟ ਖੋਲ੍ਹ ਦਿੱਤੇ ਜਿਸ ਨਾਲ ਪਾਕਿਸਤਾਨ ਵਾਲੇ ਪਾਸੇ ਪਾਣੀ ਦਾ ਵਹਾਅ ਤੇਜ਼ ਹੋ ਗਿਆ ਅਤੇ ਦੱਖਣੀ ਮਾਲਵੇ ਦਾ ਪਾਣੀ ਦੇ ਕਹਿਰ ਤੋਂ ਬਚਾਅ ਹੋ ਗਿਆ।

ਉਂਝ, ਹੜ੍ਹਾਂ ਕਾਰਨ ਹੋਏ ਨੁਕਸਾਨ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਪੰਜਾਬ ਦਾ ਪਾਣੀਆਂ 'ਤੇ ਹੱਕ ਹੈ। ਰਿਪੇਰੀਅਨ ਕਾਨੂੰਨ ਵੀ ਕਹਿੰਦਾ ਹੈ ਕਿ ਜਿਸ ਸੂਬੇ ਨੂੰ ਪਾਣੀ ਦਾ ਨੁਕਸਾਨ ਝੱਲਣਾ ਪੈਂਦਾ ਹੈ, ਉਸ ਸੂਬੇ ਨੂੰ ਉਸ ਦਾ ਹੱਕ ਵੀ ਮਿਲਣਾ ਚਾਹੀਦਾ ਹੈ। ਪਾਣੀ ਮਨੁੱਖੀ ਜੀਵਨ ਦਾ ਆਧਾਰ ਸੋਮਾ ਹੈ। ਮਨੁੱਖੀ ਸੱਭਿਅਤਾ ਦਰਿਆਵਾਂ, ਨਦੀਆਂ ਦੇ ਕੰਢਿਆਂ 'ਤੇ ਵਿਕਸਤ ਹੋਈ ਹੈ। ਪਾਣੀ ਬਗੈਰ ਜ਼ਿੰਦਗੀ ਚਿਤਵਨੀ ਔਖੀ ਹੈ। ਆਲਮੀ ਤਪਸ਼ ਕਾਰਨ ਪਹਾੜਾਂ ਤੋਂ ਮੈਦਾਨੀ ਖੇਤਰਾਂ 'ਚ ਹੋਰ ਪਾਣੀ ਆ ਸਕਦਾ ਹੈ, ਇਸ ਲਈ ਪਾਣੀ ਦੀ ਨਿਕਾਸੀ ਦਾ ਠੋਸ ਪ੍ਰਬੰਧ ਜ਼ਰੂਰੀ ਹੈ। ਪੰਜਾਬ ਦੀ ਮੁੱਖ ਨਿਰਭਰਤਾ ਧਰਤੀ ਹੇਠਲੇ ਪਾਣੀ 'ਤੇ ਹੈ ਪਰ ਇਹ ਪਾਣੀ ਹੁਣ ਖਤਮ ਹੋ ਰਿਹਾ ਹੈ, ਇਸ ਲਈ ਬਰਸਾਤੀ ਪਾਣੀ ਰੀਚਾਰਜ ਕਰਨ ਦੇ ਟ੍ਰੀਟਮੈਂਟ ਪਲਾਂਟ ਜ਼ਰੂਰੀ ਹਨ।

# ਫਰੇਬੀ ਭਾਸ਼ਣਾਂ ਸਹਾਰੇ ਪਰਦਾਪੋਸ਼ੀ ਦੀ ਭਗਵੀ ਕਵਾਇਦ

***ਮੋਦੀ ਸਰਕਾਰ ਭਾਰਤ ਵਿਚ ਭਾਵੇਂ ਆਪਣੀ ਹੋ ਰਹੀ ਕਿਸੇ ਵੀ ਨੁਕਤਾਚੀਨੀ ਦੀ ਪ੍ਰਵਾਹ ਨਹੀਂ ਕਰ ਰਹੀ ਪਰ ਇਸ ਨੂੰ ਕੌਮਾਂਤਰੀ ਪੱਧਰ 'ਤੇ ਆਪਣੇ ਕੀਤੇ ਕੰਮਾਂ, ਖਾਸ ਕਰ ਕੇ ਘੱਟਗਿਣਤੀਆਂ ਪ੍ਰਤੀ ਵਿਹਾਰ ਦੇ ਮਾਮਲੇ ਵਿਚ ਜਵਾਬ ਦੇਣਾ ਪੈ ਰਿਹਾ ਹੈ। ਇਸ ਲੇਖ ਵਿਚ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਦੇ ਬਿਆਨ ਦੇ ਹਵਾਲੇ ਨਾਲ ਇਸ ਮਸਲੇ ਦੀ ਛਾਣਬੀਣ ਕੀਤੀ ਹੈ ਜਿਹੜਾ ਉਨ੍ਹਾਂ ਖੁਸਰੋ ਫਾਊਂਡੇਸ਼ਨ ਦੇ ਸਮਾਗਮ ਦੌਰਾਨ ਦਿੱਤਾ ਹੈ।***

ਕੋਈ ਦਿਨ ਅਜਿਹਾ ਨਹੀਂ ਲੰਘਦਾ ਜਦੋਂ ਆਰ.ਐੱਸ.ਐੱਸ.-ਭਾਜਪਾ ਹਕੂਮਤ ਅਸਹਿਮਤ ਆਵਾਜ਼ਾਂ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨੂੰ ਕੁਚਲਦੀ ਨਾ ਹੋਵੇ; ਜਿਸ ਦਿਨ ਫਾਸ਼ੀਵਾਦੀ ਹਕੂਮਤ ਦੇ ਸ਼ਿਸ਼ਕੇਰੇ ਹਿੰਦੂਤਵੀ ਦਹਿਸ਼ਤੀ ਗਰੋਹ ਧਾਰਮਿਕ ਤੇ ਨਸਲੀ-ਸੱਭਿਆਚਾਰਕ ਘੱਟਗਿਣਤੀਆਂ ਨੂੰ ਨਿਸ਼ਾਨਾ ਨਾ ਬਣਾਉਂਦੇ ਹੋਣ; ਜਿਸ ਦਿਨ ਹਾਸ਼ੀਏ 'ਤੇ ਧੱਕੇ ਘੱਟਗਿਣਤੀ ਲੋਕ ਦਹਿਸ਼ਤ ਤੇ ਖ਼ੌਫ਼ ਦੇ ਸਾਏ ਹੇਠ ਨਾ ਜਿਊਂਦੇ ਹੋਣ। ਇਹ ਹਕੀਕਤ ਦੁਨੀਆ ਜਾਣਦੀ ਹੈ ਅਤੇ ਆਰ.ਐੱਸ.ਐੱਸ.-ਭਾਜਪਾ ਸਰਕਾਰ ਉੱਪਰ ਇਸ ਦਹਿਸ਼ਤ ਨੂੰ ਰੋਕਣ ਲਈ ਆਲਮੀ ਦਬਾਅ ਪੈ ਰਿਹਾ ਹੈ। ਆਲਮੀ ਦਬਾਅ ਦੇ ਇਸੇ ਪਿਛੋਕੜ 'ਚ ਸਾਊਦੀ ਸਟੇਟ ਪੱਖੀ ਆਗੂ ਅਲ-ਇੱਸਾ ਅਤੇ ਮੋਦੀ ਵਜ਼ਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਦਿੱਲੀ ਵਿਚ ਇਕ ਮੁਸਲਿਮ ਸਮਾਗਮ ਨੂੰ ਸੰਬੋਧਨ ਕੀਤਾ ਜਿੱਥੇ ਭਾਰਤੀ ਹਕੂਮਤ ਦਾ ਨੁਮਾਇੰਦਾ ਇਹ ਝੂਠੇ ਦਾਅਵੇ ਕਰਦਾ ਸੁਣਿਆ ਗਿਆ ਕਿ ਮੁਲਕ ਵਿਚ ਕਿਸੇ ਨੂੰ ਵੀ 'ਆਪਣੇ ਵਿਚਾਰਾਂ ਕਾਰਨ ਕੋਈ ਖ਼ਤਰਾ ਨਹੀਂ ਹੈ।'

ਅਜੀਤ ਡੋਭਾਲ ਨੇ 11 ਜੁਲਾਈ ਨੂੰ 'ਖੁਸਰੋ ਫਾਊਂਡੇਸ਼ਨ' ਵੱਲੋਂ ਭਾਰਤੀ ਇਸਲਾਮੀ ਸੰਸਕ੍ਰਿਤਕ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਕੇਂਦਰ ਦਿੱਲੀ ਦੇ ਸਮਾਗਮ ਵਿਚ ਦਿੱਤੇ ਭਾਸ਼ਣ ਵਿਚ ਦਾਅਵਾ ਕੀਤਾ: 'ਭਾਰਤ ਵਿਚ ਅਸਹਿਮਤੀ ਨੂੰ ਆਤਮਸਾਤ ਕਰਨ ਦੀ ਅਸੀਮਤ ਸਮਰੱਥਾ ਹੈ', ਮੁਲਕ ਵਿਚ ਕਿਸੇ ਨੂੰ ਵੀ 'ਆਪਣੇ ਵਿਚਾਰਾਂ ਕਾਰਨ ਖ਼ਤਰਾ ਨਹੀਂ ਹੈ', ਭਾਰਤ ਸਦੀਆਂ ਤੋਂ 'ਸੰਸਕ੍ਰਿਤੀਆਂ, ਧਰਮਾਂ, ਭਾਸ਼ਾਵਾਂ ਅਤੇ ਨਸਲਾਂ ਦਾ ਮਿਸ਼ਰਨ' ਰਿਹਾ ਹੈ। ਫਾਸ਼ੀਵਾਦੀ ਹਕੂਮਤ ਦੇ 'ਸੁਰੱਖਿਆ ਸਲਾਹਕਾਰ' ਤੋਂ ਹਕੂਮਤ ਦਾ ਅਸਲ ਫਿਰਕੂ ਏਜੰਡਾ ਲੁਕੋਣ ਲਈ ਅਜਿਹੇ ਟਕਸਾਲੀ ਫਾਸ਼ੀਵਾਦੀ ਝੂਠ ਦੀ ਉਮੀਦ ਹੀ ਕੀਤੀ ਜਾ ਸਕਦੀ ਹੈ। ਉਹ ਇਹ ਸੱਚ ਕਿਵੇਂ ਬੋਲ ਦਿੰਦਾ ਕਿ ਹੁਕਮਰਾਨ ਧਿਰ ਤੋਂ ਵੱਖਰੇ ਵਿਚਾਰਾਂ ਵਾਲਿਆਂ ਨੂੰ ਬੇਕਿਰਕੀ ਨਾਲ ਕੁਚਲਿਆ ਜਾ ਰਿਹਾ ਹੈ ਅਤੇ ਆਰ.ਐੱਸ.ਐੱਸ.-ਭਾਜਪਾ ਇਸ ਖਿੱਤੇ ਦੀ ਨਸਲੀ-ਸੱਭਿਆਚਾਰਕ ਵੰਨ-ਸਵੰਨਤਾ ਖ਼ਤਮ ਕਰ ਕੇ ਭਾਰਤ ਨੂੰ ਆਪਣੇ ਸੁਪਨਿਆਂ ਦਾ ਹਿੰਦੂ ਰਾਸ਼ਟਰ ਬਣਾਉਣ ਲਈ ਯਤਨਸ਼ੀਲ ਹੈ ਜਿਸ ਵਿਚ ਘੱਟਗਿਣਤੀਆਂ ਨੂੰ 'ਗੁਰੂਜੀ ਗੋਲਵਾਲਕਰ' ਦੀ ਨਸੀਹਤ ਅਨੁਸਾਰ ਬਹੁਗਿਣਤੀ ਦੇ ਰਹਿਮੋ-ਕਰਮ 'ਤੇ ਜਿਊਣਾ ਪਵੇਗਾ।

ਅਮਰੀਕਾ, ਇਜ਼ਰਾਈਲ, ਸਾਊਦੀ ਅਰਬ ਵਰਗੇ ਘੋਰ ਪਿਛਾਖੜੀ ਸਟੇਟ ਆਰ.ਐੱਸ.ਐੱਸ.-ਭਾਜਪਾ ਹਕੂਮਤ ਦੇ ਹਿੰਦੂ ਰਾਸ਼ਟਰ ਦੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਸ਼ਹਿ ਦੇ ਰਹੇ ਹਨ ਪਰ ਉਹ ਮੁਸਲਮਾਨਾਂ ਨੂੰ ਦਬਾਉਣ ਦੀ ਨੀਤੀ ਕਾਰਨ ਮੋਦੀ ਨੂੰ ਦੁਨੀਆ ਭਰ 'ਚ ਹੋ ਰਹੀ ਭਾਰੀ ਬਦਨਾਮੀ ਅਤੇ ਵਿਦੇਸ਼ ਦੌਰਿਆਂ ਸਮੇਂ ਮੋਦੀ ਨੂੰ ਹੁੰਦੇ ਤਿੱਖੇ ਸਵਾਲਾਂ ਤੋਂ ਬਚਾਅ ਨਹੀਂ ਸਕਦੇ। ਇਸੇ ਲਈ ਸੰਘ ਬ੍ਰਿਗੇਡ ਨੂੰ ਇਸਲਾਮੀ ਮੰਚਾਂ ਉੱਪਰ ਹਕੂਮਤੀ ਨੁਮਾਇੰਦਿਆਂ ਦੇ ਭਾਸ਼ਣ ਕਰਵਾਉਣ ਅਤੇ ਮੁਸਲਿਮ ਮੁਲਕਾਂ ਦੇ ਸਿਖ਼ਰਲੇ 'ਅਧਿਆਤਮਕ' ਆਗੂਆਂ ਤੱਕ ਪਹੁੰਚ ਕਰ ਕੇ ਤੇ ਉਨ੍ਹਾਂ ਨੂੰ ਭਾਰਤ ਸੱਦ ਕੇ ਉਨ੍ਹਾਂ ਨਾਲ ਮੋਦੀ ਦੀਆਂ ਮੁਲਾਕਾਤਾਂ ਦੀ ਕਵਾਇਦ ਦੀ ਜ਼ਰੂਰਤ ਪੈ ਰਹੀ ਹੈ ਤਾਂ ਜੋ ਆਲਮੀ ਪੱਧਰ 'ਤੇ ਖ਼ੁਰ ਰਹੀ ਸਾਖ ਅਤੇ ਹੋ ਰਹੀ ਬਦਨਾਮੀ ਨੂੰ ਰੋਕਿਆ ਜਾ ਸਕੇ।

ਡੋਭਾਲ ਨਾਲ ਉਪਰੋਕਤ ਸਮਾਗਮ ਵਿਚ ਮੁਸਲਿਮ ਵਰਲਡ ਲੀਗ ਦਾ ਜਨਰਲ ਸਕੱਤਰ ਮੁਹੰਮਦ ਬਿਨ ਅਬਦੁਲਕਰੀਮ ਅਲ-ਇੱਸਾ ਵੀ ਮੁੱਖ ਵਕਤਾ ਸੀ। ਇਹ ਲੀਗ ਸਾਊਦੀ ਅਰਬ ਸਟੇਟ ਦੀ ਰਾਜਕੀ ਸਰਪ੍ਰਸਤੀ ਵਾਲੀ ਸੰਸਥਾ ਹੈ ਅਤੇ ਅਲ-ਇੱਸਾ ਸਾਊਦੀ ਅਰਬ ਦਾ ਨਿਆਂ ਮੰਤਰੀ ਰਹਿ ਚੁੱਕਾ ਹੈ। ਅਲ-ਇੱਸਾ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਵੀ ਮੁਲਾਕਾਤ ਕੀਤੀ। ਇਸ ਤੋਂ ਪਹਿਲਾਂ ਮਿਸਰ ਅਤੇ ਇੰਡੋਨੇਸ਼ੀਆ ਦੇ ਆਗੂ ਵੀ ਭਾਰਤ ਦਾ ਦੌਰਾ ਕਰ ਚੁੱਕੇ ਹਨ। ਜਿੱਥੇ ਹੋਰ ਮੁਸਲਿਮ ਮੁਲਕ ਭਗਵਾ ਹਕੂਮਤ ਦੇ ਕਾਰਵਿਹਾਰ ਦੀ ਤਿੱਖੀ ਆਲੋਚਨਾ ਕਰਦੇ ਹਨ ਉੱਥੇ ਸਾਊਦੀ ਅਰਬ ਦਾ ਵਿਦੇਸ਼ ਮੰਤਰਾਲਾ ਪੈਗੰਬਰ ਮੁਹੰਮਦ ਬਾਰੇ ਇਤਰਾਜ਼ਯੋਗ ਟਿੱਪਣੀ ਸਮੇਂ ਵੀ ਨਿਖੇਧੀ ਬਿਆਨ ਤੱਕ ਸੀਮਤ ਰਿਹਾ ਕਿਉਂਕਿ ਭਾਰਤ ਸਰਕਾਰ ਨਾਲ ਇਸ ਦੇ ਗੂੜ੍ਹੇ ਕੂਟਨੀਤਕ ਸਬੰਧ ਹਨ।

ਮੁਸਲਿਮ ਮੁਲਕਾਂ ਦਾ ਮੁੱਖ ਫੋਰਮ ਇਸਲਾਮਿਕ ਸਹਿਯੋਗ ਸੰਗਠਨ (ਓ.ਆਈ.ਸੀ.) ਭਾਰਤ ਵਿਚ ਵਧ ਰਹੇ ਇਸਲਾਮ ਵਿਰੋਧੀ ਨਫ਼ਰਤੀ ਪ੍ਰਚਾਰ ਅਤੇ ਮੁਸਲਿਮ ਭਾਈਚਾਰੇ ਨੂੰ ਗਿਣ-ਮਿਥ ਕੇ ਨਿਸ਼ਾਨਾ ਬਣਾਏ ਜਾਣ ਉੱਪਰ ਕਈ ਵਾਰ ਚਿੰਤਾ ਜ਼ਾਹਿਰ ਕਰ ਚੁੱਕਾ ਹੈ। ਮੁਸਲਿਮ ਜਨਸੰਖਿਆ ਪੱਖੋਂ ਭਾਰਤ ਦੁਨੀਆ ਦਾ ਦੂਜਾ ਵੱਡਾ ਮੁਲਕ ਹੈ ਅਤੇ ਇਸ ਦੀ ਮੁਸਲਿਮ ਜਨਸੰਖਿਆ ਓ.ਆਈ.ਸੀ. ਦੇ ਮੈਂਬਰ 33 ਮੁਸਲਿਮ ਮੁਲਕਾਂ ਦੀ ਜਨਸੰਖਿਆ ਦੇ ਬਰਾਬਰ ਹੋਣ ਕਾਰਨ ਓ.ਆਈ.ਸੀ. ਮੁਸਲਿਮ ਫਿਰਕੇ ਉੱਪਰ ਹਮਲਿਆਂ ਨੂੰ ਰੋਕਣ ਲਈ ਮੋਦੀ ਸਰਕਾਰ ਉੱਪਰ ਦਬਾਅ ਪਾ ਰਿਹਾ ਹੈ। ਨਾਗਰਿਕਤਾ ਸੋਧ ਕਾਨੂੰਨ ਥੋਪੇ ਜਾਣ ਸਮੇਂ ਭਗਵਾ ਹਕੂਮਤ ਨੂੰ ਮੁਸਲਿਮ ਜਗਤ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਪਿਛਲੇ ਸਾਲ ਵੀ ਪੈਗੰਬਰ ਮੁਹੰਮਦ ਦੇ ਬਾਰੇ ਕੀਤੀ ਬੇਹੂਦਾ ਟਿੱਪਣੀ ਦਾ ਕਈ ਮੁਸਲਿਮ ਮੁਲਕਾਂ ਨੇ ਗੰਭੀਰ ਨੋਟਿਸ ਲੈਂਦਿਆਂ ਭਾਰਤੀ ਰਾਜਦੂਤਾਂ ਨੂੰ ਬੁਲਾ ਕੇ ਜਵਾਬ ਤਲਬੀ ਕੀਤੀ ਸੀ ਅਤੇ ਕੌਮਾਂਤਰੀ ਦਬਾਅ ਕਾਰਨ ਮੋਦੀ ਵਜ਼ਾਰਤ ਨੂੰ ਇਹ ਟਿੱਪਣੀ ਕਰਨ ਵਾਲੀ ਭਾਜਪਾ ਤਰਜਮਾਨ ਨੂਪੁਰ ਸ਼ਰਮਾ ਨੂੰ ਮੁਅੱਤਲ ਕਰਨ ਦਾ ਕੌੜਾ ਅੱਕ ਚੱਬਣਾ ਪਿਆ ਸੀ।

ਡੋਭਾਲ ਦੇ ਭਾਸ਼ਣ ਦਾ ਖ਼ਾਸ ਤੌਰ 'ਤੇ ਨੋਟ ਕਰਨ ਵਾਲਾ ਪੱਖ ਉਸ ਵੱਲੋਂ ਸ਼ਬਦਾਂ ਦੀ ਚਤੁਰਾਈ ਨਾਲ ਦੁਨੀਆ ਨੂੰ ਮੂਰਖ਼ ਬਣਾਉਣ ਦੀ ਕੋਸ਼ਿਸ਼ ਹੈ ਪਰ ਦੁਨੀਆ ਦੇ ਲੋਕ ਐਨੇ ਭੋਲੇਭਾਲੇ ਵੀ ਨਹੀਂ ਕਿ ਭਗਵੇ ਝੂਠ ਨੂੰ ਅੱਖਾਂ ਮੀਟ ਕੇ ਸੱਚ ਮੰਨ ਲੈਣ। ਸਾਰੇ ਲੋਕ ਐਨੇ ਵੀ ਭੁਲੱਕੜ ਨਹੀਂ ਕਿ ਨਵੰਬਰ 2021 'ਚ ਆਈ.ਪੀ.ਐੱਸ. ਅਫਸਰਾਂ ਦੇ 73ਵੇਂ ਬੈਚ ਦੀ ਪਾਊਸਿੰਗ ਆਊਟ ਪਰੇਡ ਸਮੇਂ ਦਿੱਤੇ ਡੋਭਾਲ ਦੇ ਭਾਸ਼ਣ ਨੂੰ ਭੁੱਲ ਗਏ ਹੋਣਗੇ। ਹੁਣ ਵਾਲਾ ਭਾਸ਼ਣ ਹੈਦਰਾਬਾਦ ਵਾਲੇ ਉਸ ਭਾਸ਼ਣ ਦੇ ਬਿਲਕੁਲ ਉਲਟ ਹੈ। ਉਦੋਂ ਫਾਸ਼ੀਵਾਦੀ ਹਕੂਮਤ ਦੇ ਮਨਸ਼ੇ ਖੁੱਲ੍ਹ ਕੇ ਜ਼ਾਹਿਰ ਕਰਦਿਆਂ ਡੋਭਾਲ ਨੇ ਸਾਫ਼-ਸਾਫ਼ ਸ਼ਬਦਾਂ 'ਚ ਕਿਹਾ ਸੀ ਕਿ ਭਾਰਤ ਸਰਕਾਰ ਦੇ ਯੁੱਧ ਦਾ ਚੌਥਾ ਮੋਰਚਾ ਸਿਵਲ ਸੁਸਾਇਟੀ ਹੈ ਕਿਉਂਕਿ ਸਿਵਲ ਸੁਸਾਇਟੀ ਯਾਨੀ ਸਮਾਜ ਦਾ ਪੜ੍ਹਿਆ-ਲਿਖਿਆ ਹਿੱਸਾ ਰਾਸ਼ਟਰ ਵਿਰੋਧੀਆਂ ਲਈ 'ਸੌਫਟ ਟਾਰਗੈੱਟ' ਹੈ ਅਤੇ ਆਈ.ਪੀ.ਐੱਸ. ਅਫਸਰਾਂ ਨੂੰ ਇਸ ਨਾਲ ਨਜਿੱਠਣ ਲਈ ਮਾਨਸਿਕ ਤੌਰ 'ਤੇ ਤਿਆਰ ਰਹਿਣਾ ਚਾਹੀਦਾ ਹੈ। ਕੌਮੀ ਸੁਰੱਖਿਆ ਸਲਾਹਕਾਰ ਨਵੇਂ ਆਈ.ਪੀ.ਐੱਸ. ਅਫਸਰਾਂ ਨੂੰ ਹਕੂਮਤੀ ਜ਼ਰੂਰਤ ਸਮਝਾ ਰਿਹਾ ਸੀ ਕਿ ਉਹ ਭਾਰਤ ਵਿਚ ਹੱਕਾਂ ਦੇ ਘਾਣ ਵਿਰੁੱਧ ਆਵਾਜ਼ ਉਠਾ ਰਹੇ ਜਾਗਰੂਕ ਹਿੱਸਿਆਂ ਨਾਲ ਨਜਿੱਠਣ ਅਤੇ ਉਨ੍ਹਾਂ ਦੀ ਜ਼ਬਾਨਬੰਦੀ ਲਈ ਪੁਲਿਸ ਤਾਕਤ ਦੇ ਬੇਦਰੇਗ ਇਸਤੇਮਾਲ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਕੇ ਡਿਊਟੀ ਸੰਭਾਲਣ।

ਭਾਰਤ ਵਿਚ 'ਵਿਚਾਰਾਂ ਕਾਰਨ ਕਿਸੇ ਨੂੰ ਖ਼ਤਰਾ ਨਹੀਂ ਹੈ', ਇਹ ਹਾਲੀਆ ਦਾਅਵਾ ਮਿਸਟਰ ਡੋਭਾਲ ਨੇ ਉਦੋਂ ਕੀਤਾ ਜਦੋਂ ਭਾਰਤੀ ਰਾਜ ਅਤੇ ਹਕੂਮਤ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਬੇਬਾਕ ਆਲੋਚਕ ਮੁਲਕ ਦੇ ਚੋਟੀ ਦੇ ਬੁੱਧੀਜੀਵੀ ਪੰਜ ਸਾਲ ਤੋਂ ਬਿਨਾਂ ਮੁਕੱਦਮਾ ਚਲਾਏ, ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਬੰਦ ਹਨ ਅਤੇ ਮਹਿਜ਼ ਸੋਸ਼ਲ ਮੀਡੀਆ ਉੱਪਰ ਵਿਚਾਰ ਪ੍ਰਗਟਾਉਣ ਕਾਰਨ ਹੀ ਪਤਾ ਨਹੀਂ ਕਿੰਨੇ ਲੋਕਾਂ ਨੂੰ ਪੁਲਿਸ ਵੱਲੋਂ ਕੇਸ ਦਰਜ ਕਰ ਕੇ ਤੇ ਗ੍ਰਿਫ਼ਤਾਰ ਕਰ ਕੇ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ। ਕੁਝ ਦਿਨ ਪਹਿਲਾਂ ਹੀ ਔਰਤਾਂ ਕਾਰਕੁਨਾਂ ਦੀ ਤਿੰਨ ਮੈਂਬਰੀ ਟੀਮ ਵਿਰੁੱਧ ਮਨੀਪੁਰ ਦੀ ਇੰਫਾਲ ਪੁਲਿਸ ਵੱਲੋਂ 'ਰਾਜ ਵਿਰੁੱਧ ਜੰਗ ਛੇੜਨ', ਹਿੰਸਾ ਲਈ ਉਕਸਾਉਣ, ਭਾਈਚਾਰਿਆਂ ਦਰਮਿਆਨ ਨਫ਼ਰਤ ਭੜਕਾਉਣ ਅਤੇ ਮਾਣਹਾਨੀ ਵਰਗੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸ ਜਾਂਚ ਟੀਮ ਨੇ ਮਨੀਪੁਰ ਵਿਚ ਸਾਰੇ ਤੱਥ ਜਾਨਣ ਤੋਂ ਬਾਅਦ ਪ੍ਰੈੱਸ ਕਾਨਫਰੰਸ ਕਰ ਕੇ ਕਿਹਾ ਸੀ ਕਿ ਉੱਥੇ ਪਿਛਲੇ ਦੋ ਮਹੀਨਿਆਂ ਤੋਂ ਜੋ ਹਿੰਸਾ ਹੋ ਰਹੀ ਹੈ, ਉਹ ਮਹਿਜ਼ ਦੋ ਭਾਈਚਾਰਿਆਂ ਦਰਮਿਆਨ ਟਕਰਾਅ ਦਾ ਮਾਮਲਾ ਨਹੀਂ ਹੈ, ਉਸ ਹਿੰਸਾ ਨੂੰ ਰਾਜਕੀ ਸਰਪ੍ਰਸਤੀ ਨਾਲ ਅੰਜਾਮ ਦਿੱਤਾ ਗਿਆ ਹੈ।



3 ਮਈ ਤੋਂ ਮਨੀਪੁਰ ਲਗਾਤਾਰ ਭਰਾ-ਮਾਰ ਲੜਾਈ ਦੀ ਲਪੇਟ ਵਿਚ ਹੈ। ਕੁਕੀ ਕਬੀਲੇ ਅਤੇ ਮੀਤੀ ਭਾਈਚਾਰੇ ਦਰਮਿਆਨ ਬੇਹੱਦ ਖ਼ਤਰਨਾਕ ਖ਼ੂਨੀ ਟਕਰਾਅ ਰੁਕ ਨਹੀਂ ਰਿਹਾ। 130 ਤੋਂ ਵਧੇਰੇ ਲੋਕ ਮਾਰੇ ਗਏ ਹਨ। ਹਿੰਸਾ ਕਾਰਨ ਉੱਜੜੇ ਦਹਿ-ਹਜ਼ਾਰਾਂ ਲੋਕ ਆਰਜ਼ੀ ਕੈਂਪਾਂ ਵਿਚ ਰੁਲ ਰਹੇ ਹਨ। ਸਰਕਾਰ ਵੱਲੋਂ ਇੰਟਰਨੈੱਟ ਬੰਦ ਰੱਖ ਕੇ ਨਾਗਰਿਕਾਂ ਦਾ ਜਾਣਕਾਰੀ ਦਾ ਹੱਕ ਖੋਹਿਆ ਗਿਆ ਹੈ ਤਾਂ ਜੋ ਭਾਰਤ ਅਤੇ ਦੁਨੀਆ ਦੇ ਲੋਕਾਂ ਨੂੰ ਜ਼ਮੀਨੀ ਹਕੀਕਤ ਤੋਂ ਬੇਖ਼ਬਰ ਰੱਖਿਆ ਜਾ ਸਕੇ।

ਮਨੀਪੁਰ ਕੌਮੀਅਤ ਲਹਿਰ ਦਾ ਸਰਗਰਮ ਖਿਤਾ ਰਿਹਾ ਹੈ। ਜਿਨ੍ਹਾਂ ਕੌਮੀਅਤਾਂ ਨੇ ਵੱਖ-ਵੱਖ ਕੌਮੀਅਤਾਂ ਦੇ ਜਬਰੀ ਸਿਰ-ਨਰੜ ਨੂੰ ਸਵੀਕਾਰ ਨਹੀਂ ਕੀਤਾ, ਮਨੀਪੁਰ ਉਨ੍ਹਾਂ ਵਿਚੋਂ ਇਕ ਹੈ। ਮੁਲਕ ਦੀ ਏਕਤਾ ਤੇ ਅਖੰਡਤਾ ਦੇ ਨਾਂ ਹੇਠ ਕੌਮੀਅਤਾਂ ਨੂੰ ਜਾਬਰ ਫ਼ੌਜੀ ਤਾਕਤ, ਕਾਲੇ ਕਾਨੂੰਨਾਂ ਅਤੇ ਮੁਲਕ ਦੀ ਏਕਤਾ ਤੇ ਅਖੰਡਤਾ ਦੇ ਦੰਭੀ ਬਿਰਤਾਂਤ ਦੇ ਜ਼ੋਰ ਕੁਚਲਣ ਦਾ ਰਾਜਕੀ ਦਹਿਸ਼ਤਵਾਦ 1947 ਤੋਂ ਹੀ ਚੱਲ ਰਿਹਾ ਹੈ। ਕਸ਼ਮੀਰ, ਨਾਗਾਲੈਂਡ, ਮਿਜ਼ੋਰਮ, ਮਨੀਪੁਰ ਇਸ ਦੀਆਂ ਵੱਡੀਆਂ ਮਿਸਾਲਾਂ ਹਨ। ਇਤਿਹਾਸ ਗਵਾਹ ਹੈ ਕਿ 1949 'ਚ ਮਨੀਪੁਰੀ ਲੋਕਾਂ ਦੀ ਇੱਛਾ ਦੇ ਵਿਰੁੱਧ ਇਸ ਉੱਤਰ-ਪੂਰਬੀ ਰਿਆਸਤ ਦਾ ਭਾਰਤੀ ਰਾਜ ਵਿਚ ਜਬਰੀ ਰਲੇਵਾਂ ਕੀਤਾ ਗਿਆ ਸੀ ਜੋ ਉਨ੍ਹਾਂ ਨੂੰ ਮਨਜ਼ੂਰ ਨਹੀਂ ਹੈ ਅਤੇ ਉਹ ਇਸ ਰਲੇਵੇਂ ਵਿਰੁੱਧ ਹਥਿਆਰਬੰਦ ਸੰਘਰਸ਼ ਕਰਦੇ ਆ ਰਹੇ ਹਨ। ਮਨੀਪੁਰੀ ਲੋਕਾਂ ਦੀਆਂ ਜਮਹੂਰੀ ਰੀਝਾਂ ਨੂੰ ਦਬਾਉਣ 'ਚ ਕੋਈ ਵੀ ਹਾਕਮ ਜਮਾਤੀ ਪਾਰਟੀ ਪਿੱਛੇ ਨਹੀਂ ਰਹੀ। ਲੰਮੇ ਸਮੇਂ ਤੋਂ ਮਨੀਪੁਰ ਭਾਰਤੀ ਫ਼ੌਜ ਦੇ ਕੰਟਰੋਲ ਹੇਠ ਹੈ ਅਤੇ ਹਥਿਆਰਬੰਦ ਸੰਘਰਸ਼ ਦੇ ਨਾਲ-ਨਾਲ ਅਫਸਪਾ ਹਟਾਏ ਜਾਣ ਵਿਰੁੱਧ ਉੱਥੇ ਜ਼ੋਰਦਾਰ ਲੋਕ ਅੰਦੋਲਨ ਹੁੰਦੇ ਆ ਰਹੇ ਹਨ।

***ਮੁਸਲਿਮ ਮੁਲਕਾਂ ਦਾ ਮੁੱਖ ਫੋਰਮ ਇਸਲਾਮਿਕ ਸਹਿਯੋਗ ਸੰਗਠਨ (ਓ.ਆਈ.ਸੀ.) ਭਾਰਤ ਵਿਚ ਵਧ ਰਹੇ ਇਸਲਾਮ ਵਿਰੋਧੀ ਨਫ਼ਰਤੀ ਪ੍ਰਚਾਰ ਅਤੇ ਮੁਸਲਿਮ ਭਾਈਚਾਰੇ ਨੂੰ ਗਿਣ-ਮਿਥ ਕੇ ਨਿਸ਼ਾਨਾ ਬਣਾਏ ਜਾਣ ਉੱਪਰ ਕਈ ਵਾਰ ਚਿੰਤਾ ਜ਼ਾਹਿਰ ਕਰ ਚੁੱਕਾ ਹੈ। ਮੁਸਲਿਮ ਜਨਸੰਖਿਆ ਪੱਖੋਂ ਭਾਰਤ ਦੁਨੀਆ ਦਾ ਦੂਜਾ ਵੱਡਾ ਮੁਲਕ ਹੈ ਅਤੇ ਇਸ ਦੀ ਮੁਸਲਿਮ ਜਨਸੰਖਿਆ ਓ.ਆਈ.ਸੀ. ਦੇ ਮੈਂਬਰ 33 ਮੁਸਲਿਮ ਮੁਲਕਾਂ ਦੀ ਜਨਸੰਖਿਆ ਦੇ ਬਰਾਬਰ ਹੋਣ ਕਾਰਨ ਓ.ਆਈ.ਸੀ. ਮੁਸਲਿਮ ਫਿਰਕੇ ਉੱਪਰ ਹਮਲਿਆਂ ਨੂੰ ਰੋਕਣ ਲਈ ਮੋਦੀ ਸਰਕਾਰ ਉੱਪਰ ਦਬਾਅ ਪਾ ਰਿਹਾ ਹੈ।***

ਸਥਾਨਕ ਵਿਰੋਧਤਾਈਆਂ ਅਤੇ ਭਾਈਚਾਰਕ ਟਕਰਾਅ ਹਰ ਸਮਾਜ ਵਿਚ ਹਨ। ਮਨੀਪੁਰ ਦੇ ਮੀਤੀ, ਨਾਗਾ ਅਤੇ ਕੁਕੀ ਲੋਕਾਂ ਦਰਮਿਆਨ ਵੀ ਆਪਸੀ ਵਿਰੋਧਤਾਈਆਂ ਅਤੇ ਹਿਤਾਂ ਦੇ ਟਕਰਾਅ ਹਨ ਪਰ ਕੌਮੀਅਤ ਸੰਘਰਸ਼ ਵਿਚ ਮਨੀਪੁਰੀ ਲੋਕ ਜ਼ਿਆਦਾਤਰ ਇਕਜੁੱਟ ਰਹੇ ਹਨ। ਮੀਤੀ ਭਾਰੂ ਰੂਪ 'ਚ ਹਿੰਦੂ ਹਨ ਜਦਕਿ ਨਾਗਾ ਅਤੇ ਕੁਕੀ ਈਸਾਈ ਧਰਮ ਨੂੰ ਮੰਨਦੇ ਹਨ ਪਰ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਵੱਖ-ਵੱਖ ਸਮਾਜਿਕ ਸਮੂਹਾਂ ਦੇ ਹਿਤਾਂ ਦੇ ਮਾਮੂਲੀ ਟਕਰਾਅ ਨੂੰ ਛੱਡ ਕੇ ਮਨੀਪੁਰ 'ਚ ਕਦੇ ਵੀ ਇਸ ਤਰ੍ਹਾਂ ਦੀ ਫਿਰਕੂ ਹਿੰਸਾ ਨਹੀਂ ਹੋਈ, ਜਿਵੇਂ ਹੁਣ ਆਰ.ਐੱਸ.ਐੱਸ.-ਭਾਜਪਾ ਦੀ ਸਥਾਨਕ ਵਿਰੋਧਤਾਈਆਂ ਨੂੰ ਭੜਕਾ ਕੇ ਖ਼ਾਨਾਜੰਗੀ ਵਰਗੇ ਹਾਲਾਤ ਬਣਾਉਣ ਦੀ ਬਦਨੀਤੀ ਕਾਰਨ ਹੋ ਰਹੀ ਹੈ। ਇਹ ਪਹਿਲੀ ਵਾਰ ਹੈ ਕਿ ਡੂੰਘੀ ਸਾਜ਼ਿਸ਼ ਨੇ ਉਨ੍ਹਾਂ ਨੂੰ ਇਕ ਦੂਜੇ ਦੇ ਲਹੂ ਦੇ ਤਿਹਾਏ ਦੁਸ਼ਮਣ ਬਣਾ ਦਿੱਤਾ ਹੈ। ਇਸ ਦੌਰਾਨ 250 ਤੋਂ ਵੱਧ ਚਰਚ ਜਲਾ ਦਿੱਤੇ ਗਏ ਹਨ ਜੋ ਇਸ ਦਾ ਸੰਕੇਤ ਹੈ ਕਿ ਘੱਟਗਿਣਤੀ ਈਸਾਈ ਧਰਮ ਖ਼ਾਸ ਨਿਸ਼ਾਨੇ 'ਤੇ ਹੈ। ਇਹ ਭਰਾਮਾਰ ਹਾਲਾਤ ਬਣਾਉਣ ਵਿਚ ਆਰ.ਐੱਸ.ਐੱਸ. ਦੇ ਨਫ਼ਰਤੀ ਤਾਣੇਬਾਣੇ ਨੇ ਵੱਡੀ ਭੂਮਿਕਾ ਨਿਭਾਈ ਹੈ। ਸਿਲਸਿਲੇਵਾਰ ਤਰੀਕੇ ਨਾਲ ਫਿਰਕੂ ਪਾਲਾਬੰਦੀ ਕਰ ਦਿੱਤੀ ਗਈ ਹੈ ਜਿਸ ਦਾ ਮਨੋਰਥ ਭਾਈਚਾਰਿਆਂ 'ਚ ਨਫ਼ਰਤ ਪੈਦਾ ਕਰਕੇ ਉੱਥੋਂ ਦੇ ਕੌਮੀਅਤ ਸੰਘਰਸ਼ ਨੂੰ ਸੱਟ ਮਾਰਨਾ ਹੈ।

ਮਨੀਪੁਰ ਦੀਆਂ ਘਟਨਾਵਾਂ ਉੱਪਰ ਘੋਖਵੀਂ ਨਜ਼ਰ ਰੱਖਣ ਵਾਲੇ ਕਿਸੇ ਵੀ ਜਾਗਰੂਕ ਨਾਗਰਿਕ ਨੂੰ ਇਸ ਬਾਰੇ ਭੋਰਾ ਵੀ ਭੁਲੇਖਾ ਨਹੀਂ ਹੈ ਕਿ ਮੌਜੂਦਾ ਹਕੂਮਤ ਨੇ ਮਨੀਪੁਰੀ ਲੋਕਾਂ ਨੂੰ 'ਪਾੜੋ ਤੇ ਰਾਜ ਕਰੋ' ਦੇ ਫਿਰਕੂ ਪ੍ਰੋਜੈਕਟ ਰਾਹੀਂ ਪੱਕੇ ਤੌਰ 'ਤੇ ਕੰਟਰੋਲ ਕਰਨ ਲਈ ਮੀਤੀ ਬਹੁਗਿਣਤੀ ਦੇ ਆਰਥਿਕਤਾ ਅਤੇ ਸਿਆਸਤ ਉੱਪਰ ਗ਼ਲਬੇ ਨੂੰ ਪੂਰੀ ਚਲਾਕੀ ਨਾਲ ਵਰਤਿਆ। ਮੀਤੀ ਪੱਖੀ ਨੀਤੀਆਂ ਰਾਹੀਂ ਸਥਾਨਕ ਹਾਕਮ ਜਮਾਤ ਨੂੰ ਆਪਣੇ ਨਾਲ ਜੋੜਿਆ ਜਿਸ ਨਾਲ ਕੁਕੀ ਭਾਈਚਾਰੇ 'ਚ ਵਿਤਕਰੇ ਦੀ ਭਾਵਨਾ ਵਧਣੀ ਸ਼ੁਰੂ ਹੋਈ। ਕੁਕੀ ਕਬੀਲੇ ਦੀ ਜ਼ਮੀਨ ਘਾਟੀ ਦੇ ਮੀਤੀ ਲੋਕ ਨਹੀਂ ਖ਼ਰੀਦ ਸਕਦੇ ਕਿਉਂਕਿ ਸੂਚੀਦਰਜ ਕਬਾਇਲੀ ਖੇਤਰ ਹੋਣ ਕਾਰਨ ਉਨ੍ਹਾਂ ਦੀ ਜ਼ਮੀਨ ਸੰਵਿਧਾਨਕ ਵਿਵਸਥਾ ਤਹਿਤ ਸਥਾਨਕ ਕਬਾਇਲੀਆਂ ਲਈ ਸੁਰੱਖਿਅਤ ਹੈ। ਭਾਜਪਾ ਸਰਕਾਰ ਨੇ ਮੀਤੀ ਭਾਈਚਾਰੇ ਨੂੰ ਸੂਚੀਦਰਜ ਕਬੀਲੇ ਦਾ ਦਰਜਾ ਦੇ ਕੇ ਅਤੇ ਮਨੀਪੁਰ ਹਾਈਕੋਰਟ ਦੇ ਇਕ ਬੈਂਚ ਨੇ ਇਸ ਨੀਤੀ ਨਾਲ ਸਹਿਮਤੀ ਪ੍ਰਗਟਾ ਕੇ ਕਬਾਇਲੀ ਜ਼ਮੀਨ ਹੜੱਪਣ ਲਈ ਮੀਤੀ ਸਰਮਾਏਦਾਰਾਂ ਦਾ ਰਾਹ ਪੱਧਰਾ ਕਰ ਦਿੱਤਾ। ਇਹੀ ਹਿੰਸਾ ਭੜਕਣ ਦਾ ਫ਼ੌਰੀ ਕਾਰਨ ਬਣਿਆ।

ਕੁਕੀ ਭਾਈਚਾਰੇ ਦੇ ਰੋਸ ਨੂੰ ਕੁਚਲਣ ਲਈ ਹਕੂਮਤ ਨੇ ਦਹਿਸ਼ਤਗਰਦ, ਨਸ਼ਾ-ਤਸਕਰ, ਘੁਸਪੈਠੀਏ ਕਹਿ ਕੇ ਬਦਨਾਮ ਕੀਤਾ ਅਤੇ ਮੀਤੀ ਹਿੰਸਾ ਨੂੰ ਸ਼ਹਿ ਵੀ ਦਿੱਤੀ ਅਤੇ ਰਾਜਕੀ ਮੱਦਦ ਵੀ ਕੀਤੀ। ਟਕਰਾਅ ਨੂੰ ਦੂਰ ਕਰਨ ਲਈ ਕੋਸ਼ਿਸ਼ ਕਰਨ ਦੀ ਬਜਾਇ ਸਗੋਂ ਭਾਜਪਾ ਸਰਕਾਰ ਨੇ ਹਿੰਸਾ ਨੂੰ ਸ਼ਹਿ ਅਤੇ ਰਾਜਕੀ ਸਰਪ੍ਰਸਤੀ ਦਿੱਤੀ। ਇਹ ਸਥਾਨਕ ਸਰਕਾਰ ਦੀ ਬਿਆਨਬਾਜ਼ੀ, ਮੋਦੀ ਦੀ ਮੁਕੰਮਲ ਖ਼ਾਮੋਸ਼ੀ ਅਤੇ ਅਮਿਤ ਸ਼ਾਹ ਦੀ ਅਗਵਾਈ 'ਚ ਕੇਂਦਰੀ ਗ੍ਰਹਿ ਮੰਤਰਾਲੇ ਦੀ ਟਕਰਾਅ ਨੂੰ ਹੋਰ ਵਧਾਉਣ ਤੇ ਤਿੱਖਾ ਕਰਨ ਵਾਲੀ ਦਖ਼ਲਅੰਦਾਜ਼ੀ ਦੇ ਰੂਪ 'ਚ ਪੂਰੀ ਤਰ੍ਹਾਂ ਜੱਗ ਜ਼ਾਹਿਰ ਹੈ। ਆਰ.ਐੱਸ.ਐੱਸ.-ਭਾਜਪਾ ਦਾ ਇਹ ਫਿਰਕੂ ਕਿਰਦਾਰ ਇਸ ਹੱਦ ਤੱਕ ਬੇਪਰਦ ਹੈ ਕਿ ਹਾਲ ਹੀ ਵਿਚ ਯੂਰਪੀ ਯੂਨੀਅਨ ਦੀ ਪਾਰਲੀਮੈਂਟ ਨੇ ਬਕਾਇਦਾ ਮਤਾ ਪਾਸ ਕਰ ਕੇ ਹਿੰਸਾ ਨੂੰ "ਹਿੰਦੂ ਬਹੁਗਿਣਤੀਵਾਦ ਨੂੰ ਅੱਗੇ ਵਧਾਉਣ ਵਾਲੀਆਂ ਪਾਟਕ-ਪਾਊ ਨੀਤੀਆਂ ਦਾ ਨਤੀਜਾ" ਕਰਾਰ ਦਿੱਤਾ ਹੈ। ਮੋਦੀ ਦੀ ਫਰਾਂਸ ਫੇਰੀ ਮੌਕੇ ਯੂਰਪੀ ਯੂਨੀਅਨ ਦੇ ਮਤੇ 'ਚ ਐਸੇ ਸ਼ਬਦਾਂ ਦਾ ਇਸਤੇਮਾਲ ਇਹ ਦਰਸਾਉਂਦਾ ਹੈ ਕਿ ਯੂਰਪੀ ਮੁਲਕਾਂ ਦੇ ਹੁਕਮਰਾਨ ਮੋਦੀ ਸਰਕਾਰ ਦੇ ਮਨਸ਼ਿਆਂ ਉੱਪਰ ਨੇੜਿਓਂ ਨਜ਼ਰ ਰੱਖ ਰਹੇ ਹਨ।

ਇਨ੍ਹਾਂ ਹਾਲਾਤ 'ਚ ਹਕੂਮਤ ਦੀਆਂ ਚਾਲਾਂ ਨੰਗੀਆਂ ਕਰਦੀ ਤੱਥ-ਖੋਜ ਰਿਪੋਰਟ ਦਾ ਜਨਤਕ ਹੋਣਾ ਹੁਕਮਰਾਨ ਧਿਰ ਨੂੰ ਕਿਵੇਂ ਗਵਾਰਾ ਹੋ ਸਕਦਾ ਹੈ ਜੋ ਰਿਪੋਰਟ ਪਿਛਲੇ ਦਿਨੀਂ ਨੈਸ਼ਨਲ ਫੈੱਡਰੇਸ਼ਨ ਆਫ ਇੰਡੀਅਨ ਵਿਮੈਨ ਦੀ ਤਿੰਨ ਮੈਂਬਰੀ ਤੱਥ ਖੋਜ ਟੀਮ ਨੇ ਜਾਰੀ ਕੀਤੀ। ਟੀਮ ਵਿਚ ਐਨੀ ਰਾਜਾ, ਨਿਸ਼ਾ ਸਿੱਧੂ ਤੇ ਦੀਕਸ਼ਾ ਦਿਵੇਦੀ ਸ਼ਾਮਲ ਸਨ ਅਤੇ ਟੀਮ ਨੇ 28 ਜੂਨ ਤੋਂ ਲੈ ਕੇ 1 ਜੁਲਾਈ ਤੱਕ ਮਨੀਪੁਰ ਦਾ ਦੌਰਾ ਕਰ ਕੇ ਜ਼ਮੀਨੀ ਹਕੀਕਤ ਨੂੰ ਜਾਣਿਆ। ਮਨੀਪੁਰ ਜਾਣ ਤੋਂ ਪਹਿਲਾਂ ਟੀਮ ਨੇ ਦਿੱਲੀ ਵਿਚ ਉਨ੍ਹਾਂ ਮੀਤੀ ਅਤੇ ਕੁਕੀ ਔਰਤਾਂ ਨੂੰ ਮਿਲ ਕੇ ਉਨ੍ਹਾਂ ਦੇ ਉਜਾੜੇ ਦੀ ਦਾਸਤਾਨ ਸੁਣੀ ਜਿਨ੍ਹਾਂ ਨੂੰ ਆਪਣੇ ਘਰ-ਘਾਟ ਛੱਡ ਕੇ ਰਾਜਧਾਨੀ 'ਚ ਆਪ ਕੇ ਪਨਾਹ ਲੈਣੀ ਪਈ। ਟੀਮ ਮਨੀਪੁਰ ਵਿਚ ਪੰਜ ਰਾਹਤ ਕੈਂਪਾਂ ਤੋਂ ਇਲਾਵਾ ਹੋਰ ਰਾਹਤ ਕੈਂਪਾਂ ਵਿਚ ਜਾ ਕੇ ਪੀੜਤ ਲੋਕਾਂ ਨੂੰ ਵੀ ਮਿਲੀ। ਟੀਮ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਮਿਲ ਕੇ ਉਨ੍ਹਾਂ ਦਾ ਪੱਖ ਵੀ ਸੁਣਿਆ। ਟੀਮ ਆਈ.ਐੱਮ.ਏ. ਮਾਰਕੀਟ ਵੀ ਗਈ ਅਤੇ ਮੀਰਾ ਪੈਬੀਜ਼ (ਇੰਫਾਲ ਘਾਟੀ ਦੀਆਂ ਮੀਤੀ ਔਰਤਾਂ ਜੋ 'ਔਰਤ ਮਸ਼ਾਲਚੀ' ਵਜੋਂ ਜਾਣੀਆਂ ਜਾਂਦੀਆਂ ਹਨ) ਨੂੰ ਵੀ ਮਿਲੀ। ਟੀਮ ਇਸ ਨਤੀਜੇ 'ਤੇ ਪਹੁੰਚੀ ਕਿ ਨਾ ਹੀ ਇਹ ਫਿਰਕੂ ਹਿੰਸਾ ਹੈ ਅਤੇ ਨਾ ਹੀ ਮਹਿਜ਼ ਦੋ ਭਾਈਚਾਰਿਆਂ ਦਰਮਿਆਨ ਲੜਾਈ ਹੈ। ਹਿੰਸਾ ਵਿਚ ਜ਼ਮੀਨ ਤੇ ਵਸੀਲਿਆਂ ਦੇ ਸਵਾਲ ਅਤੇ ਜਨੂਨੀਆਂ ਅਤੇ ਖਾੜਕੂਆਂ ਦੀ ਮੌਜੂਦਗੀ ਸ਼ਾਮਿਲ ਹੈ। ਟੀਮ ਦਾ ਮੰਨਣਾ ਹੈ ਕਿ ਹਕੂਮਤ ਨੇ ਬਹੁਤ ਚਲਾਕੀ ਨਾਲ ਜ਼ਮੀਨਾਂ ਹਥਿਆਉਣ ਦੀ ਕਾਰਪੋਰੇਟ ਪੱਖੀ ਯੁੱਧਨੀਤੀ ਨੂੰ ਅੰਜਾਮ ਦਿੱਤਾ ਹੈ। ਸਰਕਾਰ ਨੇ ਜਾਣ-ਬੁੱਝ ਕੇ ਭਾਈਚਾਰਿਆਂ ਦਰਮਿਆਨ ਤਣਾਓ ਨੂੰ ਵਧਣ ਦਿੱਤਾ। ਸਰਕਾਰ ਨੇ ਭੜਕਾਊ ਕਾਰਵਾਈਆਂ ਜਾਰੀ ਰੱਖੀਆਂ ਜਿਸ ਨਾਲ ਦੋ ਮੁੱਖ ਭਾਈਚਾਰਿਆਂ ਦਰਮਿਆਨ ਗੁੱਸਾ ਅਤੇ ਪਾੜਾ ਵਧਦਾ ਗਿਆ। ਸਰਕਾਰ ਦੀ ਮੁਜਰਮਾਨਾ ਉਦਾਸੀਨਤਾ ਕਾਰਨ ਮੌਜੂਦਾ ਸੰਕਟ ਦੀ ਨੌਬਤ ਆਈ ਹੈ। ਟੀਮ ਨੇ ਇਹ ਖ਼ੁਲਾਸਾ ਵੀ ਕੀਤਾ ਕਿ ਜ਼ਿਆਦਾਤਰ ਰਾਹਤ ਕੈਂਪ ਨਾਗਰਿਕਾਂ ਅਤੇ ਸਿਵਲ ਸੁਸਾਇਟੀ ਗਰੁੱਪਾਂ ਵੱਲੋਂ ਚਲਾਏ ਜਾ ਰਹੇ ਹਨ ਅਤੇ ਇਸ ਵਿਚ ਸਰਕਾਰ ਦੀ ਭੂਮਿਕਾ ਤੇ ਮਦਦ ਨਿਗੂਣੀ ਹੈ। ਕੈਂਪਾਂ ਵਿਚ ਜ਼ਿਆਦਾਤਰ ਦਿਹਾੜੀਦਾਰ ਕਿਰਤੀ ਅਤੇ ਆਮ ਲੋਕ ਹਨ ਜਿਨ੍ਹਾਂ ਦਾ ਭਵਿੱਖ ਪੂਰੀ ਤਰ੍ਹਾਂ ਹਨੇਰਾ ਹੈ। ਕੈਂਪਾਂ ਵਿਚ ਖਾਣੇ, ਪੀਣ ਵਾਲੇ ਪਾਣੀ, ਸਾਫ਼-ਸਫ਼ਾਈ, ਦੁੱਧ ਚੁੰਘਦੇ ਬੱਚਿਆਂ ਅਤੇ ਔਰਤਾਂ ਲਈ ਜ਼ਰੂਰੀ ਚੀਜ਼ਾਂ ਦੀ ਬੇਹੱਦ ਘਾਟ ਹੈ।

ਟੀਮ ਵੱਲੋਂ ਉਠਾਏ ਮਸਲਿਆਂ ਨੂੰ ਮੁਖ਼ਾਤਿਬ ਹੋਣ ਦੀ ਬਜਾਇ ਹਕੂਮਤ ਨੇ ਉਨ੍ਹਾਂ ਨੂੰ ਕੇਸਾਂ ਵਿਚ ਉਲਝਾ ਕੇ ਸਵਾਲ ਉਠਾਉਣ ਵਾਲੇ ਸਾਰੇ ਹਿੱਸਿਆਂ ਦਾ ਮੂੰਹ ਬੰਦ ਕਰ ਦੇਣ ਦਾ ਫਾਸ਼ੀਵਾਦੀ ਤਰੀਕਾ ਅਖ਼ਤਿਆਰ ਕਰ ਲਿਆ ਜੋ ਆਰ.ਐੱਸ.ਐੱਸ.-ਭਾਜਪਾ ਦੀ ਖ਼ਾਸੀਅਤ ਹੈ। ਇਹ ਇਕ ਵਾਰ ਫਿਰ ਸਾਬਤ ਕਰਦਾ ਹੈ ਕਿ ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਦਿਖਾਉਣ ਦੇ ਹੋਰ ਹਨ। ਤੱਥ ਖੋਜ ਟੀਮ ਨੇ ਮਨੀਪੁਰ ਬਾਰੇ ਆਪਣੇ ਵਿਚਾਰ ਹੀ ਪ੍ਰਗਟਾਏ ਸਨ, ਉਸ ਨੂੰ ਵੀ ਹਕੂਮਤ ਨੇ 'ਰਾਜ ਵਿਰੁੱਧ ਜੰਗ ਛੇੜਨਾ' ਬਣਾ ਦਿੱਤਾ। ਸਵਾਲ ਇਹ ਹੈ ਕਿ ਉਹ ਭਾਰਤ ਕਿੱਥੇ ਹੈ ਜਿਸ ਵਿਚ 'ਕਿਸੇ ਨੂੰ ਆਪਣੇ ਵਿਚਾਰਾਂ ਕਾਰਨ ਕੋਈ ਖ਼ਤਰਾ ਨਹੀਂ ਹੈ'। ਜਿੱਥੇ 'ਅਸਹਿਮਤੀ ਨੂੰ ਆਤਮਸਾਤ ਕਰਨ ਦੀ ਅਸੀਮਤ ਸਮਰੱਥਾ ਹੈ!' ਜਿਸ ਭਾਰਤ ਦੇ ਦਾਅਵੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਆਪਣੇ ਭਾਸ਼ਣ ਵਿਚ ਕਰਦਾ ਰਿਹਾ।

# ਪੰਜਾਬੀ ਪਰਵਾਸ-1

## ਛੇਤੀ ਹੀ ਪੰਜਾਬ ਕਰ ਸਕੇਗਾ ਬਜ਼ੁਰਗਾਂ ਦੀ ਧਰਤੀ ਹੋਣ ਦਾ 'ਮਾਣ'

*ਪਰਵਾਸ ਦੀ ਕਹਾਣੀ ਮੁੱਢ-ਕਦੀਮ ਦੀ ਹੈ। ਮਨੁੱਖ ਆਪਣੇ ਜੀਵਨ-ਨਿਰਬਾਹ ਲਈ ਇੱਕ ਤੋਂ ਦੂਜੀ ਥਾਂ ਜਾਂਦਾ ਰਿਹਾ ਹੈ ਅਤੇ ਉਥੇ ਵੱਸਦਾ ਵੀ ਰਿਹਾ ਹੈ। ਅੱਜ ਦੇ ਪਰਵਾਸ ਦੀ ਕਹਾਣੀ ਵੀ ਭਾਵੇਂ ਉਸ ਪਰਵਾਸ ਨਾਲੋਂ ਬਹੁਤੀ ਵੱਖਰੀ ਨਹੀਂ ਪਰ ਪਿਛਲੇ ਕੁਝ ਸਾਲਾਂ ਤੋਂ ਪੰਜਾਬ ਤੋਂ ਵਿਦੇਸ਼ੀ ਧਰਤੀਆਂ ਲਈ ਜੋ ਪਰਵਾਸ ਹੋ ਰਿਹਾ ਹੈ, ਉਸ ਨੇ ਪੰਜਾਬ ਦਾ ਤਾਣਾ-ਬਾਣਾ, ਖਾਸ ਕਰ ਕੇ ਸਮਾਜਿਕ, ਹਿਲਾ ਕੇ ਰੱਖ ਦਿੱਤਾ ਹੈ ਅਤੇ ਸਭ ਨੂੰ ਫਿਕਰ ਵਿਚ ਪਾ ਦਿੱਤਾ ਹੈ। ਇਸ ਫਿਕਰ ਬਾਰੇ ਤਫਸੀਲ ਸਹਿਤ ਗੱਲਾਂ ਉੱਘੇ ਲਿਖਾਰੀ ਗੁਰਬਚਨ ਸਿੰਘ ਭੁੱਲਰ ਆਪਣੀ ਇਸ ਲੇਖ ਲੜੀ ਵਿਚ ਕੀਤੀਆਂ ਹਨ।*

ਪੰਜਾਬ ਵਿਚੋਂ ਨੌਜਵਾਨ ਪੀੜ੍ਹੀ ਦੇ ਪਰਵਾਸ ਦੀਆਂ ਖ਼ਬਰਾਂ ਕਈ ਪੱਖਾਂ ਤੋਂ ਬੜੀਆਂ ਬੇਚੈਨ ਕਰਨ ਵਾਲੀਆਂ ਹਨ। ਜੇ ਇਹ ਕਹਿ ਲਿਆ ਜਾਵੇ ਕਿ ਨੇੜ-ਭਵਿੱਖ ਦਾ



**ਗੁਰਬਚਨ ਸਿੰਘ ਭੁੱਲਰ**
**ਫੋਨ:+91-80763-63058**

ਪੰਜਾਬ ਬਜ਼ੁਰਗਾਂ ਅਤੇ ਦੇਸ ਅੰਦਰਲੇ ਆਵਾਸੀਆਂ ਦਾ ਪੰਜਾਬ ਹੋਵੇਗਾ, ਇਹ ਝੂਠ ਨਹੀਂ। ਇਹ ਖ਼ਬਰਾਂ ਪੜ੍ਹ ਕੇ ਮੇਰੇ ਧਿਆਨ ਵਿਚ ਪੰਜਾਬ ਦੇ ਭਵਿੱਖ ਦੀ ਤਸਵੀਰ ਵਜੋਂ ਦੱਖਣੀ ਦਿੱਲੀ ਆ ਜਾਂਦੀ ਹੈ ਜਿਥੇ ਸੇਵਾ-ਮੁਕਤ ਸਿਖਰੀ ਅਧਿਕਾਰੀ, ਦੂਜੀ-ਤੀਜੀ ਪਰਤ ਦੇ ਧਨਾਢ, ਵੱਡੇ ਸਿਆਸੀ ਨੇਤਾ, ਆਦਿ ਰਹਿੰਦੇ ਹਨ ਜਿਨ੍ਹਾਂ ਲਈ ਔਲਾਦ ਨੂੰ ਬਾਹਰ ਭੇਜਣਾ ਕੋਈ ਮੁਸ਼ਕਿਲ ਨਹੀਂ। ਨਤੀਜੇ ਵਜੋਂ ਉਥੇ ਵੱਡੀ ਗਿਣਤੀ ਵਿਚ ਬਜ਼ੁਰਗ ਜੋੜੀਆਂ ਰਹਿੰਦੀਆਂ ਹਨ ਜਾਂ ਕਿਸੇ ਇਕ ਸਾਥੀ ਦੇ ਚਲੇ ਜਾਣ ਮਗਰੋਂ ਬਜ਼ੁਰਗ ਇਸਤਰੀ ਜਾਂ ਪੁਰਸ਼ ਇਕੱਲ ਵਿਚ ਹੀ ਦਿਨ-ਕਟੀ ਕਰ ਰਹੇ ਹਨ। ਇਹ ਅਜਿਹੇ ਸਰਾਪੇ ਹੋਏ ਲੋਕ ਹਨ ਜੋ ਪੂਰੀ ਤਰ੍ਹਾਂ ਨੌਕਰਾਂ ਦੇ ਸਹਾਰੇ ਹਨ। ਉਹ ਪਰਦੇਸ ਵਸਦੀ ਔਲਾਦ ਦੇ ਜ਼ੋਰ ਦਿੱਤਿਆਂ ਵੀ ਜਨਮਭੂਮੀ ਵਾਲਾ ਮਾਹੌਲ ਛੱਡਣ ਲਈ ਤਿਆਰ ਨਹੀਂ ਹੁੰਦੇ। ਦੂਜੇ ਪਾਸਿਉਂ ਪਰਦੇਸ ਵਿਚ ਜਾਨ ਮਾਰ ਕੇ ਖੜ੍ਹੇ ਕੀਤੇ ਕੰਮ-ਧੰਦੇ ਔਲਾਦ ਨੂੰ ਕੁਛ ਦਿਨ ਵੀ ਇਥੇ ਠਹਿਰਨ ਦੀ ਖੁੱਲ੍ਹ ਨਹੀਂ ਦਿੰਦੇ।

ਬਹੁਤੇ ਬਜ਼ੁਰਗ ਇਕ ਵਾਰ ਆ ਕੇ ਝਾੜੂ-ਪੋਚਾ ਕਰ ਜਾਣ ਵਾਲੀ ਸਫ਼ਾਈ-ਸੇਵਕਾ ਅਤੇ ਦੋ ਵੇਲੇ ਆ ਕੇ ਖਾਣਾ ਬਣਾ ਜਾਣ ਵਾਲੀ ਰਸੋਈ-ਸੇਵਿਕਾ ਦੀ ਮਦਦ ਨਾਲ ਸਮਾਂ ਲੰਘਾਉਂਦੇ ਹਨ। ਅਜਿਹੀਆਂ ਖ਼ਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ, ਜਿਨ੍ਹਾਂ ਅਨੁਸਾਰ ਕਿਸੇ ਇਕੱਲੇ ਬਜ਼ੁਰਗ ਦਾ ਭੌਰ ਰਾਤ ਨੂੰ ਉਡਾਰੀ ਮਾਰ ਜਾਂਦਾ ਹੈ। ਪਤਾ ਓਦੋਂ ਲਗਦਾ ਹੈ ਜਦੋਂ ਅਗਲੇ ਦਿਨ ਸੇਵਿਕਾ ਦੇ ਘੰਟੀ ਵਜਾਇਆਂ ਬੂਹਾ ਨਹੀਂ ਖੁੱਲ੍ਹਦਾ ਤੇ ਉਹ ਇਹ ਇਤਲਾਹ ਗੁਆਂਢੀਆਂ ਨੂੰ ਦਿੰਦੀ ਹੈ। ਗੁਆਂਢੀਆਂ ਦੀ ਬੁਲਾਈ ਪੁਲਿਸ ਜਿੰਦਾ ਖੋਲ੍ਹਦੀ-ਤੋੜਦੀ ਹੈ ਤੇ ਉਹਦੇ ਕਰੀਬੀਆਂ ਨੂੰ ਫੋਨ ਕਰਨ ਲਗਦੀ ਹੈ। ਕਈ ਬਜ਼ੁਰਗ ਚੌਵੀ ਘੰਟੇ ਦੇ ਨੌਕਰ ਰਖਦੇ ਹਨ। ਅਜਿਹੇ ਨੌਕਰਾਂ ਤੋਂ ਮਾਲਕਾਂ ਦੇ ਮਾਲ-ਮੱਤੇ ਤੇ ਟੂਮ-ਛੱਲੇ ਦਾ ਕੁਛ ਵੀ ਗੁੱਝਾ ਨਹੀਂ ਰਹਿੰਦਾ। ਇਸ ਸੂਰਤ ਵਿਚ ਮਾਲਕ ਨੂੰ ਮਾਰ ਕੇ ਤੇ ਸਭ ਕੁਛ ਸਮੇਟ ਕੇ ਨੌਕਰ ਦੇ ਭੱਜਣ ਦੀਆਂ ਖ਼ਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ।

ਪਿਛਲੇ ਦਿਨੀਂ ਚੈਨਲਾਂ ਦੇ ਖਿਲਾਰੇ ਤੋਂ ਪਹਿਲਾਂ ਦੇ ਦੂਰਦਰਸ਼ਨ ਦੀ ਅੰਗਰੇਜ਼ੀ ਸਮਾਚਾਰ-ਵਾਚਕ ਗੀਤਾਂਜਲੀ ਅਈਅਰ ਦਾ ਆਯੂ ਦੇ ਅੱਠਵੇਂ ਦਹਾਕੇ ਵਿਚ ਦਿਹਾਂਤ ਹੋਇਆ। ਆਪਣੇ ਸਮੇਂ ਉਹ ਟੀਵੀ ਦੇ ਪਰਦੇ ਉੱਤੇ ਸੁਚੱਜ-ਸਲੀਕੇ ਲਈ ਮਸ਼ਹੂਰ ਸੀ। ਉਹਦਾ ਬੇਟਾ ਤੇ ਬੇਟੀ ਅਮਰੀਕਾ ਹਨ। ਉਹ ਪਾਰਕਿਨਸਨ ਦੀ ਰੋਗੀ ਸੀ। ਸਵੇਰ ਦੀ ਸੈਰ ਤੋਂ ਪਰਤ ਕੇ ਘਰ ਆਈ ਤਾਂ ਬੇਹੋਸ਼ ਹੋ ਕੇ ਡਿੱਗ ਪਈ। ਇਕ ਦੋਸਤ ਦੇ ਹਸਪਤਾਲ ਲੈ ਕੇ ਜਾਣ ਸਮੇਂ ਉਹ ਚਲਾਣਾ ਕਰ ਗਈ।

ਅਜਿਹੇ ਮੌਕੇ ਮੈਨੂੰ ਇਕ ਬੜੀ ਬੇਕਿਰਕ ਘਟਨਾ ਚੇਤੇ ਆ ਜਾਂਦੀ ਹੈ। ਦਿੱਲੀ ਦਾ ਇਕ ਪੰਜਾਬੀ ਪੱਤਰਕਾਰ ਤੇ ਸਿਆਸਤਦਾਨ ਵਾਹਵਾ ਜਾਣਿਆ ਜਾਂਦਾ ਹਫ਼ਤਾਵਾਰ ਅਖ਼ਬਾਰ ਕਢਦਾ ਸੀ। ਉਹਦੇ ਇਕੋ-ਇਕ ਬੇਟੇ ਨੇ ਬਦੇਸੀ ਨਾਗਰਿਕ ਬਣ ਕੇ ਆਪਣਾ ਕਾਰੋਬਾਰ ਕੀਤਾ ਹੋਇਆ ਸੀ। ਬਦਕਿਸਮਤੀ ਨੂੰ ਪੱਤਰਕਾਰ ਨੂੰ ਲਹੂ ਦਾ ਕੈਂਸਰ ਹੋ ਗਿਆ। ਲੰਮੇ ਇਲਾਜ ਮਗਰੋਂ ਆਖ਼ਰ ਡਾਕਟਰਾਂ ਨੇ ਬੇਹੋਸ਼ੀ ਵਿਚ ਜਾ ਚੁੱਕੇ ਮਰੀਜ਼ ਦੀ ਪਤਨੀ ਨੂੰ ਘਰ ਲਿਜਾ ਕੇ 'ਰੱਬ ਦਾ ਨਾਂ ਲੈਣ' ਦੀ ਸਲਾਹ ਦੇ ਦਿੱਤੀ ਅਤੇ ਉਹਦੇ ਪੁੱਛਿਆਂ ਸਮੇਂ ਦਾ ਅੰਦਾਜ਼ਾ ਵੀ ਇਕ ਹਫ਼ਤੇ ਦਾ ਦੱਸ ਦਿੱਤਾ। ਅੱਗੇ ਦੀ ਕਹਾਣੀ ਉਹਦੀ ਪਤਨੀ ਨੇ ਪੱਤਰਕਾਰ ਦੇ ਇਕ ਮਿੱਤਰ ਨੂੰ, ਜਿਸ ਦਾ ਉਨ੍ਹਾਂ ਦੇ ਘਰ ਬਹੁਤ ਆਉਣਾ-ਜਾਣਾ ਸੀ, ਰੋ-ਰੋ ਕੇ ਸੁਣਾਈ ਜਿਥੋਂ ਇਹਨੇ ਅੱਗੇ ਤਾਂ ਫ਼ੈਲਣਾ ਹੀ ਸੀ। ਬੇਟਾ ਡਾਕਟਰਾਂ ਦੇ ਦਿੱਤੇ ਹੋਏ ਹਫ਼ਤੇ ਦੇ ਚਾਰ-ਪੰਜ ਦਿਨ ਲੰਘਾ ਕੇ ਆਇਆ। ਪਰਲੋਕ ਦੀ ਉਡਾਣ ਕੋਈ ਹਵਾਈ ਜਹਾਜ਼ ਦੀ ਉਡਾਣ ਤਾਂ ਹੈ ਨਹੀਂ ਸੀ ਜਿਸ ਦੀ ਤਾਰੀਖ਼ ਪੱਕੀ ਹੋਵੇ। ਹਫ਼ਤੇ ਤੋਂ ਮਗਰੋਂ ਦਿਨ ਇਕ-ਇਕ ਕਰ ਕੇ ਬੀਤਣ ਲੱਗੇ। ਇਕ ਪਾਸੇ ਬੇਹੋਸ਼ੀ ਵਿਚ ਉਹਦੇ ਸਾਹ ਵਗਦੇ ਰਹੇ ਤੇ ਦੂਜੇ ਪਾਸੇ ਉਸੇ ਹਿਸਾਬ ਬੇਟੇ ਦੀ ਯਮਦੂਤ ਦੀ ਨਿਹਫਲ ਉਡੀਕ ਦੀ ਬੇਚੈਨੀ ਤੇ ਪਰੇਸ਼ਾਨੀ ਵਧਦੀ ਗਈ।



ਆਖ਼ਰ ਸਪੂਤ ਕਹਿੰਦਾ, "ਮੰਮੀ, ਤੂੰ ਤਾਂ ਉਸ ਦਿਨ ਇਕ ਹਫ਼ਤਾ ਕਹਿੰਦੀ ਸੀ, ਹੁਣ ਤਾਂ ਇਕ ਹਫ਼ਤਾ ਹੋਰ ਲੰਘ ਚਲਿਆ। ਡੈਡੀ ਤਾਂ ਮਰਦੇ ਹੀ ਨਹੀਂ। ਉਧਰ ਮੇਰਾ ਮੁਸ਼ਕਿਲ ਨਾਲ ਖੜ੍ਹਾ ਕੀਤਾ ਕਾਰੋਬਾਰ ਬਰਬਾਦ ਹੋ ਜਾਣਾ ਹੈ।... ਮੈਂ ਹੁਣ ਜਾਂਦਾ ਹਾਂ। ਮੈਥੋਂ ਸਸਕਾਰ ਵਾਲੇ ਦਿਨ ਆ ਕੇ ਭੋਗ ਤੱਕ ਨਹੀਂ ਰਿਹਾ ਜਾਣਾ, ਮੈਂ ਹੁਣ ਭੋਗ ਵਾਲੇ ਦਿਨ ਹੀ ਆਵਾਂਗਾ।"

ਮੇਰੇ ਕਈ ਮਿਹਰਬਾਨ ਪਾਠਕ ਮੇਰਾ ਲਿਖਿਆ ਕੁਛ ਪੜ੍ਹ ਕੇ ਫੋਨ ਕਰਦੇ ਰਹਿੰਦੇ ਹਨ। ਅਨੇਕ ਲੋਕ ਸੇਵਾ-ਮੁਕਤ ਜਾਂ ਸੇਵਾ-ਮੁਕਤੀ ਦੇ ਨੇੜੇ ਪੁੱਜੇ ਹੋਏ ਅਧਿਆਪਕ, ਪ੍ਰੋਫ਼ੈਸਰ, ਪਟਵਾਰੀਆਂ ਤੋਂ ਲੈ ਕੇ ਬਿਜਲੀ ਮਹਿਕਮੇ ਤੱਕ ਦੇ ਮੁਲਾਜ਼ਮ ਹੁੰਦੇ ਹਨ। ਬਹੁਤ ਸਾਰੇ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਮੈਂ ਜਾਣਦਾ ਨਹੀਂ ਹੁੰਦਾ। ਗੱਲੀਂ ਪਏ ਅਜਿਹੇ ਸੱਜਣ ਨੂੰ ਖ਼ੈਰ-ਸੁੱਖ ਪੁੱਛ ਕੇ ਮੈਂ ਬੱਚਿਆਂ ਬਾਰੇ ਪੁਛਦਾ ਹਾਂ ਤਾਂ ਵੱਡੀ ਬਹੁਗਿਣਤੀ ਦਾ ਜਵਾਬ ਨਾਂਵਾਂ-ਥਾਂਵਾਂ ਦੇ ਥੋੜ੍ਹੇ-ਬਹੁਤੇ ਫ਼ਰਕ ਨਾਲ ਲਗਭਗ ਇਹੋ ਹੁੰਦਾ ਹੈ, "ਜੀ ਮੇਰੇ ਦੋ ਬੱਚੇ ਹਨ, ਬੇਟੀ ਕਨੇਡਾ ਹੈ ਤੇ ਬੇਟਾ ਆਸਟਰੇਲੀਆ।"

ਸਾਥੋਂ ਪਹਿਲੀ ਪੀੜ੍ਹੀ ਤੱਕ ਦੇ ਲੋਕ ਜਦੋਂ ਪਰਦੇਸ ਜਾਂਦੇ ਸਨ, ਉਹ ਕੰਮ ਕਰ ਕੇ ਚਾਰ ਪੈਸੇ ਕਮਾਉਣ ਲਈ ਜਾਂਦੇ ਸਨ ਤੇ ਆਖ਼ਰ ਘਰ ਪਰਤ ਆਉਂਦੇ ਸਨ। ਬਹੁਤਿਆਂ ਦੀ ਦੌੜ ਮਲਾਇਆ-ਸਿੰਗਾਪੁਰ ਤੱਕ ਹੁੰਦੀ ਸੀ। ਪੰਜਾਬੀ ਲੋਕ ਇੰਗਲੈਂਡ, ਅਮਰੀਕਾ, ਕੈਨੇਡਾ ਜਾਂਦੇ ਤਾਂ ਸਨ, ਪਰ ਉਧਰ ਜਾਣਾ ਏਨਾ ਸੌਖਾ ਨਹੀਂ ਸੀ। ਹੁਣ ਪੜ੍ਹਾਈ ਵਰਗੇ ਕਈ ਰਾਹ ਖੁੱਲ੍ਹ ਗਏ ਹਨ। ਪੜ੍ਹਾਈ ਬਹਾਨਾ ਹੁੰਦਾ ਹੈ, ਅਸਲ ਨਿਸ਼ਾਨਾ ਉਥੇ ਵਸਣਾ ਹੁੰਦਾ ਹੈ। ਪੈਰ-ਧਰਾਵਾ ਹੋਵੇ ਸਹੀ, ਪੰਜਾਬੀ ਬੈਠਣ-ਪੈਣ ਦੀ ਥਾਂ ਆਪੇ ਬਣਾ ਲੈਂਦੇ ਹਨ।

ਪੰਜਾਬੀਆਂ ਦੀ ਪਰਵਾਸ ਦੀ ਤੜਫ਼ ਤੇ ਬਿਹਬਲਤਾ ਦੇ ਕਾਰਨ ਤਾਂ ਵੱਖਰੀ ਵਿਚਾਰ ਲੋੜਦੇ ਹਨ, ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ, ਜੇ ਕੋਈ ਅਣਜਾਣਿਆ ਛੋਟਾ-ਮੋਟਾ ਦੇਸ ਵੀ ਇਹ ਕਹਿ ਦੇਵੇ ਕਿ ਕਿਸੇ ਵੀਜ਼ੇ-ਵੂਜ਼ੇ ਦੀ ਲੋੜ ਨਹੀਂ, ਆਓ ਜਿਸ ਪੰਜਾਬੀ ਨੇ ਆਉਣਾ ਹੈ, ਅਗਲੇ ਦਿਨ ਪੰਜਾਬੀ ਸ਼ੇਰ ਹਵਾਈ ਜਹਾਜ਼ਾਂ ਦੇ ਖੰਭਾਂ ਉਤੇ ਬੈਠੇ ਦਿਸਣਗੇ। ਪੰਜਾਬੀ ਪਰਵਾਸ ਦੀ ਇਕ ਧਿਆਨਯੋਗ ਗੱਲ ਇਹ ਹੈ ਕਿ ਇਨ੍ਹਾਂ ਦੀ ਮੁੱਖ ਰੀਝ ਪੰਜਾਬ ਛੱਡਣ ਦੀ ਹੈ, ਇਸ ਗੱਲ ਦਾ ਓਨਾ ਮਹੱਤਵ ਨਹੀਂ ਕਿ ਪਹੁੰਚਣਾ ਕਿਥੇ ਹੈ। ਜੇ ਕੋਈ ਏਜੰਟ ਰੁਆਂਡਾ-ਰੁਆਂਡੀ ਜਾਂ ਬੁਰਕੀਨਾ ਫ਼ਾਸੋ ਭੇਜਣ ਵਾਲਾ ਮਿਲ ਜਾਵੇ, ਇਹ ਉਥੇ ਪਹੁੰਚ ਜਾਣਗੇ। ਆਖਦੇ ਹਨ, ਕਿਸੇ ਹੋਰ ਦੇਸ ਵਿਚ ਪਹੁੰਚੀਏ ਸਹੀ, ਉਥੋਂ ਅੱਗੇ ਦੀ ਅੱਗੇ ਕਿਸੇ ਠੀਕ ਥਾਂ ਪਹੁੰਚ ਜਾਵਾਂਗੇ।

ਪੰਜਾਬੀਆਂ ਨੂੰ ਜੁਗਤੀ-ਜੁਗਾੜੀ ਹੋਣ ਦਾ ਮਾਣ ਹੈ। ਇਨ੍ਹਾਂ ਤੋਂ ਅਣਹੋਣੀ ਨੂੰ ਹੋਣੀ ਬਣਾ ਲੈਣ ਦੀ ਉਮੀਦ ਕੀਤੀ ਜਾ ਸਕਦੀ ਹੈ। ਭੈਣ-ਭਾਈ ਦੇ ਪਤੀ-ਪਤਨੀ ਬਣ ਕੇ ਜਾਣ ਜਿਹੀਆਂ ਗੱਲਾਂ ਤਾਂ ਹੁਣ ਪੁਰਾਣੀਆਂ ਹੋ ਗਈਆਂ ਹਨ। ਇਕ ਦਿਨ ਫੋਨ 'ਤੇ ਗੱਲਾਂ ਕਰਦਿਆਂ ਮੈਂ ਇਕ ਅਣਜਾਣੇ ਸੱਜਣ ਨੂੰ ਇਸ ਪਾਸੇ ਤੋਰ ਲਿਆ। ਉਹਨੇ ਆਪਣੇ ਗੁਆਂਢ ਦਾ ਕਿੱਸਾ ਸੁਣਾਇਆ। ਕੁੜੀ ਨੂੰ ਆਸਟਰੇਲੀਆ ਪੜ੍ਹਨ ਦਾ ਵੀਜ਼ਾ ਮਿਲ ਗਿਆ ਤੇ ਟੱਬਰ ਪੈਸਿਆਂ ਦੇ ਪ੍ਰਬੰਧ ਵਿਚ ਜੁਟ ਗਿਆ। ਇਕ ਦਿਨ ਇਕ ਓਪਰਾ ਆਦਮੀ ਸੰਕਟ-ਹਰਤਾ ਬਣ ਕੇ ਆਇਆ। ਇਕ ਮੁੰਡੇ ਨੂੰ ਨਕਲੀ ਪਤੀ ਬਣਾ ਕੇ ਨਾਲ ਲਿਜਾਣਾ ਸੀ ਜਿਸ ਬਦਲੇ ਉਨ੍ਹਾਂ ਨੇ ਖਾਸੀ ਨਕਦ ਮਾਇਆ ਵੀ ਦੇਣੀ ਸੀ ਤੇ ਸਾਰਾ ਖਰਚ ਵੀ ਕਰਨਾ ਸੀ। ਸਬੱਬ ਨਾਲ ਦੋਵਾਂ ਦੇ ਰਿਸ਼ਤੇਦਾਰ ਪਹਿਲਾਂ ਤੋਂ ਉਥੇ ਰਹਿੰਦੇ ਸਨ। ਮੁੰਡੇ ਤੇ ਕੁੜੀ ਨੇ ਹਵਾਈ ਅੱਡੇ ਤੋਂ ਲੈਣ ਆਏ ਹੋਏ ਆਪਣੇ-ਆਪਣੇ ਰਿਸ਼ਤੇਦਾਰਾਂ ਨਾਲ ਤੁਰ ਜਾਣਾ ਸੀ। ਮੈਂ ਉਸ ਬੰਦੇ ਨੂੰ ਕੁੜੀ ਦੇ ਪਰਦੇਸ ਜਾਣ ਬਾਰੇ ਓਪਰੇ ਵਿਚੋਲੇ ਦੀ ਜਾਣਕਾਰੀ ਦਾ ਵਸੀਲਾ ਪੁੱਛਿਆ। ਉਹਨੇ ਦੱਸਿਆ ਕਿ ਉਹ ਲੋਕ ਵੀਜ਼ੇ ਦੇ ਦਫ਼ਤਰੋਂ ਪਤਾ ਕਰ ਲੈਂਦੇ ਹਨ ਤੇ ਉਨ੍ਹਾਂ ਨੇ ਪੰਜਾਬ ਵਿਚ ਆਪਣਾ ਪੂਰਾ ਤਾਣਾ-ਬਾਣਾ ਬਣਾਇਆ ਹੋਇਆ ਹੈ। ਮੈਨੂੰ ਹੈਰਾਨੀ ਹੋਈ ਕਿ ਮਸਲਾ ਕੋਈ ਵੀ ਹੋਵੇ, ਜੁਗਤੀ ਪੰਜਾਬੀ ਬੇਈਮਾਨੀ ਦੇ ਸਹਾਰੇ ਸਭ ਅੜਿੱਕੇ ਦੂਰ ਕਰਨ ਲਈ ਪਹਿਲਾਂ ਹੀ ਤਿਆਰ ਹੁੰਦੇ ਹਨ।

ਜਿਹੜੇ ਲੋਕ ਵਿਦਿਆਰਥੀ ਵਜੋਂ ਜਾਂ ਉਧਰ ਪੱਕੇ ਨਾਗਰਿਕ ਬਣ ਚੁੱਕੇ ਕਿਸੇ ਨਾਲ ਰਿਸ਼ਤੇ ਦੇ ਆਧਾਰ ਉੱਤੇ ਜਾਂ ਹੋਰ ਕਿਸੇ ਕਾਨੂੰਨੀ ਰਾਹ ਸਦਕਾ ਪਰਦੇਸ ਜਾਂਦੇ ਹਨ, ਉਨ੍ਹਾਂ ਲਈ ਤਾਂ ਹੁਣ ਮਾਇਕ ਤੋਂ ਬਿਨਾਂ ਕੋਈ ਮੁਸ਼ਕਿਲ ਨਹੀਂ ਆਉਂਦੀ। ਹੈਰਾਨੀ ਉਨ੍ਹਾਂ ਬਾਰੇ ਹੁੰਦੀ ਹੈ ਜੋ ਠੱਗ ਏਜੰਟਾਂ ਦੀ ਮਦਦ ਲੈ ਕੇ ਗ਼ੈਰ-ਕਾਨੂੰਨੀ ਢੰਗ ਨਾਲ ਪਹੁੰਚਣਾ ਚਾਹੁੰਦੇ ਹਨ। ਉਨ੍ਹਾਂ ਨੇ ਅਜਿਹੀ ਸੂਰਤ ਵਿਚ ਆਪਣੇ ਵਰਗਿਆਂ ਦੀਆਂ ਸੁੰਨੇ, ਸੰਘਣੇ, ਬਿਨ-ਰਾਹੇ ਜੰਗਲ ਪਾਰ ਕਰਨ ਲਈ ਭਟਕਦਿਆਂ ਭੁੱਖ-ਤੇਹ ਨਾਲ ਹੋਈਆਂ ਭਿਆਨਕ ਮੌਤਾਂ ਦੀਆਂ ਖ਼ਬਰਾਂ ਪੜ੍ਹੀਆਂ ਹੁੰਦੀਆਂ ਹਨ। ਇਸ ਦੇ ਬਾਵਜੂਦ ਉਹ ਉਹੋ ਰਾਹ ਫੜਨ ਦੀ ਦਲੇਰੀ ਦਿਖਾਉਂਦੇ ਹਨ। ਦਿਲਚਸਪ ਤੱਥ ਇਹ ਹੈ ਕਿ ਗ਼ੈਰ-ਕਾਨੂੰਨੀ ਪਰਵਾਸ ਦੀ ਕਹਾਣੀ ਵੀ ਕਾਨੂੰਨੀ ਪਰਵਾਸ ਜਿੰਨੀ ਹੀ ਪੁਰਾਣੀ ਹੈ ਅਤੇ ਖ਼ਤਰੇ ਵੀ ਉਸੇ ਤਰ੍ਹਾਂ ਹਨ।

2006 ਵਿਚ ਆਪਣੀ ਅਮਰੀਕਾ ਦੀ ਫੇਰੀ ਸਮੇਂ ਮੈਂ ਮੁੱਢਲੇ ਪੰਜਾਬੀ ਪਰਵਾਸੀਆਂ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ। ਉਥੋਂ ਦੀ ਖੋਜ ਦੇ ਉੱਚੇ ਤੇ ਸਿਦਕੀ-ਸਿਰੜੀ ਮਿਆਰਾਂ ਅਨੁਸਾਰ ਜਿਨ੍ਹਾਂ ਕੁਛ ਖੋਜਕਾਰਾਂ ਦਾ ਮੈਨੂੰ ਪਤਾ ਲਗਿਆ, ਉਨ੍ਹਾਂ ਵਿਚੋਂ ਇਕ ਸਟਾਕਟਨ ਦੀ ਯੂਨੀਵਰਸਿਟੀ ਆਫ਼ ਦਿ ਪੈਸੇਫ਼ਿਕ ਦਾ ਪ੍ਰੋਫ਼ੈਸਰ ਬਰੂਸ ਲਾ ਬਰੈਕ ਸੀ। ਉਹਦਾ ਇਕ ਅਹਿਮ ਕੰਮ ਉਨ੍ਹਾਂ ਪੰਜਾਬੀ ਬਜ਼ੁਰਗਾਂ ਨਾਲ ਗੱਲਾਂ-ਬਾਤਾਂ ਕਰਨਾ ਸੀ ਜਿਹੜੇ ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਵਿਚ ਜਵਾਨੀ-ਪਹਿਰੇ ਪੁੱਠੇ-ਸਿੱਧੇ ਰਾਹੋਂ ਅਮਰੀਕਾ ਪਹੁੰਚੇ ਸਨ। ਉਹ ਲਗਭਗ ਸਾਰੇ ਹੀ ਸਿੱਖ ਸਨ ਕਿਉਂਕਿ ਸਿੱਖ ਧਰਮ ਵਿਚ ਹਿੰਦੂ ਧਰਮ ਵਾਂਗ ਸਮੁੰਦਰੋਂ ਪਾਰ ਜਾਣ ਤੋਂ ਰੋਕਣ ਵਾਲੀ ਕੋਈ ਵਰਜਨਾ ਨਹੀਂ ਸੀ। ਇਕ ਬਜ਼ੁਰਗ ਨੇ ਉਹਨੂੰ ਦੱਸਿਆ, "ਮੈਂ ਹਜ਼ਾਰਾਂ ਮੀਲ ਦੂਰ ਆਇਆ। ਪਾਨਾਮਾ ਤੋਂ ਅਮਰੀਕਾ ਤੱਕ ਮੈਂ ਪੈਦਲ ਤੁਰਿਆ।" ਉਹਨੇ ਇਹ ਵੀ ਦੱਸਿਆ ਕਿ ਉਹਦਾ ਇਰਾਦਾ ਕਮਾਈ ਕਰ ਕੇ ਘਰ ਮੁੜਨ ਦਾ ਸੀ ਪਰ ਉਹ ਇਥੋਂ ਜੋਗਾ ਹੀ ਰਹਿ ਗਿਆ।

ਸਿੱਧਾ ਅਮਰੀਕਾ ਜਾਂ ਉਹਦੇ ਨੇੜਲੇ ਕਿਸੇ ਦੇਸ ਨਾ ਉੱਤਰਨ ਦਾ ਕਾਰਨ ਤਾਂ ਕਾਨੂੰਨੀ ਰੋਕਾਂ ਹੀ ਹੋਣਗੀਆਂ। ਹੈਰਾਨੀ ਉਹਦੇ ਸਿਰੜ ਤੇ ਜਨੂੰਨ ਦੀ ਹੁੰਦੀ ਹੈ ਜਿਸ ਦਾ ਅਹਿਸਾਸ ਉੱਤਰੀ ਅਮਰੀਕਾ ਤੇ ਦੱਖਣੀ ਅਮਰੀਕਾ ਦੇ ਵਿਚਕਾਰਲੇ ਸੈਂਟਰਲ ਅਮਰੀਕਾ ਦਾ ਨਕਸ਼ਾ ਦੇਖਿਆਂ ਹੁੰਦਾ ਹੈ। ਸਮੁੰਦਰੀ ਜਹਾਜ਼ ਤੋਂ ਪਾਨਾਮਾ ਦੀ ਬੰਦਰਗਾਹ ਉੱਤੇ ਉੱਤਰ ਕੇ ਅਮਰੀਕਾ ਪੈਦਲ ਪਹੁੰਚਣ ਲਈ ਕੀਤੀ ਉਹਦੀ ਹਿੰਮਤ ਦੰਗ ਕਰ ਦਿੰਦੀ ਹੈ! ਪਾਨਾਮਾ ਤੋਂ ਅੱਗੇ ਉਹਨੇ ਚਾਰ ਦੇਸ, ਕੋਸਟਾਰੀਕਾ, ਨਿਕਾਰਾਗੂਆ, ਹੋਂਡੂਰਸ ਤੇ ਗੁਆਟੇਮਾਲਾ ਪਾਰ ਕਰ ਕੇ ਇਨ੍ਹਾਂ ਮਿਲਵੇਂ ਚਾਰਾਂ ਤੋਂ ਕਈ ਗੁਣਾ ਵੱਡਾ ਮੈਕਸੀਕੋ ਲੰਘਿਆ ਹੋਵੇਗਾ ਤਾਂ ਕਿਤੇ ਜਾ ਕੇ ਅਮਰੀਕਾ ਦੀ ਹੱਦ ਆਈ ਹੋਵੇਗੀ! ਇਹ ਰਾਹ ਕੋਈ ਚਾਰ ਹਜ਼ਾਰ ਮੀਲ ਬਣਦਾ ਹੈ। ਜੇ ਉਸ ਅਣਥੱਕ ਰਾਹੀ ਨੇ ਹਰ ਰੋਜ਼ ਪੱਚੀ ਮੀਲ ਤੁਰਨ ਦੀ ਅਣਹੋਣੀ ਵੀ ਕਰ ਦਿਖਾਈ ਹੋਵੇ, ਉਹ ਲਗਾਤਾਰ ਇਕ ਸੌ ਸੱਠ ਦਿਨ ਤੁਰਦਾ ਹੀ ਰਿਹਾ ਹੋਵੇਗਾ। ਬੋਲੀ ਤੇ ਮਾਇਆ ਦੀਆਂ ਸਮੱਸਿਆਵਾਂ ਵੱਖਰੀਆਂ। ਜੇ ਉਹ ਚਾਰ ਅੱਖਰ ਅੰਗਰੇਜ਼ੀ ਦੇ ਜਾਣਦਾ ਵੀ ਹੋਇਆ, ਸਪੇਨ ਦੇ ਗ਼ੁਲਾਮ ਉਨ੍ਹਾਂ ਦੇਸਾਂ ਵਿਚ ਉਹ ਵੀ ਕੰਮ ਨਹੀਂ ਆਏ ਹੋਣੇ। ਪੰਜ-ਛੇ ਮਹੀਨਿਆਂ ਲਈ ਰੋਟੀ-ਟੁੱਕ ਖਰੀਦਣ ਦਾ ਸਾਧਨ ਉਸ ਕੋਲ ਹੋਣ ਦੀ ਕੋਈ ਸੰਭਾਵਨਾ ਨਹੀਂ। ਹਿੰਦੁਸਤਾਨੀ ਰੁਪਈਏ ਉਨ੍ਹਾਂ ਦੇਸਾਂ ਵਿਚ ਚਲਦੇ ਵੀ ਨਹੀਂ ਹੋਣੇ। ਇਸ ਹਾਲਤ ਵਿਚ ਉਹ ਮੰਗ-ਪਿੰਨ ਕੇ ਢਿੱਡ ਭਰਦਾ ਹੋਵੇਗਾ ਤੇ ਬਹੁਤ ਵਾਰ ਭੁੱਖਾ ਵੀ ਰਹਿੰਦਾ ਹੋਵੇਗਾ। ਹੁਣ ਵੀ ਇਨ੍ਹਾਂ ਦੇਸਾਂ ਦੇ ਹੀ ਸੁੰਨੇ ਜੰਗਲ ਪਾਰ ਕਰਦੇ ਪੰਜਾਬੀ ਮੁੰਡਿਆਂ ਦੇ ਭੁੱਖੇ-ਤਿਹਾਏ ਮਰਨ ਦੀਆਂ ਖ਼ਬਰਾਂ ਆਉਂਦੀਆਂ ਹਨ। ਪੁਰਾਣੇ ਵੇਲਿਆਂ ਵਿਚ ਭੁੱਖ-ਤੇਹ ਤੋਂ ਇਲਾਵਾ ਸੱਪ-ਸਰਾਲ਼ਾਂ ਤੇ ਰਿੱਛਾਂ, ਆਦਿ ਜੰਗਲੀ ਜੀਵਾਂ ਦਾ ਡਰ ਹੁੰਦਾ ਸੀ, ਹੁਣ ਇਨ੍ਹਾਂ ਖ਼ਤਰਿਆਂ ਵਿਚ ਹਥਿਆਰਬੰਦ ਲੁਟੇਰਿਆਂ ਦਾ ਵਾਧਾ ਹੋ ਗਿਆ ਹੈ।

ਇਹ ਹਾਲਤ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਆਖ਼ਰ ਉਹ ਕਿਹੜੇ ਕਾਰਨ ਹਨ ਜੋ ਪੰਜਾਬੀ ਨੌਜਵਾਨ ਪੀੜ੍ਹੀ ਨੂੰ ਆਪਣੀ ਜੰਮਣ-ਭੋਇੰ ਤੋਂ ਬਾਹਰ ਧਕਦੇ ਹਨ!

### ਮਜ਼ਦੂਰ ਔਰਤ

ਸੜਕ 'ਤੇ ਰੋੜੀ ਕੁੱਟਦੀ
ਕਿਸੇ ਧਨਾਢ ਜੱਟ ਦਾ
ਗੋਹਾ ਕੂੜਾ ਕਰਦੀ
ਗਲੀਆਂ ਨਾਲੀਆਂ ਸਾਫ਼ ਕਰਦੀ
ਭੱਠੇ 'ਤੇ ਇੱਟਾਂ ਢੋਂਦੀ
ਵੱਟਾਂ ਤੋਂ ਘਾਹ ਖੋਤਦੀ, ਪਸ਼ੂ ਚਾਰਦੀ
ਗੱਲ ਕੀ
ਹਰ ਮਜ਼ਦੂਰ ਔਰਤ
ਮੈਨੂੰ ਵਿਸ਼ਵ ਸੁੰਦਰੀ ਤੋਂ
ਸੁੰਦਰ ਲੱਗਦੀ ਹੈ
ਕਿਉਂਕਿ
ਉਸਦੇ ਖਿੱਲਰੇ ਹੋਏ ਉਲਝੇ ਮੈਲ਼ੇ ਵਾਲ
ਧੁੱਪ ਨਾਲ ਝੁਲਸੇ ਗੋਰੇ ਗੁਲਾਬੀ ਰੰਗ
ਬੁੱਲ੍ਹਾਂ 'ਤੇ ਜੰਮੀ ਸਿੱਕਰੀ ਦੀ ਪੇਪੜੀ
ਅੱਟਣਾਂ ਨਾਲ ਭਰੇ ਖ਼ੁਰਦਰੇ ਹੱਥਾਂ
ਅਤੇ ਕੋਇਆਂ ਵਿਚ ਧਸੀਆਂ
ਉਦਾਸ ਸੁਪਨਿਆਂ ਨਾਲ
ਭਰੀਆਂ ਅੱਖਾਂ 'ਚੋਂ
ਉਸਦੀ ਉਹ ਮਿਹਨਤ ਝਲਕਦੀ ਹੈ
ਜਿਸ ਉੱਤੇ
ਲੱਕ ਮਟਕਾ-ਮਟਕਾ
ਸਕਰੀਨ 'ਤੇ ਤੁਰੀ ਫਿਰਦੀ
ਆਪਣੇ ਅੰਦਾਜ਼ ਦਿਖਾਉਂਦੀ
ਵਿਸ਼ਵ ਸੁੰਦਰੀ ਪਲਦੀ ਹੈ।
ਮਜ਼ਦੂਰ ਔਰਤ ਦੀ
ਮੁੜ੍ਹਕੇ ਨਾਲ ਭਿੱਜੀ
ਥਾਂ ਥਾਂ ਤੋਂ ਪਾਟੀ ਸੂਈ ਨਾਲ
ਸੜੋਪੇ ਮਾਰ ਮਾਰ ਸਿਊਂਤੀ ਕੁੜਤੀ
ਤੇ ਟਾਕੀਆਂ ਵਾਲੀ ਸਲਵਾਰ
ਵਿਸ਼ਵ ਸੁੰਦਰੀ ਦੀ ਕੀਮਤੀ ਪੋਸ਼ਾਕ ਤੋਂ
ਵੱਧ ਕੀਮਤੀ ਜਾਪਦੀ ਹੈ
ਕਿਉਂਕਿ
ਵਿਸ਼ਵ ਸੁੰਦਰੀ ਦੀ ਪੋਸ਼ਾਕ
ਉਸਦਾ ਤਨ ਨਹੀਂ ਢਕਦੀ
ਸਗੋਂ ਨੰਗੇਜ ਖਿਲਾਰਦੀ ਹੈ।
ਮੈਨੂੰ ਹਰ ਮਜ਼ਦੂਰ ਔਰਤ
ਵਿਸ਼ਵ ਸੁੰਦਰੀ ਤੋਂ ਸੁੰਦਰ ਜਾਪਦੀ ਹੈ।


**-ਸੁਰਿੰਦਰ ਗੀਤ**
**ਫੋਨ: 403-605-3734**


# ਇੱਕ ਸੁਨਹਿਰੀ ਸ਼ਾਮ, 'ਪੰਜਾਬ ਟਾਈਮਜ਼' ਦੇ ਨਾਮ

## ਹੁਮ-ਹੁਮਾ ਕੇ ਪੁੱਜੇ ਮਿੱਤਰ-ਪਿਆਰੇ ਅਤੇ ਸੰਗੀ-ਸਨੇਹੀ; 'ਪੰਜਾਬ ਟਾਈਮਜ਼' ਦੇ ਕਰਤਾ-ਧਰਤਾ ਅਮੋਲਕ ਸਿੰਘ ਜੰਮੂ ਦੇ ਯੋਗਦਾਨ ਦੀ ਭਰਪੂਰ ਚਰਚਾ




























**ਸ਼ਿਕਾਗੋ (ਪੰਜਾਬ ਟਾਈਮਜ਼ਬਿਓਰੋ):** 'ਪੰਜਾਬ ਟਾਈਮਜ਼' ਦੀ 24ਵੀਂ ਵਰ੍ਹੇਗੰਢ 8 ਜੁਲਾਈ ਨੂੰ ਇਥੋਂ ਦੀ ਇਕ ਸਬਰਬ ਆਰਲਿੰਗਟਨ ਹਾਈਟਸ ਦੇ ਅਟਲਾਂਟਿਸ ਬੈਂਕੁਇਟ ਹਾਲ ਵਿਚ ਮਨਾਈ ਗਈ। ਗੀਤ-ਸੰਗੀਤ ਭਰੀ ਇਸ ਸ਼ਾਮ ਵਿਚ ਮਿਡਵੈਸਟ ਦੀਆਂ ਧਾਰਮਿਕ, ਸਭਿਆਚਾਰਕ ਤੇ ਖੇਡ ਸੰਸਥਾਵਾਂ ਦੇ ਨੁਮਾਇੰਦੇ ਅਤੇ 'ਪੰਜਾਬ ਟਾਈਮਜ਼' ਦੇ ਪ੍ਰਸ਼ੰਸਕ ਹੁਮਹੁਮਾ ਕੇ ਪਹੁੰਚੇ। 'ਪੰਜਾਬ ਟਾਈਮਜ਼' ਦਾ ਇਹ ਪਹਿਲਾ ਸਾਲਾਨਾ ਸਮਾਗਮ ਸੀ ਜੋ 'ਪੰਜਾਬ ਟਾਈਮਜ਼' ਦੇ ਰੂਹੇ-ਰਵਾਂ ਸ. ਅਮੋਲਕ ਸਿੰਘ ਜੰਮੂ ਦੀ ਸ਼ਮੂਲੀਅਤ ਤੋਂ ਬਿਨਾਂ ਹੋਇਆ ਪਰ ਮਿੱਤਰ-ਪਿਆਰਿਆਂ ਨੇ ਉਨ੍ਹਾਂ ਅਤੇ ਉਨ੍ਹਾਂ ਵੱਲੋਂ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਜਿਸ ਤਰ੍ਹਾਂ ਯਾਦ ਕੀਤਾ, ਉਸ ਨਾਲ ਉਨ੍ਹਾਂ ਦੀ ਹਾਜ਼ਰੀ ਸਗੋਂ ਦੂਣ-ਸਵਾਈ ਹੋ ਗਈ।ਬੁਲਾਰਿਆਂ ਅਤੇ ਗੀਤ-ਸੰਗੀਤ ਦੇ ਦੌਰ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਬਰੈਂਪਟਨ (ਕੈਨੇਡਾ) ਤੋਂ ਕੁਲਵਿੰਦਰ ਖਹਿਰਾ ਤੇ ਓਂਕਾਰਪ੍ਰੀਤ, ਕੈਲੀਫੋਰਨੀਆ ਤੋਂ ਲਾਜ ਨੀਲਮ ਸੈਣੀ, ਕੁਲਵਿੰਦਰ ਅਤੇ ਸੁਖਦੇਵ ਸਾਹਿਲ, ਇੰਡੀਆਨਾ ਤੋਂ ਰਵਿੰਦਰ ਸਹਿਰਾਅ ਅਤੇ ਗੁਰਲੀਨ ਕੌਰ ਨੇ ਆਏ ਮਹਿਮਾਨਾਂ ਨਾਲ ਦਿਲ ਦੀਆਂ ਗੱਲਾਂ ਕੀਤੀਆਂ ਅਤੇ ਸਭ ਦਾ ਮਨ ਮੋਹ ਲਿਆ।ਮੁਖ ਬੁਲਾਰੇ ਉਘੇ ਲੇਖਕ ਵਰਿਆਮ ਸਿੰਘ ਸੰਧੂ ਭਾਵੇਂ ਸਿਹਤ ਨਾਸਾਜ਼ ਹੋਣ ਕਰਕੇ ਇਸਸ਼ਾਮ ਵਿਚ ਸ਼ਿਰਕਤ ਨਹੀਂ ਸੀ ਕਰ ਸਕੇ, ਉਂਝ ਉਨ੍ਹਾਂ ਇਸ ਮੌਕੇ ਆਪਣੇ ਸ਼ਬਦਾਂ ਰਾਹੀਂ ਜਿਵੇਂ ਸ. ਅਮੋਲਕ ਸਿੰਘ ਜੰਮੂ ਅਤੇ 'ਪੰਜਾਬ ਟਾਈਮਜ਼' ਬਾਰੇ ਵਲਵਲੇ ਸਾਂਝੇ ਕੀਤੇ ਹਨ, ਉਹ ਪਾਠਕ 15 ਜੁਲਾਈ ਦੇ ਅੰਕ ਵਿਚ ਪੜ੍ਹ ਚੁੱਕੇ ਹਨ।

ਅਖਬਾਰ ਦੀ ਪ੍ਰਸ਼ੰਸਾ ਕਰਦਿਆਂ ਸ. ਵਰਿਆਮ ਸਿੰਘ ਸੰਧੂ ਨੇ ਲਿਖਿਆ: "ਇਹ ਨਾ ਕਿਸੇ ਇੱਕ ਰਾਜਨੀਤਕ ਪਾਰਟੀ ਦੀ ਹੈ, ਨਾ ਕਿਸੇ ਪੈਸੇ ਵਾਲੇ ਵੱਡੇ ਬੰਦੇ ਦੀ। ਨਾ ਕਿਸੇ ਖਾਸ ਧਾਰਮਿਕ ਵਿਸ਼ਵਾਸ ਵਾਲੇ ਲੋਕਾਂ ਦੀ। ਨਾ ਕਿਸੇ ਆਸਤਕ ਦੀ ਨਾ ਕਿਸੇ ਨਾਸਤਕ ਦੀ। ਨਾ ਕਿਸੇ ਸੱਜੇ-ਪੱਖੀ ਦੀ, ਨਾ ਕਿਸੇ ਖੱਬੇ-ਪੱਖੀ ਦੀ। ਨਾ ਹਿੰਸਾ ਤੇ ਵਿਸ਼ਵਾਸੀ ਦੀ ਤੇ ਨਾ ਕਿਸੇ ਅਹਿੰਸਾ ਦੇ ਪੁਜਾਰੀ ਦੀ। ਅਸਲ ਵਿਚ ਇਹ ਲੋਕਾਂ ਦੀ ਅਖ਼ਬਾਰ ਰਹੀ ਹੈ। ਸਭਨਾਂ ਦੀ ਆਪਣੀ। ਸਭਨਾਂ ਦੀ ਆਵਾਜ਼।... ਜਿਵੇਂ ਅਸੀਂ ਹੁਣੇ ਕਹਿ ਹਟੇ ਹਾਂ ਕਿ ਇਹਦਾ ਇਹ ਮਤਲਬ ਨਹੀਂ ਕਿ 'ਪੰਜਾਬ ਟਾਈਮਜ਼' ਦੀ ਆਪਣੀ ਕੋਈ ਆਵਾਜ਼ ਨਹੀਂ। ਆਵਾਜ਼ ਤਾਂ ਹੈ। ਨਿਸਚੈ ਹੀ ਹੈ ਪਰ ਇਹ ਆਵਾਜ਼ ਉਨ੍ਹਾਂ ਨਚਾਰਾਂ ਦੀ ਆਵਾਜ਼ ਨਹੀਂ ਜੋ ਕਿਸੇ ਪਿੱਛੇ ਬੈਠੀ ਤੇ ਕਠਪੁਤਲੀਆਂ ਦੀਆਂ ਤਾਰਾਂ ਹਿਲਾ ਰਹੀ ਸੱਤਾ ਦੇ ਇਸ਼ਾਰੇ 'ਤੇ ਨੱਚਦੇ ਤੇ ਗਾਉਂਦੇ ਨੇ। ਕਿਸੇ ਨੂੰ ਕੋਈ ਭੁਲੇਖਾ ਨਹੀਂ ਕਿ ਅੱਜ ਸਾਰਾ ਬਿਜਲਈ ਤੇ ਪ੍ਰਿੰਟ ਮੀਡੀਆ ਵਿਕਿਆ ਪਿਆ ਹੈ, ਪੱਤਰਕਾਰ ਦੀ ਆਪਣੀ ਆਵਾਜ਼ ਕੋਈ ਨਹੀਂ, ਉਹ ਤਾਂ ਧੂਤੂ ਨੇ, ਉਹ ਤਾਂ ਉਹ ਕੁੱਝ ਬੋਲਦੇ ਨੇ ਜੋ ਉਨ੍ਹਾਂ ਦੇ ਪਿਛੇ ਬੈਠੇ ਉਨ੍ਹਾਂ ਦੇ ਆਕਾ, ਉਨ੍ਹਾਂ ਨੂੰ ਪੈਸੇ ਦੇਣ ਵਾਲੇ ਉਨ੍ਹਾਂ ਦੇ ਮਾਲਕ ਤੇ ਉਨ੍ਹਾਂ ਦੇ ਹਿਤ ਕਹਿੰਦੇ ਨੇ। ਮੂੰਹ ਖਾਵੇ ਤੇ ਅੱਖਾਂ ਸ਼ਰਮਾਉਣ। ਸੱਚ ਬੋਲਣ ਵਾਲਾ ਤਾਂ ਹੁਣ ਕੋਈ ਕੋਈ ਬਚਿਆ ਹੈ। ਕੋਈ ਹਰਿਆ ਬੂਟ ਰਹੀਓ ਰੀ! ਸ਼ੁਕਰ ਹੈ, 'ਪੰਜਾਬ ਟਾਈਮਜ਼' ਜਿਊਂਦਾ ਰਿਹਾ। ਅਮੋਲਕ ਵੀ 'ਜਿਊਂਦਾ' ਰਿਹਾ। ਦੋਵੇਂ ਪਤਝੜੀ ਮਾਹੌਲ ਵਿਚ ਵੀ ਹਰੇ ਭਰੇ ਰਹੇ। ਅਮੋਲਕ ਦੀ ਸੱਤਾ ਦੇ ਗਲਿਆਰਿਆਂ ਵਿਚ ਵਿਚਰਦੇ ਵੱਡੇ ਬੰਦਿਆਂ 'ਤੇ ਕੋਈ ਟੇਕ ਨਹੀਂ ਸੀ, ਉਹਦੀ ਟੇਕ ਤਾਂ ਸੀ, ਆਪਣੇ ਲੋਕਾਂ 'ਤੇ, ਆਪਣੇ ਭਾਈਚਾਰੇ 'ਤੇ। ਇਸੇ ਕਰ ਕੇ ਅਖ਼ਬਾਰ ਲੋਕਾਂ ਦੀ ਆਵਾਜ਼ ਬਣ ਕੇ ਰਿਹਾ ਹੈ। ਪੂਰੇ ਭਾਈਚਾਰੇ ਦੀ ਆਵਾਜ਼!"

ਪ੍ਰੋਗਰਾਮ ਵਿਚ ਮੁਖ ਮਹਿਮਾਨ ਵਜੋਂ ਉਘੇ ਕਾਰੋਬਾਰੀ ਤੇ ਜਾਣੀ-ਪਛਾਣੀ ਸ਼ਖਸੀਅਤ ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਗੈਸਟ ਆਫ ਆਨਰ ਮੇਜਰ ਗੁਰਚਰਨ ਸਿੰਘ ਝੱਜ ਨੇ ਸ਼ਿਰਕਤ ਕਰਕੇ ਇਸ ਸ਼ਾਮ ਦੀ ਰੌਣਕ ਨੂੰ ਚਾਰ ਚੰਦ ਲਾਏ।ਉਨ੍ਹਾਂ 'ਪੰਜਾਬ ਟਾਈਮਜ਼' ਦੀ ਭਰਵੀਂ ਮਾਲੀ ਮਦਦ ਕਰਦਿਆਂ ਭਵਿਖ ਵਿਚ ਵੀ ਸਾਥ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਦੇ ਨਾਲ ਬਚਨ ਸਿੰਘ ਗਿੱਲ, ਡਾ. ਸੁਰੇਸ਼ ਮਿਸ਼ਰਾਅਤੇ ਉਨ੍ਹਾਂ ਦੇ ਸਾਥੀ ਪਹੁੰਚੇ ਹੋਏ ਸਨ। 'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਵਲੋਂ ਮੁਖ ਮਹਿਮਾਨ ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਗੈਸਟ ਆਫ ਆਨਰ ਮੇਜਰ ਗੁਰਚਰਨ ਸਿੰਘ ਝੱਜ ਦਾ ਮਾਣ-ਸਨਮਾਨ ਕੀਤਾ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ 'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਮਰਹੂਮ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ। ਇਸ ਮੌਕੇ ਅਦਾਰੇ ਨੇ ਆਪਣੇ ਵੱਡੇ ਹਮਦਰਦ, ਸ਼ੁਭਚਿੰਤਕ ਅਤੇ ਸਲਾਹਕਾਰ ਬੋਰਡ ਦੇ ਸੀਨੀਅਰ ਮੈਂਬਰ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿਲੋਂ, ਗੁਰਿੰਦਰ ਗਿੱਲ ਅਤੇ ਅਯੁਧਿਆ ਸਲਵਾਨ ਦੇ ਤੁਰ ਜਾਣ ਦਾ ਹਉਕਾ ਭਰਿਆ।

ਮਨਦੀਪ ਸਿੰਘ ਜੰਮੂ ਨੇ ਆਏ ਮਹਿਮਾਨਾਂ ਨੂੰ 'ਜੀ ਆਇਆਂ' ਆਖਦਿਆਂ ਹਾਜ਼ਰੀਨ ਦਾ ਧੰਨਵਾਦ ਕੀਤਾ।

ਪ੍ਰੋਗਰਾਮ ਦੇ ਪ੍ਰਬੰਧ ਵਿਚ ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ ਦੇ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਅਤੇ ਸੁਰਿੰਦਰ ਸਿੰਘ ਭਾਟੀਆ ਨੇ ਮਦਦ ਕੀਤੀ। ਪ੍ਰੋਗਰਾਮ ਦਾ ਮੰਚ ਸੰਚਾਲਨ ਉਭਰਦੇ ਕਲਾਕਾਰ ਗੁਰਮੁਖ ਸਿੰਘ ਭੁੱਲਰ ਤੇ ਸਥਾਨਕ ਸ਼ਖਸੀਅਤ ਡਾ. ਹਰਜਿੰਦਰ ਸਿੰਘ ਖਹਿਰਾ ਨੇ ਵਾਰੋ-ਵਾਰੀ ਕੀਤਾ। ਸੁਖਪਾਲ ਗਿੱਲ (ਢੋਲ ਰੇਡੀਓ) ਨੇ ਸਾਰੇ ਪ੍ਰੋਗਰਾਮ ਨੂੰ ਲਾਈਵ ਕਰਦਿਆਂ ਪ੍ਰਬੰਧ ਵਿਚ ਮਦਦ ਕੀਤੀ। ਜੋ ਸਨੇਹੀ ਇਸ ਸ਼ਾਮ ਵਿਚ ਕਿਸੇ ਤਰ੍ਹਾਂ ਨਹੀਂ ਸੀ ਪਹੁੰਚ ਸਕੇ, ਉਨ੍ਹਾਂ ਇਹ ਸਾਰਾ ਪ੍ਰੋਗਰਾਮ ਲਾਈਵ ਦੇਖਿਆ।

ਇਸ ਮੌਕੇ ਮੁਅਜ਼ਜ ਸ਼ਖਸੀਅਤਾਂ ਦਾ ਮਰਹੂਮ ਅਮੋਲਕ ਸਿੰਘ ਦੀ ਯਾਦ ਵਿਚ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਸ. ਸੁਰਿੰਦਰ ਸਿੰਘ ਤੇਜ ਵਲੋਂ ਸੰਪਾਦਿਤ ਕੀਤੀ ਪੁਸਤਕ 'ਅਮੋਲਕ ਸਿੰਘ ਜੰਮੂ ਦੀਆਂ ਯਾਦਾਂ ਤੇ ਯੋਗਦਾਨ' ਦੇ ਕੇ ਸਨਮਾਨ ਕੀਤਾ ਗਿਆ।

ਪੰਜਾਬ ਟਾਈਮਜ਼ ਦੀ ਇਸ ਰੰਗੀਨ ਸ਼ਾਮ ਵਿਚ ਤਕਰੀਬਨ ਸਾਰੇ ਹੀ ਬੁਲਾਰਿਆਂ ਨੇ 'ਪੰਜਾਬ ਟਾਈਮਜ਼' ਦੀ ਨਿਰਪੱਖ ਪੱਤਰਕਾਰੀ ਦੀ ਗੱਲ ਕੀਤੀ ਅਤੇ ਸਹਿਯੋਗ ਲਈ ਅਪੀਲ ਕੀਤੀ।ਮਿਸ਼ੀਗਨ ਤੋਂ ਆਏ ਦਰਸ਼ਨ ਸਿੰਘ ਗਰੇਵਾਲ ਨੇ 'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ।

ਕੈਲੀਫੋਰਨੀਆ ਤੋਂ ਉਚੇਚੇ ਤੌਰ 'ਤੇ ਪੁੱਜੇ ਲਾਜ ਨੀਲਮ ਸੈਣੀ ਨੇ ਸ਼ੇਅਰ "ਜੋਗੀਆਂ ਦੇ ਕੰਨਾਂ ਵਿਚ ਕੱਚ ਦੀਆਂ ਮੁੰਦਰਾਂ, ਮੁੰਦਰਾਂ ਵਿਚੋਂ ਤੇਰਾ ਮੂੰਹ ਦਿਸਦਾ, ਵੇ ਮੈਂ ਜਿਹੜੇ ਪਾਸੇ ਵੇਖਾਂ ਮੈਨੂੰ ਤੂੰ ਦਿਸਦਾ" ਨਾਲ ਸ. ਜੰਮੂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸਮਾਗਮ ਵਿਚ ਪੁੱਜੇ ਹਰ ਸ਼ਖਸ ਵਿਚੋਂ ਅਮੋਲਕਸਿੰਘ ਅਤੇ 'ਪੰਜਾਬ ਟਾਈਮਜ਼' ਹੀ ਦਿਸ ਰਿਹਾ ਹੈ। ਉਨ੍ਹਾਂ ਕਿਹਾ, ਮੈਂ ਲੰਮੇ ਸਮੇਂ ਤੋਂ 'ਪੰਜਾਬ ਟਾਈਮਜ਼' ਦੀ ਪਾਠਕ ਹਾਂ ਤੇ ਤੁਹਾਡੀਹਾਜ਼ਰੀ ਵੀ 'ਪੰਜਾਬ ਟਾਈਮਜ਼' ਨਾਲ ਮੁਹੱਬਤੀ ਸਾਂਝ ਦੀ ਹਾਮੀ ਭਰਦੀ ਹੈ।

ਉਨ੍ਹਾਂ ਕਿਹਾ ਮੈਂ ਜਦੋਂ ਵੀ ਫੋਨ ਕਰਦੀ, "ਭਾਅ ਜੀ ਸਤਿ ਸ੍ਰੀ ਅਕਾਲ! ਕੀ ਹਾਲ ਆ?" "ਨੀਲਮ ਭੈਣ ਜੀ, ਚੜ੍ਹਦੀ ਕਲਾ!" ਉਨ੍ਹਾਂ ਦੀ ਬੁਲੰਦ ਆਵਾਜ਼ ਮਨ ਵਿਚ ਖੇੜਾ ਭਰ ਦਿੰਦੀ। ਚੜ੍ਹਦੀ ਕਲਾ ਕਹਿਣਾ ਅਤੇ ਚੜ੍ਹਦੀ ਕਲਾ ਵਿਚ ਰਹਿਣਾ ਮੈਂ ਉਨ੍ਹਾਂ ਕੋਲੋਂ ਸਿੱਖਿਆ ਹੈ। ਪਿਛਲੇ ਕਈ ਸਾਲਾਂ ਤੋਂ ਅਮੋਲਕ ਭਾਅ ਜੀ 'ਪੰਜਾਬ ਟਾਈਮਜ਼ ਨਾਈਟ' ਲਈ ਸੱਦਾ ਭੇਜਦੇ। ਮੈਂ ਚਾਹੁੰਦੇ ਹੋਏ ਵੀ ਆ ਨਾ ਸਕੀ। ਸ਼ਾਇਦ ਮੇਰਾ ਆਉਣਾ ਅੱਜ ਹੀ ਤੈਅ ਸੀ।

ਆਪਣੀ ਗੱਲ ਜਾਰੀ ਰਖਦਿਆਂ ਉਨ੍ਹਾਂ ਕਿਹਾ ਕਿ ਅਮੋਲਕ ਭਾਅ ਜੀ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਪਰ ਭੈਣ ਜੀ ਜਸਪ੍ਰੀਤ ਨੇ ਪੰਜਾਬ 'ਪੰਜਾਬ ਟਾਈਮਜ਼' ਰਾਹੀਂ ਉਨ੍ਹਾਂ ਨੂੰ ਅਮਰ ਕਰ ਦਿੱਤਾ। ਅੱਜ ਹਰ ਅੱਖਰ ਵਿਚ ਉਨ੍ਹਾਂ ਦੀ ਤਸਵੀਰ ਝਲਕਦੀ ਹੈ। ਇਸ ਅਖ਼ਬਾਰ ਦਾ ਆਪਣਾ ਮਿਆਰ ਹੈ। 'ਪੰਜਾਬ ਟਾਈਮਜ਼' ਇੰਡੀਆ, ਕੈਨੇਡਾ ਤੋਂ ਇਲਾਵਾ ਹੋਰ ਦੇਸ਼ਾਂ ਵਿਚ ਵੀ ਹਰਮਨ ਪਿਆਰਾ ਹੈ। ਵਡੇ ਲੇਖਕ ਅਤੇ ਅਲੋਚਕ 'ਪੰਜਾਬ ਟਾਈਮਜ਼'ਵਿਚ ਪ੍ਰਕਾਸ਼ਿਤ ਹੋਣਾ ਆਪਣਾ ਮਾਣ ਸਮਝਦੇ ਹਨ। ਅਸਲ ਸੱਚ ਤਾਂ ਇਹ ਹੀ ਹੈ ਕਿ ਅਸੀਂ ਸਾਰੇ 'ਪੰਜਾਬ ਟਾਈਮਜ਼' ਦੇ ਮਿਆਰ ਕਰਕੇ ਹੀ ਇਸਦੇ ਪਾਠਕ ਹੋਣ ਦੇ ਨਾ.ਲ-ਨਾ.ਲ ਪ੍ਰਸ਼ੰਸਕ ਬਣੇ ਹਾਂ। ਹਰ ਕਹਾਣੀ, ਕਵਿਤਾ, ਲੇਖ ਦਾ ਆਪਣਾ ਮਿਆਰ ਹੁੰਦਾ ਹੈ। ਸਭ ਤੋਂ ਵੱਡੀ ਗੱਲ ਪਰੂਫ ਰੀਡਿੰਗ ਦੀ ਕੋਈ ਗ਼ਲਤੀ ਨਹੀਂ ਹੁੰਦੀ।

ਮੈਂ ਅਖ਼ਬਾਰ ਦਾ ਬੇਸਬਰੀ ਨਾ.ਲ ਇੰਤਜ਼ਾਰ ਕਰਦੀ ਹਾਂ। ਹਰ ਬੁੱਧਵਾਰ ਨੂੰ ਕੰਮ ਤੋਂ ਬਾਅਦ ਸਿੱਧੀ ਸਟੋਰ ਤੋਂ 'ਪੰਜਾਬ ਟਾਈਮਜ਼' ਚੁੱਕਦੀ ਹਾਂ। ਮੇਰੇ ਵਾਂਗ ਹੋਰ ਪਾਠਕ ਵੀ 'ਪੰਜਾਬ ਟਾਈਮਜ਼'ਦਾ ਇਸੇ ਤਰ੍ਹਾਂ ਇੰਤਜ਼ਾਰ ਕਰਦੇਹਨ।ਉਨ੍ਹਾਂ ਕਿਹਾ ਕਿ ਮੈਂ ਆਖਰੀ ਸਾਹ ਤੱਕ 'ਪੰਜਾਬ ਟਾਈਮਜ਼' ਨਾ.ਲ ਰਿਸ਼ਤਾ ਨਿਭਾਵਾਂਗੀ। ਤਨ ਮਨ ਤੇ ਧੰਨ ਨਾ.ਲ ਸਾਥ ਦਿਆਂਗੀ। ਮੈਨੂੰ ਪੂਰਨ ਵਿਸ਼ਵਾਸ ਹੈ ਕਿ 'ਪੰਜਾਬ ਟਾਈਮਜ਼' ਦੇ ਪ੍ਰਸ਼ੰਸਕ ਅਤੇ ਪਾਠਕ ਵੀ ਲਗਾਤਾਰ ਬਣਦਾ ਫਰਜ਼ ਨਿਭਾਉਂਦੇ ਰਹਿਣਗੇ।ਇਸ ਦੇ ਨਾ.ਲ ਹੀ ਉਨ੍ਹਾਂ ਜਸਪ੍ਰੀਤ ਨੂੰ ਚੜ੍ਹਦੀ ਕਲਾ ਵਿਚ ਰਹਿਣ

# ਪੰਜਾਬ ਟਾਈਮਜ਼ ਨਾਈਟ ਦੀਆਂ ਯਾਦਗਾਰੀ ਤਸਵੀਰਾਂ

ਦੀ ਬੇਨਤੀ ਕੀਤੀ ਅਤੇ ਕਿਹਾ ਕਿ ਫਾਈਨਾਂਸ ਦਾਫ਼ਿਕਰ ਤੁਹਾਡਾ ਨਹੀਂ ਸਾਡਾ ਸਭ ਦਾ ਹੈ ਕਿਉਂਕਿ ਇਹ ਕਾਰਜ ਹੁਣ ਸਾਡਾ ਸਭ ਦਾ ਸਾਂਝਾ ਹੈ। 'ਪੰਜਾਬ ਟਾਈਮਜ਼' ਸਾਡਾ ਸਭ ਦਾ ਮਾਣ ਹੈ। ਇਕ ਕਵਿਤਾ ਨਾਲ ਉਨ੍ਹਾਂ ਹਾਜ਼ਰੀ ਲਵਾਈ:


ਮੇਰਾ ਪੁਰਖਾ ਸੱਚ ਸੀ ਕਹਿੰਦਾ
ਤੀਜਾ ਨੇਤਰ ਖੋਲ੍ਹ ਹੋ ਬਹਿੰਦਾ
ਰੂਹ ਛਲਣੀ ਚਾਹੇ ਪੈਰੀਂ ਛਾਲੇ
ਮੰਜ਼ਲ ਨੂੰ ਸਰ ਕਰ ਹੀ ਲੈਂਦਾ
ਸ਼ਬਦਾਂ ਛਤਰ ਝੁਲਾਇਆ ਅੰਮੀਏਂ
ਇਹ ਮੇਰਾ ਸਰਮਾਇਆ ਅੰਮੀਏਂ

ਕੈਲੀਫੋਰਨੀਆ ਤੋਂ ਹੀ ਆਏ ਉਘੇ ਸ਼ਾਇਰ ਅਤੇ ਬਹੁਤ ਹੀ ਨਿੱਘੇ ਸੁਭਾਅ ਦੇ ਮਾਲਕ ਕੁਲਵਿੰਦਰ ਨੇ ਅਮੋਲਕ ਸਿੰਘ ਨਾਲ ਆਪਣੀ





ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਦੇ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਪ੍ਰੋਗਰਾਮ ਨੂੰ ਗਹੁ ਨਾਲ ਵਾਚਦੇ ਹੋਏ।









ਸਾਂਝ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੀ ਪ੍ਰਸ਼ੰਸਾ ਵਿਚ ਇਹ ਸ਼ੇਅਰ

'ਮੈਂ ਨਹੀਂ ਸੂਰਜ ਕਿ ਹਰ ਇਕ ਸ਼ਾਮ ਨੂੰ ਢਲਦਾ ਰਹਾਂਗਾ
ਮੈਂ ਬੜਾ ਨਿੱਕਾ ਜਿਹਾ ਦੀਵਾ ਹਾਂ, ਪਰ ਬਲਦਾ

ਬਰੈਂਪਟਨ, ਕੈਨੇਡਾ ਤੋਂ ਲੰਮਾ ਪੈਂਡਾ ਤੈਅ ਕਰਕੇ ਆਏ ਕੁਲਵਿੰਦਰ ਖਹਿਰਾ ਨੇਆਪਣੇ ਖ਼ੂਬਸੂਰਤ ਅੰਦਾਜ਼ ਵਿਚ ਕੈਨੇਡਾ ਦੇ ਅਖਬਾਰਾਂ ਨਾਲ 'ਪੰਜਾਬ ਟਾਈਮਜ਼' ਦੀ ਤੁਲਨਾ ਕਰਦਿਆਂ ਕਿਹਾ ਕਿ ਅਸੀਂ ਜੇ 'ਪੰਜਾਬ ਟਾਈਮਜ਼' ਜੰਮੂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹੋਵਾਂਗੇ। ਜੇ ਅਜ ਇਥੇ ਆਏ ਹਾਂ ਤਾਂ ਇਕ ਸਾਂਝ ਹੈ, ਇਕ ਆਵਾਜ਼ ਜਿੰਨੇ ਸਾਰੀ ਦੁਨੀਆਂ ਨਾਲ ਸਾਂਝ ਪੁਆਈ ਹੈ ਤੇ ਸਾਡੇ ਨਾਲ ਵੀ ਪਾਈ ਹੈ।ਜਿੰਨੇ ਸਾਨੂੰ 'ਪੰਜਾਬ ਟਾਈਮਜ਼' ਨਾਲ ਜੋੜਿਆ ਹੈ। ਸਾਨੂੰ ਮਾਣ

ਚਾਣਨੀ
ਮੈਂ ਹਨੇਰੇ ਦੀ ਤਲੀ 'ਤੇ ਬਸ ਟਿਕਾਈ ਚਾਣਨੀ
ਇਕ ਚਕੋਰੀ ਰਾਤ ਸਾਰੀ ਤੜਪਦੀ ਹੋਈ ਮਰ ਗਈ

ਚੰਨ ਸੀ
ਅਜ ਵੀ ਕਰਦੀ ਪਈ ਹੈ ਰਹਿਨੁਮਾਈ ਚਾਣਨੀ।

ਬਰੈਂਪਟਨ, ਕੈਨੇਡਾ ਤੋਂ ਹੀ ਆਏ ਓਂਕਾਰਪ੍ਰੀਤ ਨੇ ਸ਼ੇਅਰ 'ਜਿਸੇ ਮੈਂ ਓੜਤਾ ਬਿਛਾਤਾ



















ਰਹਾਂਗਾ।' ਸਮਰਪਿਤ ਕੀਤਾ।

ਇਕ ਹੋਰ ਖ਼ੂਬਸੂਰਤ ਗਜ਼ਲ ਨਾਲ

'ਮੁਕਟ ਸੂਰਜ ਦਾ ਸਜਾ ਕੇ, ਓੜ ਕੇ ਰੇਤੇ ਦਾ ਸ਼ਾਲ
ਜ਼ਿੰਦਗੀ ਦੇ ਥਲ 'ਚ ਤੁਰਿਆ ਜਾ ਰਿਹਾ ਹਾਂ ਸ਼ਾਨ ਨਾਲ।'
'ਮੈਂ ਇਕੱਲਾ ਹੀ ਸਫ਼ਰ ਵਿਚ ਹਾਂ, ਨਹੀਂ ਇਉਂ ਤਾਂ ਨਹੀ
ਚੱਲ ਰਹੇ ਨੇ ਲੱਖਾਂ ਹੀ ਬ੍ਰਹਿਮੰਡ ਮੇਰੇ ਨਾਲ ਨਾਲ' ਉਨ੍ਹਾਂ ਹਾਜ਼ਰੀ ਲਵਾਈ।

ਨਾਲ ਜੁੜੇ ਹਾਂ ਤਾਂ ਇਹ ਇਸਦੇ ਮਿਆਰ ਕਰਕੇ ਹੈ। ਅਜ ਜਦੋਂ ਪੰਜਾਬ ਦੇ ਮਾਹੌਲ ਨੂੰ ਗੰਧਲਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਅਜਿਹੇ ਸਮੇਂ ਵਿਚ ਨਿਘਰ ਪੱਤਰਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ, ਸੱਚ ਨੂੰ ਸੱਚ ਤੇ ਝੂਠ ਨੂੰ ਕਹਿਣ ਵਾਲੀ ਪੱਤਰਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ। ਇਹ ਚੀਜ਼ ਅਸੀਂ ਪਿਛਲੇ ਕਈ ਸਾਲਾਂ ਤੋਂ 'ਪੰਜਾਬ ਟਾਈਮਜ਼' ਵਿਚ ਦੇਖੀ ਹੈ, ਪਰ ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਇਹ ਕਦੇ ਨਹੀਂ ਸੀ ਸੋਚਿਆ ਕਿ ਸਾਨੂੰ ਇਸ ਸਮਾਗਮ ਵਿਚ ਇਸ ਰੂਪ ਵਿਚ ਆਉਣਾ ਪਵੇਗਾ, ਜਿਥੇ ਅਸੀਂ ਸ. ਅਮੋਲਕ ਸਿੰਘ ਹੈ ਕਿ ਬੇਸ਼ਕ ਸ. ਅਮੋਲਕ ਜੰਮੂ ਸਾਡੇ ਵਿਚ ਨਹੀਂ ਰਹੇਪਰ 'ਪੰਜਾਬ ਟਾਈਮਜ਼' ਉਨ੍ਹਾਂ ਹੀ ਲੀਹਾਂ 'ਤੇ ਚਲ ਰਿਹਾ ਹੈ। ਜਦੋਂ ਸਾਨੂੰ ਇਹ ਮਾਣ ਮਿਲਿਆ ਹੈ ਤਾਂ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਜਿਥੇ ਵੀ ਬੈਠੇ ਹਾਂ, ਇਹੋ ਜਿਹੀ ਪੱਤਰਕਾਰੀ ਨੂੰ ਜਿੰਦਾ ਰਖਣ ਲਈ ਆਪੋ-ਆਪਣਾ ਰੋਲ ਨਿਭਾਈਏ। ਇਸ ਰੋਲ ਨੂੰ ਨਿਭਾਉਂਦੇ ਹੋਏ ਅਜ ਅਸੀਂ ਇਥੇ ਹਾਜ਼ਰ ਹੋਏ ਹਾਂ ਤੇ ਸਾਡੀ ਹਾਜ਼ਰੀ ਕਬੂਲ ਕੀਤੀ ਜਾਵੇ। ਉਨ੍ਹਾਂ ਆਪਣੀ ਖ਼ੂਬਸੂਰਤ ਗਜ਼ਲ ਵੀ ਸਰੋਤਿਆਂ ਦੇ ਰੂ-ਬ-ਰੂ ਕੀਤੀ:

ਨਾ ਉਗਾਇਆ ਚੰਨ ਕੋਈ ਨਾ ਰਚਾਈ ਚਾਣਨੀ
ਜਾਂ ਪਰਾਂ ਬੇਦਰਦੀਆ ਤੂੰ ਕਿਉਂ ਛਪਾਈ ਚਾਣਨੀ
ਭਾਵਨਾ 'ਤੇ ਅਸਰ ਕੀਤਾ ਇਸ ਤਰ੍ਹਾਂ ਪਰਵਾਸ ਨੇ
ਚੰਨ ਹੈ ਉਹੀ ਮਗਰ ਲਗਦੀ ਪਰਾਈ ਚਾਣਨੀ

ਸੋਚ ਵਿਚ ਮਹਿਬੂਬ ਦਾ ਚਿਹਰਾ ਤਸੱਵਰ ਕਰ ਲਿਆ
ਨੇਰ੍ਹੀਆਂ ਰਾਤਾਂ 'ਚ ਇਦਾਂ ਵੀ ਵਿਛਾਈ ਚਾਣਨੀ
ਦੇਰ ਪਹਿਲਾਂ ਅੰਬਰਾਂ 'ਤੇ ਚਮਕਿਆ ਇਕ

ਹੂੰ ਵੋਹ ਗਜ਼ਲ ਆਪ ਕੋ ਸੁਨਾਤਾ ਹੂੰ' ਸ. ਜੰਮੂ ਨੂੰ ਸਮਰਪਿਤ ਕਰਦਿਆਂ ਕਿਹਾ ਕਿ ਇਹ ਅਖਬਾਰ ਉਨ੍ਹਾਂ ਦੇ ਦਿਲ ਦੀ ਆਵਾਜ਼ ਸੀ, ਜਿਸ ਨੂੰ ਉਹ ਓੜਦੇ ਤੇ ਵਿਛਾਉਂਦੇ ਰਹੇ ਤੇ ਸਾਰੇ ਪੰਜਾਬੀਆਂ ਨੂੰ ਇਸ ਨਾਲ ਜੋੜ ਕੇ ਉਨ੍ਹਾਂ ਜ਼ਿੰਮੇਵਾਰੀ ਵਾਲਾ ਰੋਲ ਅਦਾ ਕੀਤਾ।ਲੰਬੇ ਸਮੇਂ ਤੋਂ ਜੁੜੇ ਹੋਣ ਕਰਕੇ 'ਪੰਜਾਬ ਟਾਈਮਜ਼' ਦੀਜ਼ਿੰਮੇਵਾਰੀ ਵਾਲੀ ਪੱਤਰਕਾਰੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿਜਾਗਦੀ ਜ਼ਮੀਰ ਵਾਲੇ ਲੋਕ ਹੀ ਅਜਿਹੀ ਜ਼ਿੰਮੇਵਾਰੀ ਨਿਭਾਉਂਦੇ ਹਨ। 'ਪੰਜਾਬ ਟਾਈਮਜ਼' ਵਿਚ ਛਪਦੇ ਕਾਲਮ 'ਕਲਾ ਪਰਿਕਰਮਾ' ਦੀ ਗੱਲ





ਮਰਹੂਮ ਸ. ਅਮੋਲਕ ਸਿੰਘ ਜੰਮੂ ਦੀ ਪੋਤਰੀ ਮਿਹਰ ਜੰਮੂ।














ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕਾਲਮ ਸਾਹਿਤਕ ਕਲਾਵਾਂ ਨਾਲ ਸਬੰਧਤ ਚੀਜ਼ਾਂ ਦੀ ਗੱਲ



ਕਰਦਾ ਹੈ। ਅਸੀਂ ਹਰ ਹਫਤੇ ਬੇਸਬਰੀ ਨਾਲ ਇਸ ਵਿਚ ਛਪਦੀ ਸਮੱਗਰੀ ਦੀ ਉਡੀਕ ਕਰਦੇ ਹਾਂ। 'ਪੰਜਾਬ ਟਾਈਮਜ਼' ਦਾ ਸਮੁਚਾ ਮਨੋਰਥ ਹੀ ਸਾਰੇ ਸਮਾਜ ਦੀ ਪਰਿਕਰਮਾ ਕਰਾਉਣਾ ਹੈ।ਧਾਰਮਿਕ, ਰਾਜਨੀਤਕ, ਸਮਾਜਿਕ, ਸਾਇੰਸ ਅਤੇ ਗਾਇਕੀ ਨਾਲ ਸਬੰਧਤ ਜਿੰਨੀਆਂ ਵੀ ਕਲਾਵਾਂ ਨੇ ਸਮਾਜ ਦੀਆਂ, ਉਨ੍ਹਾਂ ਸਭ ਨੂੰ ਇਕ ਗੁਲਦੱਸਤੇ ਵਾਂਗ 'ਪੰਜਾਬ ਟਾਈਮਜ਼' ਵਿਚ ਥਾਂ ਦਿਤੀ ਜਾਂਦੀ ਹੈ।ਇਸ ਦੀਵਡੀ ਵਿਲੱਖਤਾ ਇਹਹੈ ਕਿ ਇਹ ਕਿਸੇ ਇਕ ਧਰਮ, ਰਾਜਨੀਤਕ ਪਾਰਟੀ ਨਾਲ ਜੁੜਿਆ ਹੋਇਆ ਨਹੀਂ ਹੈ। ਇਸ ਵਿਚ ਸਮੁੱਚੀ ਮਨੁਖਤਾ ਦੇ ਹਿੱਤ ਦੀ ਗੱਲ ਹੁੰਦੀ ਹੈ।ਇਸ ਮੌਕੇ ਓਂਕਾਰਪ੍ਰੀਤ ਦੀ ਕਿਤਾਬ 'ਅਣਫਿਰਿਆ ਮੱਕਾ'ਵੀ ਰਿਲੀਜ਼ ਕੀਤੀ ਗਈ। ਇਸੇ ਕਿਤਾਬ ਵਿਚੋਂ ਹੀ ਉਨ੍ਹਾਂ ਇਕ ਗਜ਼ਲ ਦੇ ਕੁਝ ਸ਼ਿਅਰ ਹਾਜ਼ਰੀਨ ਦੀ ਨਜ਼ਰ ਕੀਤੇ।

.........

ਇੰਡੀਆਨਾ ਤੋਂ ਆਏ 'ਪੰਜਾਬ ਟਾਈਮਜ਼' ਦੇ ਸਨੇਹੀ ਰਵਿੰਦਰ ਸਹਿਰਾਅਨੇ ਸ਼ੇਅਰ "ਅੱਖੀਆਂ ਤੋਂ ਦੂਰ ਚਲਾ ਗਿਆ, ਦਿਲ ਦੇ ਹੈ ਨੇੜੇ ਨੇੜੇ, ਤਾਈਓਂ ਤਾਂ ਓਹਦੀ ਖੁਸ਼ਬੂ ਫੈਲੀ ਹੈ ਸਾਡੇ ਵਿਹੜੇ" ਸ. ਜੰਮੂ ਨੂੰ ਸਮਰਪਿਤ ਕੀਤਾ। ਉਨ੍ਹਾਂ ਨੇ ਡਾ. ਜਗਤਾਰ ਦਾ ਸ਼ੇਅਰ, "ਹਰ ਮੋੜ 'ਤੇ ਸਲੀਬਾਂ ਹਰ ਪੈਰ 'ਤੇ ਹਨੇਰਾ, ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਵੇਖ ਜੇਰਾ", ਜਸਪ੍ਰੀਤ ਨੂੰ ਸਮਰਪਿਤ ਕਰਦਿਆਂ ਉਨ੍ਹਾਂ ਵਲੋਂ ਸ. ਅਮੋਲਕ ਦੀ ਗੈਰਹਾਜ਼ਰੀ ਵਿਚ ਵੀ ਅਖਬਾਰ ਨੂੰ ਜਾਰੀ ਰੱਖਣ ਤੇ ਖਾਸ ਤੌਰ 'ਤੇ ਕਰੋਨਾ ਕਾਲ ਦੌਰਾਨ ਜਦੋਂ ਸਾਰੇ ਅਖਬਾਰ ਲਗਪਗ ਬੰਦ ਸਨ, ਇਸਦਾ ਮਿਆਰ ਕਾਇਮ ਰੱਖਣ ਦੀ ਸ਼ਲਾਘਾ ਕੀਤੀ। ਜੰਮੂ ਪਰਿਵਾਰ ਅਤੇ 'ਪੰਜਾਬ ਟਾਈਮਜ਼' ਦੀ ਟੀਮ ਦੀ ਹੌਸਲਾ ਅਫਜ਼ਾਈ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸ਼ੁਰੂ ਤੋਂ ਹੀ ਇਸ ਅਖਬਾਰ ਨਾਲ ਜੁੜੇ ਹੋਏ ਹਨ।

ਪੰਜਾਬ ਟਾਈਮਜ਼ ਦੀ ਹਮਦਰਦ ਗੁਰਲੀਨ ਕੌਰਨੇ ਆਪਣੇ ਵਖਰੇ ਅੰਦਾਜ਼ ਵਿਚ ਕੁਝ ਸ਼ੇਅਰ ਸ. ਅਮੋਲਕ ਸਿੰਘ ਨੂੰ ਸਮਰਪਿਤ ਕਰਦਿਆਂ ਕਹੇ:

ਮੈਂ ਆਪਣੇ ਆਪ ਨੂੰ ਹਰ ਧਰਮ ਤੋਂ ਨਿਰਪੱਖ ਰੱਖਦਾ ਹਾਂ

ਮੈਂ ਪੱਥਰ ਵੱਖ ਰੱਖਦਾ ਹਾਂ ਤੇ ਸ਼ੀਸ਼ਾ ਵੱਖ ਰੱਖਦਾ ਹਾਂ

ਮੈਂ ਪੱਤਰਕਾਰ ਹਾਂ ਸਮਝਦਾ ਹਾਂ ਕਿ ਮੇਰਾ ਫ਼ਰਜ਼ ਬਣਦਾ ਹੈ

ਮੈਂ ਹਰ ਹਰਕਤ ਸਮੇਂ ਦੀ 'ਤੇ ਉਚੇਚੀ ਅੱਖ ਰੱਖਦਾ ਹਾਂ।

ਓਹਾਇਓ ਤੋਂ ਲੰਮਾ ਪੈਂਡਾ ਤੈਅ ਕਰਕੇ ਆਏ 'ਪੰਜਾਬ ਟਾਈਮਜ਼' ਦੇ ਸਲਾਹਕਾਰ ਬੋਰਡ ਦੇ ਮੈਂਬਰ ਸ. ਅਵਤਾਰ ਸਿੰਘ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਆਪਾਂ 'ਪੰਜਾਬ ਟਾਈਮਜ਼' ਦੇ ਦੀਵੇ 'ਚ ਇੰਨਾ ਕੁ ਤੇਲ ਪਾਈਏ ਕਿ ਇਹ ਬਲਦਾ ਰਹੇ।

'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਦੀ ਮੈਂਬਰ ਡਾ. ਨਵਦੀਪ ਕੌਰ ਸੰਧੂ ਨੇ 'ਪੰਜਾਬ ਟਾਈਮਜ਼' ਤੇ ਸ. ਅਮੋਲਕ ਨਾਲ ਆਪਣੀ ਸਾਂਝ ਦਾ ਜ਼ਿਕਰ ਕਰਦਿਆਂ ਕਿਹਾ ਕਿ ਛੋਟੇ ਜਿਹੇ ਸਾਈਜ਼ ਤੋਂ ਸ਼ੁਰੂ ਕਰਕੇ 'ਪੰਜਾਬ ਟਾਈਮਜ਼'ਹੁਣ ਇੰਟਰਨੈਸ਼ਨਲ ਅਖਬਾਰ ਬਣ ਚੁਕਾ ਹੈ। ਉਨ੍ਹਾਂ ਹਾਜ਼ਰੀਨ ਨੂੰ ਅਪੀਲ ਕੀਤੀ ਕਿ ਉਹ ਜਿਸ ਵੀ ਰੂਪ ਵਿਚ 'ਪੰਜਾਬ ਟਾਈਮਜ਼' ਦੀ ਮਦਦ ਕਰ ਸਕਦੇ ਹਨ, ਜ਼ਰੂਰ ਕਰਨ।

ਓਹਾਇਓ ਤੋਂ ਪੁੱਜੇ 'ਪੰਜਾਬ ਟਾਈਮਜ਼' ਦੇ ਸ਼ੁਭਚਿੰਤਕ ਰਛਪਾਲ ਸਿੰਘ ਸਹੋਤਾ ਨੇ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੰਦਿਆਂ ਕਿਹਾ ਕਿ ਅਸੀਂ ਸਭ ਇਸਦੇ ਨਾਲ ਹਾਂ ਤੇ ਭੈਣ ਜੀ ਜਸਪ੍ਰੀਤ ਨੂੰ ਘਬਰਾਉਣ ਦੀ ਬਿਲਕੁਲ ਲੋੜ ਨਹੀਂ।



ਪੰਜਾਬ ਦੇ ਭਾਸ਼ਾ ਵਿਭਾਗ ਦੇ ਰਿਟਾਇਰਡ ਡਾਇਰੈਕਟਰ ਡਾ. ਮਦਨ ਲਾਲ ਹਸੀਜਾ ਨੇ ਦੱਸਿਆ ਕਿ ਮੇਰੀ ਮੁਲਾਕਾਤ ਅਮੋਲਕ ਨਾਲ 'ਪੰਜਾਬੀ ਟ੍ਰਿਬਿਊਨ' ਵਿਚ ਹੁੰਦੀ ਰਹਿੰਦੀ ਸੀ। ਸੱਤ ਸਮੁੰਦਰੋਂ ਪਾਰ ਜੇ ਕਿਸੇ ਪੰਜਾਬੀ ਦੇ ਪ੍ਰਸਾਰ ਦਾ ਬੀੜਾ ਚੁਕਿਆ ਹੈ ਤਾਂ ਉਹ ਸਹੀ ਅਰਥਾਂ ਵਿਚ 'ਪੰਜਾਬ ਟਾਈਮਜ਼' ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਨੂੰ ਪੰਜਾਬ ਵਿਚ ਅਹਿਮੀਅਤ ਹੀ ਨਹੀਂ ਦਿਤੀ ਗਈ। ਉਨ੍ਹਾਂ ਸਾਰਿਆਂ ਨੂੰ ਮੁਬਾਰਕਬਾਦ ਦਿਤੀ ਕਿ ਤੁਸੀਂ 'ਪੰਜਾਬ ਟਾਈਮਜ਼' ਨੂੰ ਜਿੰਦਾ ਰਖਿਆ ਹੋਇਆ ਹੈ

'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਦੇ ਨਵੇਂ ਮੈਂਬਰ ਜਸਕਰਨ ਧਾਲੀਵਾਲ ਨੇ ਇਸ ਸ਼ਾਮ ਦੇ ਮੁਖ ਮਹਿਮਾਨ ਸ.ਦਰਸ਼ਨ ਸਿੰਘ ਧਾਲੀਵਾਲ ਅਤੇ ਸਾਰੀ ਸਲਾਹਕਾਰ ਕਮੇਟੀ ਦਾ ਧੰਨਵਾਦ ਕੀਤਾ ਅਤੇ ਆਪਣੀ ਮਦਦ ਦਾ ਵਾਅਦਾ ਵੀ ਕੀਤਾ।

ਹਿਊਸਟਨ, ਟੈਕਸਸ ਤੋਂ ਆਏ ਇਨਕਲਾਬੀ ਥਾਂਦੀ ਨੇ ਦਸਿਆ ਕਿ ਉਹ 'ਪੰਜਾਬ ਟਾਈਮਜ਼' ਨਾਲ ਸ਼ੁਰੂ ਤੋਂ ਜੁੜੇ ਹੋਏ ਹਨ। ਉਨ੍ਹਾਂ ਸ. ਅਮੋਲਕ ਸਿੰਘ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਦਿਆਂ ਜਸਪ੍ਰੀਤ ਕੌਰ ਦਾ ਸਲਾਹਕਾਰ ਕਮੇਟੀ ਵਿਚ ਲੈਣ ਲਈ ਧੰਨਵਾਦ ਕੀਤਾ।

'ਪੰਜਾਬ ਟਾਈਮਜ਼' ਦੀ ਸਮੇਂ ਸਮੇਂ ਮਦਦ ਕਰਦੇ ਰਹਿੰਦੇ ਠਾਕਰ ਸਿੰਘ ਬਸਾਤੀ ਨੇ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦੱਸਿਆ ਕਿ ਇਥੇ ਆਏ ਹਰ ਸ਼ਖਸ ਨੂੰ ਸ਼ੁਰੂ-ਸ਼ੁਰੂ ਵਿਚ ਕਿਵੇਂ ਸਟਰਗਲ ਕਰਨੀ ਪੈਂਦੀ ਹੈ।

ਭਾਰਤ ਤੋਂ ਆਏ ਅਤੇ 'ਪੰਜਾਬੀ ਟ੍ਰਿਬਿਊਨ' ਵਿਚ ਸਬ ਐਡੀਟਰ ਰਹਿ ਚੁੱਕੇ ਬਲਵਿੰਦਰ ਸਿੰਘ ਜੰਮੂ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜੋਕੇ ਸਮੇਂ ਵਿਚ ਪ੍ਰਿੰਟ ਮੀਡੀਆ ਔਖੇ ਦੌਰ ਵਿਚੋਂ ਲੰਘ ਰਿਹਾ ਹੈ। ਸਭ ਤੋਂ ਵੱਡਾ ਚੈਲੰਜ ਸੋਸ਼ਲ ਮੀਡੀਏ ਦਾ ਹੈ। ਪੰਜਾਬੀ ਅਖਬਾਰ ਤਾਂ ਕੀ, ਅੰਗਰੇਜ਼ੀ ਅਖਬਾਰ ਵੀ ਇਸ ਨਵੀਂ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਹੱਥਾਂ ਦੀ ਖੇਡ ਹੈ, ਪੋਸਟ ਤੇ ਡਿਲੀਟ ਦਾ ਕੰਮ ਹੈ ਪਰ ਪ੍ਰਿੰਟ ਮੀਡੀਆ ਦਸਤਾਵੇਜ਼ ਹੈ। ਸ. ਜੰਮੂ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ 'ਪੰਜਾਬ ਟਾਈਮਜ਼' ਦੀ ਉਨ੍ਹਾਂ ਵਲੋਂ ਕੀਤੀ ਜਾ ਰਹੀ ਮਦਦ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਪੰਜਾਬੀ ਅਖਬਾਰ ਭਾਈਚਾਰੇ ਦੀ ਮਦਦ ਤੋਂ ਬਿਨਾ ਨਹੀਂ ਚੱਲ ਸਕਦੇ। ਇਹ ਖੁਸ਼ੀ ਦੀ ਗੱਲ ਹੈ ਕਿ 'ਪੰਜਾਬ ਟਾਈਮਜ਼' ਨੂੰ ਇਹ ਸਮਰਥਨ ਲਗਾਤਾਰ ਮਿਲ ਰਿਹਾ ਹੈ।

ਭੁਪਿੰਦਰ ਹੁੰਦਲਨੇ ਸ. ਜੰਮੂ ਨਾਲ ਆਪਣੀ ਸਾਂਝ ਦਾ ਜ਼ਿਕਰ ਕੀਤਾ ਅਤੇ ਉਨ੍ਹਾਂ ਤੋਂ ਬਾਅਦ ਬਹੁਤ ਸਾਰੀਆਂ ਦੁਸ਼ਵਾਰੀਆਂ ਦੇ ਬਾਵਜੂਦ ਅਖਬਾਰ ਦਾ ਮਿਆਰ ਕਾਇਮ ਰੱਖਣ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ 'ਮੇਰਾ ਪਿੰਡ 360' ਪ੍ਰੋਜੈਕਟ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਸਰਵਣ ਸਿੰਘ ਰਾਜੂ ਨੇ ਅਮਰੀਕਾ ਵਿਚ ਪਹੁੰਚੇ ਪਹਿਲੇ ਭਾਰਤੀ ਦਲੀਪ ਸਿੰਘ ਸੌਂਦ ਬਾਰੇ ਬਣ ਰਹੀ ਡਾਕੂਮੈਂਟਰੀ ਬਾਰੇ ਜਾਣਕਾਰੀ ਸਾਂਝੀ ਕੀਤੀ। ਇਥੋਂ ਦੀ ਜੰਮਪਲ ਰਕਿੰਦ ਕੌਰ ਨੇ ਇਕ ਗਜ਼ਲ ਨਾਲ ਹਾਜ਼ਰੀ ਲਵਾਈ।

ਸਮਾਗਮ ਵਿਚ 'ਪੰਜਾਬ ਟਾਈਮਜ਼' ਦੇ ਸਲਾਹਕਾਰ ਬੋਰਡ ਦੇ ਮੈਂਬਰ ਦਰਸ਼ਨ ਸਿੰਘ ਗਰੇਵਾਲ, ਅਵਤਾਰ ਸਿੰਘ ਸਪਰਿੰਗਫੀਲਡ, ਗੁਰਦਿਆਲ ਸਿੰਘ ਬਸਰਾਨ, ਡਾ.



ਹਰਗੁਰਮੁਖਪਾਲ ਸਿੰਘ, ਹਰਦਿਆਲ ਸਿੰਘ ਦਿਓਲ, ਜੈਦੇਵ ਸਿੰਘ ਭੱਠਲ, ਪਰਮਿੰਦਰ ਸਿੰਘ ਵਾਲੀਆ, ਨਵਦੀਪ ਕੌਰ ਸੰਧੂ, ਇਨਕਲਾਬੀ



ਥਾਂਦੀ, ਜਸਬੀਰ ਕੌਰ ਢਿਲੋਂ, ਜਸਕਰਨ ਸਿੰਘ ਧਾਲੀਵਾਲ, ਅਮਰੀਕ ਸਿੰਘ, ਅੰਮ੍ਰਿਤਪਾਲ ਸਿੰਘ ਸੰਘਾ, ਡਾ. ਤੇਜਿੰਦਰ ਸਿੰਘ ਮੰਡੇਰ, ਜਗਦੀਸ਼ਰ ਸਿੰਘ ਕਲੇਰ, ਡਾ. ਗੁਰਚਰਨ ਸਿੰਘ ਗਰੇਵਾਲ, ਗੁਰਵੀਰ ਸਿੰਘ ਗਿੱਲ ਆਪਣੇ ਸਾਥੀਆਂ ਨਾਲ ਪਹੁੰਚੇ ਹੋਏ





ਸਨ। ਅਮੋਲਕ ਸਿੰਘ ਗਾਖਲ, ਜੱਸੀ ਗਿੱਲ, ਹਰਜੀਤ ਸਿੰਘ ਸਾਹੀ, ਦਰਸ਼ਨ ਸਿੰਘ ਦਰੜ, ਮਨਦੀਪ ਸਿੰਘ ਭੂਰਾ, ਰਾਜਿੰਦਰ ਸਿੰਘ ਬੈਂਸ, ਗੁਲਜ਼ਾਰ ਸਿੰਘ ਮੁਲਤਾਨੀ, ਨਿੱਕੀ ਸੇਖੋਂ, ਰਘਬੀਰ ਸਿੰਘ ਘੁੰਨ ਅਤੇ ਸਰਵਣ ਸਿੰਘ ਟਿਵਾਣਾ ਜ਼ਰੂਰੀ ਰੁਝੇਵਿਆਂ ਕਾਰਨ ਪਹੁੰਚ ਨਹੀਂ ਸਕੇ।

ਇਸ ਤੋਂ ਇਲਾਵਾ ਸਮਾਗਮ ਵਿਚ ਵੱਖ ਵੱਖ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਖੇਡ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਇਨ੍ਹਾਂ ਸੰਸਥਾਵਾਂ ਵਿਚ ਸਿੱਖ ਰਿਲੀਜੀਅਸ ਸੁਸਾਇਟੀ; ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ; ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ, ਸ਼ਿਕਾਗੋ; ਫਾਈਵ ਰਿਵਰ ਐਂਟਰਟੇਨਮੈਂਟ, ਪੰਜਾਬੀ ਅਮੈਰਿਕਨ ਯੂਥ ਕਲੱਬ ਇੰਡੀਆਨਾ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ, ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ (ਮਿਡਵੈਸਟ); ਪੰਜਾਬ ਸਪੋਰਟਸ ਐਂਡ





ਕਲਚਰਲ ਕਲੱਬ ਸ਼ਿਕਾਗੋ (ਮਿਡਵੈਸਟ) ਅਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ; ਸਵੇਰਾ ਇੰਕ ਅਤੇ ਢੋਲ ਰੇਡੀਓ ਸ਼ਾਮਲ ਸਨ।

ਇਸ ਮੌਕੇ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ), ਸ਼ਿਕਾਗੋ ਦੇ ਪ੍ਰਧਾਨ ਜੈ ਰਾਮ ਸਿੰਘ ਕਾਹਲੋਂ, ਅੱਛਰ ਸਿੰਘ, ਹਰਜੀਤ ਸਿੰਘ ਗਿੱਲ, ਮੱਖਣ ਸਿੰਘ ਕਲੇਰ ਤੇ ਸਾਬਕਾ ਪ੍ਰਧਾਨ ਅਮਰਦੇਵ ਸਿੰਘ ਬਦੇਸ਼ਾ, ਗੁਰਮੀਤ ਸਿੰਘ ਬੈਂਸ ਤੋਂ ਇਲਾਵਾ ਕਾਰ ਸੇਵਾ ਜਥੇ ਦੇ ਪਾਲ ਧਾਲੀਵਾਲ ਤੇ ਸਾਥੀ ਪਹੁੰਚੇ। ਪੰਜਾਬੀ ਕਲਚਰਲ ਸੁਸਾਇਟੀ, ਸ਼ਿਕਾਗੋ ਵਲੋਂ ਪੀ ਐਸ ਦੇ ਪ੍ਰਧਾਨ ਭੁਪਿੰਦਰ ਸਿੰਘ ਧਾਲੀਵਾਲ, ਪਰਵਿੰਦਰ ਸਿੰਘ ਨੰਨੂਆਂ, ਸੁਖਮੇਲ ਅਟਵਾਲ,ਗੁਰਪ੍ਰੀਤ ਸਿੱਧੂ, ਭਿੰਦਰ ਪੰਮਾ;ਫਾਈਵ ਰਿਵਰ ਐਂਟਰਟੇਨਮੈਂਟ ਦੇ ਡਾ. ਵਿਕਰਮ ਗਿੱਲ, ਜਿਗਰਦੀਪ ਸਿੰਘ ਢਿਲੋਂ, ਗੁਰਪ੍ਰੀਤ ਸਿੰਘ, ਅੰਮ੍ਰਿਤਪਾਲ ਮਾਂਗਟ, ਇੰਦਰ ਵਿਰਕ; ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਦੇ ਪ੍ਰਧਾਨ ਲੱਕੀ ਸਹੋਤਾ, ਮੀਤ ਪ੍ਰਧਾਨ ਸੰਤੋਖ ਸਿੰਘ ਘੁਮਣ, ਡਾ. ਹਰਜਿੰਦਰ ਖਹਿਰਾ, ਹੈਪੀ ਹੀਰ, ਅਜੈਬ ਸਿੰਘ ਲੱਖਣ, ਨਰਿੰਦਰ ਸਰਾਂ, ਜਸਕਰਨ ਸਿੰਘ ਧਾਲੀਵਾਲ, ਸਾਬਕਾ ਪ੍ਰਧਾਨ ਅੰਮ੍ਰਿਤਪਾਲ ਸਿੰਘ ਸੰਘਾ; ਸ਼ੇਰੇ ਪੰਜਾਬ ਸਪੋਰਟਸ ਕਲੱਬ ਐਂਡ ਕਲਚਰਲ ਕਲੱਬ ਮਿਡਵੈਸਟ (ਸ਼ਿਕਾਗੋ) ਵਲੋਂ ਅਮਰਦੇਵ ਸਿੰਘ ਬਦੇਸਾ;ਪੰਜਾਬੀ ਅਮੈਰਿਕਨ ਯੂਥ ਕਲੱਬ ਦੇ ਮੈਂਬਰ ਯਾਦਵਿੰਦਰ ਖਟੜਾ, ਧਰਮਿੰਦਰ ਖਟੜਾ, ਲਖਬੀਰ ਚੀਮਾ, ਬਲਦੀਪ ਮਾਨ, ਜਗਜੀਤ ਸਿੰਘ ਜੱਗਾ, ਡਾ. ਨਿਰਮਲ ਸਿੰਘ ਬਰਾੜ ਅਤੇ ਰਣਜੀਤ ਸਿੰਘ ਕਾਹਲੋਂ; ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਮੈਂਬਰ-ਬਲਜੀਤ ਟਿਵਾਣਾ, ਦੀਪਿੰਦਰ ਸਿੰਘ, ਹਰਪ੍ਰੀਤ ਗਿੱਲ, ਜੱਸੀ ਗਿੱਲ, ਜਿੰਦੀ ਖੰਗੂੜਾ, ਪਿੰਦੀ ਛੀਨਾ, ਕਮਲਜੀਤ ਘੁਮਾਣ, ਓਂਕਾਰ ਸਹੋਤਾ, ਹਨੀ ਖੰਗੂੜਾ, ਗੋਲਡੀ, ਪਿੰਦਾ; 'ਧੀਆਂ ਪੁਕਾਰਦੀਆਂ' ਸੰਸਥਾ ਦੇ ਕੁਲਦੀਪ ਸਿੰਘ ਸਰਾਂ'ਹਾਜ਼ਰ ਸਨ।

ਸਵੇਰਾ ਇੰਕ ਤੋਂ ਬੀਬੀ ਜਸਬੀਰ ਕੌਰ ਮਾਨ ਸਿਹਤ ਨਾਸਾਜ਼ ਹੋਣ ਕਰਕੇ ਪਹੁੰਚ ਨਹੀਂ ਸਨ ਸਕੇ ਪਰ ਉਨ੍ਹਾਂ ਆਪਣੀਆਂ ਸ਼ੁਭ ਇਛਾਵਾਂ ਭੇਜੀਆਂ।

ਇਸ ਸ਼ਾਮ ਮੁਅੱਜਜ਼ਸ਼ਖਸੀਅਤਾਂ ਵਿਚ ਮੁਖ ਮਹਿਮਾਨ ਸ. ਦਰਸ਼ਨ ਸਿੰਘ ਧਾਲੀਵਾਲ ਤੇ ਗੈਸਟ ਆਫ ਆਨਰ ਮੇਜਰ ਗੁਰਚਰਨ ਸਿੰਘ ਝੱਜ ਤੋਂ ਇਲਾਵਾ ਇੰਡੀਆਨਾ ਤੋਂ ਸ਼ਮਸ਼ੇਰ ਸਿੰਘ ਬੋਪਾਰਾਏਭਜਨ ਸਿੰਘ, ਜਗਨਪਾਲ, ਰਾਣਾ ਵਿਰਕ, ਵਰਿੰਦਰ ਕੌਰ ਗਿੱਲ ਅਤੇ ਉਨ੍ਹਾਂ ਦਾ ਪਰਿਵਾਰ, ਲਵ ਮਿਨਹਾਸ, ਮਿਲਵਾਕੀ ਵਿਸਕਾਨਸਿਨ ਤੋਂ ਦਲਜੀਤ ਸਿੰਘ ਕਲੇਰ, ਲਖਬੀਰ ਸਿੰਘ ਸੀਹਰਾ, ਦਰਸ਼ਨ ਸਿੰਘ ਗਰੇਵਾਲ, ਲਖਵਿੰਦਰ ਸਿੰਘ; ਓਹਾਇਓ ਤੋਂ ਗੁਰਦੁਆਰਾ ਸਿਨਸਿਨੈਟੀ ਦੇ ਪ੍ਰਧਾਨ ਰਛਪਾਲ ਸਿੰਘ ਸਹੋਤਾ, ਜਗਰਾਜ ਗਰੇਵਾਲ ਤੇ ਬਲਬੀਰ ਗਰੇਵਾਲ, ਇੰਡੀਅਨਐਪੋਲਿਸ ਤੋਂ ਗੁਰਬਖਸ਼ ਸਿੰਘ ਰਾਹੀ,ਸਿਮਰਨ ਬਾਜਵਾ, ਅਮਨ,ਰੀਗਲ ਜਿਊਲਰਜ਼ ਦੇ ਰਾਜਵੀਰ ਸਿੰਘ ਗਿੱਲ, ਪਰਾਗ ਇੰਟਨੈਸ਼ਨਲ ਦੇ ਰਵੀ ਕਪੂਰ, ਪਰਸ਼ਨ ਸਿੰਘ ਮਾਨ, ਦਵਿੰਦਰ ਸਿੰਘ ਰੰਗੀ, ਡਾ. ਸਰਬਜੀਤ ਸਿੰਘ ਭੰਡਾਲ, ਕਰਨਲ ਸਿੰਘਾ,ਭੁਪਿੰਦਰ ਸਿੰਘ ਬਾਵਾ, ਜੀਵਨ ਟਰਾਂਸਪੋਰਟ ਦੇ ਜਸਦੇਵ ਸਿੰਘ, ਸੰਨੀ ਕੁਲਾਰ, ਰੋਨੀ ਕੁਲਾਰ, ਸਤਿੰਦਰ ਸੁਸਾਣਾ, , ਨਿਰਮਲ ਸਿੰਘ ਸੰਘਾ,, ਰਣਜੀਤ ਸਿੰਘ ਕੌਂਸਲੇਟ,ਅਮਰੀਕ ਪਾਲ ਸਿੰਘ, ਇੰਦਰਮੋਹਨ ਛਾਬੜਾ, ਮਨਜੀਤ ਸਿੰਘ ਗਿੱਲ, ਰਵਿੰਦਰ ਸਿੰਘ (ਰਵੀ ਕਾਰਪੈਟ), ਬਲਵਿੰਦਰ ਸਿੰਘ ਗਿੱਲ, ਸੰਤੋਖ ਸਿੰਘ, ਸਰਵਨ ਸਿੰਘ ਰਾਜੂ ਅਤੇਅਮੋਲਕ ਸਿੰਘ ਗਿੱਧਾ, ਪਾਲ ਧਾਲੀਵਾਲ, ਪ੍ਰੋਗਰਾਮ ਦੀ ਰੌਣਕ ਵਧਾਉਣ ਲਈ ਪਹੁੰਚੇ ਹੋਏ ਸਨ।











ਪੰਜਾਬ ਟਾਈਮਜ਼ ਦੇ ਸ਼ੁਭਚਿੰਤਕਭਾਈ ਮਹਿੰਦਰ ਸਿੰਘ (ਮੁਖ ਸੇਵਾਦਾਰ ਗੁਰਦੁਆਰਾ ਵ੍ਹੀਟਨ), ਡਾ. ਜਗਜੀਤ ਬਰਾੜ, ਪ੍ਰਦੀਪ ਕਾਹਲੋਂ, ਰਾਘਵਿੰਦਰ ਸਿਮਘ ਮਾਹਲ, ਸਤਨਾਮ ਸਿੰਘ ਔਲਖ, ਤਰਲੋਚਨ ਸਿੰਘ ਮੁਲਤਾਨੀ, ਸੁਖਵਿੰਦਰ ਹੁੰਜਨ, ਜਗਮੀਤ ਸਿੰਘ; ਕੈਲੀਫੋਰਨੀਆ ਤੋਂ ਮੱਖਣ ਸਿੰਘ ਬੈਂਸ, ਜੱਸੀ ਗਿੱਲ, ਅਮੋਲਕ ਸਿੰਘ ਗਾਖਲ, ਗੁਰਚਰਨ ਸਿੰਘ ਮਾਨ, ਗੁਰਮੀਤ ਸਿੰਘ ਖਾਲਸਾ, ਕੁਲਜੀਤ ਸਿੰਘ, ਐਸ ਪੀ ਸਿੰਘ;ਇੰਡੀਆਨਾ ਤੋਂ ਬਲਦੇਵ ਬਿੰਦ, ਗੁਰਪਾਲ ਮੱਲ੍ਹੀ; ਸੰਤ ਬਲਬੀਰ ਸਿੰਘ, ਟੈਕਸਸ ਤੋਂ ਦਲਜੀਤ ਸਿੰਘ ਬਗਾਂਤੀ, ਸੁਖਦੇਵ ਸਿੰਘ, ਗੁਲਸ਼ਨ ਸ਼ਰਮਾ, ਨਿਊ ਮੈਕਸੀਕੋ ਤੋਂ ਬਲਵਿੰਦਰ ਕੌਰ ਭਾਵੇਂ ਆਪਣੇ ਰੁਝੇਵਿਆਂ ਕਰਕੇ ਪਹੁੰਚ ਨਹੀਂ ਸਨ ਸਕੇ ਪਰ ਉਨ੍ਹਾਂ 'ਪੰਜਾਬ ਟਾਈਮਜ਼' ਦੀ 24ਵੀਂ ਵਰ੍ਹੇਗੰਢ 'ਤੇ ਆਪਣੀਆਂ ਸ਼ੁਭ ਇਛਾਵਾਂ ਭੇਜੀਆਂ।

ਕਮਲਜੀਤ ਸਿੰਘ ਵਿਰਦੀ, ਮਹਿੰਦਰ ਸਿੰਘ ਰਕਾਲਾ ਅਤੇ ਨਵਜੋਧ ਸਿੰਘ ਨੇ ਸਾਰੇ ਪ੍ਰੋਗਰਾਮ ਨੂੰ ਕੈਮਰੇ ਵਿਚ ਕੈਦ ਕੀਤਾ।










# ਆਲਮ ਲੁਹਾਰ ਅਤੇ ਸਾਂਝਾ ਪੰਜਾਬ




ਕਲਾ ਪਰਿਕਰਮਾ

'ਬੋਲ ਮਿੱਟੀ ਦਿਆ ਬਾਵਿਆ, ਤੇਰੇ ਦੁੱਖਾਂ ਨੇ ਮਾਰ ਮੁਕਾ ਲਿਆ...'। ਇਹ ਗੀਤ ਬਚਪਨ ਤੋਂ ਸੁਣ ਰਹੇ ਹਾਂ ਅਤੇ ਹੁਣ ਵੀ ਇਹ ਅਮਰ ਗੀਤ ਲੋਕਾਂ ਵੱਲੋਂ ਪਸੰਦ ਕੀਤਾ ਜਾਂਦਾ ਹੈ। ਬੇਸ਼ੱਕ ਇਸ ਗੀਤ ਨੂੰ ਬਹੁਤ ਸਾਰੇ ਗਾਇਕਾਂ ਨੇ ਗਾਉਣ ਦੀ ਕੋਸ਼ਿਸ਼ ਕੀਤੀ ਪਰ ਜੋ 'ਮਿੱਟੀ ਦਾ ਬਾਵਾ' ਆਲਮ ਲੁਹਾਰ ਗਾ ਗਏ, ਉਹੋ ਜਿਹਾ ਕੋਈ ਹੋਰ ਨਹੀਂ ਗਾ ਸਕਿਆ। ਉੱਚੀ ਅਤੇ ਸੁਰੀਲੀ

**ਕੁਲਦੀਪ ਸਿੰਘ ਸਾਹਿਲ**
**ਫੋਨ: +91-94179-90040**

ਆਵਾਜ਼ ਨਾਲ ਚਿਮਟੇ ਅਤੇ ਅਲਗੋਜ਼ਿਆਂ ਦੀ ਤਾਲ ਨਾਲ ਦਿਲਾਂ 'ਚ ਆਪਣੀ ਗਾਇਕੀ ਨਾਲ ਜੋਸ਼ ਭਰ ਦੇਣ ਵਾਲੇ ਆਲਮ ਲੁਹਾਰ ਦੀ ਰੀਸ ਅਜੇ ਤੱਕ ਪੰਜਾਬ ਦਾ ਕੋਈ ਵੀ ਗਾਇਕ ਨਹੀਂ ਕਰ ਸਕਿਆ। ਉਨ੍ਹਾਂ ਦੇ ਹਰ ਗੀਤ ਦੇ ਡੂੰਘੇ ਅਰਥ ਹੁੰਦੇ ਸਨ ਅਤੇ ਹਰ ਗੀਤ ਬਾਕਮਾਲ ਹੁੰਦਾ ਸੀ।

ਆਲਮ ਲੁਹਾਰ ਦਾ ਜਨਮ 1928 ਵਿਚ ਜ਼ਿਲ੍ਹਾ ਗੁਜਰਾਤ ਦੀ ਤਹਿਸੀਲ ਖਾਰੀਆਂ ਦੇ ਪਿੰਡ ਅੱਚ 'ਚ ਹੋਇਆ ਜੋ ਕਸਬਾ ਲਾਲਾ ਮੂਸਾ ਦੇ ਲਾਗੇ ਹੈ। ਉਹ ਪੰਜਾਬ ਦੇ ਵੱਖ-ਵੱਖ ਪਿੰਡਾਂ, ਕਸਬਿਆਂ ਤੇ ਸ਼ਹਿਰਾਂ 'ਚ ਲੱਗਦੇ ਮੇਲਿਆਂ 'ਚ ਅਖਾੜੇ ਲਾ ਕੇ ਸੈਂਕੜੇ ਪੰਜਾਬੀਆਂ ਨੂੰ ਇਕੱਠਾ ਕਰ ਕੇ ਸਾਰੀ ਜ਼ਿੰਦਗੀ ਗਾਉਂਦਾ ਰਿਹਾ। ਆਲਮ ਲੁਹਾਰ ਨੇ ਆਪਣੀ ਗਾਇਕੀ ਦਾ ਪਹਿਲਾ ਐਲਬਮ 13 ਸਾਲ ਦੀ ਉਮਰ 'ਚ ਰਿਕਾਰਡ ਕਰਵਾਇਆ। ਮੀਆਂ ਮੁਹੰਮਦ ਬਖ਼ਸ਼ ਦੀ ਲਿਖੀ ਸੈਫੁਲ ਮਲੂਕ 1948 'ਚ ਗਾਈ। ਕਿੱਸਾ ਯੂਸਫ 1961 'ਚ ਗਾਇਆ। 1964 ਵਿਚ ਉਨ੍ਹਾਂ ਦਾ ਗਾਇਆ ਗੀਤ 'ਬੋਲ ਮਿੱਟੀ ਦਿਆ ਬਾਵਿਆ' ਬਹੁਤ ਮਕਬੂਲ ਹੋਇਆ। ਉਨ੍ਹਾਂ ਨੇ ਕਿੱਸਾ ਦੁੱਲਾ ਭੱਟੀ 1959 'ਚ ਗਾਇਆ। ਕਿੱਸਾ ਮਿਰਜ਼ਾ ਜੱਟ 1967 'ਚ, ਕਿੱਸਾ ਹੀਰ-ਰਾਂਝਾ 1969 ਤੇ ਕਿੱਸਾ ਸੱਸੀ-ਪੁਨੂੰ 1972 'ਚ ਗਾਇਆ। ਉਨ੍ਹਾਂ ਨੇ ਕਿੱਸਾ ਹਰਨੀ 1963, ਮਿਰਜ਼ੇ ਜੱਟ ਦੀ ਮਾਂ 1968, ਮਾਂ ਦਾ ਪਿਆਰ 1971 ਤੇ ਕਿੱਸਾ ਬਾਰਾਂ ਮਾਹ 1974 'ਚ ਗਾਇਆ। ਉਨ੍ਹਾਂ ਨੇ 1973 ਵਿਚ 'ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ" ਪੰਜਾਬੀਆਂ ਸਾਹਮਣੇ ਪੇਸ਼ ਕੀਤਾ। ਆਲਮ ਲੁਹਾਰ ਨੂੰ 1960 ਤੋਂ ਲੈ ਕੇ 1970 ਤੱਕ ਦੱਖਣੀ ਏਸ਼ੀਆ 'ਚ ਸਭ ਤੋਂ ਵੱਧ ਸੁਣਿਆ ਜਾਂਦਾ ਸੀ। ਇਸੇ ਹੀ ਸਮੇਂ ਦੌਰਾਨ ਉਹ ਕੈਨੇਡਾ, ਇੰਗਲੈਂਡ, ਅਮਰੀਕਾ, ਨਾਰਵੇ ਅਤੇ ਜਰਮਨੀ ਜਾ ਕੇ ਪੰਜਾਬੀਆਂ ਨੂੰ ਆਪਣੀ ਜੋਸ਼ੀਲੀ ਤੇ ਮਸਤ ਕਰ ਦੇਣ ਵਾਲੀ ਗਾਇਕੀ ਨਾਲ ਨਿਹਾਲ ਕਰਦਾ ਰਿਹਾ। ਆਲਮ ਲੁਹਾਰ ਦੇ ਪਿੰਡ ਤੋਂ ਜੋ ਸੜਕ ਜੀ.ਟੀ. ਰੋਡ ਨੂੰ ਜਾਂਦੀ ਹੈ, ਉਸ ਦਾ ਨਾਂ ਵੀ ਆਲਮ ਲੁਹਾਰ ਰੋਡ ਰੱਖਿਆ ਗਿਆ। ਆਲਮ ਲੁਹਾਰ ਗ਼ਰੀਬ ਲੁਹਾਰ ਪਰਿਵਾਰ ਤੋਂ ਸੀ। ਲੁਹਾਰਾਂ ਨੂੰ ਮੁਗਲ ਬਰਾਦਰੀ ਵੀ ਕਿਹਾ ਜਾਂਦਾ ਹੈ। ਉਨ੍ਹਾਂ ਦਾ ਜੱਦੀ ਪੇਸ਼ਾ ਗਾਇਕੀ ਨਹੀਂ ਸੀ। ਆਪਣੇ ਇੱਕ ਗੀਤ 'ਚ ਵੀ ਉਨ੍ਹਾਂ ਨੇ ਕਿਹਾ ਹੈ, 'ਛੱਡ ਲੁਹਾਰਾ ਗਾਉਣ ਦਾ ਖਹਿੜਾ, ਤੇ ਸਨ੍ਹੀ ਹਥੌੜਾ ਵਾਹੀਏ।' ਗਾਇਕੀ ਆਲਮ ਲੁਹਾਰ ਦਾ ਭਾਵੇਂ ਜੱਦੀ ਪੇਸ਼ਾ ਨਹੀਂ ਸੀ ਪਰ ਇਸ ਮਹਾਨ ਹਸਤੀ ਨੂੰ ਨਿੱਕੇ ਹੁੰਦਿਆਂ ਤੋਂ ਹੀ ਗਾਉਣ ਦਾ ਸ਼ੌਕ ਪੈ ਗਿਆ ਸੀ। ਪਹਿਲਾਂ ਤਾਂ ਉਹ ਘਰ 'ਚ ਹੀ ਗੁਣਗੁਣਾਉਂਦਾ ਰਹਿੰਦਾ। ਉਹ ਘਰੇ ਹੀ ਸਾਰਾ ਦਿਨ ਕਦੀ ਗੜਵੀ, ਕਦੀ ਪਰਾਤ ਤੇ ਕਦੀ ਘੜਾ ਵਜਾ ਕੇ ਲੈਅ ਨਾਲ ਗਾਉਂਦਾ। ਉਹਨੂੰ ਖਾਸ ਤਰਜ਼ ਵਾਲੀ ਅਤੇ ਸਾਫ਼ ਸੁਥਰੀ ਗਾਇਕੀ ਨਾਲ ਬਹੁਤ ਮੁਹੱਬਤ ਸੀ। ਛੋਟੇ ਹੁੰਦਿਆਂ ਉਹ ਆਪਣੇ ਹੀ ਪਰਿਵਾਰ ਸਾਹਮਣੇ ਗਾ ਕੇ ਆਪਣੀ ਗਾਇਕੀ ਦਾ ਸ਼ੌਕ ਪੂਰਾ ਕਰ ਲੈਂਦਾ ਸੀ। ਉਸ ਦੀ ਆਵਾਜ਼ 'ਚ ਖਾਸ ਜਾਦੂ ਸੀ। ਉਸ ਨੇ ਗਾਉਣ ਲਈ ਬਿਲਕੁਲ ਵੱਖਰੀ ਸੁਰ ਅਪਣਾਈ। ਆਲਮ ਨੇ ਆਪਣੀ ਗਾਇਕੀ ਦੇ ਇਸ ਨਿਵੇਕਲੇ ਅੰਦਾਜ਼ ਨਾਲ ਕੇਵਲ ਪੰਜਾਬ ਹੀ ਨਹੀਂ ਸਗੋਂ ਪੂਰੀ ਦੁਨੀਆ 'ਚ ਆਪਣੀ ਅਲੱਗ ਪਛਾਣ



ਬਣਾਈ। ਉਸ ਦੇ ਅੰਦਾਜ਼-ਏ-ਗਾਇਕੀ ਦੀ ਨਕਲ ਬਹੁਤ ਸਾਰੇ ਪੰਜਾਬੀ ਗਾਇਕਾਂ ਨੇ ਕਰਨ ਦੀ ਕੋਸ਼ਿਸ਼ ਕੀਤੀ। ਦਰਜਨਾਂ ਪੰਜਾਬੀ ਗਾਇਕਾਂ ਨੇ ਆਲਮ ਲੁਹਾਰ ਦੇ ਲਹਿਜ਼ਾ-ਏ-ਆਵਾਜ਼ ਤੇ ਉੱਚੀ ਸੁਰ 'ਚ ਗਾਉਣ ਦਾ ਢੰਗ ਅਪਣਾਇਆ ਪਰ ਕੁਦਰਤ ਜਿਸ ਬੰਦੇ ਨੂੰ ਜੋ ਵੀ ਸਰੀਰਕ ਸਿਫਤ ਭੇਟ ਕਰਦੀ ਹੈ, ਕੋਈ ਹੋਰ ਬੰਦਾ ਉਸ ਸਿਫਤ ਨੂੰ ਖੋਹਣਾ ਵੀ ਚਾਹੇ ਤਾਂ ਨਹੀਂ ਖੋਹ ਸਕਦਾ।

ਉਹ ਜਦੋਂ ਮਿਰਜ਼ਾ-ਸਾਹਿਬਾਂ ਆਪਣੀ ਤਿੱਖੀ, ਉੱਚੀ ਤੇ ਸੁਰੀਲੀ ਆਵਾਜ਼ 'ਚ ਗਾਉਂਦਾ ਸੀ ਤਾਂ ਪੰਜਾਬੀਆਂ ਦੇ ਮੁਖੜੇ ਲਾਲੋ-ਲਾਲ ਹੋ ਜਾਂਦੇ ਸਨ। ਉਹਨੂੰ ਸਭ ਤੋਂ ਵੱਧ ਸ਼ੁਹਰਤ ਮਿਰਜ਼ਾ-ਸਾਹਿਬਾਂ ਗਾਉਣ 'ਤੇ ਹੀ ਮਿਲੀ, ਇਹ ਉਸ ਦੀ ਪਛਾਣ ਬਣ ਗਈ। ਉਨ੍ਹਾਂ ਨੇ ਸਦਾ ਪੰਜਾਬੀ ਸੱਭਿਆਚਾਰ ਨੂੰ ਹੀ ਆਪਣੀ ਪਛਾਣ ਬਣਾਇਆ। ਗ.ਲ ਕੱਢਿਆ ਹੋਇਆ ਰੰਗ-ਰੰਗੀਲਾ ਕੁੜਤਾ। ਲੱਕ 'ਤੇ ਗੂੜ੍ਹੇ ਰੰਗ ਵਾਲਾ ਲਾਚਾ (ਧੋਤੀ), ਪੈਰੀਂ ਚਮਕੀਲੇ ਤਿੱਲੇ ਨਾਲ ਕੱਢਿਆ ਹੋਇਆ ਖੁੱਸਾ; ਲੰਮੀਆਂ ਜ਼ੁਲਫਾਂ, ਭਰਿਆ-ਭਰਿਆ ਸਰੀਰ, ਕੱਦ ਦਰਮਿਆਨਾ ਤੇ ਹੱਥ ਵਿਚ ਚਿਮਟਾ; ਗਾਉਂਦਿਆਂ ਜਦੋਂ ਇੱਕ ਖਾਸ ਅੰਦਾਜ਼ ਨਾਲ ਸਿਰ ਨੂੰ ਝਟਕਾ ਦਿੰਦਾ ਤਾਂ ਕੇਸ ਖਾਸ ਅੰਦਾਜ਼ ਨਾਲ ਹਵਾ 'ਚ ਲਹਿਰਾ ਜਾਂਦੇ। ਗਾਇਕੀ 'ਚ ਉਸ ਦਾ ਸਾਥ ਫਜ਼ਲ ਕਰੀਮ ਕਿਸਾਈ ਅਲਗੋਜ਼ੇ ਵਾਲਾ ਦਿੰਦਾ ਸੀ। ਫਜ਼ਲ ਕਰੀਮ ਕਿਸਾਈ ਦੋ ਅਲਗੋਜ਼ੇ ਇਕੱਠੇ ਮੂੰਹ 'ਚ ਲੈ ਕੇ ਵਜਾਉਂਦਾ ਸੀ। ਆਲਮ ਮਸ਼ਹੂਰ ਸੂਫੀ ਬਜ਼ੁਰਗ ਲਾਲ ਸ਼ਾਹਬਾਜ਼ ਕਲੰਦਰ ਦੇ ਮਜ਼ਾਰ 'ਤੇ ਸਲਾਮ ਕਰਨ ਰੇਲ ਗੱਡੀ ਰਾਹੀਂ ਸੂਬਾ ਸਿੰਧ ਦੇ ਸ਼ਹਿਰ ਹੈਦਰਾਬਾਦ ਜਾ ਰਿਹਾ ਸੀ। ਹੈਦਰਾਬਾਦ ਦੇ ਸਟੇਸ਼ਨ 'ਤੇ ਉਤਰ ਕੇ ਉਹ ਤੇ ਉਸ ਦੇ ਚਾਰ ਸਾਥੀ ਕਾਰ 'ਚ ਸਵਾਰ ਹੋ ਕੇ ਲਾਲ ਸ਼ਾਹਬਾਜ਼ ਕਲੰਦਰ ਦੇ ਮਜ਼ਾਰ ਵੱਲ ਰਾਹੇ ਪੈ ਗਏ। ਰਾਹ 'ਚ 80-100 ਕਿਲੋਮੀਟਰ ਤੋਂ ਵੀ ਵੱਧ ਰਫ਼ਤਾਰ 'ਤੇ ਦੌੜਦੀ ਕਾਰ ਬੱਸ ਨਾਲ ਟਕਰਾ ਗਈ। ਇਸ ਸੜਕ ਹਾਦਸੇ ਕਾਰਨ ਆਲਮ ਲੁਹਾਰ ਦੀ ਲੱਤ ਟੁੱਟ ਗਈ। ਹਸਪਤਾਲ 'ਚ ਕਈ ਦਿਨ ਇਲਾਜ ਚੱਲਦਾ ਰਿਹਾ। ਇਲਾਜ ਪਿੱਛੋਂ ਪੰਜਾਬ ਪਰਤ ਕੇ ਉਨ੍ਹਾਂ ਨੇ ਗੀਤ ਲਿਖਿਆ ਤੇ ਆਪ ਹੀ ਗਾਇਆ। ਇਹ ਗੀਤ ਪੰਜਾਬੀਆਂ ਦੇ ਬਹੁਤ ਦਿਲ ਲੱਗਾ ਸੀ। ਗੀਤ ਦੇ ਬੋਲ ਸਨ:

'ਵਾਜ਼ਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ
ਕਿਸੇ ਨੇ ਮੇਰੀ ਗੱਲ ਨਾ ਸੁਣੀ।
ਸੀਨੇ ਲਾ ਕੇ ਘੁੱਟ ਲਈਆਂ ਬਾਹਾਂ ਮੇਰੀਆਂ
ਆਲਮ ਦੇਖਿਆ ਤੇ ਲੋਕਾਂ ਅੱਖਾਂ ਫੇਰੀਆਂ।
ਟੁੱਟੀ ਲੱਤ ਨੂੰ ਦਿਖਾਇਆ ਕਈ ਵਾਰ ਮੈਂ
ਕਿਸੇ ਨੇ ਮੇਰੀ ਗੱਲ ਨਾ ਸੁਣੀ।

ਆਲਮ ਲੁਹਾਰ ਦੇ 8 ਪੁੱਤਰ ਹਨ। ਇਨ੍ਹਾਂ ਵਿਚੋਂ ਸਭ ਤੋਂ ਛੋਟਾ ਪੁੱਤਰ ਆਰਿਫ ਲੁਹਾਰ ਪੰਜਾਬੀ ਗਾਇਕੀ ਦੇ ਮੈਦਾਨ 'ਚ ਨਿੱਤਰ ਕੇ ਪੰਜਾਬੀਆਂ ਦੇ ਦਿਲਾਂ 'ਚ ਵਸਦਾ ਹੈ। ਉਸ ਦੇ ਸੱਤ ਪੁੱਤਰ ਇੰਗਲੈਂਡ ਦੇ ਵਸਨੀਕ ਬਣ ਗਏ ਹਨ। ਕੇਵਲ ਆਰਿਫ ਲੁਹਾਰ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਵਿਰਸੇ ਦੀਆਂ ਕਹਾਣੀਆਂ ਗੀਤਾਂ ਦੇ ਰੂਪ ਵਿਚ ਗਾ ਕੇ ਪੰਜਾਬੀਆਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦੇ ਭਰਪੂਰ ਯਤਨ ਕਰ ਰਿਹਾ ਹੈ। 'ਜੁਗਨੀ' ਆਲਮ ਲੁਹਾਰ ਦੀ ਖਾਸ ਪਛਾਣ ਬਣ ਗਈ ਸੀ। ਉਹਨੇ ਅਜਿਹੀ ਜੁਗਨੀ ਗਾਈ ਕਿ ਉਹ ਪੂਰੀ ਦੁਨੀਆ 'ਚ ਪ੍ਰਸਿੱਧੀ ਦੇ ਅੱਧ-ਅਸਮਾਨ ਤੱਕ ਪਹੁੰਚ ਗਿਆ। ਜੁਗਨੀ ਤਾਂ ਕਈ ਗਾਇਕਾਂ ਨੇ ਗਾਈ ਪਰ ਆਲਮ ਲੁਹਾਰ ਵਰਗੀ ਗੱਲ ਨਾ ਬਣੀ। ਆਲਮ ਲੁਹਾਰ ਤੇ ਜੁਗਨੀ ਦੋ ਹੋ ਕੇ ਵੀ ਇੱਕ ਹਨ। ਇਹ ਪਛਾਣ ਪੰਜਾਬੀਆਂ ਦੇ ਦਿਲਾਂ ਵਿਚੋਂ ਕਦੀ ਨਹੀਂ ਨਿਕਲੇਗੀ। 3 ਜੁਲਾਈ 1979 ਨੂੰ ਹੋਇਆ ਖਤਰਨਾਕ ਕਾਰ ਹਾਦਸਾ ਉਸ ਦੀ ਮੌਤ ਦਾ ਸਬਬ ਬਣ ਗਿਆ। ਇਤਫ਼ਾਕ ਸੀ ਕਿ ਮੌਤ ਤੋਂ ਕੁਝ ਸਮਾਂ ਪਹਿਲਾਂ ਕੁਦਰਤ ਨੇ ਆਲਮ ਲੁਹਾਰ ਦੇ ਮੂੰਹੋਂ ਇਹ ਗੀਤ ਗਵਾ ਕੇ ਉਸ ਨੂੰ ਸਦਾ ਲਈ ਦੁਨੀਆ ਤੋਂ ਅਲਵਿਦਾ ਕਰ ਦਿੱਤਾ:

ਦਿਲ ਵਾਲਾ ਦੁਖੜਾ ਨਈਂ
ਕਿਸੇ ਨੂੰ ਸੁਣਾਈਦਾ
ਆਪਣੀਆਂ ਸੋਚਾਂ ਵਿਚ
ਆਪੇ ਡੁੱਬ ਜਾਈਦਾ।
ਆਪ ਵੀ ਨਾ ਆਇਓਂ
ਸਾਨੂੰ ਖ਼ਤ ਵੀ ਨਾ ਘੱਲਿਆ
ਜ਼ਿੰਦਗੀ ਦਾ ਦੀਵਾ ਮੇਰਾ
ਇਵੇਂ ਬੁਝ ਚੱਲਿਆ।
ਹੋਰ ਕੀ ਮੈਂ ਆਖਾਂ ਤੈਨੂੰ
ਇੰਝ ਨਈਂ ਸੀ ਚਾਹੀਦਾ।
ਛੱਡ ਯਾਰ ਆਲਮਾ
ਤੇਰਾ ਦੁਨੀਆ 'ਤੇ ਕੰਮ ਕੀ
ਉਹ ਵੀ ਨਹੀਂ ਰਹਿਆ
ਜਿਹਦੇ ਦਮ ਵਿਚ ਦਮ ਸੀ।

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਜੁਲਾਈ 2023 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-596



ਜਾਨ ਤਾਂ ਹੁੰਦੀ ਹਰ ਜੀਵ ਨੂੰ ਪਿਆਰੀ, ਪਰ ਮਾਂ ਦੀ ਜਾਨ ਤਾਂ ਬੱਚੇ ਵਿੱਚ ਹੋਵੇ,
ਸੱਟ ਕਸੂਤੀ ਬੱਚੇ ਦੇ ਲੱਗ ਜਾਏ ਕਿਧਰੇ, ਫੜ ਕਲੇਜਾ ਮਾਂ ਪਹਿਲਾਂ ਧਾਹੀਂ ਰੋਵੇ।
ਕੁਦਰਤ ਨੇ ਜਾਪੇ ਹੈ ਕਹਿਰ ਮਚਾਇਆ, ਜੀਵਨ ਮਰਨ ਹੈ ਦਾਅ 'ਤੇ ਲਾਇਆ,
ਨਿੱਕੜੀ ਜਿਹੀ ਜਾਨ ਨੂੰ ਬਿਠਾ ਕੇ ਟੋਕਰੇ, ਜਿੰਦੜੀ ਨੂੰ ਹੈ ਜੋਖਮ ਵਿੱਚ ਪਾਇਆ।

### ਕੈਪਸ਼ਨ ਮੁਕਾਬਲਾ-594



ਪਾਪਾ ਨੇ ਬੜਾ ਚੰਗਾ ਕੀਤਾ
ਚਿੜੀ ਦੀ ਖਾਤਰ ਘਰ ਬਣਾਇਆ।
ਹੱਥ ਨਾ ਮੇਰਾ ਅੱਪੜ ਸਕਿਆ
ਅੱਡੀਆਂ ਚੁੱਕ ਚੁੱਕ ਜ਼ੋਰ ਲਗਾਇਆ।
ਵੇਖਣ ਨੂੰ ਚਿੱਤ ਕਰਦਾ ਮੇਰਾ
ਕਿਹੋ ਜਿਹਾ ਮਹਿਮਾਨ ਹੈ ਆਇਆ।
*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*
*ਫੋਨ: 98783-37222*

---

ਨਿੱਕੀ ਜਿਹੀ ਇਹ ਬਾਲੜੀ ਦੇਖੋ,
ਕਿੰਝ ਪੱਬਾਂ ਭਾਰ ਹੈ ਹੋਈ,
ਲਾਇਆ ਹੈ ਪੂਰਾ ਤਾਣ ਉਸ ਨੇ,
ਮਸਾਂ ਪੈਰਾਂ 'ਤੇ ਹੈ ਖਲੋਈ।
ਅੰਗੂਰ ਖੱਟੇ ਨਹੀਂ ਉਸ ਕਹਿਣਾ,
ਜਾਪਦਾ ਹਿੰਡ ਹੈ ਪੁਗਾਈ,
ਜੀਵਨ-ਸੰਘਰਸ਼ਾਂ ਦੇਵੇ ਸੁਨੇਹਾ,
ਦੇਖੋ ਵਾਹ ਵਾਹ ਹੈ ਕਰਾਈ।
*-ਸੇਵਾ ਸਿੰਘ ਨੂਰਪੁਰੀ*

---

ਇਕਲੌਤੀ ਔਲਾਦ
ਤਰਾਸਦੀ 'ਚ ਸਮਾਜ ਸਮੋ ਗਿਆ
ਬੱਚਿਆਂ ਦਾ ਬਚਪਨ
ਬੇਰੁਖ਼ਾ ਜਿਹਾ ਹੋ ਗਿਆ।
ਪੂਰੇ ਸਬ ਡਿਵੀਜਨ ਵਿਚ
ਕੋਈ ਨਾ ਦਿਸਦਾ ਹਾਣੀ
ਪੰਛੀਆਂ ਨਾਲ ਦਿਨ ਭਰ
ਗੱਲਾਂ ਕਰੇ ਨਿਆਣੀ।
ਰੁੱਖ 'ਤੇ ਪੰਛੀ ਘਰ ਦੋਵੇਂ
ਦਿਸਦੇ ਨੇ ਅਡੋਲ
ਪਰ ਅੰਬਰੀਂ ਉਡਾਰੀ ਭਰਨਾ
ਢਾਹੁੰਦੀ ਆ ਅਣਭੋਲ।
*-ਹਰਜੋਤ ਕੌਰ ਮਹੇਸ਼ਪੁਰਾ*
*ਫੋਨ: 734-883-6704*

---

## .ਗਜ਼ਲ

ਜੇ ਨਾ ਰੁੱਖਾਂ ਕੋਲੋਂ ਮਿਲਦੀ ਹੱਲਾ-ਸ਼ੇਰੀ।
ਫੇਰ ਹਵਾ ਨਾ ਬਣ ਸਕਣੀ ਸੀ ਪਾਗਲ ਨੇਰੀ।
ਜੁਗਨੂੰ ਬਣ ਕੇ ਰੁਸ਼ਨਾਵਾਂਗਾ ਤੇਰੇ ਰਸਤੇ,
ਜੇਕਰ ਰਾਹਾਂ ਦੇ ਵਿਚ ਹੋਈ ਰਾਤ ਹਨੇਰੀ।
ਛਾਂਗੇ ਰੁੱਖ ਦੁਬਾਰਾ ਹੋਣ ਹਰੇ ਲੱਗੇ ਨੇ,
ਹੁਣ ਨਾਂ ਧੁੱਪਾਂ ਕੋਲੋ ਡਰ ਕੇ ਢਾਵੀਂ ਢੇਰੀ।
ਸਹਿਮੇ ਕਾਤਿਲ ਵੇਖ ਰਹੇ ਹਨ ਸਾਡੇ ਚਿਹਰੇ,
ਮਕਤਲ ਹਨ ਸ਼ਰਮਿੰਦੇ ਸਾਡੀ ਵੇਖ ਦਲੇਰੀ।
ਐਵੇਂ ਕਿਉਂ ਤੂੰ ਪੁੱਛੀ ਜਾਵੇਂ ਮੇਰੇ ਵਾਰੇ,
ਤੇਰੇ ਕੋਲੋਂ ਸੁਣ ਨਹੀ ਹੋਣੀ ਗਾਥਾ ਮੇਰੀ।
ਇਕ ਬਾਗੀ ਨੂੰ ਘੇਰਨ ਫੌਜੀ ਘੱਲੇ ਸਨ ਜੋ,
ਬਾਗੀ ਹੋ ਗਏ ਫੌਜੀ ਦੇਖ ਕੇ ਬਸਤੀ ਮੇਰੀ।
'ਤਨਵੀਰ' ਕਦੋਂ ਮਰ ਸਕਦੇ ਹਨ ਸੂਹੇ ਸੁਪਨੇ,
ਸੁਪਨਾ ਹਾਂ ਮੈਂ ਮਿਟ ਨਾ ਸਕਦੀ ਹਸਤੀ ਮੇਰੀ।
**-ਅਜੈ ਤਨਵੀਰ**

# ਕੇਂਦਰੀ ਸਰਕਾਰਾਂ ਵੱਲੋਂ ਪੰਜਾਬ ਨਾਲ ਘੋਰ ਵਿਤਕਰਾ

ਜਸਵੰਤ ਸਿੰਘ ਕੰਵਲ ਕੂਕਦਾ ਮਰ ਗਿਆ, 'ਪੰਜਾਬ ਸਿਆਂ! ਬੇਰਾ ਕੋਈ ਨਾ ਬੇਲੀ।' ਉਸਨੇ ਪੰਜਾਬ ਨਾਲ ਹੁੰਦੇ ਵਿਤਕਰੇ ਬਾਰੇ ਕੇਂਦਰੀ ਹਾਕਮਾਂ ਨੂੰ ਬੇਅੰਤ ਚਿੱਠੀਆਂ ਲਿਖੀਆਂ ਜੋ ਹੁਣ ਵੀ ਉਹਦੀਆਂ ਕਿਤਾਬਾਂ 'ਚੋਂ ਪੜ੍ਹੀਆਂ ਜਾ ਸਕਦੀਆਂ ਨੇ। ਤੀਹ ਕੁ ਸਾਲ ਪਹਿਲਾਂ ਮੈਂ ਵੀ ਇਕ ਲੇਖ ਲਿਖਿਆ ਸੀ, 'ਦੁੱਖ ਦਰਿਆਵਾਂ ਦੇ।' ਉਹਦਾ ਤੱਤਸਾਰ ਸੀ ਕਿ ਦਰਿਆਈ ਪਾਣੀ ਜੇ ਸੋਕੇ ਸਮੇਂ ਅੰਮ੍ਰਿਤ ਹੈ ਤਾਂ ਹੜ੍ਹ ਸਮੇਂ ਮੁਸੀਬਤ ਤੇ ਮੌਤ ਹੈ। ਤਦੇ ਰਾਇਪੇਰੀਅਨ ਸਿਧਾਂਤ ਅਨੁਸਾਰ ਦਰਿਆ ਉਹਦੇ ਹੀ ਸਮਝੇ ਜਾਂਦੇ ਹਨ ਜਿਹੜੇ ਰਾਜ ਵਿਚ ਵਗਦੇ ਹੋਣ। ਇਹ ਅਨਿਆਂ ਹੈ ਕਿ ਰਾਇਪੇਰੀਅਨ ਰਾਜ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਹੜ੍ਹਾਂ ਦਾ ਦੁੱਖ ਤਾਂ ਭੋਗੀ ਜਾਵੇ ਪਰ ਆਪਣੇ ਦਰਿਆਈ ਪਾਣੀ ਕਿਸੇ ਹੋਰ ਰਾਜ ਨੂੰ ਮੁਫ਼ਤ ਦੇਈ ਜਾਵੇ। ਸਤਲੁਜ, ਬਿਆਸ, ਰਾਵੀ ਤੇ ਘੱਗਰ ਪੰਜਾਬ ਰਾਜ ਦੀ ਲੱਖਾਂ ਏਕੜ ਉਪਜਾਊ ਜ਼ਮੀਨ ਮੱਲੀ ਬੈਠੇ ਹਨ ਜਿਸਦੀ ਕੀਮਤ ਦਾ ਕੋਈ ਲੇਖਾ ਨਹੀਂ। ਉਥੇ ਨਾ ਕੋਈ ਫਸਲ ਹੁੰਦੀ ਹੈ, ਨਾ ਘਰ ਪਾਇਆ ਜਾ ਸਕਦੈ ਤੇ ਨਾ ਰੁਜ਼ਗਾਰ ਲਈ ਕੋਈ ਕਾਰਖਾਨਾ ਲਾਇਆ ਜਾ ਸਕਦੈ। ਉਤੋਂ ਹੜ੍ਹਾਂ ਨਾਲ ਅਰਬਾਂ-ਖਰਬਾਂ ਦਾ ਨੁਕਸਾਨ ਹੋ ਜਾਂਦੈ। ਇਸ ਨੁਕਸਾਨ ਦੀ ਪੂਰਤੀ ਤਦੇ ਹੋ ਸਕਦੀ ਹੈ ਜੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਣ ਵਾਲੇ ਨਾਨ ਰਿਪੇਰੀਅਨ ਰਾਜ ਹੜ੍ਹਾਂ ਦੇ ਨੁਕਸਾਨ ਦਾ ਵੀ ਹਿੱਸਾ ਵੰਡਾਉਣ ਜਾਂ ਦਰਿਆਵਾਂ ਦੇ ਪਾਣੀ ਵਰਤਣ ਦਾ ਮਾਰਕਿਟ ਅਨੁਸਾਰ ਮੁੱਲ ਤਾਰਨ। ਰਾਇਪੇਰੀਅਨ ਸਿਧਾਂਤ ਅਨੁਸਾਰ ਗੰਗਾ ਨਗਰ ਦਾ ਮਹਾਰਾਜਾ ਗੰਗ ਨਹਿਰ ਦੇ ਪਾਣੀ ਦਾ ਮੁੱਲ ਤਾਰਦਾ ਸੀ। ਇਹ ਕਿਹਰਲਾ ਨਿਆਂ ਹੈ ਕਿ ਰਾਜਸਥਾਨ ਆਪਣੀ ਮਿੱਟੀ ਯਾਨੀ ਪੱਥਰ ਤਾਂ ਪੰਜਾਬ ਨੂੰ ਮੁੱਲ ਵੇਚੇ ਪਰ ਪੰਜਾਬ ਦਾ ਦਰਿਆਈ ਪਾਣੀ ਮੁਫ਼ਤ ਵਰਤੇ। ਜੇ ਕੋਲੇ ਦੀਆਂ ਖਾਣਾਂ ਵਾਲਾ ਰਾਜ ਕੋਲਾ ਵੇਚਦਾ, ਤੇਲ ਦੇ ਖੂਹਾਂ ਵਾਲਾ ਤੇਲ, ਜੰਗਲ ਵਾਲਾ ਜੰਗਲ, ਧਾਤਾਂ ਵਾਲਾ ਧਾਤ ਤਾਂ ਜਿਹੜੇ ਰਾਜ ਦੀ ਜ਼ਮੀਨ ਘੇਰੀ/ਦੱਬੀ ਦਰਿਆ ਤੇ ਨਾਲੇ ਵਗਦੇ ਹੋਣ ਉਹ ਪਾਣੀ ਕਿਉਂ ਨਾ ਵੇਚਣ?

ਦਰਿਆਵਾਂ ਕਰਕੇ ਹੀ ਪੰਜਾਬ 'ਚ ਅਕਸਰ ਹੜ੍ਹ ਆਉਂਦੇ ਹਨ ਜੋ ਜਾਨ ਮਾਲ ਦੀ ਤਬਾਹੀ ਕਰਦੇ ਹਨ। ਹੜ੍ਹ 'ਚ ਬੰਦੇ ਮਰਦੇ, ਪਸ਼ੂ ਰੁੜ੍ਹਦੇ, ਮਕਾਨ ਢਹਿੰਦੇ, ਸੜਕਾਂ ਟੁੱਟਦੀਆਂ, ਪੁਲ ਡਿੱਗਦੇ, ਸੇਮ ਹੁੰਦੀ, ਟਿਊਬਵੈੱਲ ਬਹਿੰਦੇ ਤੇ ਫਸਲਾਂ ਮਾਰੀਆਂ ਜਾਂਦੀਆਂ ਹਨ। ਹੜ੍ਹ ਦੇ ਪਾਣੀ ਨਾਲ ਲੱਗੀਆਂ ਲਾਗ ਦੀਆਂ ਬਿਮਾਰੀਆਂ ਵੱਖ ਲੈ ਬਹਿੰਦੀਆਂ ਹਨ। ਢਹੀਆਂ ਉਸਾਰੀਆਂ ਮੁੜ ਉਸਾਰਨੀਆਂ ਪੈਂਦੀਆਂ ਹਨ। ਜੇ ਦਰਿਆਈ ਪਾਣੀਆਂ ਦੀ ਕੀਮਤ ਵਸੂਲੀ ਗਈ ਹੋਵੇ ਤਾਂ ਕਿਸੇ ਹੱਦ ਤਕ ਘਾਟੇ ਪੂਰੇ ਕੀਤੇ ਜਾ ਸਕਦੇ ਹਨ।

ਵਰਨਾ ਕਰਜ਼ਈ ਹੋਇਆ ਰਾਜ ਹੋਰ ਕਰਜ਼ਈ ਹੁੰਦਾ ਰਹਿੰਦਾ ਹੈ। ਕਿੱਡਾ ਅਨਿਆਂ ਹੈ ਕਿ ਸੋਕੇ ਵੇਲੇ ਤਾਂ ਪੰਜਾਬ ਤੋਂ ਪਾਣੀ ਖੋਹ ਲਿਆ ਜਾਂਦਾ ਹੈ ਪਰ ਬਾਰਸ਼ਾਂ ਤੇ ਹੜ੍ਹਾਂ ਵੇਲੇ ਆਖਿਆ ਜਾਂਦਾ ਹੈ ਆਪਣਾ ਪਾਣੀ ਆਪੇ ਸਾਂਭੋ ਤੇ ਸਾਡੇ ਵੱਲ ਆਉਂਦੀਆਂ ਨਹਿਰਾਂ ਦਾ ਪਾਣੀ ਬੰਦ ਕਰ ਦਿਓ। ਇਸੇ ਨੂੰ ਕਹਿੰਦੇ ਹਨ, ਖਾਣ ਪੀਣ ਨੂੰ ਬਾਂਦਰੀ ਡੰਡੇ ਖਾਣ ਨੂੰ ਰਿੱਛ!

ਦੇਸ਼ ਆਜ਼ਾਦ ਹੋਣ ਤੋਂ ਲੈ ਕੇ ਹੀ ਕੇਂਦਰੀ ਸਰਕਾਰਾਂ ਪੰਜਾਬ ਨਾਲ ਧਰੋਹ ਕਮਾਉਂਦੀਆਂ ਆ ਰਹੀਆਂ ਹਨ। ਪਹਿਲਾਂ ਪੰਜਾਬ ਨੂੰ ਪੰਜਾਬੀ ਬੋਲਦੇ ਪੂਰੇ ਇਲਾਕੇ ਨਾ ਦਿੱਤੇ, ਫਿਰ ਰਾਜਧਾਨੀ ਚੰਡੀਗੜ੍ਹ ਨੱਪ ਲਈ, ਭਾਖੜਾ ਡੈਮ ਦਾ ਪ੍ਰਬੰਧਕੀ ਅਧਿਕਾਰ ਵੀ ਖੋਹ ਲਿਆ, ਸੰਵਿਧਾਨ ਵਿਚ ਦਿੱਤੇ ਰਾਜ ਅਧਿਕਾਰ ਛਿੱਕੇ ਟੰਗ ਦਿੱਤੇ, ਟੈਕਸਾਂ ਦੇ ਅਧਿਕਾਰ ਦੀ ਕਾਣੀ ਵੰਡ ਕੀਤੀ।

ਗੱਲ ਕੀ ਪੰਜਾਬ ਨੂੰ ਚੂੰਡਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਹੁਣ ਨਾ ਪੰਜਾਬ ਕੋਲ ਆਪਣੀ ਖੇਤੀ ਬਾੜੀ ਦੀਆਂ ਫਸਲਾਂ ਦੇ ਵਪਾਰ ਦਾ ਸੁਤੰਤਰ ਅਧਿਕਾਰ ਹੈ ਤੇ ਨਾ ਆਪਣੀ ਸਿੱਖਿਆ ਦੇਣ ਦਾ ਸੁਤੰਤਰ ਅਧਿਕਾਰ। ਹੋਰ ਤਾਂ ਹੋਰ ਪੰਜਾਬੀਆਂ ਦੇ ਆਪਣੇ ਸਭਿਆਚਾਰ ਦੀਆਂ ਰਹੁਰੀਤਾਂ ਦਾ ਅਧਿਕਾਰ ਵੀ ਕੇਂਦਰ ਸਰਕਾਰ ਹੜੱਪਣ ਨੂੰ ਫਿਰਦੀ ਹੈ।

ਪੰਜਾਬੀਆਂ ਨੂੰ ਤਾਂ ਅਜੇ ਤਕ 1947 ਦਾ ਮਹਾਂ ਦੁਖਾਂਤ ਵੀ ਨਹੀਂ ਭੁੱਲਿਆ। ਭਾਰਤ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਜੋ ਕੁਰਬਾਨੀਆਂ ਦਿੱਤੀਆਂ, ਤਸੀਹੇ ਸਹੇ, ਜੇਲ੍ਹੀਂ ਗਏ ਤੇ ਕਾਲੇਪਾਣੀਆਂ 'ਚ ਉਮਰਾਂ ਗਾਲੀਆਂ, ਫਾਂਸੀਆਂ ਦੇ ਰੱਸੇ ਚੁੰਮੇ ਤੇ ਸ਼ਹਾਦਤਾਂ ਦਿੱਤੀਆਂ ਉਹਦੀ ਕਦਰ ਪਾਉਣ ਦੀ ਥਾਂ ਉਲਟਾ ਪੰਜਾਬ ਨਾਲ ਧੱਕਾ ਕੀਤਾ ਗਿਆ। ਪੰਜਾਬ ਦੀ ਆਰਥਿਕਤਾ ਨੂੰ ਤਬਾਹ ਕਰਨ ਦੀਆਂ ਅਨੇਕਾਂ ਚਾਲਾਂ ਕੁਚਾਲਾਂ ਚੱਲੀਆਂ ਗਈਆਂ।

ਪੱਛਮੀ ਪੰਜਾਬ ਵਿਚੋਂ ਪੰਜਾਬ ਲੱਖ ਹਿੰਦੂ-ਸਿੱਖ ਵਸਦੇ-ਰਸਦੇ ਘਰਾਂ 'ਚੋਂ ਉਜੜ ਕੇ ਮਰਦੇ-ਖਪਦੇ ਤੇ ਅਸਮਤਾਂ ਲੁਟਾਉਂਦੇ ਹੋਏ ਭਾਰਤ ਵਿਚ ਆਏ ਸਨ। ਘੱਟੋ-ਘੱਟ ਦਸ ਲੱਖ ਪੰਜਾਬੀ ਅਨਿਆਈ ਮੌਤੇ ਮਾਰੇ ਗਏ। ਹਮਦਰਦੀ ਵਿਚ ਕੇਂਦਰੀ ਸਰਕਾਰਾਂ ਨੇ ਕੀ ਦਿੱਤਾ ਪੰਜਾਬੀਆਂ ਨੂੰ? ਉਲਟਾ ਲਾਹੌਰ, ਫਿਰ ਸ਼ਿਮਲੇ ਤੇ ਚੰਡੀਗੜ੍ਹ ਦੀ ਰਾਜਧਾਨੀ ਤੋਂ ਵੀ ਪੰਜਾਬੀਆਂ ਨੂੰ ਵਿਰਵੇ ਕਰ ਦਿੱਤਾ। ਇਕਰਾਰ ਸੀ ਕਿ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾ ਕੇ ਦਿੱਤੀ ਜਾਵੇਗੀ। ਕਿਥੇ ਗਏ ਉਹ ਇਕਰਾਰ? ਉਲਟਾ ਹਰਿਆਣੇ ਨੂੰ ਚੰਡੀਗੜ੍ਹ 'ਚ ਇਕ ਹੋਰ ਵਿਧਾਨ ਸਭਾ ਉਸਾਰਨ ਲਈ ਦਸ ਏਕੜ ਜ਼ਮੀਨ ਦਿੱਤੀ ਜਾ ਰਹੀ ਹੈ। ਕੇਂਦਰ ਸਰਕਾਰ ਦੀ ਇਹ ਗੁੱਝੀ ਚਾਲ ਹੈ ਜਿਸ ਨਾਲ ਨਾ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾ ਕੇ ਦਿੱਤੀ ਜਾਵੇਗੀ ਤੇ ਨਾ ਕਦੇ ਪੰਜਾਬ ਨੂੰ ਚੰਡੀਗੜ ਦਿੱਤਾ ਜਾਵੇਗਾ। ਇਹ ਮਿਲਿਆ ਹੈ ਦੇਸ਼ ਦੀ ਆਜ਼ਾਦੀ ਤੇ ਰਾਖੀ ਕਰਨ ਲਈ ਪੰਜਾਬੀਆਂ ਦੀਆਂ ਦਿੱਤੀਆਂ ਕੁਰਬਾਨੀਆਂ ਦਾ ਇਨਾਮ!

ਪੰਜਾਬੀਆਂ ਨੇ 'ਆਜ਼ਾਦੀ' ਦੀ ਕੀਮਤ ਤਾਰਦਿਆਂ ਪੱਛਮੀ ਪੰਜਾਬ 'ਚ 67 ਲੱਖ ਏਕੜ ਜ਼ਮੀਨ ਛੱਡੀ ਸੀ ਜਿਸ ਵਿਚ ਬਹੁਤੀ ਸੇਂਜੂ ਸੀ। ਉਹਦੇ ਬਦਲੇ ਪੂਰਬੀ ਪੰਜਾਬ 'ਚ 47 ਲੱਖ ਏਕੜ ਜ਼ਮੀਨ ਮਿਲੀ ਜਿਸ ਵਿਚ ਬਹੁਤੀ ਬਰਾਨੀ ਸੀ। ਦੂਹਰਾ ਘਾਟਾ ਸੀ। ਜੋ ਵਣਜ-ਵਪਾਰ, ਦੁਕਾਨਾਂ ਤੇ ਘਰ-ਬਾਰ ਉਧਰ ਛੱਡਿਆ, ਏਧਰ ਉਹਦਾ ਅੱਧਾ ਵੀ ਨਹੀਂ ਮਿਲਿਆ। ਫਰ ਪੰਜਾਬੀ ਫਿਰ ਵੀ ਆਪਣੀ ਹਿੰਮਤ ਤੇ ਮਿਹਨਤ ਨਾਲ ਮੁੜ ਪੈਰਾਂ 'ਤੇ ਖੜ੍ਹੇ ਹੋਏ। ਮਤਰੇਈ ਮਾਂ ਵਾਲਾ ਸਲੂਕ ਕਰਨ ਵਾਲੀਆਂ ਕੇਂਦਰੀ ਸਰਕਾਰਾਂ ਨੇ ਕਦੇ ਵੀ ਪੰਜਾਬ ਲਈ ਖੁੱਲ੍ਹਦਿਲੀ ਤੇ ਦਿਆਲਤਾ ਨਹੀਂ ਵਿਖਾਈ। ਪਰ ਆਫਰੀਨ ਪੰਜਾਬੀਆਂ ਦੇ ਕਿ ਉਜੜ-ਪੁੱਜੜ ਜਾਣ ਦੇ ਬਾਵਜੂਦ ਉਹ ਕਦੇ ਭਿਖਾਰੀ ਨਹੀਂ ਬਣੇ। ਵੈਸੇ ਕੇਂਦਰ ਪੰਜਾਬੀਆਂ ਨੂੰ ਭਿਖਾਰੀ ਬਣਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਕੇਂਦਰ ਕਦੇ ਗਿਣਾਵੇ ਤਾਂ ਸਹੀ ਕਿ ਉਸਨੇ ਪੰਜਾਬ ਨੂੰ ਦਿੱਤਾ ਹੀ ਕੀ ਹੈ? ਉਲਟਾ ਪੰਜਾਬੀ ਗਿਣਾ ਸਕਦੇ ਹਨ ਕਿ ਕਿਵੇਂ ਉਨ੍ਹਾਂ ਨੇ ਭੁੱਖੇ ਭਾਰਤ ਦਾ ਢਿੱਡ ਭਰਿਆ, ਸਰਹੱਦਾਂ ਦੀ ਰਾਖੀ ਕਰਦਿਆਂ ਬੇਅੰਤ ਲਹੂ ਡੋਲ੍ਹਿਆ ਤੇ ਸਭਨਾਂ ਤੋਂ ਵੱਧ ਸਿਰ ਦਿੱਤੇ।

ਪਤਾ ਨਹੀਂ ਅਜੇ ਪੰਜਾਬ ਨੇ ਕੇਂਦਰ ਦੇ ਹੋਰ ਕਿਹੜੇ ਕਿਹੜੇ ਧੱਕੇ ਸਹਿਣੇ ਤੇ ਪੰਜਾਬ ਦਾ ਕੀ ਕੁਝ ਹੋਰ ਖੋਹਿਆ ਜਾਣਾ ਹੈ? ਅਜੋਕੇ ਹਾਲਾਤ ਵੇਖ ਲਓ।ਹਾਲਾਂ ਕਿ ਪੰਜਾਬ 'ਚ ਕੋਈ ਬਹੁਤੇ ਮੀਂਹ ਨਹੀਂ ਪਏ। ਪਰ ਪਹਾੜਾਂ 'ਤੇ ਹੋਈ ਭਾਰੀ ਬਾਰਸ਼ ਨੇ ਪੰਜਾਬ ਦੇ ਦਰਿਆਵਾਂ ਤੇ ਨਦੀਆਂ-ਨਾਲਿਆਂ ਰਾਹੀਂ ਅਜਿਹੀ ਤਬਾਹੀ ਲਿਆਂਦੀ ਜੋ ਕਿਸੇ ਦੇ ਚਿੱਤ-ਚੇਤੇ ਨਹੀਂ ਸੀ। ਖੜ੍ਹੇ ਪੈਰ ਪੰਜਾਬ ਦਾ ਅਰਬਾਂ-ਖਰਬਾਂ ਦਾ ਨੁਕਸਾਨ ਹੋ ਗਿਆ। ਕੀ ਕੇਂਦਰ ਸਰਕਾਰ ਖੁੱਲ੍ਹੇ ਦਿਲ ਨਾਲ ਪੰਜਾਬਦੀ ਆਰਥਿਕ ਮਦਦ ਕਰੇਗੀ ਤੇ ਵਿਸ਼ੇਸ਼ ਆਰਥਿਕ ਪੈਕਟ ਦੇਵੇਗੀ? ਕੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਬਿਨਾਂ ਦੇਰ ਕੀਤੇ ਮੋੜੇਗੀ? ਪੰਜਾਬੀ ਬੋਲਦੇ ਬਾਹਰ ਰੱਖ ਲਏ ਗਏਇਲਾਕੇ ਪੰਜਾਬ ਨੂੰ ਪਰਤਾਏਗੀ? ਪੰਜਾਬ ਦੇ ਸੰਵਿਧਾਨਕ ਅਧਿਕਾਰ ਬਹਾਲ ਕਰੇਗੀ? ਵੱਡੀ ਸਨਅਤ ਖ਼ਾਸਕਰ ਐਗਰੋ-ਇੰਡਸਟਰੀ ਸਥਾਪਿਤ ਕਰਨ ਵਿਚ ਕਿੰਨੀ ਕੁ ਸਹਾਇਤਾ ਕਰੇਗੀ? ਪੰਜਾਬ ਦਾ ਵਪਾਰ ਪੰਜਾਬ ਦੇ ਨਾਲ ਲੱਗਦੇ ਗੁਆਂਢੀ ਦੇਸ਼ ਪਾਕਿਸਤਾਨ ਨਾਲ ਸ਼ੁਰੂ ਕਰਨ ਦੀ ਹਰੀ ਝੰਡੀ ਦੇਵੇਗੀ? ਪੰਜਾਬ ਦੇ ਦਰਿਆਈ ਪਾਣੀ ਵਰਤਣ ਵਾਲੇ ਰਾਜਾਂ ਤੋਂ ਪਾਣੀਆਂ ਦੀ ਰਾਇਲਟੀ ਦੁਆਏਗੀ? ਹੜ੍ਹਾਂ ਨਾਲਹੋਏ ਨੁਕਸਾਨ ਦੀ ਭਰਪਾਈ ਕਰਨ 'ਚ ਪੰਜਾਬ ਦੀ ਕਿੰਨੀ ਮਦਦ ਕਰੇਗੀ ਤੇ ਕਰਵਾਏਗੀ? ਸ਼ੁਕਰ ਹੈ ਪਾਕਿਸਤਾਨ ਨੇ ਹੜ੍ਹ ਦਾ ਪ੍ਰਕੋਪ ਮੱਠਾ ਕਰਨ ਲਈ ਸੁਲੇਮਾਨਕੀ ਹੈਡਵਰਕਸ ਦੇ ਸਾਰੇ ਗੇਟ ਖੋਲ੍ਹ ਕੇ ਪੂਰਬੀ ਪੰਜਾਬ ਦੇ ਅੱਧੇ ਮਾਲਵੇ ਨੂੰ ਡੁੱਬਣੋਂ ਤੇ ਰੁੜ੍ਹਨੋਂ ਬਚਾ ਲਿਆ। ਆਪਣੇ ਪਿੰਡਾਂ ਦਾ ਨੁਕਸਾਨ ਕਰਵਾ ਲਿਆ। ਪਰ ਏਧਰ ਕੇਂਦਰ ਦੇ ਕਾਰਕੁਨਾਂ ਨੂੰ ਅਜੇ ਚਾਲੀ ਪੰਜਾਹ ਫੁੱਟ ਊਣੇ ਭਾਖੜੇ ਡੈਮ ਦੇ ਗੇਟ ਖੋਲ੍ਹਣ ਦੀ ਕਾਹਲੀ ਪਈ ਹੋਈ ਸੀ ਤਾਂ ਕਿ ਪੰਜਾਬ ਦਾ ਕੋਈ ਵੀ ਪਿੰਡ ਡੁੱਬਣੋਂ ਨਾ ਬਚ 'ਜੇ'!



ਮਾਮੂਲੀ ਗੱਲਾਂ 'ਤੇ ਆਪਸ ਵਿਚ ਖਹਿਬੜਦੇ ਸਿਆਸਤਦਾਨੋਂ, ਕੋਝੀਆਂ ਸਿਆਸਤਾਂ ਛੱਡ ਦਿਓ ਹੁਣ। ਪੰਜਾਬ ਦੇ ਹਰੇਕ ਵਾਸੀ, ਰਾਜਸੀ ਪਾਰਟੀਆਂ, ਬੁਧੀਮਾਨਾਂ, ਕਿਸਾਨਾਂ, ਮਜ਼ਦੂਰਾਂ, ਕਾਰੋਬਾਰੀਆਂ ਤੇ ਪੰਜਾਬ ਦੀਆਂ ਸਮੇਂ ਸਮੇਂ ਬਣਦੀਆਂ ਸਰਕਾਰਾਂ ਦੇ ਜਾਗਣ ਦਾ ਵੇਲਾ ਹੈ। ਜਾਗੋ ਤੇ ਹੋਰ ਲੁੱਟੇ ਜਾਣ ਤੋਂ ਬਚੋ! ਅੱਖਾਂ ਖੋਲ੍ਹੋ ਤੇ ਵੇਖੋ ਕਿ ਕੌਣ ਤੁਹਾਡਾ ਦਰਦੀ ਹੈ ਤੇ ਕੌਣ ਬੇਦਰਦ? ਜਿਹੜੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਦੇਹਨ, ਪੰਜਾਬ ਦਾ ਲੱਖਾਂ-ਕਰੋੜਾਂ ਟਨ ਅਨਾਜ ਤੇ ਹੋਰ ਫਸਲਾਂ ਭੋਂ ਦੇ ਭਾਅ ਲੁੱਟਦੇ ਹਨ, ਪਰ ਪੰਜਾਬ ਸਿਰ ਪਈ ਬਿਪਤਾ ਸਮੇਂ ਅੱਖਾਂ ਫੇਰ ਲੈਂਦੇ ਹਨ, ਕੀ ਉਹ ਪੰਜਾਬ ਨੂੰ ਆਪਣੀ ਜਰ ਖਰੀਦ ਬਸਤੀ ਸਮਝਦੇ ਹਨ? ਹਾਲ ਦੀ ਘੜੀ ਤਾਂ ਹਕੀਕਤ ਇਹੋ ਹੈ ਕਿ ਕੇਂਦਰੀ ਹਾਕਮਾਂ ਨੂੰ ਪੰਜਾਬ ਨਾਲੋਂ ਦਿੱਲੀ, ਹਰਿਆਣਾ, ਹਿਮਾਚਲ ਤੇ ਰਾਜਸਥਾਨ ਦੇ ਹਿਤ ਵਧੇਰੇ ਪਿਆਰੇ ਹਨ। ਬਾਰਡਰ ਦੇ ਸਤਾਏ ਪੰਜਾਬ ਦਾ ਕੀ ਐ? ਰੁੜ੍ਹਦਾਹੈ ਤਾਂ ਪਿਆ ਰੁੜ੍ਹੀ ਜਾਵੇ, ਗਰਕਦਾ ਤਾਂ ਪਿਆ ਗਰਕੀ ਜਾਵੇ!

# ਕੁਦਰਤ ਨਾਲ ਮੱਥਾ ਕੌਣ ਲਾਵੇ !

**ਮੇਰੀ ਡਾਇਰੀ ਦਾ ਪੰਨਾ**

ਇਨ੍ਹਾਂ ਹੜ੍ਹਾਂ ਨੇ ਹਾੜ ਮਹੀਨੇ ਵਿਚ ਹੀ ਹੜ੍ਹ ਕੇ ਲੋਕਾਂ ਦੀਆਂ ਲਿਲਕੜੀਆਂ ਕਢਵਾ ਦਿੱਤੀਆਂ ਨੇ। ਜਿੱਧਰ ਵੇਖੋ, ਪਾਣੀ ਹੀ ਪਾਣੀ ਫਿਰਦਾ ਹੈ। ਕਈ ਜਾਨਾਂ ਲੈ ਗਿਆ ਇਹ ਆਪ ਮੁਹਾਰਾ ਪਾਣੀ। ਲੋਕਾਂ ਲਈ 'ਹੋਣੀ' ਬਣ ਕੇ ਆਇਆ ਹੈ ਇਹ 2023 ਦਾ ਹੜ੍ਹ ਤੇ ਲੋਕਾਂ ਨੂੰ ਉਜਾੜ ਗਿਆ ਹੈ ਬੁਰੀ ਤਰ੍ਹਾਂ। ਪੰਜਾਬ ਦੇ ਜਿਸ ਮਾਲਵੇ ਖਿੱਤੇ ਵਿਚ ਮੈਂ ਰਹਿੰਦਾ ਹਾਂ, ਏਧਰ ਹਾਲੇ ਹੜ੍ਹਾਂ ਤੋਂ ਬੜੀ ਬੱਚਤ ਰਹੀ ਹੈ। ਪਰ ਹੋਰਨਾਂ ਨੂੰ ਦੇਖ-ਦੇਖ ਕੇ ਦਿਲਾਂ ਨੂੰ ਡੋਬੂ ਪੈਂਦੇ ਨੇ, ਜਿਵੇਂ ਪਾਣੀ ਵਿਚ ਲੋਕ ਡੁੱਬੇ ਹਨ। ਹੜ੍ਹ ਤਾਂ ਪਹਿਲਾਂ ਵੀ ਆਉਂਦੇ ਰਹੇ ਆਣ ਕੇ ਮੁੜ ਜਾਂਦੇ ਸਨ ਤੇ

**ਨਿੰਦਰ ਘੁਗਿਆਣਵੀ**
ਫੋਨ: 94174-21700

ਚਰਚਾ ਵੀ ਨਾ ਮਾਤਰ ਹੀ ਹੁੰਦੀ ਸੀ। ਕਿਉਂਕਿ ਸੋਸ਼ਲ ਮੀਡੀਆ ਨਹੀਂ ਸੀ ਉਦੋਂ, ਤੇ ਬਹੁਤ ਕੁਝ ਅੱਖੋਂ ਪਰੋਖੇ ਤੇ ਦੱਬਿਆ ਹੀ ਰਹਿ ਜਾਂਦਾ ਸੀ। ਹੁਣ ਹਾਲਾਤ ਹੋਰ ਹਨ, ਜਿੱਥੇ ਜੋ ਵੀ ਹੁੰਦਾ ਹੈ, ਉਸਦੀ ਪਲ-ਪਲ ਦੀ ਜਾਣਕਾਰੀ ਸਾਂਝੀ ਹੁੰਦੀ ਰਹਿੰਦੀ ਹੈ। ਖੈਰ!

ਸਿਆਣੇ ਕਹਿੰਦੇ ਨੇ ਪਹਿਲਾ ਹੜ੍ਹ 1965 ਵਿਚ ਆਇਆ ਸੀ। ਮਾਲਵੇ ਦਾ ਨੁਕਸਾਨ ਹੋਣੋਂ ਬਚ ਗਿਆ ਸੀ ਉਦੋਂ ਵੀ। ਫਿਰ 1988-89 ਵਿਚ ਹੜ੍ਹ ਆਇਆ, ਉਦੋਂ ਮੇਰੀ ਉਮਰ 8 ਸਾਲਾਂ ਦੀ ਸੀ। ਬਾਰਡਰ ਜ਼ਿਲ੍ਹੇ ਫਿਰੋਜ਼ਪੁਰ ਦਾ ਬਹੁਤ ਨੁਕਸਾਨ ਹੋਇਆ ਸੀ ਤੇ ਸਾਡੇ ਪਿੰਡ ਵੀ ਪਾਣੀ ਆਇਆ ਸੀ। ਬਹੁਤੀ ਬੱਚਤ ਹੀ ਰਹੀ ਸੀ। ਉਦੋਂ ਕੁ ਜਿਹੇ ਮੈਂ ਸੁਣਿਆ ਸੀ ਕਿ ਪਾਣੀ ਤੋਂ ਜਾਨ ਬਚਾਉਣ ਲਈ ਇਕ ਬੰਦਾ ਕਿੱਕਰ ਉਤੇ ਚੜ੍ਹ ਗਿਆ। ਕਿੱਕਰ ਉਤੇ ਹੀ ਉਸਨੂੰ ਸੱਪ ਨੇ ਡੰਗ ਲਿਆ ਤੇ ਆਖਿਰ ਉਹ ਪਾਣੀ ਵਿਚ ਡਿੱਗ ਪਿਆ। ਉਸ ਬੰਦੇ ਦੀ ਪਾਣੀ ਨਾਲ ਡੁੱਬਣ ਕਰਕੇ ਹੀ ਮੌਤ ਹੋਈ ਸੀ। ਖੇਤਾਂ 'ਚੋਂ ਸੱਪ ਪਾਣੀ ਵਿਚ ਤਰ ਕੇ ਅੱਗੇ ਨਿਕਲ ਗਏ ਸਨ। ਸੱਪਾਂ ਦੀਆਂ ਖੁੱਡਾਂ ਵੀ ਪਾਣੀ ਪੀ ਗਿਆ ਸੀ। ਖੇਤਾਂ ਵਿਚੋਂ ਚਾਰ ਚੁਫੇਰੇ ਮੁਸ਼ਕ ਮਾਰਦਾ ਸੀ, ਚੂਹੇ ਤੇ ਬਿੱਲੀਆਂ ਮਾਰੇ ਗਏ ਸਨ। ਫਿਰੋਜ਼ਪੁਰ ਜ਼ਿਲ੍ਹੇ ਵਿਚ ਕੁਝ ਪਿੰਡਾਂ ਵਿਚ ਪਾਣੀ ਨਾਲ ਪਸ਼ੂ ਵੀ ਮਰੇ ਸਨ।

ਮੈਨੂੰ ਅੱਜ ਵੀ ਯਾਦ ਹੈ ਕਿ ਬਹੁਤ ਦਿਨ ਮੀਂਹ ਨਹੀਂ ਸੀ ਹਟਿਆ। ਸਾਡੇ ਘਰ ਦੇ ਸਾਰੇ ਕਮਰੇ ਕੱਚੇ ਸਨ। ਛੱਤਾਂ ਸ਼ਤੀਰਾਂ ਤੇ ਕਾਨਿਆਂ ਦੀਆਂ ਸਨ। ਛੱਤਾਂ ਤ੍ਰਿਪ ਤ੍ਰਿਪ ਚੋਣ ਲੱਗੀਆਂ ਸਨ, ਤਾਂ ਘਰ ਦੇ ਜੀਆਂ ਨੇ ਬੱਠਲ ਬਾਲਟੀਆਂ ਚੋਂਦੇ ਪਾਣੀ ਹੇਠਾਂ ਰੱਖੇ। ਫਿਰ ਵੀ ਪਾਣੀ ਅੱਗੇ ਕੋਈ ਵਾਹ ਨਾ ਚੱਲੀ। ਪਾਣੀ ਨੱਕ 'ਚ ਦਮ ਕਰਨ ਲੱਗਾ। ਸਾਡੀ ਕੱਚੀ ਕੰਧ ਧੜੰਮ ਕਰ ਕੇ ਡਿੱਗ ਪਈ ਤੇ ਘਰ ਦੇ ਸਾਰੇ ਜੀਅ ਡਰ ਗਏ। ਮੇਰੀ ਮਾਸੀ ਦਾ ਘਰ ਸਾਡੇ ਘਰ ਦੇ ਨਾਲ ਹੀ ਸੀ ਤੇ ਉਨ੍ਹਾਂ ਦੇ ਕੁਝ ਕਮਰੇ ਪੱਕੇ ਸਨ। ਅਸੀਂ ਮੰਜੇ ਬਿਸਤਰੇ ਚੁੱਕੇ ਤੇ ਮਾਸੀ ਕੇ ਘਰ ਜਾ ਕੇ ਸ਼ਰਨ ਲੈ ਲਈ। ਕਈ ਦਿਨ ਮੀਂਹ ਫਿਰ ਵੀ ਨਾ ਹਟਿਆ। ਲੋਕਾ ਨੇ ਸੁੱਖਾਂ ਸੁੱਖੀਆਂ। ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸਾਂ ਕੀਤੀਆਂ। ਕੋਈ ਅਸਰ ਨਾ ਹੋਇਆ। ਸਾਰੇ ਲੋਕ ਆਕਾਸ਼ ਵੱਲ ਮੂੰਹ ਕਰ ਕੇ ਦੇਖਦੇ ਰਹਿੰਦੇ ਕਿ ਕਦੋਂ ਦਰਸ਼ਨ ਦੇਵੇਗਾ ਸੂਰਜ ਦੇਵਤਾ? ਇਕ ਦਿਨ ਸਵੇਰੇ ਸੂਰਜ ਦੇਵਤਾ ਦੀ ਕਿਰਨ ਲਿਸ਼ਕੀ, ਤਾਂ





ਲੋਕ ਰੱਬ ਦਾ ਸ਼ੁਕਰਾਨਾ ਕਰਦੇ ਖੁਸ਼ ਹੋਣ ਲੱਗੇ। ਹੌਲੀ-ਹੌਲੀ ਪਾਣੀ ਸੁੱਕਣ ਲੱਗਿਆ ਤੇ ਲੋਕ ਖੇਤ ਵਗੈਰਾ ਨੂੰ ਜਾਣ ਲੱਗੇ। ਪਾਣੀ ਦੇ ਪੀਤੇ ਖੇਤਾਂ ਦਾ ਚਿਹਰਾ ਮੋਹਰਾ ਬਿਲਕੁੱਲ ਬਦਲ ਗਿਆ ਸੀ। ਮੇਰੇ ਤਾਏ ਰਾਮ ਨੇ ਗੱਡੀ ਬੋਤੀ ਜੋਤੀ ਤੇ ਅਸੀਂ ਖੇਤ ਨੂੰ ਗਏ। ਖੇਤ ਪਛਾਣ ਵਿਚ ਨਹੀਂ ਸੀ ਆਉਂਦੇ। ਤਾਇਆ ਬੜਾ ਉਦਾਸ ਹੋਇਆ। ਵੱਟਾਂ, ਬੰਨੇ ਤੇ ਖਾਲੇ ਸਭ ਮਿਟ ਗਏ ਸਨ।

**2023 ਦੇ ਹੜ੍ਹ:** ਇਸ ਵਾਰੀ ਦੇ ਆਏ ਹੜ੍ਹਾਂ ਨੇ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਆਖਿਰ ਦੋਸ਼ ਕਿਸਦਾ ਹੈ? ਕੀ ਅਜੋਕੇ ਮਨੁੱਖ ਦਾ ਦੋਸ਼ ਹੈ, ਜੋ ਕੁਦਰਤ ਨਾਲ ਖਿਲਵਾੜ ਕਰਨੋਂ ਨਹੀਂ ਹਟ ਰਿਹਾ? ਕੀ ਸਰਕਾਰਾਂ ਦਾ ਦੋਸ਼ ਹੈ, ਜੋ ਪਹਿਲਾਂ ਤੋਂ ਹੀ ਢੁੱਕਵੇਂ ਪ੍ਰਬੰਧ ਨਹੀਂ ਕਰਦੀਆਂ? ਕੀ ਇੰਦਰ ਦੇਵਤੇ ਦਾ ਕਸੂਰ ਹੈ ਕਿ ਉਹ ਹਿਸਾਬ ਸਿਰ ਮੀਂਹ ਨਹੀ ਪਾਉਂਦਾ? ਅਜਿਹੇ ਸਵਾਲ ਲੋਕ ਸੋਸ਼ਲ ਮੀਡੀਆ ਉਤੇ ਇਕ ਦੂਜੇ ਨੂੰ ਕਰ ਕਰ ਕੇ ਪੁੱਛ ਰਹੇ ਹਨ।

ਇਕ ਖ਼ਬਰ ਨੇ ਮੈਨੂੰ ਬੜਾ ਉਦਾਸ ਕੀਤਾ ਹੈ ਕਿ ਨੇਤਾ ਲੋਕ ਕਿਹੋ ਜਿਹੀ ਮਿੱਟੀ ਦੇ ਬਣੇ ਹੋਏ ਨੇ, ਲੋਕਾਂ ਉਤੇ ਕੁਦਰਤ ਨੇ ਬਿਪਤਾ ਪਾਈ ਹੈ ਤੇ ਇਹ ਸਿਆਸੀ ਰੋਟੀਆਂ ਸੇਕਣ ਲਈ ਇਕ ਦੂਸਰੇ ਨਾਲ ਲੜ ਭਿੜ ਰਹੇ ਹਨ। ਕੈਬਨਿਟ ਮੰਤਰੀ ਜੌੜੇਮਾਜਰਾ ਤੇ ਕੈਪਟਨ ਅਮਰਿੰਦਰ ਸਿੰਘ ਦੀ ਬੇਟੀ ਜੈਇੰਦਰ ਕੌਰ ਦੀ ਆਪਸ ਵਿਚ "ਤੂੰ ਤੂੰ ਮੈਂ ਮੈਂ" ਕਿਓਂ ਹੋਈ? ਕੀ ਇਹੋ ਮੌਕਾ ਲੱਭਿਆ ਇਨ੍ਹਾਂ ਨੂੰ ਲੜਨ ਵਾਸਤੇ? ਸਿਆਸੀ ਧਿਰਾਂ ਨੂੰ ਇਸ ਸੰਕਟਮਈ ਸਮੇਂ ਏਕਾ ਕਰਨ ਦੀ ਲੋੜ ਹੈ ਨਾ ਕਿ ਆਪਸ ਵਿਚ ਬਹਿਸਣ ਦੀ, ਜਾਂ ਫੋਕੀ ਵਾਹ ਵਾਹ ਖੱਟਣ ਦੀ। ਆਪਣੀ ਡਾਇਰੀ ਦਾ ਪੰਨਾ ਲਿਖਦਿਆਂ ਮੈਂ ਬੇਹੱਦ ਉਦਾਸ ਹਾਂ।

ਰੱਬ ਖੈਰ ਕਰੇ!

# ਲਾਲ ਟਮਾਟਰ ਨੇ ਕਰ ਦਿਤੇ ਰੰਗ ਪੀਲੇ

ਵਿਅੰਗ

ਪਿਛਲੇ ਸਾਲ ਜਦ ਪੀਲੇ ਰੰਗ ਵਾਲੇ ਨਿੰਬੂ ਦੇ ਰੇਟ ਅੰਬਰ-ਛੂਹਣ ਲੱਗੇ ਤਾਂ ਗੁੱਸੇ 'ਚ ਲੋਕੀਂ ਲਾਲ-ਪੀਲੇ ਹੋ ਗਏ ਸਨ ਤੇ ਸਾਡੀ ਦਿਲਰੁਬਾ ਸਾਡਾ ਇਹ ਕਹਿੰਦਿਆਂ ਪਿੱਟ-ਸਿਆਪਾ ਕਰਨ ਲੱਗ ਪਈ ਸੀ ਕਿ 'ਰਸੀਆ ਨਿੰਬੂ ਲਿਆ ਦੇ ਵੇ ਮੇਰੇ ਪੈਂਦੀ ਕਲੇਜੇ ਪੀੜ', ਅਤੇ ਐਤਕੀਂ ਲਾਲ ਟਮਾਟਰ ਨੇ ਸਭ ਦੇ ਰੰਗ ਪੀਲੇ ਕਰ ਦਿੱਤੇ ਹਨ! ਬਸ ਰੰਗ ਉਡਾ ਈ ਛੱਡੇ ਹਨ!



ਅੱਜ (12 ਜੁਲਾਈ) ਨੂੰ ਜਦ ਮੈਂ ਇਹ ਲੇਖ ਲਿਖ

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਰਿਹਾ ਹਾਂ ਤਾਂ 'ਚੈਰੀ ਟਮਾਟਰ' ਦਾ ਭਾਅ ਹੀ 280 ਰੁਪਏ ਕਿਲੋ ਹੋ ਗਿਐ! ਇਹ ਟਮਾਟਰ 'ਚੈਰੀ' ਦੇ ਆਕਾਰ ਦਾ ਨਿਕਚੂ ਜਿਹਾ ਹੁੰਦੈ ਅਤੇ ਆਮ ਔਸਤ ਆਕਾਰ ਦਾ ਇਕ ਟਮਾਟਰ ਇਸ ਦੇ 4 ਟਮਾਟਰਾਂ ਬਰਾਬਰ ਹੁੰਦੈ (ਵੱਡ-ਆਕਾਰੀ 5-6 ਦੇ ਬਰਾਬਰ ਵੀ ਹੋ ਸਕਦੈ)।

ਸਾਡੀ ਉਮਰ ਦੇ ਲੋਕਾਂ (70 ਪਲੱਸ) ਨੇ ਬਚਪਨ ਵਿਚ ਕਦੀ ਸੇਬ ਦਾ ਨਾਮ ਤਕ ਨਹੀਂ ਸੁਣਿਆ ਸੀ, ਦੇਖਣਾ ਤਾਂ ਭਲਾ ਕੀ ਸੀ। ਸੋ, ਸਾਡੇ ਵੇਲੇ ਕਿਸੇ ਗੋਭਲੂ ਜਿਹੇ, ਲਾਲ ਗਲ੍ਹਾਂ ਵਾਲੇ ਬੱਚੇ ਨੂੰ 'ਟਮਾਟਰ ਵਰਗਾ ਲਾਲ' ਕਹਿ ਕੇ ਵਡਿਆਉਂਦੇ ਸਨ। ਆਹ 'ਏ ਫਾਰ ਐਪਲ' ਵਾਲੀ ਪ੍ਰਜਾਤੀ ਤਾਂ ਦਹਾਕਿਆਂ ਮਗਰੋਂ ਆਈ। ਅਸੀਂ ਤਾਂ 'ਊੜਾ ਊਠ, ਐੜਾ ਅਨਾਰ' ਵਾਲੀ ਸ਼੍ਰੇਣੀ ਦੇ ਬਚਪਨ ਵਾਲੇ ਬੰਦੇ ਹਾਂ। ਇਸ ਲਈ ਕਦੀ ਮੁੱਢਲੀਆਂ ਕਲਾਸਾਂ ਵਿਚ ਵੀ ਸੇਬ ਦਾ ਨਾਮ ਨਹੀਂ ਸੀ ਸੁਣਿਆ। ਖੈਰ, ਸੁਣ ਕੇ ਵੀ ਕੀ ਕਰਨਾ ਸੀ? ਕਸ਼ਮੀਰੀ ਸੇਬ ਵਰਗਾ ਤਾਂ ਕੀ, ਸਾਡਾ ਤਾਂ ਰੰਗ ਵੀ ਤਵੇ ਦੇ ਪਿਛਲੇ ਪਾਸੇ ਵਰਗੈ!

ਪਰ ਸਾਡੇ ਵੇਲੇ ਟਮਾਟਰ ਘਰ ਘਰ ਲੱਗੇ ਹੁੰਦੇ ਸਨ। ਨਲਕੇ ਲਾਗਲੀ ਥੋੜੀ ਜਿਹੀ ਥਾਂ ਉਪਰ ਇਸ ਨੂੰ ਬੀਜ ਦਈਦਾ ਸੀ। ਮੂਲੀ, ਮਿਰਚ ਆਦਿ, ਜੋ ਇਸ ਦੀਆਂ ਭੈਣਾਂ ਹੀ ਹਨ, ਵੀ ਓਥੇ ਹੀ ਉਗਾ ਲਈਦੀਆਂ ਸਨ। ਖੇਤਾਂ ਵਿਚ ਤਾਂ ਕਿਸਾਨ ਵੱਡੇ ਪੱਧਰ 'ਤੇ ਬੀਜਦੇ ਸਨ। ਇਹ ਬੜੀ ਨਿਗੂਣੀ ਜਿਹੀ, ਆਮ ਜਿਹੀ ਸਬਜ਼ੀ ਜਾਂ ਸਬਜ਼ੀ-ਭਾਜੀ ਵਿਚ ਵਰਤੀ ਜਾਣ ਵਾਲੀ ਸ਼ੈਅ ਸਮਝੀ ਜਾਂਦੀ ਸੀ। ਇਹ ਤਾਂ ਵੱਡੇ ਹੋ ਕੇ ਪਤਾ ਲੱਗਾ ਕਿ ਟਮਾਟਰ ਤਾਂ ਫਲ ਹੈ, ਸਬਜ਼ੀ ਨਹੀਂ!

ਤੇ ਹੁਣ ਆਮ ਸੇਬ ਨਾਲੋਂ ਟਮਾਟਰ ਮਹਿੰਗਾ ਹੋਈ ਬੈਠੈ! ਗਰੀਬ ਨੇ ਤਾਂ ਭਲਾ ਇਸ ਨੂੰ ਹੁਣ ਕੀ ਖਾਣੈ, ਨਿਮਨ ਮੱਧ ਸ਼੍ਰੇਣੀ ਵੀ ਇਸ ਦਾ ਆਸਮਾਨ-ਛੂੰਹਦਾ ਭਾਅ 'ਅਫੋਰਡ' ਨਹੀਂ ਕਰਦੀ। ਟਮਾਟਰ ਹੁਣ 'ਸ਼੍ਰੀਮਾਨ ਟਮਾਟਰ ਸਾਹਿਬ' ਬਣ ਗਏ ਹਨ! 'ਵੀ.ਆਈ.ਪੀ'. ਹੋ ਗਏ ਹਨ ! ਹੋ ਸਕਦੈ ਇਨ੍ਹਾਂ ਨੂੰ 'ਗਿਫਟ' ਦੇ ਰੂਪ ਵਿਚ ਵੀ ਦਿੱਤਾ ਜਾਣ ਲੱਗ ਪਵੇ! ਹੜ੍ਹਾਂ ਕਾਰਨ ਇਨ੍ਹਾਂ ਦਾ ਰੇਟ ਦਰਿਆਵਾਂ ਦੇ ਚੜ੍ਹਦੇ ਪਾਣੀਆਂ ਵਾਂਗ ਹੋਰ ਚੜ੍ਹ ਸਕਦੈ ਅਤੇ ਖੇਤੀ ਵਿਚ ਕਾਰੋਬਾਰ ਕਰਨ ਵਾਲਾ ਕਾਰਪੋਰੇਟ ਸੈਕਟਰ ਇਸ ਨੂੰ ਸਟੋਰ ਕਰ ਕੇ ਨਕਲੀ ਕਿੱਲਤ ਵੀ ਪੈਦਾ ਕਰ ਸਕਦੈ ਤਾਂ ਕਿ ਲੋਕਾਂ ਨੂੰ ਰੱਜ ਕੇ ਲੁੱਟਿਆ ਜਾ ਸਕੇ।

ਸਾਡੇ ਵੇਲੇ ਪਿੰਡਾਂ ਵਿਚ ਟਮਾਟਰ ਨੂੰ 'ਟਮਾਟਾ' ਕਹਿੰਦੇ ਸਨ ਤੇ ਇਸ ਦਾ ਬਹੁਬਚਨ 'ਟਮਾਟੇ' ਸੀ। ਮੈਂ ਜਦ ਸ਼ਬਦ-ਵਿਗਿਆਨ ਦੇ ਸਰੋਤਾਂ 'ਚੋਂ ਟਮਾਟਰ ਬਾਰੇ ਪੜ੍ਹ ਰਿਹਾ ਸੀ ਤਾਂ ਮੈਂ ਹੈਰਾਨ ਰਹਿ ਗਿਆ ਕਿ ਇਸ ਦਾ ਮੌਲਿਕ ਸ਼ਬਦ ਵੀ 'ਟਮਾਟੇ' ਵਰਗਾ ਹੀ ਹੈ, ਬਸ ਐਨਾ ਕੁ ਫਰਕ ਹੈ ਕਿ ਇਹ ਸ਼ਬਦ 'ਟੋਮਾਟੇ' ਹੈ! ਇਸ ਬਾਰੇ ਕਈ ਹੋਰ ਰੌਚਕ ਗੱਲਾਂ ਦਾ ਵੀ ਪਤਾ ਲੱਗਾ।

ਕੋਲਿਨਜ਼ ਇੰਗਲਿਸ਼ ਡਿਕਸ਼ਨਰੀ, ਔਕਸਫੋਰਡ ਲੈਂਗੁਏਜਿਜ਼ ਅਤੇ ਵਿਕੀਪੀਡੀਆ ਅਨੁਸਾਰ ਅੰਗਰੇਜ਼ੀ ਦਾ ਸ਼ਬਦ ਟੋਮੈਟੋ (ਟਮਾਟਰ) ਨਾਹੁਆਟਲ ਦੇ ਸ਼ਬਦ 'ਟੋਮੈਟਲ' ਤੋਂ ਫਰਾਂਸਿਸੀ, ਸਪੇਨੀ ਅਤੇ ਪੁਰਤਗਾਲੀ ਭਾਸ਼ਾਵਾਂ ਦੇ 'ਟੋਮਾਟੇ' ਤੋਂ ਹੁੰਦਾ ਹੋਇਆ ਆਪਣੇ ਮੌਜੂਦਾ ਰੂਪ 'ਚ ਪੁੱਜਾ।

ਟਮਾਟੇ ਸ਼ਬਦ ਦਾ ਅਰਥ ਫੁੱਲਿਆ ਫਲ਼,



ਮੋਟੀ ਚੀਜ਼ ਜਾਂ ਭਾਰਾ ਪਾਣੀ ਹੈ। ਟਮਾਟਰ ਹੈ ਤਾਂ ਫਲ ਪਰ ਇਸ ਦੀ ਯਾਰੀ ਸਬਜ਼ੀਆਂ-ਸਲਾਦਾਂ-ਸੂਪਾਂ ਨਾਲ ਹੈ। ਇਸ ਦਾ ਵਿਗਿਆਨਕ ਨਾਮ 'ਸੋਲਨਮ ਲਾਈਕੋਪਰਸੀਕਮ' ਹੈ ਅਤੇ ਇਹ 'ਸੋਲੇਨੇਸੀ' ਪਰਿਵਾਰ ਵਿਚੋਂ ਹੈ। ਇਸ ਨੂੰ ਬੋਟੈਨੀਕਲੀ 'ਬੇਰੀਜ਼ ਫਲ' ਵਜੋਂ ਸ਼੍ਰੇਣੀਬੱਧ ਕੀਤਾ ਗਿਐ। ਇਹ ਸਬਜ਼ੀਆਂ ਵਿਚ ਵਰਤੇ ਜਾਣ ਦੇ ਨਾਲ ਨਾਲ ਆਪ ਵੀ ਸਬਜ਼ੀ ਵਜੋਂ ਪਕਾ ਕੇ ਖਾਧਾ ਜਾਂਦਾ ਹੈ। ਬਚਪਨ ਵਿਚ ਅਸੀਂ ਅਕਸਰ ਟਮਾਟਰ ਕੱਟ ਕੇ, ਥੋੜਾ ਲੂਣ ਭੁੱਕ ਕੇ, ਇਸ ਨਾਲ ਚਟਖਾਰੇ ਮਾਰ ਮਾਰ ਰੋਟੀ ਖਾਂਦੇ ਰਹੇ ਹਾਂ। ਇਹ ਸੁਆਦ ਵਜੋਂ ਕੁਝ ਤੁਰਸ਼ ਹੁੰਦੈ। ਟਮੈਟੋ ਸੂਪ ਤਾਂ ਅੱਜ ਕੱਲ੍ਹ ਲੋਕਾਂ ਵਿਚ ਬਹੁਤ ਪ੍ਰਚੱਲਤ ਹੈ। ਸਲਾਦ ਦਾ ਤਾਂ ਇਹ ਅਨਿੱਖੜਵਾਂ ਅੰਗ ਹੈ।

ਟਮਾਟਰ ਪਹਿਲੇ ਪਹਿਲ ਪੱਛਮੀ-ਦੱਖਣੀ ਅਮੈਰਿਕਾ, ਮੈਕਸੀਕੋ ਅਤੇ ਕੇਂਦਰੀ ਅਮੈਰਿਕਾ ਤੋਂ ਉਤਪੰਨ ਹੋਇਆ ਦਸਿਆ ਜਾਂਦੈ। ਇਸ ਦੇ ਜੰਗਲੀ ਪੁਰਖੇ ਮਟਰ ਆਕਾਰ ਦੇ ਸਨ। ਸ਼ੁਰੂ ਸ਼ੁਰੂ ਵਿਚ ਫਰਾਂਸ, ਇਟਲੀ ਤੇ ਉੱਤਰੀ ਯੂਰਪ ਵਿਚ ਇਸ ਨੂੰ ਇਕ ਸ਼ਿੰਗਾਰਦਾਰ ਪੌਦੇ (ਔਰਨਾਮੈਂਟਲ ਪਲਾਂਟ) ਵਜੋਂ ਵਰਤਿਆ ਜਾਂਦਾ ਸੀ। ਪਹਿਲੀ ਵਾਰ ਇਸ ਨੂੰ ਘਰੇਲੂ ਸਬਜ਼ੀ ਦੇ ਰੂਪ ਵਿਚ 'ਐਜ਼ਟੈਕਸ' ਅਤੇ 'ਮੇਸੋਆਮੈਰਿਕਾ' ਲੋਕਾਂ ਨੇ ਵਰਤਣਾ ਸ਼ੁਰੂ ਕੀਤਾ। ਉਨ੍ਹਾਂ ਨੇ ਇਸ ਫਲ ਨੂੰ ਤਾਜ਼ਾ ਵੀ ਤੇ ਪਕਾ ਕੇ ਵੀ ਖਾਣਾ ਆਰੰਭ ਕੀਤਾ। ਐਜ਼ਟੈਕਸ ਲੋਕਾਂ ਨੇ ਇਸ ਦੀਆਂ ਬਹੁਤ ਸਾਰੀਆਂ ਕਿਸਮਾਂ ਵਿਕਸਤ ਕੀਤੀਆਂ ਅਤੇ ਉਗਾਈਆਂ।

ਯੂਰਪ ਵਿਚ ਇਸ ਦੀ ਖੇਤੀ ਨੂੰ ਸਪੇਨ ਨੇ ਸੋਲ੍ਹਵੀਂ ਸਦੀ 'ਚ ਪ੍ਰਚੱਲਤ ਕੀਤਾ। ਪਰ ਸਭ ਤੋਂ ਪਹਿਲਾਂ ਮੈਕਸੀਕਨ ਲੋਕਾਂ ਨੇ ਇਸ ਦੀ ਵਿਧੀਵਧ ਢੰਗ ਨਾਲ ਖੇਤੀ ਆਰੰਭ ਕੀਤੀ। ਕੁਝ ਸਰੋਤ ਇਹ ਵੀ ਦਾਅਵਾ ਕਰਦੇ ਹਨ ਕਿ 500 ਪੂਰਵ ਈਸਾ ਵੇਲੇ ਟਮਾਟਰ ਦੱਖਣੀ ਮੈਕਸੀਕੋ ਵਿਚ ਉਗਾਇਆ ਜਾਂਦਾ ਸੀ! ਮੂਲ ਮੈਕਸੀਨ ਵਾਸੀ ਇਸ ਨੂੰ 'ਟੋਮੈਟਿਲੋ' ਸੱਦਦੇ ਸਨ ਜੋ ਟੋਮਾਟੇ ਦਾ ਹੀ ਰੂਪ ਹੈ। ਕੁਝ ਸਰੋਤ ਇਹ ਮੰਨਦੇ ਹਨ ਕਿ ਮੂਲ ਰੂਪ ਵਿਚ ਟਮਾਟਰ ਦੱਖਣੀ ਅਮਰੀਕਾ ਦੇ ਪੇਰੂ ਤੋਂ ਆਇਐ।

ਵਿਸ਼ਵ ਵਿਚ 900 ਕਿਸਮ ਦੇ ਟਮਾਟਰਾਂ ਦੀ ਖੇਤੀ ਹੁੰਦੀ ਹੈ। ਇਹ ਸਾਰਾ ਸਾਲ ਰਹਿੰਦੈ। ਪੂਰੇ ਵਿਸ਼ਵ ਵਿਚ ਪਾਇਆ ਜਾਂਦੈ।

ਹੁਣ ਤਾਂ ਟਮਾਟਰ ਕਈ ਰੰਗਾਂ ਦੇ ਹੁੰਦੇ ਹਨ। ਹਰਮਨ ਪਿਆਰੇ ਲਾਲ ਰੰਗ ਤੋਂ ਇਲਾਵਾ ਇਨ੍ਹਾਂ ਵਿਚ ਚਿੱਟੇ/ ਸਫੈਦ, ਪੀਲੇ, ਗੁਲਾਬੀ, ਬੈਂਗਣੀ ਰੰਗੇ ਟਮਾਟਰ ਵੀ ਹੁੰਦੇ ਹਨ। ਹੋਰ ਰੰਗ ਵੀ ਹਨ।

ਇਹ ਸਿਹਤ ਲਈ ਬੜਾ ਗੁਣਕਾਰੀ ਹੈ। ਇਸ ਵਿਚ ਕਈ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਪੱਕੇ ਟਮਾਟਰ 'ਚੋਂ ਸਰੀਰ ਨੂੰ ਲਾਈਕੋਪੀਨ ਤੱਤ ਮਿਲਦੈ। ਇਹ ਪ੍ਰਤੀਰਖਸ਼ਾ ਪ੍ਰਣਾਲੀ ਮਜ਼ਬੂਤ ਕਰਦੈ, ਪਾਚਨ ਪ੍ਰਕਿਰਿਆ, ਹੱਡੀਆਂ, ਚਮੜੀ, ਵਾਲਾਂ ਆਦਿ ਲਈ ਲਾਭਦਾਇਕ ਹੈ। ਇਸ ਦੇ ਹੋਰ ਵੀ ਕਈ ਫਾਇਦੇ ਦੱਸੇ ਗਏ ਹਨ।

1986 ਵਿਚ ਗਿੰਨੀਜ਼ ਬੁੱਕ ਆਫ ਰਿਕਾਰਡਜ਼ ਵਿਚ ਓਕਲਾਹੋਮਾ ਦਾ 3.5 ਕਿਲੋ ਭਾਰ ਦਾ ਸਭ ਤੋਂ ਵੱਡਾ ਟਮਾਟਰ ਦਰਜ ਹੈ (ਹੋ ਸਕਦੈ ਇਹ ਰਿਕਾਰਡ ਨਵਿਆਇਆ ਵੀ ਗਿਆ ਹੋਵੇ)।

ਪਰ ਐਸ ਵੇਲੇ ਤਾਂ ਨਿਕਚੂ ਜਿਹੇ ਟਮਾਟਰ ਦਾ ਰੇਟ ਸੁਣ ਕੇ ਲਾਲ ਲਾਲ ਟਮਾਟਰਾਂ ਨੇ ਸਭ ਦੇ ਰੰਗ ਪੀਲੇ ਕਰ ਦਿੱਤੇ ਹਨ! ਬਸ ਚਿਹਰਿਆਂ ਦੇ ਰੰਗ ਉਡਾ ਹੀ ਛੱਡੇ ਹਨ!

# ਪ੍ਰਵਾਸੀ, ਪ੍ਰਦੇਸੀ ਤੇ ਦੇਸੀ

ਹਰ ਸਾਲ ਜਦ ਵੀ ਮੈਂ ਅਮਰੀਕਾ ਤੋਂ ਪੰਜਾਬ ਆਪਣੇ ਪਿੰਡ ਗਿਆ ਹੋਇਆ ਹੋਵਾਂ ਤਦ ਲਾਗੇ-ਚਾਗੇ ਦੇ ਬਾਹਰੋਂ ਗਏ ਹੋਏ ਹੋਰ ਪ੍ਰਵਾਸੀਆਂ ਨੂੰ ਮਿਲਣ ਗਿਲਣ ਵੇਲੇ ਅਕਸਰ ਪੁੱਛਿਆ ਕਰਦਾ ਹਾਂ ਕਿ ਕਿੰਨੀ ਕੁ ਛੁੱਟੀ ਆਏ ਹੋ ਜੀ? ਉਹ ਜਦ ਕਹਿਣ ਕਿ ਦੋ ਜਾਂ ਚਾਰ 'ਵੀਕਾਂ' ਲਈ, ਤਾਂ ਮੈਂ ਹੱਸ ਕੇ ਕਿਹਾ ਕਰਦਾਂ ਕਿ ਭਰਾਵੋ ਪਿੰਡ ਨੂੰ ਵੀਕਾਂ ਲਈ ਨਹੀਂ ਮਹੀਨਿਆਂ ਲਈ ਆਉਣਾ ਚਾਹੀਦਾ ਐ! ਤਾਂ ਕਿ 'ਖੌਰੂ-ਪੁੱਟ ਮੀਡੀਏ' ਵਲੋਂ ਸਾਡੇ ਮਨਾਂ 'ਚ ਬਿਠਾਏ ਗਏ ਹਾਲਾਤ ਦੇ ਸੱਚ-ਝੂਠ ਦਾ ਆਪਾਂ ਅੱਖੀਂ ਦੇਖ ਕੇ ਖੁਦ ਨਿਰਣਾ ਕਰ ਲਿਆ ਕਰੀਏ!



ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: 1-408-915-1268

ਵੱਖੋ ਵੱਖਰੀਆਂ ਮਜਬੂਰੀਆਂ ਕਾਰਨ ਭਾਵੇਂ ਮਹੀਨਿਆਂ ਵਾਲ਼ਾ 'ਦੇਸ ਵਸੇਬਾ' ਸਾਰੇ ਪ੍ਰਵਾਸੀ ਨਹੀਂ ਕਰ ਸਕਦੇ ਪਰ ਮੇਰੇ 'ਤੇ ਰੱਬ ਦੀ ਕਿਰਪਾ ਹੀ ਕਹਿ ਲਓ ਕਿ ਮੈਂ ਤਕਰੀਬਨ ਹਰ ਸਾਲ ਕਈ ਕਈ ਮਹੀਨਿਆਂ ਲਈ ਆਪਣੇ ਪਿੰਡ ਆਉਂਦਾ ਹਾਂ! ਸਾਈਕਲ ਜਾਂ ਸਕੂਟਰ ਮੇਰੀ ਮਨਭਾਉਂਦੀ ਸਵਾਰੀ ਹੁੰਦੀ ਹੈ! ਪਹਿਲੇ ਕਰੋਨਾ ਕਾਲ ਵਾਂਗ ਬੀਤੇ ਵਰ੍ਹੇ 2022 ਦੇ ਦਸਹਿਰੇ ਤੋਂ ਲੈ ਕੇ 2023 ਦੀ ਵਿਸਾਖੀ ਤੱਕ ਸੱਤ ਮਹੀਨੇ ਮੈਂ ਆਪਣੇ ਪਿੰਡ ਦੁਪਾਲ ਪੁਰ ਰਿਹਾ।

ਐਤਕੀਂ ਘਰ ਦੀ ਸਾਫ ਸਫਾਈ, ਦਰਖਤਾਂ ਦੀ ਕਾਂਟ-ਛਾਂਟ ਅਤੇ ਘਰੇਲੂ ਬਗੀਚੀ ਵਿਚ ਵੇਲ ਬੂਟਿਆਂ ਦੀ ਬੀਜ ਬਿਜਾਈ ਲਈ ਯੂ.ਪੀ ਬਿਹਾਰ ਦੇ ਪ੍ਰਦੇਸੀਆਂ ਨਾਲ ਮੇਰਾ ਵਾਹ ਬਹੁਤ ਪੈਂਦਾ ਰਿਹਾ। ਮੈਂ ਸਮਝਦਾ ਸਾਂ ਕਿ ਇਹ ਲੋਕ ਅਨਪੜ੍ਹ ਹੁੰਦੇ ਨੇ ਤੇ ਇਨ੍ਹਾਂ ਨੂੰ ਪੰਜਾਬੀ ਸੱਭਿਆਚਾਰ ਜਾਂ ਇੱਥੋਂ ਦੇ ਵਰਤੋਂ-ਵਿਹਾਰ ਬਾਰੇ ਕੋਈ ਸੋਝੀ ਨਹੀਂ ਹੋਣੀ। ਪਰ ਇਕ ਦਿਨ ਮੈਨੂੰ ਸਾਈਕਲ ਚਲਾਉਂਦੇ ਜਾਂਦੇ ਨੂੰ ਦੇਖ ਕੇ ਲੰਬੜਾਂ ਦਾ ਭਈਆ ਕਹਿੰਦਾ-

'ਏ ਸ਼ਰਦਾਰ ਜੀ, ਹਾਲੇ ਵੀ ਕੋਈ ਕਸ਼ਰ ਰਹਿੰਦੀ ਆ?'

ਮੈਂ ਹੈਰਾਨ ਹੋਇਆ ਕਿ ਇਹਨੂੰ ਖੇਤਾਂ 'ਚ ਅੱਠੇ ਪਹਿਰ ਕੰਮ ਕਰਦੇ ਨੂੰ ਵੀ ਪਤਾ ਐ ਕਿ ਅਮਰੀਕਾ ਮੁਲਕ, ਦੁਨੀਆ ਭਰ ਦੀ 'ਸੁਪਰ ਪਾਵਰ' ਹੈ, ਜਿੱਥੋਂ ਦਾ ਬਾਸ਼ਿੰਦਾ ਹੁੰਦਿਆਂ ਉਹਦੇ ਮੁਤਾਬਕ ਮੈਂ 'ਸੈਕਲ' ਉੱਤੇ ਘੁੰਮਦਾ ਚੰਗਾ ਨਹੀਂ ਲਗਦਾ!

ਸੰਗਰਾਂਦ ਵਾਲ਼ੇ ਦਿਨ ਮੈਂ ਕੁੱਝ ਰਸਦਾਂ-ਵਸਤਾਂ ਅਤੇ ਦੇਗ ਵਾਸਤੇ ਥੋੜ੍ਹੀ ਮਾਇਆ ਭੇਟ ਕਰਨ ਵਾਸਤੇ ਪਿੰਡ ਦੇ ਗੁਰਦੁਆਰੇ ਗਿਆ। ਭਾਈ ਜੀ ਲੰਗਰ ਹਾਲ ਵਿਚ ਕੜਾਹ ਪ੍ਰਸ਼ਾਦ ਬਣਾਉਣ ਲਈ ਕੜਾਹੀ ਖੌਚਾ ਮਾਂਜ ਰਹੇ ਸਨ। ਉਨ੍ਹਾਂ ਮੈਨੂੰ ਕਿਹਾ ਕਿ ਅੰਦਰ ਪ੍ਰਕਾਸ਼ ਸਥਾਨ ਦੇ ਕੋਲ ਮੇਜ ਉੱਪਰ ਇੱਕ ਕਾਪੀ ਪਈ ਹੈ ਉਸ ਵਿਚ ਮੈਂ ਆਪਣਾ ਨਾਂ ਤੇ ਮਾਇਆ ਆਪੇ ਈ ਲਿਖ ਦੇਵਾਂ।

ਆਪਣਾ ਵੇਰਵਾ ਲਿਖਣ ਤੋਂ ਪਹਿਲਾਂ ਵੈਸੇ ਹੀ ਮੈਂ ਕਾਪੀ ਵਿਚ ਲਿਖੀ ਨਾਂਵਾਂ ਵਾਲੀ ਸੂਚੀ ਦੇਖੀ ਤਾਂ ਉਸ ਵਿਚ 'ਕ੍ਰਿਸ਼ਨਾ ਦੇਵੀ, ਰਾਮ ਭਜ, ਨਰੇਸ਼ ਯਾਦਵ ਅਤੇ ਸ਼ੰਕਰ ਕੁਮਾਰ' ਵਰਗੇ ਆਪਣੇ ਪਿੰਡ ਵਾਸੀਆਂ ਤੋਂ ਓਪਰੇ ਨਾਂ ਪੜ੍ਹ ਕੇ ਮੈਂ ਭਾਈ ਸਾਹਿਬ ਨੂੰ ਪੁੱਛਿਆ ਕਿ ਸਾਡੇ ਪਿੰਡ 'ਚ ਇਹ ਸੱਜਣ ਕੌਣ ਹੋਏ?

ਭਾਈ ਜੀ ਨੇ ਬੜੀ ਅਪਣੱਤ ਤੇ ਮਾਣ ਸਤਿਕਾਰ ਨਾਲ ਮੈਨੂੰ ਜਾਣਕਾਰੀ ਦਿੱਤੀ ਕਿ ਇਹ ਬਿਹਾਰੀ ਲੋਕ ਲੰਬੇ ਅਰਸੇ ਤੋਂ ਪਿੰਡ ਦੀ ਮੰਡੀ ਵਿਚ ਰਹਿੰਦੇ ਨੇ ਅਤੇ ਹਰ ਸੰਗਰਾਂਦੇ ਇਕੱਤੀ ਇਕਵੰਜਾ ਜਾਂ ਕਈ ਵਾਰ ਵੱਧ ਮਾਇਆ ਦੇ ਕੇ ਜਾਂਦੇ ਹਨ। ਜੇ ਬੰਦੇ ਕੰਮਾਂ 'ਤੇ ਗਏ ਹੋਏ ਹੋਣ ਤਾਂ ਇਨ੍ਹਾਂ ਦੇ ਬਾਲ ਬੱਚੇ ਬਾਰਾਂਮਾਹ ਦਾ ਪਾਠ ਸੁਣਨ



ਜ਼ਰੂਰ ਆਉਂਦੇ ਹਨ!

ਸਾਡੇ ਘਰੇ ਝਾੜੂ-ਪੋਚਾ ਲਾਉਣ ਆਉਂਦੀ ਬਿਹਾਰੀ ਬੀਬੀ ਇਕ ਦਿਨ ਕੰਮ ਕਾਰ ਨਿਬੇੜ ਕੇ ਸਾਡੀ ਨੂੰਹ ਨੂੰ ਕਹਿਣ ਲੱਗੀ ਅਖੇ ਬੀਬੀ ਜੀ ਕੱਲ੍ਹ ਕੋ ਹਮ ਨਹੀਂ ਆਏਂਗੇ। ਨੂੰਹ ਵਲੋਂ ਕਾਰਨ ਪੁੱਛਣ 'ਤੇ ਉਹ ਬੋਲੀ-

'ਵੋਹ ਜੋ ਬਾਗ ਵਾਲਾ ਗੁਰੂਦਵਾਰਾ ਹੈ ਨਾ, ਕੱਲ੍ਹ ਕੋ ਉਨਹੋਂ ਨੇ ਬਾਬਾ ਜੀ ਕੋ ਟਰਾਲੀ ਮੇਂ ਬਿਠਾ ਕਰ ਇਧਰ ਉਧਰ ਘੁਮਨਾ ਹੈ..... ਹਮ ਸਭ ਕੋ ਕੱਲ੍ਹ ਟਰਾਲੀਓਂ ਮੇਂ ਬੈਠਨੇ ਕੇ ਲੀਏ ਬੋਲਾ ਹੈ ਉਨਹੋਂ ਨੇ!'

ਆਪਣੇ ਕਮਰੇ 'ਚ ਦਸਤਾਰ ਬੰਨ੍ਹਦੇ ਨੂੰ ਮੈਨੂੰ ਉਸ ਬੀਬੀ ਵਲੋਂ 'ਨਗਰ ਕੀਰਤਨ' ਦੀ ਦੱਸੀ ਗਈ 'ਅਜੀਬ ਪਰਿਭਾਸ਼ਾ' ਸੁਣ ਕੇ ਯਾਦ ਆਇਆ ਕਿ ਸਾਡੇ ਲਾਗਲੇ ਪਿੰਡ ਵਾਲ਼ੇ ਸੱਜਣ ਗੁਰਪੁਰਬ ਤੋਂ ਇਕ ਦਿਨ ਪਹਿਲਾਂ ਨਗਰ ਕੀਰਤਨ ਕੱਢ ਰਹੇ ਹਨ! ਜੋ ਲਾਗਲੇ ਕਈ ਪਿੰਡਾਂ ਦੀ ਪਰਿਕਰਮਾ ਕਰੇਗਾ।

ਉਸ ਨਗਰ ਕੀਰਤਨ ਵਿਚ ਹਾਜ਼ਰੀ ਭਰਦਿਆਂ ਮੈਂ ਦੇਖਿਆ ਕਿ ਬਾਰਾਂ ਤੇਰਾਂ ਟਰੈਕਟਰ-ਟਰਾਲੀਆਂ ਵਿਚੋਂ ਅੱਧੀਆਂ ਕੁ ਉੱਤੇ ਯੂ.ਪੀ ਬਿਹਾਰੀ ਪਰਿਵਾਰਾਂ ਦੀਆਂ ਬੀਬੀਆਂ ਅਤੇ ਬੱਚੇ ਸਜੇ ਬੈਠੇ ਸਨ! ਨਾਲੇ ਤਾਂ ਉਹ ਖੁਸ਼ ਹੋ ਹੋ ਕੇ ਸਮੋਸੇ ਲੱਡੂ ਤੇ ਬਦਾਣੇ-ਭੁਜੀਏ ਦੇ ਡੂੰਨੇ ਛਕ ਰਹੇ ਸਨ ਅਤੇ ਨਾਲ਼ੇ ਹੱਥਾਂ ਵਿਚ ਫੜੇ ਪੌਲੀਥੀਨ ਦੇ ਲਿਫਾਫਿਆਂ ਵਿਚ ਵਰਤਾਇਆ ਜਾ ਰਿਹਾ ਵਾਧੂ ਸਾਮਾਨ ਪਾਈ ਜਾ ਰਹੇ ਸਨ!

ਅਗਵਾਈ ਕਰ ਰਹੇ ਪੰਜਾਂ ਪਿਆਰਿਆਂ ਦੇ ਅੱਗੇ ਅੱਗੇ ਝਾੜੂ ਫੇਰ ਰਹੀਆਂ ਦੇਸੀ ਬੀਬੀਆਂ ਵਿਚ ਕੁੱਝ ਪ੍ਰਦੇਸੀ ਬੀਬੀਆਂ ਵੀ ਉਸੇ ਸ਼ਰਧਾ ਸਤਿਕਾਰ ਨਾਲ ਸੇਵਾ ਕਰ ਰਹੀਆਂ ਸਨ!

ਇਕ ਦਿਨ ਸਾਰੇ ਪਿੰਡ 'ਚ ਰੌਲ਼ਾ ਪੈ ਗਿਆ ਕਿ ਰਾਤੋ ਰਾਤ ਬੇਟ ਟਿਊਬਵੈਲਾਂ ਤੋਂ ਕੋਈ ਪੰਜ ਇੰਜਣ ਖੋਲ੍ਹ ਕੇ ਲੈ ਗਿਆ। ਸਵੇਰੇ ਸੈਰ ਕਰਨ ਗਏ ਨੇ ਮੈਂ ਕੁੱਝ ਪੇਂਡੂਆਂ ਨੂੰ ਪੁੱਛਿਆ ਕਿ 'ਇਹ ਕੰਮ' ਭਈਆਂ ਦਾ ਹੋਣਾ ਐਂ? ਮੈਨੂੰ ਜਵਾਬ ਮਿਲਿਆ ਕਿ ਏਡੇ ਵੱਡੇ ਲੈਵਲ ਦੀ ਚੋਰੀ ਭਈਏ ਨੀ ਕਰ ਸਕਦੇ ਵੀਰਾ!

ਲਾਗਲੇ ਪਿੰਡ ਮਜ਼ੂਰ ਰਹਿੰਦੇ ਆਪਣੇ ਇਕ ਪੁਰਾਣੇ ਮਿੱਤਰ ਨੂੰ ਸਾਈਕਲ 'ਤੇ ਮਿਲਣ ਜਾਂਦਿਆਂ ਇਕ ਹੋਰ ਜਾਣੂ ਮਿਲ ਪਿਆ ਜੋ ਮੇਰੇ ਵਾਂਗ ਹੀ ਵਿਦੇਸ਼ੋਂ ਆ ਕੇ ਆਪਣੇ ਪਿੰਡ ਕਈ ਕਈ ਮਹੀਨੇ ਰਹਿੰਦਾ ਹੈ। ਉਸਨੇ ਮੈਨੂੰ ਸੁਝਾਅ ਦਿੰਦਿਆਂ ਦੱਸਿਆ ਕਿ ਯਾਰ ਜਿਵੇਂ ਮੈਂ ਇੱਥੇ ਆ ਕੇ ਹਰ ਵਾਰ ਨਵਾਂ ਸਾਈਕਲ ਲੈ ਲੈਂਦਾ ਹਾਂ ਤੇ ਕੁਝ ਮਹੀਨਿਆਂ ਬਾਅਦ ਜਾਣ ਲੱਗਾ ਕਿਸੇ ਭਈਏ ਨੂੰ ਫਰੀ ਦੇ ਜਾਂਦਾ ਹਾਂ, ਤੂੰ ਵੀ ਏਦਾਂ ਹੀ ਕਰਿਆ ਕਰ!

ਮੈਨੂੰ ਹਿਰਖ ਜਿਹਾ ਆਇਆ ਕਿ ਭਈਆਂ ਨੂੰ ਹੀ ਕਿਉਂ, ਕਿਸੇ 'ਆਪਣੇ' ਲੋੜਵੰਦ ਭਰਾ ਨੂੰ ਕਿਉਂ ਨਹੀਂ ਦਿੰਦੇ ਤੁਸੀਂ ਸਾਈਕਲ?

ਕਹਿੰਦਾ 'ਆਪਣੇ' ਦੀ ਗੱਲ ਸੁਣ ਲੈ ਭਰਾਵਾ! ਇੱਕ ਵਾਰ ਮੈਂ ਫਲਾਣਾ ਸਿੰਘ ਨੂੰ ਸਾਈਕਲ ਦੇ ਗਿਆ। ਕੁੱਝ ਦਿਨਾਂ ਬਾਅਦ ਉਨ੍ਹਾਂ ਦੇ ਘਰ ਕੋਈ ਮੌਤ ਹੋ ਗਈ। ਮੈਨੂੰ ਕਹਿੰਦੇ ਅਖੇ ਆਪਣਾ 'ਗਰੌਹ ਟਾਲਣ' ਲਈ ਉਹ ਸਾਨੂੰ 'ਲੋਹਾ ਦਾਨ' ਕਰ ਗਿਆ ਐ! ਉਹੀ ਸਾਈਕਲ ਉਨ੍ਹੀਂ ਕਿਸੇ ਭਈਏ ਨੂੰ ਵੇਚ ਕੇ ਪੈਸੇ ਵੱਟ ਲਏ!

ਆਪਣੇ ਪਿੰਡ ਦੇ ਲਾਗਲੇ ਕਸਬੇ ਜਾਡਲੇ ਲਾਗੇ ਸੜਕ ਕੰਢੇ ਫ਼ਲ ਫਰੂਟ ਤੇ ਸਬਜ਼ੀਆਂ ਦੀ ਦੁਕਾਨ ਤੋਂ ਸਾਮਾਨ ਖਰੀਦ ਕੇ ਅੱਗੇ ਲੰਗੜੋਏ ਪਿੰਡ ਵੱਲ ਜਾਣ ਲਈ ਜਦ ਮੈਂ ਸਕੂਟਰ ਸਟਾਰਟ ਕੀਤਾ ਤਾਂ ਦੋ ਝੋਲ਼ੇ ਅਤੇ ਡੱਬਾ ਚੁੱਕੀ ਖੜ੍ਹੇ ਇਕ ਭਈਏ ਵੱਲ ਇਸ਼ਾਰਾ ਕਰ ਕੇ ਦੁਕਾਨਦਾਰ ਮੈਨੂੰ ਕਹਿੰਦਾ ਭਾਅ ਜੀ ਇਹਨੂੰ ਪੈਟਰੋਲ ਪੰਪ ਤੱਕ ਨਾਲ਼ ਲੈ ਜਾਓਗੇ?

ਮੈਂ ਉਹਨੂੰ ਪਿੱਛੇ ਬਿਠਾ ਲਿਆ। ਪੁੱਛਣ ਤੋਂ ਉਸਨੇ ਦੱਸਿਆ ਕਿ ਮੈਂ ਖੇਤਾਂ 'ਚ ਕੰਮ ਕਰਦੇ ਆਪਣੇ ਸਾਥੀਆਂ ਲਈ ਰੋਟੀ ਲੈ ਕੇ ਜਾ ਰਿਹਾ ਹਾਂ! ਰੋਡ 'ਤੇ ਖੇਤਾਂ ਕੋਲ ਪਹੁੰਚ ਕੇ ਉਸ ਨੇ ਸਕੂਟਰ ਰੁਕਵਾਇਆ ਤੇ ਉੱਤਰਨ ਲੱਗਾ ਡੱਬਾ ਤੇ ਝੋਲ਼ੇ ਮੇਰੇ ਮੋਹਰੇ ਨੂੰ ਕਰ ਕੇ ਬੋਲਿਆ-

'ਸ਼ਰਦਾਰ ਜੀ ਪ੍ਰਸ਼ਾਦਾ ਛਕ ਲੋ ਤੁਸੀਂ ਵੀ?'

ਹਾਲਾਂ ਕਿ ਉਸ ਵੇਲੇ ਮੈਂ ਕਾਹ਼ਲੀ ਵਿਚ ਸਾਂ ਪਰ ਉਸਨੇ ਮੈਨੂੰ ਏਨੇ ਮੋਹ ਅਤੇ ਸਤਿਕਾਰ ਨਾਲ 'ਪ੍ਰਸ਼ਾਦਾ ਛਕਣ' ਦੀ ਪੇਸ਼ਕਸ਼ ਕੀਤੀ ਕਿ ਮੇਰੇ ਗਲੇਡੂ ਭਰ ਆਏ! ਸਕੂਟਰ ਖੜ੍ਹਾ ਕਰ ਕੇ ਮੈਂ ਉਹਨੂੰ ਗਲਵਕੜੀ 'ਚ ਲੈ ਲਿਆ! ਧੰਨਵਾਦ ਕਰਦਿਆਂ ਮੈਂ ਉਸਨੂੰ ਪੁੱਛਿਆ ਕਿ ਉਸਨੇ ਏਦਾਂ ਕਿਸੇ ਨੂੰ ਰੋਟੀ ਖਿਲਾਉਣ ਲਈ ਕਹਿਣਾ ਕਿੱਥੋਂ ਸਿੱਖਿਆ ਹੈ?

"ਹਮਾਰੇ ਜੋ ਸ਼ਰਦਾਰ ਜੀ ਹੈਂ ਨਾ ਦੁਕਾਨ ਪੇ..." ਉਹ ਜਵਾਬ ਦੇਣ ਲੱਗਾ-".......ਵੋਹ ਜਬ ਖਾਣਾ ਖਾ ਰਹੇ ਹੋਤੇ ਹੈਂ, ਉਸ ਸਮਯ ਦੁਕਾਨ ਪਰ ਕੋਈ ਵੀ ਗ੍ਰਾਹਕ ਆ ਜਾਏ..... ਵੋ ਉਸਕੋ ਪਹਲੇ ਯੇਹ ਜਰੂਰ ਕਹਤੇ ਹੈਂ-'ਪ੍ਰਸ਼ਾਦਾ ਛਕ ਲੋ ਪਾਜੀ'...!"

# ਘਰ ਉਦਾਸ ਹਨ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਘਰ ਅਕਸਰ ਉਦਾਸ ਹੋ ਹੀ ਜਾਂਦੇ ਜਦ ਘਰ ਵਾਲੇ ਘਰ ਨਹੀਂ ਪਰਤਦੇ ਜਾਂ ਘਰਾਂ ਵਾਲਿਆਂ ਨੂੰ ਘਰਾਂ ਦਾ ਚੇਤਾ ਨਹੀਂ ਰਹਿੰਦਾ। ਘਰ ਜਿਸਦੇ ਕਮਰੇ ਕਦੇ ਰੰਗ-ਸ਼ਾਲਾ, ਕਦੇ ਰਾਗ-ਸ਼ਾਲਾ, ਕਦੇ ਰਸ-ਸ਼ਾਲਾ ਤੇ ਕਦੇ ਰਮਜ਼-ਸ਼ਾਲਾ ਸਨ। ਅੱਜ ਕੱਲ੍ਹ ਖਾਮੋਸ਼ ਨੇ ਗੁਫ਼ਤਗੂਆਂ, ਸ਼ਰਾਰਤਾਂ ਤੇ ਜ਼ਿੰਦਗੀ ਦੇ ਜਸ਼ਨ ਅਤੇ ਉਨ੍ਹਾਂ ਜਸ਼ਨਾਂ ਵਿਚ ਘਰ ਨੂੰ ਘਰ ਹੋਣ ਦਾ ਰੁਤਬਾ।

ਕੰਧਾਂ 'ਤੇ ਮਾਰੀਆਂ ਲੀਕਾਂ ਵਾਲੀ ਚਿੱਤਰਕਾਰੀ ਉਡੀਕਦੀ ਹੈ ਨਿੱਕੇ ਨਿੱਕੇ ਹੱਥਾਂ ਅਤੇ ਬਚਪਨੇ ਨੂੰ ਜੋ ਜਵਾਨ ਹੋ ਕੇ ਉਡਾਰੀ ਮਾਰ ਗਏ। ਪਰ ਲੀਕਾਂ ਤੇ ਚਿੱਤਰ ਅਜੇ ਤੀਕ ਬਚਪਨੇ ਵਿਚ ਹੀ ਹਨ। ਬੱਚੇ ਤਾਂ ਵੱਡੇ ਹੋ ਜਾਂਦੇ ਨੇ ਜਦ ਕਿ ਉਨ੍ਹਾਂ ਦਾ ਬਚਪਨਾ ਤਾਂ ਕਮਰਿਆਂ ਵਿਚ ਮਹਿਕਦਾ ਰਹਿੰਦਾ। ਕੰਧ 'ਤੇ ਲਟਕਦੇ ਕੈਲੰਡਰ ਵਿਚੋਂ ਮਿਟ ਗਈਆਂ ਨੇ ਤਾਰੀਖਾਂ ਕਿਉਂਕਿ ਤਾਰੀਖ਼ਾਂ 'ਤੇ ਨਿਸ਼ਾਨ ਲਾਉਣ ਵਾਲੇ ਬਹੁਤ ਦੂਰ ਤੁਰ ਗਏ। ਉਨ੍ਹਾਂ ਦੇ ਚੇਤਿਆਂ ਵਿਚ ਕਦੇ ਨਹੀਂ ਆਈਆਂ ਤਾਰੀਖ਼ਾਂ। ਪਰ ਤਾਰੀਖ਼ਾਂ ਦੇ ਨਿਸ਼ਾਨਾਂ ਨੂੰ ਹੁਣ ਤੀਕ ਵੀ ਆਪਣਿਆਂ ਦੇ ਆਉਣ ਦੀ ਆਸ ਹੈ।

ਘਰ ਦੀ ਉਦਾਸੀ ਦਾ ਇਹ ਕੇਹਾ ਆਲਮ ਕਿ ਛੱਤ ਉਪਰ ਅਤੇ ਕੰਧਾਂ ਦੀਆਂ ਖੋੜਾਂ ਵਿਚ ਉਗ ਆਏ ਨੇ ਬੋਹੜ ਅਤੇ ਪਿੱਪਲ। ਇਹ ਕੱਟੇ ਜਾਣ ਤੋਂ ਬਾਅਦ ਵੀ ਉਗਣ ਲਈ ਹਮੇਸ਼ਾ ਬਜ਼ਿੱਦ ਕਿਉਂਕਿ ਘਰ ਦੀ ਉਦਾਸੀ ਨੂੰ ਤਾਂ ਹੁਣ ਇਨ੍ਹਾਂ ਦੇ ਸਾਥ ਦੀ ਲੋੜ ਹੈ। ਘਰ ਸੱਚੀਂ ਬਹੁਤ ਉਦਾਸ ਹੋ ਜਾਂਦਾ ਜਦ ਘਰ ਫਿਰ ਮਕਾਨ ਬਣ ਜਾਂਦਾ। ਮਕਾਨ ਜਿਸ ਵਿਚ ਕਮਰੇ ਵੀ ਹੁੰਦੇ। ਕੰਧਾਂ, ਬੂਹੇ, ਬਾਰੀਆਂ ਤੇ ਰੌਸ਼ਨਦਾਨ ਵੀ ਹੁੰਦੇ। ਪਰ ਮਕਾਨ ਨੂੰ ਘਰ ਬਣਾਉਣ ਵਾਲੇ ਨਹੀਂ ਹੁੰਦੇ।

ਘਰ ਉਦਾਸ ਹੋ ਜਾਂਦਾ ਜਦ ਬੰਦ ਬੂਹੇ, ਖਿੜਕੀਆਂ ਤੇ ਰੌਸ਼ਨਦਾਨਾਂ ਵਿਚ ਦੁੱਬਕੀ ਹਵਾ ਸਾਹ ਲੈਣ ਤੋਂ ਵੀ ਆਤੁਰ ਹੋ ਜਾਂਦੀ। ਘਰ ਦੀਆਂ ਵਸਤਾਂ ਵਿਚ ਉਤਰੀ ਬੇਤਰਤੀਬੀ ਅਤੇ ਉਨ੍ਹਾਂ ਦੇ ਚਿੱਤ ਵਿਚ ਆਪਣੀ ਹੋਂਦ ਦੇ ਖੰਡਤ ਹੋ ਜਾਣ ਦਾ ਖਦਸ਼ਾ ਘਰ ਨੂੰ ਰੋਣ ਲਾਉਂਦਾ। ਘਰ ਬਹੁਤ ਉਦਾਸ ਹੀ ਤਾਂ ਹੋ ਜਾਂਦਾ ਜਦ ਇਸਦੇ ਬੰਨੇਰਿਆਂ 'ਤੇ ਪਿੱਘਲੀ ਮੋਮ ਨੂੰ 'ਕੱਠਾ ਕਰਨ ਵਾਲੇ ਨਿੱਕੇ ਨਿੱਕੇ ਹੱਥ ਵੱਡੇ ਹੋ ਪ੍ਰਵਾਜ਼ ਭਰ ਜਾਂਦੇ। ਬੰਨੇਰਿਆਂ ਨੂੰ ਯਾਦ ਆਉਂਦਾ ਕਿ ਕਦੇ ਉਹ ਦੀਵਾਲੀ ਤੋਂ ਅਗਲੀ ਸਵੇਰ ਨੂੰ ਬੰਨੇਰਿਆਂ ਤੋਂ ਪਿਘਲੀ ਮੋਮ 'ਕੱਠੀ ਕਰ ਫਿਰ ਮੋਮਬੱਤੀ ਬਣਾਉਣ ਦੀ ਕੋਸ਼ਿਸ਼ ਕਰਦੇ ਸਨ।

ਹੁਣ ਘਰ ਸੁੰਨਯ ਦੀ ਜੂਨ ਵਿਚ ਹੈ ਕਿਉਂਕਿ ਆਲ਼ੇ ਵਿਚ ਪਿਆ ਦੀਵਾ ਸਿਸਕਦਾ ਚੁੱਲ੍ਹੇ ਵਿਚ ਉਗ ਆਇਆ ਘਾਹ। ਚੌਂਕੇ ਵਿਚ ਪਸਰੀ ਹੈ ਬੇਰੌਣਕੀ। ਓਟੇ ਦੀਆਂ ਚਿੜੀਆਂ, ਆਟੇ ਦੀ ਚਿੜੀ ਨਾਲ ਖੇਡਣ ਨੂੰ ਤਰਸ ਗਈਆਂ ਨੇ। ਉਦਾਸ ਹੋਇਆ ਘਰ ਸੋਚਦਾ ਹੈ ਕਿ ਮੈਂ ਅਜੇਹਾ ਤਾਂ ਨਹੀਂ ਸੀ। ਅਜੇਹਾ ਕਿਉਂ ਹੋਇਆ? ਘਰ ਵਾਲੇ ਘਰਾਂ ਤੋਂ ਦੂਰ ਕਿਉਂ ਗਏ? ਘਰ ਨੂੰ ਕਿਵੇਂ ਦੱਸਾਂ ਕਿ ਘਰਾਂ ਤੋਂ ਦੂਰ ਜਾਣਾ ਕਿੰਨਾ ਔਖਾ? ਇਸ ਤੋਂ ਜ਼ਿਆਦਾ ਔਖਾ ਹੁੰਦਾ ਹੈ 'ਕੇਰਾਂ ਦੂਰ ਜਾ ਕੇ ਫਿਰ ਘਰਾਂ ਨੂੰ ਪਰਤਣਾ।

ਦਰਅਸਲ ਘਰੋਂ ਬਾਹਰ ਜਾ ਕੇ ਆਪਣਾ ਘਰ ਕਦੇ ਮਨਫ਼ੀ ਨਹੀਂ ਹੁੰਦਾ। ਪੁਰਾਣੇ ਘਰ ਦੇ ਨਕਸ਼, ਨਵੇਂ ਘਰ ਵਿਚੋਂ ਲੱਭਦਿਆਂ ਹੀ ਉਮਰ ਬੀਤ ਜਾਂਦੀ। ਘਰ ਤੁਹਾਡੇ ਅੰਤਰੀਵ ਵਿਚ ਵੱਸਦਾ। ਫਿਰ ਘਰ ਤੁਹਾਨੂੰ ਅਤੇ ਤੁਸੀਂ ਘਰ ਨੂੰ ਕਿਵੇਂ ਭੁੱਲ ਜਾਵੋਗੇ? ਸਿਰਫ਼ ਚੇਤੇ ਆਵੇਗੀ ਉਦਾਸੀ ਦੀ ਗਾੜ੍ਹੀ ਪਰਤ।

ਘਰ ਨਾਲ ਕੀਤੀ ਜਾਣ ਵਾਲੀ ਗੁਫ਼ਤਗੂ ਦਾ ਖਾਮੋਸ਼ ਹੋਣਾ, ਘਰ ਨੂੰ ਬਹੁਤ ਨਿਰਾਸ਼ ਕਰ ਦਿੰਦਾ। ਦੋਸਤੋ! ਘਰ ਨੂੰ ਕਦੇ ਕਦੇ ਮਿਲਦੇ ਰਿਹਾ ਕਰੋ। ਵਰਨਾ ਘਰਾਂ ਨੂੰ ਮਕਾਨ ਬਣਦਿਆਂ ਦੇਰ ਨਹੀਂ ਲੱਗਦੀ। ਮਕਾਨ ਦੀਆਂ ਕੰਧਾਂ ਬੜੀ ਜਲਦੀ ਤਿੜਕ ਜਾਂਦੀਆਂ ਕਿਉਂਕਿ ਕੰਧਾਂ ਵਿਚ ਵਿੱਥਾਂ, ਵਿਰਲਾਂ ਤੇ ਖੋੜਾਂ ਹੁੰਦੀਆਂ ਜਿਨ੍ਹਾਂ 'ਚ ਕਬੂਤਰ ਆਲ੍ਹਣਾ ਪਾ ਲੈਂਦੇ।

ਘਰ ਉਦਾਸ ਹੁੰਦਾ ਜਦ ਛੱਤਾਂ 'ਤੇ ਲੱਗੇ ਜ਼ਾਲੇ ਦੇਖਦਾ ਜੋ ਵੈਰਾਨਗੀ ਦਾ ਸੂਲ ਬਣ ਘਰ ਦੇ ਸੀਨੇ ਵਿਚ ਡੂੰਘਾ ਉਤਰਦਾ। ਇਹ ਜ਼ਾਲੇ ਹੀ ਹੁੰਦੇ ਨੇ ਘਰ ਦੀ ਪਰੇਸ਼ਾਨੀ ਅਤੇ ਘਰ ਦੇ ਗੁੰਮ ਜਾਣ ਦੀ ਨਿਸ਼ਾਨੀ। ਘਰ, ਘਰ ਹੀ ਹੁੰਦਾ। ਕਦੇ-ਕਦਾਈਂ, ਸਾਲ-ਛਿਮਾਹੀਂ, ਬੱਧੋਰੁੱਧੇ ਜਾਂ ਚਾਈਂ-ਚਾਈਂ ਆਉਂਦੇ ਜਾਂਦੇ, ਘਰ ਨੂੰ ਮਿਲਦੇ ਰਿਹਾ ਕਰੋ ਜੋ ਤੁਹਾਡੇ ਪੁਰਖ਼ਿਆਂ ਦੀ ਅਮਾਨਤ ਨੇ। ਇਸ 'ਚ ਖ਼ਿਆਨਤ ਨਾ ਕਰੋ। ਘਰ ਨੂੰ ਮਿਲਦੇ ਗਿਲਦੇ ਰਿਹਾ ਕਰੋ।

ਘਰ ਨੂੰ ਹੁਣ ਤੀਕ ਯਾਦ ਹੈ ਜਦ ਉਹ ਸੱਖਣਾ ਹੁੰਦਿਆਂ ਵੀ ਘਰ ਵਾਲਿਆਂ ਨਾਲ ਭਰਿਆ ਭਰਿਆ ਲੱਗਦਾ ਸੀ ਕਿਉਂਕਿ ਘਰ, ਘਰ ਜੁ ਹੁੰਦਾ। ਪਰ ਅੱਜ-ਕੱਲ ਭਰਿਆ ਹੋਇਆ ਵੀ ਘਰ ਵਾਲਿਆਂ ਤੋਂ ਬਗੈਰ ਸੱਖਣਾ ਲੱਗਦਾ।

ਅੱਜ ਕੱਲ ਘਰ ਬਹੁਤ ਖਾਮੋਸ਼ ਹਨ ਕਿਉਂਕਿ ਨਿੱਕੇ ਨਿੱਕੇ ਘਰਾਂ ਨੂੰ ਵੱਡੇ ਵੱਡੇ ਸਮਝਣ ਵਾਲੇ ਲੋਕ ਨਹੀਂ ਰਹੇ। ਹੁਣ ਅਸੀਂ ਵੱਡੇ ਵੱਡੇ ਘਰਾਂ ਨੂੰ ਬੌਣੇ ਜਹੇ ਬਣਾ ਦਿਤਾ ਹੈ। ਘਰ ਨੂੰ ਟੋਟਿਆਂ ਵਿਚ ਤਕਸੀਮ ਕਰ ਲਿਵਿੰਗ ਰੂਮ, ਬੈੱਡ ਰੂਮ, ਪਾਰਟੀ ਰੂਮ, ਪਲੇਅ ਰੂਮ, ਗੈਸਟ ਰੂਮ ਤੇ ਬੀਅਰ ਬਾਰ ਵਿਚ ਬਦਲ ਦਿਤਾ ਹੈ। ਤੇ ਟੋਟਿਆਂ 'ਚ ਵੰਡੇ ਜਾਣਾ, ਘਰ ਨੂੰ ਬਹੁਤ ਅੱਖਰਦਾ ਹੈ।

ਘਰ ਉਦਾਸ ਹੋ ਜਾਂਦਾ ਜਦ ਘਰ ਗੈਸਟ ਹਾਊਸ, ਪੀਜੀ ਹਾਊਸ, ਸੀਨੀਅਰ ਹੋਮ ਜਾਂ ਓਲਡਏਜ ਹੋਮ ਦਾ ਨਾਮਕਰਣ ਹੋ, ਘਰ ਦੇ ਅਰਥ ਹੀ ਗਵਾ ਬਹਿੰਦਾ। ਘਰ ਹੁਣ ਚੁੱਪ ਹੋ ਗਿਆ ਹੈ ਕਿਉਂਕਿ ਘਰ ਨੇ ਉਹ ਵੇਲੇ ਦੇਖੇ ਜਦ ਖੁੱਲ੍ਹੇ ਦਰਾਂ ਥੀਂ ਕੋਈ ਵੀ ਪ੍ਰਾਹੁਣਾ, ਕਿਸੇ ਵੀ ਵੇਲੇ ਘਰ ਆਣ ਵੜਦਾ। ਚੁੱਲ੍ਹਾ ਤਪਦਾ ਰਹਿੰਦਾ ਤੇ ਪਰਾਤ 'ਚੋਂ ਆਟਾ ਭੁੜਕਦਾ। ਘਰ, ਘਰ ਬਣ ਜਾਂਦਾ। ਘਰ ਵਿਚ ਰਿਸ਼ਤੇਦਾਰਾਂ ਤੇ ਸਨੇਹੀਆਂ ਦਾ ਆਣਾ-ਜਾਣਾ ਜਾਰੀ ਰਹਿੰਦਾ।

ਬੱਚਿਆਂ ਦੇ ਹਮਜੋਲੀ ਅਕਸਰ ਹੀ ਚੁੱਪ ਚੁਪੀਤੇ ਘਰ ਆਣ ਵੜਦੇ। ਉਨ੍ਹਾਂ ਦਾ ਸ਼ੋਰਗੁਲ ਘਰ ਦੀ ਫਿਜ਼ਾ ਨੂੰ ਰੰਗਸ਼ੀਲ ਬਣਾ, ਇਸਦੇ ਮੁਖੜੇ ਨੂੰ ਸੂਹਾ ਤੇ ਰੱਤਾ ਕਰ ਦਿੰਦਾ। ਬੱਚਿਆਂ ਦਾ ਖੇਡਣਾ, ਹੱਸਣਾ, ਰੋਣਾ, ਰੁੱਸਣਾ ਅਤੇ ਮੰਨਣਾ, ਘਰ ਦੇ ਮਾਹੌਲ ਨੂੰ ਘਰੋਗੀ ਬਣਾਉਂਦਾ। ਇਹੀ ਤਾਂ ਹੁੰਦਾ ਏ ਘਰ ਯਾਰੋ। ਜਦ ਇਹ ਸਭ ਕੁਝ ਹੀ ਘਰ 'ਚ ਨਾ ਰਹੇ ਤਾਂ ਘਰ ਦਾ ਚੁੱਪ ਹੋਣਾ ਲਾਜ਼ਮੀ ਹੁੰਦਾ। ਸੱਚੀਂ! ਹੁਣ ਘਰ ਤਾਂ ਉਦਾਸ ਹੀ ਆ। ਹੁਣ ਘਰ ਦੇ ਕਮਰਿਆਂ 'ਚ ਰਹਿਣ ਵਾਲੇ ਵੀ ਸਿਰਫ਼ ਤਾਬੂਤ ਬਣੇ, ਵਿਚਾਰਾਂ ਦੀ ਤੰਗਦਿਲੀ 'ਚ ਸਾਹਾਂ ਨੂੰ ਸਿਉਂਕ ਰਹੇ। ਜਦ ਘਰ ਵਾਲੇ ਹੀ ਸਿਊਂਕੇ ਜਾਣ ਲੱਗ ਪੈਣ ਤਾਂ ਘਰ ਮਾਤਮੀ ਚੁੱਪ ਹੰਢਾਉਣ ਲੱਗਦਾ। ਇਹੀ ਮਾਤਮੀ ਚੁੱਪ ਅੱਜ ਕੱਲ੍ਹ ਹਰ ਘਰ ਵਿਚ ਵੱਸਦੀ ਹੈ।

ਘਰ ਬਹੁਤ ਮਜਬੂਰ ਹੋ ਗਿਆ ਏ ਯਾਰੋ। ਘਰ ਨੇ ਮਜਬੂਰ ਹੀ ਹੋਣਾ ਸੀ ਜਦ ਇਸਦੇ ਬਾਹਰਲੇ ਬੂਹੇ, ਹਰ ਕਮਰੇ ਤੇ ਅਲਮਾਰੀ ਦੀ ਤਾਲਾ ਬੰਦੀ ਹੋ ਗਈ ਹੋਵੇ ਅਤੇ ਗਵਾਚੀਆਂ ਚਾਬੀਆਂ ਵਾਲੇ ਲੋਕ ਘਰ ਵਾਲੇ ਹੋਣ ਦਾ ਭਰਮ ਪਾਲਦੇ ਹੋਣ। ਤਾਂ ਸੱਚੀਂ ਮੁੱਚੀ ਘਰ ਮਜਬੂਰ ਹੋ ਜਾਂਦਾ ਤਿੜਕਣ ਲਈ, ਟੁੱਟਣ ਲਈ ਤੇ ਖੰਡਰਾਤ ਬਣਨ ਲਈ ਤੇ ਫਿਰ ਰੇਜ਼ਾ ਰੇਜ਼ਾ ਹੋ ਕੇ ਭੁਰਨ ਲਈ।

ਅਜੋਕੇ ਦੌਰ ਵਿਚ ਇਹੀ ਉਦਾਸੀ ਤੁਹਾਨੂੰ ਘਰ ਦੀ ਹਰ ਨੁੱਕਰ, ਖੂੰਝੇ, ਛੱਤਾਂ, ਬੰਨੇਰਿਆਂ, ਕੰਧਾਂ, ਕੌਲਿਆਂ, ਓਟਿਆਂ ਤੇ ਦਰਵਾਜਿਆਂ 'ਚੋਂ ਨਜ਼ਰ ਆਵੇਗੀ। ਜਦ ਘਰ ਨੂੰ ਇਹ ਕੁਲਹਿਣੀ ਰੁੱਤ ਹੀ ਨਿਗਲ ਲਵੇ ਤਾਂ ਘਰ ਦਾ ਬਚਦਾ ਹੀ ਕੀ ਏ। ਘਰ ਦਾ ਮਰ ਜਾਂਦਾ ਜੀਅ ਏ। ਮਰੇ ਹੋਏ ਘਰਾਂ ਵਾਲਿਆਂ ਦੇ ਨਾਲ ਹੀ ਘਰ ਵੀ ਦਫ਼ਨ ਹੋ ਜਾਂਦਾ। ਅਜੇਹੇ ਘਰਾਂ ਵਿਚ ਲੋਕ ਨਹੀਂ ਸਗੋਂ ਕਬਰਾਂ ਦੀ ਚੁੱਪ ਵੱਸਦੀ ਏ।

ਘਰ ਅਨਾਥ ਹੋ ਗਏ ਨੇ ਕਿਉਂਕਿ ਘਰ ਨੇ ਅੱਖੀਂ ਦੇਖਿਆ ਹੈ ਦੋ ਜੀਆਂ ਤੋਂ ਪਰਿਵਾਰ ਦਾ ਸਿਰਜਣਾ ਸਫ਼ਰ। ਪਰਿਵਾਰ ਨੇ ਹੀ ਢਾਂਚੇ ਨੂੰ ਘਰ ਬਣਾਇਆ ਸੀ। ਪਰ ਜਦ ਪ੍ਰਵਾਜ਼ ਭਰ ਗਏ ਬੋਟ ਹੀ ਪਰਤ ਕੇ ਨਾ ਆਉਣ ਤਾਂ ਮਾਪੇ ਯਤੀਮ ਹੋ ਜਾਂਦੇ। ਯਤੀਮ ਮਾਪਿਆਂ ਨਾਲ ਰਹਿ ਘਰ ਅਨਾਥ ਹੋ ਜਾਂਦਾ ਅਤੇ ਅਨਾਥ ਹੋਏ ਘਰ ਦਾ ਵਕਤ ਅਤੇ ਵਖਤ ਦੀ ਮਾਰ 'ਚ ਮਲੀਆ ਮੇਟ ਹੋ ਜਾਣਾ ਤੈਅ ਹੁੰਦਾ। ਘਰ ਨੂੰ ਨਿਗਲ ਜਾਣ ਵਾਲੇ ਇਸ ਸੱਚ ਨੂੰ ਕੌਣ ਸਮਝੇਗਾ?

ਘਰ ਮਾਯੂਸ ਹੋ ਜਾਂਦਾ ਜਦ ਘਰ 'ਚੋਂ ਅੱਖਰ ਗਵਾਚ ਜਾਂਦੇ। ਅਦਬ ਰੁੱਸ ਜਾਂਦਾ। ਅਰਦਾਸ ਖਾਮੋਸ਼ ਹੋ ਜਾਂਦੀ ਤੇ ਆਓ-ਭਗਤ ਅੰਤਮ ਸਾਹਾਂ 'ਤੇ ਹੁੰਦੀ। ਘਰ ਸਿਰਫ਼ ਘਰ ਹੀ ਨਹੀਂ ਹੁੰਦਾ। ਸਗੋਂ ਘਰ ਤਾਂ ਗਿਆਨ, ਆਦਰ ਅਤੇ ਸਤਿਕਾਰ ਦਾ ਅਜੂਬਾ ਜਿਸ ਤੋਂ ਨਵੀਆਂ ਪੀੜ੍ਹੀਆਂ ਨੇ ਨਵੀਂ ਰੰਗਤ ਲੈ, ਨਵੇਂ ਵਰਤਾਰਿਆਂ, ਸਰੋਕਾਰਾਂ ਅਤੇ ਸੰਵੇਦਨਾਵਾਂ 'ਚ ਖੁਦ ਨੂੰ ਰੰਗਣਾ ਹੁੰਦਾ।

ਘਰ 'ਚੋਂ ਘਰ ਦੇ ਸਰੋਕਾਰਾਂ ਦਾ ਗੁੰਮ ਹੋਣਾ ਹੀ ਘਰ ਨੂੰ ਖਾਮੋਸ਼ ਕਰ ਦਿੰਦਾ। ਘਰ ਨੂੰ ਘਰ ਨਹੀਂ ਰਹਿਣ ਦਿੰਦਾ। ਅਜੇਹਾ ਅੱਜ-ਕੱਲ ਸਾਡੇ ਹੀ ਘਰਾਂ 'ਚ ਹੋ ਰਿਹਾ। ਤਾਂ ਹੀ ਘਰ ਬਹੁਤ ਮਾਯੂਸ ਨੇ।

ਘਰ ਚੱਸਕਦਾ ਹੈ ਜਦ ਘਰ ਵਿਚ ਕੰਧਾਂ ਉਗਦੀਆਂ ਜੋ ਘਰ ਨੂੰ ਟੋਟਿਆਂ 'ਚ ਤਕਸੀਮ ਕਰਦੀਆਂ। ਟੁਕੜੇ ਟੁਕੜੇ ਹੋਣਾ ਘਰ ਨੂੰ ਬਹੁਤ ਪੀੜਤ ਕਰਦਾ। ਘਰ, ਘਰ ਹੀ ਨਹੀਂ ਰਹਿੰਦਾ ਅਤੇ ਘਰ ਬਹੁਤ ਉਦਾਸ ਹੋ ਜਾਂਦਾ। ਸਦਾ ਮਹਿਕਣ ਤੇ ਟਹਿਕਣ ਵਾਲਾ ਘਰ ਜਦ ਘਰ ਬੰਗਲੇ ਤੇ ਕੋਠੀਆਂ ਬਣ ਜਾਂਦਾ ਤਾਂ ਘਰ ਦਾ ਵਜੂਦ ਮਨਫ਼ੀ ਹੋ ਜਾਂਦਾ। ਪੱਥਰਾਂ ਵਿਚ ਪਥਰਾਅ ਜਾਂਦੀ ਮਿੱਟੀ ਦੀ ਮਹਿਕ। ਤੇ ਮਿੱਟੀ ਵਿਹੂਣਾ ਘਰ, ਘਰ ਨਹੀਂ ਰਹਿੰਦਾ। ਤਾਂ ਘਰ ਬਹੁਤ ਹਤਾਸ਼ ਹੋ ਜਾਂਦਾ।

ਘਰ ਹਮੇਸ਼ਾ ਗੱਲਾਂ ਬਾਤਾਂ ਤੇ ਹੁੰਗਾਰਿਆਂ, ਨਿੱਕੇ ਨਿੱਕੇ ਤਕਰਾਰਾਂ ਵਿਚ ਚੰਗਾ ਮਹਿਸੂਸਦਾ। ਜਦ ਬਜ਼ੁਰਗ ਬੱਚਿਆਂ ਦੇ ਤੋਤਲੇ ਬੋਲ ਸੁਣਨ ਲਈ ਤਰਸ ਜਾਣ। ਪਰੀ-ਕਹਾਣੀਆਂ, ਗਾਥਾਵਾਂ ਅਤੇ ਕਿੱਸੇ ਸਿਸਕ ਜਾਣ। ਬੱਚੇ ਘਰਾਂ ਨੂੰ ਹੀ ਨਾ ਪਰਤਣ ਤਾਂ ਉਹ ਦਰਾਂ 'ਤੇ ਬੈਠੇ ਬੈਠੇ, ਇਕ ਹੌਕਾ ਬਣ ਕੇ ਰਹਿ ਜਾਂਦੇ। ਇਸ ਹੌਕੇ ਵਿਚ ਘਰ ਬਹੁਤ ਉਦਾਸ ਹੋ ਜਾਂਦਾ।

ਘਰ ਹਿਰਖ਼ ਜਾਂਦਾ ਜਦ ਗਮਲਿਆਂ ਵਿਚ ਕਾਗਜ਼ੀ ਫੁੱਲ ਉਗਣ ਲੱਗਦੇ। ਕਿਆਰੀਆਂ ਵਿਚ ਇਕੱਲਤਾ ਮੌਲਦੀ। ਲਾਅਨ ਵਿਚ ਥੋਹਰਾਂ ਦਿਸਦੀਆਂ ਅਤੇ ਬਗੀਚਿਆਂ ਵਿਚ ਸਿੱਤਮ ਉਗਦਾ ਅਤੇ ਇਸ ਸਿੱਤਮ ਵਿਚ ਘਰ ਗ਼ਮਗੀਨ ਹੋ ਜਾਂਦਾ। ਘਰ ਨੇ ਚੁੱਪ ਹੋਣਾ ਹੀ ਹੋਇਆ ਜਦ ਚਾਨਣੀ ਰਾਤ 'ਚ ਕੋਸੀ ਕੋਸੀ ਗੁਫ਼ਤਗੂ ਹਾਵੇ ਭਰੇ ਅਤੇ ਸਪਰਸ਼ 'ਚੋਂ ਸੁਖਨ ਮਾਨਣ ਦੀ ਲਾਲਸਾ ਮਰੇ। ਕਮਰਾ ਚੁੱਪ ਹੋ ਜਾਂਦਾ। ਸਿਲਵਟਾਂ ਖਾਮੋਸ਼ ਹੋ ਜਾਂਦੀਆਂ ਅਤੇ ਸਿਲਵਟਾਂ ਦੀ ਖਾਮੋਸ਼ੀ ਵਿਚ ਘਰ ਖੌਫ਼ਜ਼ਦਾ ਖਾਮੋਸ਼ੀ ਹੰਢਾਉਂਦਾ।

ਘਰਾਂ ਵਾਲਿਓ! ਘਰਾਂ ਨੂੰ ਹਜ਼ਮ ਜਾਣ ਵਾਲੀ ਉਦਾਸੀ ਨੂੰ ਹਰਨ ਲਈ, ਕਦੇ ਕਦੇ ਘਰਾਂ ਨੂੰ ਜ਼ਰੂਰ ਪਰਤੀਏ। ਘਰ ਸਦਾ ਹੀ ਘਰ ਬਣਨ ਲਈ ਆਸਵੰਦ। ਤਾਂ ਹੀ ਉਹ ਬਾਹਾਂ ਅੱਡੀ ਘਰਾਂ ਵਾਲਿਆਂ ਨੂੰ ਉਡੀਕਦੇ। ਕਦੇ ਕਦਾਈਂ ਬੰਦ ਦਰਾਂ 'ਤੇ ਦਸਤਕ ਦਿੰਦੇ ਰਿਹਾ ਕਰੋ ਘਰ ਵੱਸਦੇ ਤੇ ਹੱਸਦੇ ਰਹਿਣਗੇ।


ਯਾਦ ਰੱਖਣਾ! ਬੁੱਝੀਆਂ ਮੋਮਬੱਤੀਆਂ ਵਾਲੇ ਬੰਨੇਰੇ ਘਰਾਂ ਦੇ ਨਹੀਂ ਹੁੰਦੇ। ਨਾ ਹੀ ਦੀਵਿਆਂ ਨੂੰ ਉਡੀਕਦੇ ਆਲ਼ੇ ਘਰਾਂ ਦੇ ਸਿਰਨਾਵੇਂ ਹੁੰਦੇ। ਘਰ ਤਾਂ ਰੌਸ਼ਨੀਆਂ ਦਾ ਰੰਗਮੰਚ ਹੁੰਦੇ। ਭਾਵੇਂ ਚਿਰਾਗ ਦਾ ਕੋਈ ਘਰ ਨਹੀਂ ਹੁੰਦਾ, ਪਰ ਜਿਥੇ ਵੀ ਚਿਰਾਗ ਜਗਦਾ ਹੈ ਉਹ ਹੀ ਘਰ ਬਣ ਜਾਂਦਾ ਹੈ।

# ਪਰਵਾਸੀ ਪੰਜਾਬੀਆਂ ਦਾ ਸੱਚ ਵਿਖਾਵੇਗਾ 'ਮੁੰਡਾ ਸਾਊਥਾਲ ਦਾ'

ਪੰਜਾਬੀ ਸਿਨੇਮਾ ਦੀ ਵਾਗਡੋਰ ਹੁਣ ਨੌਜਵਾਨ ਹੱਥਾਂ ਵਿਚ ਆਉਂਦੀ ਜਾ ਰਹੀ ਹੈ। ਇਹ ਨੌਜਵਾਨ ਫ਼ਿਲਮ ਮੇਕਰ ਪੰਜਾਬੀ ਸਿਨੇਮਾ ਨੂੰ ਵੱਖਰੇ ਮੁਕਾਮ 'ਤੇ ਲੈ ਕੇ ਜਾਣ ਦਾ ਜਜ਼ਬਾ ਰੱਖਦੇ ਹਨ। ਇਸੇ ਲਈ ਫਿਲਮਾਂ ਨੂੰ ਲੈ ਕੇ ਨਵੇਂ ਤਜਰਬੇ ਵੀ ਦੇਖਣ ਨੂੰ ਮਿਲ ਰਹੇ ਹਨ। ਇਨ੍ਹਾਂ ਨਵੇਂ ਤਜਰਬਿਆਂ ਵਿਚੋਂ ਹੀ ਹੈ ਪੰਜਾਬੀ ਫ਼ਿਲਮ "ਮੁੰਡਾ ਸਾਊਥਾਲ ਦਾ"। 4 ਅਗਸਤ ਨੂੰ ਦੁਨੀਆਂ ਭਰ ਵਿਚ ਰਿਲੀਜ਼ ਹੋਣ ਜਾ ਰਹੀ ਇਸ ਫ਼ਿਲਮ ਨੂੰ ਨੌਜਵਾਨ ਫ਼ਿਲਮ ਨਿਰਦੇਸ਼ਕ ਸੁੱਖ ਸੰਘੇੜਾ ਨੇ ਡਾਇਰੈਕਟ ਕੀਤਾ ਹੈ। 'ਲਾਈਏ ਜੇ ਯਾਰੀਆਂ' ਤੋਂ ਬਾਅਦ ਬਤੌਰ ਨਿਰਦੇਸ਼ਕ ਉਨ੍ਹਾਂ ਦੀ ਇਹ ਦੂਜੀ ਫ਼ਿਲਮ ਹੈ। ਇਸ ਫ਼ਿਲਮ ਦਾ ਟ੍ਰੇਲਰ ਦੱਸ ਰਿਹਾ ਹੈ ਕਿ ਇਹ ਫ਼ਿਲਮ ਨਵੀਂ ਪੀੜ੍ਹੀ ਦੀ ਨਵੀਂ ਸੋਚ ਦੀ ਕਹਾਣੀ ਹੈ, ਜੋ ਹਰ ਵਰਗ ਦੇ ਦਰਸ਼ਕਾਂ ਦੀ ਕਸਵੱਟੀ 'ਤੇ ਖਰਾ ਉਤਰਨ ਦਾ ਦਮ ਰੱਖਦੀ ਹੈ।

'ਟੈਨ ਪਲੱਸ ਵੰਨ ਕਰੇਸ਼ਨ', 'ਫ਼ਿਲਮ ਮੈਜਿਕ' ਅਤੇ 'ਪਿੰਕ ਪੋਨੀ ਪ੍ਰੋਡਕਸ਼ਨ' ਦੇ ਬੈਨਰ ਹੇਠ ਬਣੀ ਇਹ ਫਿਲਮ ਨਵੀਂ ਜਨਰੇਸ਼ਨ ਦੇ ਸਿਨੇਮਾ ਨੂੰ ਰੂਪਮਾਨ ਕਰਦੀ ਹੈ। ਇਸ ਫਿਲਮ ਦੀ ਕਹਾਣੀ ਅਤੇ ਸਕਰੀਨਪਲੇਅ ਨਿਰਦੇਸ਼ਕ ਸੁੱਖ ਸੰਘੇੜਾ ਨੇ ਹੀ ਲਿਖਿਆ ਹੈ। ਮਿਊਜ਼ਿਕ ਵੀਡੀਓਜ਼ ਇੰਡਸਟਰੀ ਦਾ ਵੱਡਾ ਨਾਂ ਸੁੱਖ ਸੰਘੇੜਾ ਦੀ ਬਤੌਰ ਨਿਰਦੇਸ਼ਕ ਇਹ ਪਹਿਲੀ ਫ਼ਿਲਮ ਹੈ। ਚਰਚਿਤ ਨੌਜਵਾਨ ਗਾਇਕ ਅਰਮਾਨ ਬੇਦਿਲ ਇਸ ਫਿਲਮ ਨਾਲ ਬਤੌਰ ਹੀਰੋ ਫ਼ਿਲਮ ਇੰਡਸਟਰੀ ਵਿਚ ਕਦਮ ਰੱਖਣ ਜਾ ਰਹੇ ਹਨ। ਇਸ ਫ਼ਿਲਮ ਦੀ ਹੀਰੋਇਨ ਤੰਨੂ ਗਰੇਵਾਲ ਹੈ। ਫਿਲਮ ਵਿਚ ਪ੍ਰੀਤ ਔਜਲਾ, ਪਾਕਿਸਤਾਨੀ ਨਾਮਵਰ ਅਦਾਕਾਰ ਇਫਤਿਆਰ ਠਾਕੁਰ, ਗਾਇਕ ਸਰਬਜੀਤ ਚੀਮਾ, ਗੋਲਡਬੁਆਏ, ਗੁਰਪ੍ਰੀਤ ਭੰਗੂ, ਮਲਕੀਅਤ ਰੌਣੀ ਅਤੇ ਪ੍ਰੀਤੋ ਸਮੇਤ ਕਈ ਚਰਚਿਤ ਅਦਾਕਾਰ ਨਜ਼ਰ ਆਉਣਗੇ।

ਨਿਰਦੇਸ਼ਕ ਸੁੱਖ ਸੰਘੇੜਾ ਮੁਤਾਬਕ ਦਰਜਨਾਂ ਨਾਮੀ ਕਲਾਕਾਰਾਂ ਦੇ ਸੈਂਕੜੇ ਮਿਊਜ਼ਿਕ ਵੀਡੀਓਜ਼ ਸ਼ੂਟ ਕਰਨ ਤੋਂ ਬਾਅਦ ਉਨ੍ਹਾਂ ਦਾ ਅਗਲਾ ਸੁਪਨਾ ਫ਼ਿਲਮ ਨਿਰਦੇਸ਼ਨ ਵੱਲ ਆਉਣਾ ਸੀ, ਜੋ ਹੁਣ ਇਸ ਫ਼ਿਲਮ ਨਾਲ ਪੂਰਾ ਹੋਣ ਜਾ ਰਿਹਾ ਹੈ। ਇਸ ਫ਼ਿਲਮ ਦੀ ਕਹਾਣੀ ਤੇ ਸਕਰੀਨਪਲੇਅ ਵੀ ਉਨ੍ਹਾਂ ਨੇ ਖੁਦ ਹੀ ਲਿਖਿਆ ਹੈ। ਇਸ ਫ਼ਿਲਮ ਨਾਲ ਸਾਰੇ ਨੌਜਵਾਨ ਹੀ ਜੁੜੇ ਹੋਏ ਹਨ। ਫ਼ਿਲਮ ਦਾ ਸਾਰਾ ਤਕਨੀਕੀ ਕੰਮ ਵੀ ਸਾਰੇ ਨਵੇਂ ਨੌਜਵਾਨਾਂ ਨੇ ਹੀ ਕੀਤਾ ਹੈ। ਇਸ ਲਈ ਇਸ ਨੂੰ ਨਵੀਂ ਪੀੜ੍ਹੀ ਦੇ ਕ੍ਰਿਏਟਿਵ ਨੌਜਵਾਨਾਂ ਦੀ ਫ਼ਿਲਮ ਹੀ ਕਿਹਾ ਜਾ ਸਕਦਾ ਹੈ। ਇਹ ਫ਼ਿਲਮ ਵੱਖਰੇ ਕਿਸਮ ਦੀ ਪ੍ਰੇਮ ਕਹਾਣੀ ਦੇ ਨਾਲ ਨਾਲ ਵਿਦੇਸ਼ਾਂ ਵਿਚ ਰਹਿੰਦੇ ਪਰਿਵਾਰਾਂ ਦੀ ਜ਼ਿੰਦਗੀ, ਵਿਦੇਸ਼ਾਂ ਵਿਚ ਪੱਕੇ ਹੋਣ ਲਈ ਵਰਤੇ ਜਾਂਦੇ ਹੱਥਕੰਡਿਆਂ ਦੀ ਕਹਾਣੀ ਬਿਆਨ ਕਰਦੀ ਹੈ। ਕੈਮਰਾਮੈਨ ਸੈਮ ਮੱਲ੍ਹੀ ਵੱਲੋਂ ਕੈਮਰੇ



'ਚ ਕੈਦ ਕੀਤੇ ਗਏ ਖ਼ੂਬਸੂਰਤ ਦ੍ਰਿਸ਼ ਵੱਡੀ ਸਕਰੀਨ 'ਤੇ ਵੱਖਰਾ ਨਜ਼ਾਰਾ ਪੇਸ਼ ਕਰਨਗੇ। ਇਹ ਫ਼ਿਲਮ ਸਾਊਥਾਲ ਵਿਚ ਰਹਿੰਦੇ ਇਕ ਨੌਜਵਾਨ ਵਿਦਿਆਰਥੀ ਦੀ ਜ਼ਿੰਦਗੀ ਦੁਆਲੇ ਘੁੰਮਦੀ ਹੋਈ ਜ਼ਿੰਦਗੀ ਦੇ ਵੱਖ ਵੱਖ ਰੰਗਾਂ ਦੀ ਬਾਤ ਪਾਉਂਦੀ ਹੈ।

ਨਿਰਦੇਸ਼ਕ ਮੁਤਾਬਕ ਇਹ ਫਿਲਮ ਹਰ ਵਰਗ ਦੇ ਦਰਸ਼ਕਾਂ ਨੂੰ ਪਸੰਦ ਆਵੇਗੀ, ਇਸਦੀ ਕਹਾਣੀ ਜ਼ਿੰਦਗੀ ਦੀ ਹਕੀਕਤ ਤੇ ਤਲਖ ਸੱਚਾਈਆਂ ਨਾਲ ਜੁੜੀ ਹੋਈ ਹੈ। ਆਪਣੀ ਗਾਇਕੀ ਨਾਲ ਹਰਦਿਲ ਅਜ਼ੀਜ਼ ਬਣੇ ਗਾਇਕ ਅਰਮਾਨ ਬੇਦਿਲ ਮੁਤਾਬਕ ਇਹ ਫ਼ਿਲਮ ਉਸ ਦੀ ਜ਼ਿੰਦਗੀ ਦਾ ਟਰਨਿੰਗ ਪੁਆਇੰਟ ਸਾਬਤ ਹੋਵੇਗੀ। ਇਸ ਫ਼ਿਲਮ ਵਿਚ ਉਸ ਨੇ ਅਰਜੁਨ ਨਾਂ ਦੇ ਉਸ ਨੌਜਵਾਨ ਦੀ ਮੁੱਖ ਭੂਮਿਕਾ ਨਿਭਾਈ ਹੈ ਜੋ ਸਾਊਥਹਾਲ ਵਿਚ ਪੜ੍ਹਾਈ ਕਰ ਰਿਹਾ ਹੈ ਅਤੇ ਫੁੱਟਬਾਲ ਦਾ ਖਿਡਾਰੀ ਹੈ। ਉਸਦਾ ਮਕਸਦ ਫੁੱਟਬਾਲ ਦੇ ਵੱਡੇ ਮੈਚਾਂ ਵਿਚ ਹਿੱਸਾ ਲੈਣਾ ਹੈ। ਉਸਦੀ ਜ਼ਿੰਦਗੀ ਵਿਚ ਉਸ ਵੇਲੇ ਬਦਲਾਅ ਆਉਂਦਾ ਹੈ ਜਦੋਂ ਅਚਾਨਕ ਉਸਦੀ ਮੁਲਾਕਾਤ ਫਿਲਮ ਦੀ ਨਾਇਕਾ ਰਾਵੀ ਨਾਲ ਹੁੰਦੀ ਹੈ। ਅਰਜੁਨ ਰਾਵੀ ਨਾਲ ਮੁਹੱਬਤ ਕਰਨ ਲੱਗਦਾ ਹੈ ਪਰ ਇਹ ਮੁਹੱਬਤ ਉਸਦੀ ਜ਼ਿੰਦਗੀ ਨੂੰ ਵੱਖਰੀ ਦੁਨੀਆ ਵਿਚ ਲੈ ਜਾਂਦੀ ਹੈ। ਰਾਵੀ ਦਾ ਅਰਜਨ ਨੂੰ ਅਚਾਨਕ ਛੱਡਣਾ ਫ਼ਿਲਮ ਵਿਚ ਵੱਡਾ ਮੋੜ ਲੈ ਕੇ ਆਉਂਦਾ ਹੈ। ਅਰਮਾਨ ਮੁਤਾਬਕ ਦਰਸ਼ਕਾਂ ਨੂੰ ਇਹ ਕਿਰਦਾਰ ਬੇਹੱਦ ਪਸੰਦ ਆਵੇਗਾ। ਗਿੱਪੀ ਗਰੇਵਾਲ ਦੀ ਫ਼ਿਲਮ "ਯਾਰ ਮੇਰਾ ਤਿੱਤਲੀਆਂ ਵਰਗਾ" ਜ਼ਰੀਏ ਚਰਚਾ ਵਿਚ ਆਈ ਤੰਨੂ ਗਰੇਵਾਲ ਇਸ ਫ਼ਿਲਮ ਵਿਚ ਰਾਵੀ ਦੇ ਕਿਰਦਾਰ ਵਿਚ ਨਜ਼ਰ ਆਵੇਗੀ। ਰਾਵੀ ਫ਼ਿਲਮ ਵਿਚ ਉਨ੍ਹਾਂ ਕੁੜੀਆਂ ਦੀ ਗੱਲ ਕਰੇਗੀ ਜਿਨ੍ਹਾਂ ਨੂੰ ਪਰਿਵਾਰ ਦੇ ਦਬਾਅ ਕਾਰਨ ਕਈ ਅਜਿਹੇ ਫੈਸਲੇ ਕਰਨੇ ਪੈਂਦੇ ਹਨ ਜੋ ਉਨ੍ਹਾਂ ਲਈ ਜ਼ਿੰਦਗੀ ਨੂੰ ਨਰਕ ਬਣਾ ਦਿੰਦੇ ਹਨ। ਕੱਚੇ-ਪੱਕੇ ਵਿਆਹਾਂ ਅਤੇ ਇਮੀਗੇਸ਼ਨ ਲਈ ਰਿਸ਼ਤਿਆਂ ਦੇ ਹੋ ਰਹੇ ਘਾਣ ਦੀ ਗੱਲ ਕਰਦੀ ਇਸ ਫ਼ਿਲਮ ਜ਼ਰੀਏ ਉਸ ਨੇ ਪਹਿਲੀ ਵਾਰ ਇਸ ਕਿਸਮ ਦਾ ਦਮਦਾਰ ਤੇ ਪ੍ਰਭਾਵਸ਼ਾਲੀ ਕਿਰਦਾਰ ਨਿਭਾਇਆ ਹੈ। ਇਸ ਫ਼ਿਲਮ ਦੀ ਕਹਾਣੀ ਦੇ ਨਾਲ ਨਾਲ ਇਸ ਦਾ ਮਿਊਜ਼ਿਕ ਵੀ ਦਰਸ਼ਕਾਂ ਦਾ ਦਿਲ ਜਿੱਤਣ ਵਾਲਾ ਹੈ। ਫ਼ਿਲਮ ਦੇ ਗੀਤ ਹਰਮਨਜੀਤ, ਰਾਜ ਰਣਜੋਧ, ਨਵੀ ਫਿਰੋਜ਼ਪੁਰੀਆ ਤੇ ਕਪਤਾਨ ਨੇ ਲਿਖੇ ਹਨ। ਇਨ੍ਹਾਂ ਗੀਤਾਂ ਨੂੰ ਆਵਾਜ਼ ਪ੍ਰੇਮ ਢਿੱਲੋਂ, ਅਰਮਾਨ ਬੇਦਿਲ, ਕਪਤਾਨ ਅਤੇ ਰਾਜ ਰਣਜੋਧ ਨੇ ਦਿੱਤੀ ਹੈ। ਫ਼ਿਲਮ ਦਾ ਸੰਗੀਤ ਗੋਲਡ ਬੁਆਏ, ਰਾਜ ਰਣਜੋਧ, ਗੌਰਵ ਦੇਵ, ਕਾਰਤਿਵ ਦੇਵ ਤੇ ਓਪੀਆਈ ਮਿਊਜ਼ਿਕ ਨੇ ਤਿਆਰ ਕੀਤਾ ਹੈ।

**-ਜਸ਼ਨਪ੍ਰੀਤ ਸਿੰਘ**
**ਫੋਨ: 96461-23337**

# ਖੇਤੀ ਸੈਕਟਰ ਅੰਦਰ ਬੁਨਿਆਦੀ ਤਬਦੀਲੀਆਂ ਦੀ ਲੋੜ



ਭਾਰਤ ਇਕ ਖੇਤੀ ਆਧਾਰਤ ਅਰਥ-ਵਿਵਸਥਾ ਹੈ। ਭਾਰਤ ਦੀ ਲਗਭਗ 65% ਖੇਤੀ ਬਰਸਾਤਾਂ ਉੱਪਰ ਅਤੇ ਅੱਧੀ ਤੋਂ ਵੱਧ ਆਬਾਦੀ ਖੇਤੀਬਾੜੀ 'ਤੇ ਨਿਰਭਰ ਕਰਦੀ ਹੈ। ਅੰਕੜਿਆਂ ਅਨੁਸਾਰ ਇਸ ਵਿਚ ਸੰਨ 2021 ਤਕ 15.2 ਕਰੋੜ ਦੇ ਕਰੀਬ ਕਿਰਤੀ ਲੱਗੇ ਹੋਏ ਸਨ। ਇਸ ਕਰਕੇ ਬਹੁਤੀ ਘੱਟ ਜਾਂ ਬਹੁਤ ਜ਼ਿਆਦਾ ਬਾਰਿਸ਼ ਹਮੇਸ਼ਾ ਹੀ ਕਿਸਾਨਾਂ ਲਈ ਮੁਸੀਬਤ ਦਾ ਕਾਰਨ ਸਾਬਤ ਹੁੰਦੀ ਹੈ। ਅਜਿਹੇ ਮੌਕਿਆਂ 'ਤੇ ਸਰਕਾਰ ਉੱਪਰ ਕਿਸਾਨ ਵਿਰੋਧੀ ਹੋਣ ਦੇ ਇਲਜ਼ਾਮ ਲੱਗਦੇ ਹਨ, ਜੋ ਕਿ ਇਕ ਹੱਦ ਤਕ ਸਹੀ ਵੀ ਹਨ, ਕਿਉਂਕਿ ਵੱਖ ਵੱਖ ਸਰਕਾਰਾਂ ਨੇ ਆਜ਼ਾਦੀ ਦੀ ਪੌਣੀ ਸਦੀ ਬੀਤਣ ਬਾਅਦ ਵੀ ਹੜ੍ਹਾਂ ਦੇ ਪਾਣੀ ਦੀ ਨਿਕਾਸੀ ਨੂੰ ਅਤੇ



**ਕਰਮ ਬਰਸਟ**
ਫੋਨ: +91-94170-73831

ਦੂਜੇ ਪਾਸੇ ਦਰਿਆਈ ਪਾਣੀਆਂ ਦੀ ਸੁਯੋਗ ਵਰਤੋਂ ਨੂੰ ਯਕੀਨੀ ਨਹੀਂ ਬਣਾਇਆ। ਉਨਤ ਖੇਤੀ ਵਾਲੇ ਹਿੱਸੇ ਉੱਤਰੀ ਭਾਰਤ ਖਾਸ ਕਰਕੇ ਪੰਜਾਬ ਅਤੇ ਹਰਿਆਣਾ ਅੰਦਰ ਇਸ ਸਾਲ ਵੀ ਕੁਝ ਅਜਿਹਾ ਹੀ ਵਾਪਰਿਆ ਹੈ, ਕਿ ਖਰਾਬ ਮੌਸਮ ਹੁੰਦਿਆਂ ਹੀ ਪੇਂਡੂ ਆਰਥਿਕਤਾ ਸੰਕਟ ਦੇ ਨਵੇਂ ਗੇੜ ਵਿਚ ਫਸ ਗਈ ਹੈ।

ਬਸਤੀਵਾਦ ਸਮੇਂ, ਖੇਤੀਬਾੜੀ ਬਸਤੀਆਂ ਦੀ ਲੁੱਟ ਦਾ ਮਹੱਤਵਪੂਰਨ ਸਾਧਨ ਬਣ ਗਈ ਸੀ। ਅਕਾਲ ਪੈਣਾ ਆਮ ਹੋ ਗਿਆ ਸੀ। ਆਇਰਲੈਂਡ ਤੋਂ ਲੈ ਕੇ ਇੰਗਲੈਂਡ ਦੀ ਪਹਿਲੀ ਬਸਤੀ ਭਾਰਤ ਤਕ, ਵਿਕਟੋਰੀਅਨ ਸਾਮਰਾਜ ਨੇ ਜਬਰੀ ਟੈਕਸ ਵਸੂਲੀਆਂ ਨਾਲ ਕਿਸਾਨਾਂ ਨੂੰ ਕੰਗਾਲੀ ਵੱਲ ਧੱਕ ਦਿੱਤਾ ਸੀ। ਉਸਨੇ ਜ਼ਮੀਨੀ ਲਗਾਨ ਦੀ ਦਹਿਸ਼ਤ ਪਾ ਰੱਖੀ ਸੀ ਜਿਸਦੇ ਸਿੱਟੇ ਵਜੋਂ ਕਿਸਾਨ ਸ਼ਾਹੂਕਾਰਾਂ ਦੇ ਚੁੰਗਲ ਵਿਚ ਫਸਣ ਲਈ ਮਜਬੂਰ ਸਨ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਪੰਜਾਬ ਵਰਗੇ ਖ਼ਿੱਤਿਆਂ ਅੰਦਰ "ਪਗੜੀ ਸੰਭਾਲ ਜੱਟਾ" ਵਰਗੀਆਂ ਲਹਿਰਾਂ ਉੱਠੀਆਂ ਅਤੇ ਕਿਸਾਨ ਭਾਰਤ ਦੇ ਆਜ਼ਾਦੀ ਸੰਗਰਾਮ ਦਾ ਮਹੱਤਵਪੂਰਨ ਅੰਗ ਬਣ ਗਏ ਸਨ। ਬਿਨਾਂ ਸ਼ੱਕ, ਉਨ੍ਹਾਂ ਦੀਆਂ ਰੀਝਾਂ ਆਪਣੇ ਜੀਵਨ ਪੱਧਰ ਵਿਚ ਸੁਧਾਰ ਕਰਨ ਦੀਆਂ ਸਨ ਪਰ ਇਹ ਵੀ ਸੱਚ ਹੈ ਕਿ ਆਜ਼ਾਦ ਭਾਰਤ ਵਿਚ ਉਨ੍ਹਾਂ ਦੀਆਂ ਇਹ ਇੱਛਾਵਾਂ ਪੂਰੀ ਤਰ੍ਹਾਂ ਸਾਕਾਰ ਨਹੀਂ ਹੋਈਆਂ। ਹਾਲਾਂਕਿ ਕਿਸਾਨਾਂ ਦੀ ਖੇਤੀ ਆਮਦਨ ਵਿਚ ਵਾਧਾ ਹੋਇਆ ਹੈ ਪਰ ਖੇਤੀ ਸੈਕਟਰ ਬਾਕੀ ਦੇ ਅਰਥਚਾਰੇ ਨਾਲੋਂ ਪਛੜ ਗਿਆ ਹੈ। ਕੌਮੀ ਪੈਦਾਵਾਰ ਵਿਚ ਖੇਤੀਬਾੜੀ ਦੇ ਹਿੱਸੇ ਦਾ ਅਨੁਪਾਤ ਲਗਾਤਾਰ ਘਟਦਾ ਆ ਰਿਹਾ ਹੈ, ਜਦੋਂਕਿ ਖੇਤੀਬਾੜੀ ਉੱਪਰ ਨਿਰਭਰ ਵਸੋਂ ਦੇ ਅਨੁਪਾਤ ਵਿਚ ਕੋਈ ਸਿਫ਼ਤੀ ਤਬਦੀਲੀ ਨਹੀਂ ਵਾਪਰੀ।

ਲੋਕਨੀਤੀ ਦੇ ਇਕ ਸਰਵੇਖਣ ਵਿਚ ਪਾਇਆ ਗਿਆ ਹੈ ਕਿ ਲਗਭਗ ਚਾਲੀ ਫੀਸਦੀ ਕਿਸਾਨ ਆਪਣੀ ਆਰਥਿਕ ਸਥਿਤੀ ਤੋਂ ਸੰਤੁਸ਼ਟ ਨਹੀਂ ਸਨ। ਸੱਤਰ ਫੀਸਦੀ ਤੋਂ ਵੱਧ ਪੇਂਡੂ ਲੋਕਾਂ ਦਾ ਮੰਨਣਾ ਹੈ ਕਿ ਸ਼ਹਿਰ ਦੀ ਜ਼ਿੰਦਗੀ ਪਿੰਡ ਦੀ ਜ਼ਿੰਦਗੀ ਨਾਲੋਂ ਬਿਹਤਰ ਹੈ। ਇਸੇ ਕਰਕੇ ਪਛੜੇ ਸੂਬਿਆਂ ਦੇ ਪੇਂਡੂ ਇਲਾਕਿਆਂ ਵੱਲੋਂ ਵਿਕਸਤ ਸੂਬਿਆਂ ਵੱਲ ਤੇਜ਼ੀ ਨਾਲ ਪ੍ਰਵਾਸ ਦਾ ਰੁਝਾਨ ਰਿਹਾ ਹੈ। ਇਸਦੇ ਉਲਟ ਪੰਜਾਬ ਵਰਗੇ ਵਿਕਸਤ ਸੂਬਿਆਂ ਦੀ ਜਵਾਨੀ ਵਧੀਆ ਉਜਰਤਾਂ ਦੀ ਤਲਾਸ਼ ਵਿਚ ਕੈਨੇਡਾ, ਆਸਟਰੇਲੀਆ ਅਤੇ ਯੂਰਪੀ ਮੁਲਕਾਂ ਵੱਲ ਭੱਜ ਰਹੀ ਹੈ। ਜਗੀਰਦਾਰ ਬਨਾਮ ਮੁਜ਼ਾਰਾ ਪ੍ਰਣਾਲੀ ਦੇ ਪ੍ਰਬੰਧ ਅਧੀਨ ਠੇਕੇ 'ਤੇ ਜ਼ਮੀਨ ਨੂੰ ਯਕੀਨੀ ਬਣਾਉਣ ਲਈ ਸਾਰੀਆਂ ਪੈਦਾਵਾਰੀ ਲਾਗਤਾਂ ਕਿਸਾਨਾਂ ਵੱਲੋਂ ਓਟੀਆਂ ਜਾਂਦੀਆਂ ਹਨ। ਗੈਰਹਾਜ਼ਰ ਭੂਮੀ-ਪਤੀ ਜੋ ਅਕਸਰ ਸਿਆਸੀ ਨੇਤਾ, ਨੌਕਰਸ਼ਾਹ ਅਤੇ ਸਰਕਾਰੀ ਮੁਲਾਜ਼ਮ ਹੁੰਦੇ ਹਨ, ਵਾਹਿਕਾਰਾਂ ਦੀ ਜ਼ਮੀਨ ਪ੍ਰਤੀ ਭੁੱਖ ਨੂੰ ਦੇਖਦੇ ਹੋਏ ਜ਼ਮੀਨਾਂ ਦੇ ਠੇਕੇ ਘੱਟ ਨਹੀਂ ਹੋਣ ਦੇ ਰਹੇ। ਪੰਜਾਬ ਵਰਗੇ ਸੂਬਿਆਂ ਅੰਦਰ ਮੁਫ਼ਤ ਬਿਜਲੀ ਮਿਲਣ ਕਰਕੇ ਵੀ ਜ਼ਮੀਨਾਂ ਦੇ ਲਗਾਨ ਵਧਦੇ ਹੀ ਜਾ ਰਹੇ ਹਨ। ਇਸ ਕਰਕੇ ਖੇਤੀ ਰਿਆਇਤਾਂ ਦਾ ਲਾਭ ਵੀ ਕੇਵਲ ਗੈਰਹਾਜ਼ਰ ਸਰਮਾਏਦਾਰਾ-ਭੂਮੀ-ਪਤੀਆਂ ਨੂੰ ਮਿਲ ਰਿਹਾ ਹੈ। ਪਰ ਵਾਹੀਕਾਰ ਕੋਲ ਪੂੰਜੀ ਨਿਵੇਸ਼ ਲਈ ਪੈਸਾ ਨਾ ਹੋਣ ਕਾਰਨ ਖੇਤੀ ਪੈਦਾਵਾਰ ਬੁਰੇ ਰੁਖ ਪ੍ਰਭਾਵਿਤ ਹੋ ਰਹੀ ਹੈ।

ਭੂਮੀ-ਪਤੀ ਵੀ ਖੇਤੀ ਵਿਚ ਪੂੰਜੀ ਨਿਵੇਸ਼ ਕਰਨਾ ਨਹੀਂ ਚਾਹੁੰਦੇ ਕਿਉਂਕਿ ਉਨ੍ਹਾਂ ਨੂੰ ਆਪਣੇ ਆਪ ਹੀ ਮਨਮਰਜ਼ੀ ਦਾ ਲਗਾਨ ਮਿਲ ਰਿਹਾ ਹੈ। ਉਹ ਆਪਣੇ ਮੁਨਾਫ਼ਿਆਂ ਨੂੰ ਸੂਦਖੋਰੀ ਵਿਚ ਲਾਉਣ ਲਈ ਰੁਚਿਤ ਹਨ ਕਿਉਂਕਿ ਇਸ ਵਿਚੋਂ ਡੇਢ ਤੋਂ ਦੋ ਫੀਸਦੀ ਪ੍ਰਤੀ ਮਹੀਨੇ ਦਾ ਸੂਦ ਆਰਾਮ ਨਾਲ ਮਿਲ ਜਾਂਦਾ ਹੈ। ਪੂੰਜੀ ਨਿਵੇਸ਼ ਨਾ ਹੋਣ ਕਰਕੇ ਖੇਤੀ ਸੈਕਟਰ ਖੜੋਤ ਦੀ ਹਾਲਤ ਵਿਚ ਚਲਿਆ ਗਿਆ ਹੈ। ਹਰੇ ਇਨਕਲਾਬ ਦੀ ਰਣਨੀਤੀ, ਜੋ ਕਿ ਸਟੇਟ ਵੱਲੋਂ ਨਵੀਂ ਤਕਨਾਲੋਜੀ, ਸਬਸਿਡੀ ਵਾਲੀਆਂ ਲਾਗਤਾਂ ਅਤੇ ਫਸਲ ਦੇ ਭਾਅ ਦੀ ਗਾਰੰਟੀ ਦਾ ਸੁਮੇਲ ਕਰ ਕੇ ਤਿਆਰ ਕੀਤੀ ਗਈ ਸੀ, ਦੀਆਂ ਆਪਣੀਆਂ ਸੀਮਤਾਈਆਂ ਸਨ। ਕੈਂਬਰਿਜ ਜਰਨਲ ਆਫ਼ ਇਕਨਾਮਿਕਸ ਵਿਚ ਪ੍ਰਕਾਸ਼ਿਤ ਇਕ ਪੇਪਰ ਵਿਚ ਅਮਿਤਵ ਕ੍ਰਿਸ਼ਨ ਦੱਤ, ਜੋ ਕਿ ਨੋਟਰ ਡੇਮ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਦੇ ਪ੍ਰੋਫੈਸਰ ਹਨ, ਨੇ ਨਿਸ਼ਾਨਦੇਹੀ ਕੀਤੀ ਸੀ ਕਿ ਖੇਤੀਬਾੜੀ ਦੇ ਵਿਕਾਸ ਲਈ ਮਹੱਤਵਪੂਰਨ ਰੁਕਾਵਟ ਸਰਕਾਰ ਵੱਲੋਂ ਪੂੰਜੀ ਨਿਵੇਸ਼ ਨਾ ਕਰਨਾ ਹੈ। ਹਰੇ ਇਨਕਲਾਬ ਦੀ ਰਣਨੀਤੀ ਨੇ ਹੋਰ ਸਮੱਸਿਆਵਾਂ ਵੀ ਪੈਦਾ ਕੀਤੀਆਂ ਹਨ।

ਪੰਜਾਬ ਵਰਗੇ ਖਿੱਤਿਆਂ ਅੰਦਰ ਝੋਨੇ ਦੀ ਪੱਕੀ ਖਰੀਦ ਕਰਨ ਨਾਲ ਕਈ ਸਮੱਸਿਆਵਾਂ ਜਿਵੇਂ ਕਿ ਪਾਣੀ ਦਾ ਪੱਧਰ ਘਟਣਾ, ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਗੈਰ ਵਿਗਿਆਨਕ ਵਰਤੋਂ ਨਾਲ ਜ਼ਮੀਨੀ ਪਾਣੀ ਦਾ ਦੂਸ਼ਤ ਹੋਣਾ ਅਤੇ ਨਾੜ ਸਾੜਨ ਨਾਲ ਪਰਦੂਸ਼ਣ ਪੈਦਾ ਹੋਣ ਵਰਗੀਆਂ ਅਲਾਮਤਾਂ ਪੈਦਾ ਹੋਈਆਂ ਹਨ। ਇਸਦੇ ਨਾਲ ਹੀ ਖਾਦ ਸਬਸਿਡੀ ਪ੍ਰਣਾਲੀ ਨੇ ਲੋੜੀਂਦੇ ਫ਼ਾਇਦੇ ਨਾਲੋਂ ਗੰਭੀਰ ਵਿਗਾੜ ਪੈਦਾ ਕੀਤਾ ਹੈ। ਵਿਕਾਸਸ਼ੀਲ ਅਰਥ-ਵਿਵਸਥਾਵਾਂ ਵਿਚ ਸਨਅਤੀਕਰਨ ਨੂੰ ਰਾਜਕੀ ਹੁਲਾਰਾ ਦੇਣ ਲਈ ਸੋਵੀਅਤ ਤਜਰਬੇ ਤੋਂ ਪ੍ਰੇਰਿਤ ਹੋ ਕੇ ਉਦਯੋਗਾਂ ਨੂੰ ਭਾਰੀ ਸੁਰੱਖਿਆ ਦਿੱਤੀ ਗਈ ਸੀ ਪਰ ਅਜਿਹੀ ਸੁਰੱਖਿਆ ਅਸਲ ਵਿਚ ਖੇਤੀਬਾੜੀ ਉੱਤੇ ਟੈਕਸ ਸੀ ਭਾਵ ਖੇਤੀ ਵਿਚੋਂ ਅਸਿੱਧੇ ਟੈਕਸਾਂ ਰਾਹੀਂ ਮੁਨਾਫ਼ੇ ਬਟੋਰ ਕੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਏ ਗਏ। ਇਸ ਦੇ ਉਲਟ, ਵਿਕਸਤ ਦੇਸ਼ਾਂ ਨੇ ਆਪਣੇ ਖੇਤੀ ਸੈਕਟਰ ਨੂੰ ਬੇਸ਼ੁਮਾਰ ਸਬਸਿਡੀਆਂ ਦੇ ਕੇ ਵਿਸ਼ਵ ਵਪਾਰ ਸੰਗਠਨ ਦੀਆਂ ਨੀਤੀਆਂ ਨੂੰ ਪੈਰਾਂ ਹੇਠ ਮਧੋਲ ਕੇ ਅਵਿਕਸਿਤ ਦੇਸ਼ਾਂ ਦੇ ਗਲ 'ਗੂਠਾ ਦੇਈ ਰੱਖਿਆ। ਅਵਿਕਸਿਤ ਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਸਰਕਾਰਾਂ ਨੇ ਸੰਗਠਨ ਦੇ ਦਬਾਅ ਹੇਠ ਆ ਕੇ ਇਹੋ ਜਿਹੇ ਕਾਨੂੰਨ ਤੇ ਨੀਤੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਜੋ ਕਿਸਾਨਾਂ ਦੇ ਵਿਰੋਧ ਵਿਚ ਭੁਗਤਦੀਆਂ ਸਨ।

ਇਹ ਵੀ ਸੱਚ ਹੈ ਕਿ ਖੇਤੀ ਵਪਾਰ ਤੇ ਐਡਹਾਕ ਪਾਬੰਦੀਆਂ ਅਤੇ ਹੰਢਣਸਾਰ ਖੇਤੀ ਵਪਾਰ ਨੀਤੀ ਦੀ ਅਣਹੋਂਦ ਦੇ ਬਾਵਜੂਦ ਭਾਰਤ ਦੀਆਂ ਅਨਾਜ ਬਰਾਮਦਾਂ ਵਿਚ ਵਾਧਾ ਹੋਇਆ ਸੀ ਪਰ ਇਨ੍ਹਾਂ ਬਰਾਮਦਾਂ ਨੇ ਦੇਸ਼ ਅੰਦਰ ਅਨਾਜ ਸੰਕਟ ਨੂੰ ਵੀ ਪੈਦਾ ਕੀਤਾ ਹੈ। ਇਨ੍ਹਾਂ ਤੁੱਛ ਲਾਭਾਂ ਦੇ ਬਾਵਜੂਦ, ਖੇਤੀ ਸੈਕਟਰ ਵਿਚਲੀਆਂ ਜਨਮ-ਜਾਤ ਕਮਜ਼ੋਰੀਆਂ ਬਰਕਰਾਰ ਹਨ। ਵਿਸ਼ਵ ਬਾਜ਼ਾਰਾਂ ਨਾਲ ਵਧਦੇ ਏਕੀਕਰਨ ਦੇ ਨਾਲ, ਭਾਰਤੀ ਕਿਸਾਨ ਅਤੇ ਖਪਤਕਾਰ ਦੋਵੇਂ ਹੀ ਮਹਿੰਗਾਈ ਦੇ ਝਟਕਿਆਂ ਦਾ ਸ਼ਿਕਾਰ ਹੋ ਗਏ ਹਨ। ਅੰਤਰਰਾਸ਼ਟਰੀ ਤੌਰ 'ਤੇ, ਮਾਮਲੇ ਬਹੁਤੇ ਵੱਖਰੇ ਨਹੀਂ ਹਨ। ਪਿਛਲੇ ਸਾਲਾਂ ਦੌਰਾਨ ਭੋਜਨ ਦੀਆਂ ਕੀਮਤਾਂ ਵਿਚ ਵਾਧੇ ਨੇ ਖੇਤੀਬਾੜੀ ਵਿਚ ਖੁੱਲ੍ਹੀ ਮੰਡੀ ਦੇ ਪੈਰੋਕਾਰਾਂ ਦਾ ਜੋਸ਼ ਵੀ ਮੱਠਾ ਪਾ ਦਿੱਤਾ ਹੈ। ਅੰਤਰਰਾਸ਼ਟਰੀ ਭੋਜਨ ਦੀਆਂ ਕੀਮਤਾਂ ਗੁੰਝਲਦਾਰ ਵਿੱਤੀ ਪ੍ਰਣਾਲੀਆਂ ਜਿਵੇਂ ਕਿ ਵਾਅਦਾ (ਫਿਊਚਰਜ਼) ਬਾਜ਼ਾਰਾਂ ਵਿਚ ਡੂੰਘੀਆਂ ਉਲਝੀਆਂ ਹੋਈਆਂ ਹਨ। ਵਿਕਸਤ ਅਤੇ ਵਿਕਾਸਸ਼ੀਲ ਦੋਵਾਂ ਦੇਸ਼ਾਂ ਵਿਚ ਹੀ ਸਵਾਲ ਉੱਠ ਰਹੇ ਹਨ ਕਿ ਕੀਮਤਾਂ ਅੰਦਰਲੇ ਵਖਰੇਵੇਂ ਸੱਟਾ ਬਾਜ਼ਾਰੀ ਦਾ ਨਤੀਜਾ ਹਨ ਜਾਂ ਅਸਲ ਵਿਚ ਮੰਗ ਅਤੇ ਪੂਰਤੀ ਦੀ ਬੇਮੇਲਤਾ ਦਾ ਪ੍ਰਤੀਬਿੰਬ ਹਨ। ਖੁਰਾਕ ਸਬੰਧੀ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਰਿਪੋਰਟਰ ਦੀਆਂ ਵੱਖ-ਵੱਖ ਰਿਪੋਰਟਾਂ ਨੇ ਭੋਜਨ ਅਤੇ ਖੇਤੀ ਨੀਤੀ ਅੰਦਰ ਰਾਜਕੀ ਦਖਲ ਦੀ ਮਹੱਤਤਾ ਨੂੰ ਚਿੰਨ੍ਹਤ ਕੀਤਾ ਹੋਇਆ ਹੈ। ਇੱਥੋਂ ਤਕ ਕਿ ਅਮਰੀਕਾ ਵਰਗਾ ਅਤਿ ਵਿਕਸਤ ਦੇਸ਼ ਵੀ ਅਗਲੇ ਦਸ ਸਾਲਾਂ ਵਿਚ ਆਪਣੇ ਖੇਤੀ ਬਜਟ 'ਤੇ ਨੌਂ ਸੌ ਸਤਵੰਜਾ ਬਿਲੀਅਨ ਡਾਲਰ ਖਰਚ ਕਰਨ ਜਾ ਰਿਹਾ ਹੈ। ਪਰ ਸਾਡੇ ਦੇਸ਼ ਅੰਦਰ ਖੇਤੀਬਾੜੀ ਵਿਚ ਸਰਕਾਰੀ ਦਖਲਅੰਦਾਜ਼ੀ ਹੋਵੇ ਜਾਂ ਨਾ ਅਜੇ ਵੀ ਬਹਿਸ ਦਾ ਵਿਸ਼ਾ ਹੈ।

ਪਚੰਤਰ ਸਾਲਾਂ ਦੀ ਆਜ਼ਾਦੀ ਤੋਂ ਬਾਅਦ ਵੀ ਇਕ ਕੌਮੀ ਖੇਤੀ ਨੀਤੀ ਨਹੀਂ ਬਣ ਸਕੀ। ਪਰ ਇਕ ਵਿਆਪਕ ਸਹਿਮਤੀ ਹੈ ਕਿ ਅਜਿਹੇ ਸਰਕਾਰੀ ਪੂੰਜੀ ਨਿਵੇਸ਼ਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ, ਤਾਂ ਕਿ ਖੇਤੀ ਨੂੰ ਲੰਬੇ ਸਮੇਂ ਤਕ ਟਿਕਾਊ ਵਿਕਾਸ ਵੱਲ ਲਿਜਾਇਆ ਜਾਵੇ। ਬ੍ਰਾਊਨ ਯੂਨੀਵਰਸਿਟੀ ਦੇ ਰਾਜਨੀਤਿਕ ਵਿਗਿਆਨੀ ਆਸ਼ੂਤੋਸ਼ ਵਾਰਸ਼ਨੇ ਅਨੁਸਾਰ, ਦੇਸ਼ ਅੰਦਰਲੀ ਕਾਣੀ ਸਮਾਜਿਕ ਵੰਡ ਖੇਤੀ ਅਤੇ ਪੇਂਡੂ ਆਮਦਨ ਨੂੰ ਹੁਲਾਰਾ ਦੇਣ ਵਾਲੀਆਂ ਨੀਤੀਆਂ ਨੂੰ ਅੱਗੇ ਵਧਾਉਣ ਵਿਚ ਅਸਫਲ ਰਹਿਣ ਦਾ ਮੁੱਖ ਕਾਰਨ ਰਹੀ ਹੈ, ਕਿਉਂਕਿ ਭਾਰਤ ਦੇ ਪੇਂਡੂ ਵੋਟਰ ਸਰਕਾਰੀ ਨੀਤੀਆਂ ਨੂੰ ਪ੍ਰਭਾਵਿਤ ਕਰਨ ਵਿਚ ਅਸਫਲ ਰਹੇ ਹਨ। ਵਾਰਸ਼ਨੇ ਦਾ ਮੰਨਣਾ ਹੈ ਕਿ ਭਾਵੇਂ ਪੇਂਡੂ ਵੋਟਰ ਜਮਹੂਰੀਅਤ ਅੰਦਰ ਇਕ ਸ਼ਕਤੀਸ਼ਾਲੀ ਧਿਰ ਹਨ ਪਰ ਵੱਖ ਵੱਖ ਧਰਮਾਂ ਅਤੇ ਜਾਤਾਂ ਵਿਚ ਵੰਡੇ ਹੋਣ ਕਰਕੇ, ਉਹ ਇਕੱਠੇ ਹੋ ਕੇ ਆਵਾਜ਼ ਬੁਲੰਦ ਨਹੀਂ ਕਰ ਸਕਦੇ।

ਇਹੀ ਸਮੱਸਿਆ ਖਾਂਦੇ ਪੀਂਦੇ ਵਰਗ ਦੀ ਵੀ ਹੈ ਕਿ ਉਹ ਵੀ ਇਕਜੁਟ ਹੋ ਕੇ ਕੁਝ ਅਜਿਹਾ ਕਰਨ ਲਈ ਸਹਿਮਤ ਨਹੀਂ ਹਨ ਜਿਸ ਨਾਲ ਸਮਾਜ ਦੀ ਬਹੁਗਿਣਤੀ ਦੀ ਤਕਦੀਰ ਨੂੰ ਬਦਲਿਆ ਜਾ ਸਕੇ। ਪਿਛਲੇ ਸਮੇਂ ਅੰਦਰ ਸਮੂਹਿਕ ਸਰਗਰਮੀਆਂ ਹੋਰ ਵੀ ਮੱਧਮ ਪੈ ਗਈਆਂ ਹਨ ਕਿਉਂਕਿ ਲੋਕ ਸਾਂਝੇ ਹਿੱਤਾਂ ਦੀ ਬਜਾਏ ਧਾਰਮਿਕ ਜਾਂ ਜਾਤੀਗਤ ਪਛਾਣਾਂ ਦਾ ਸ਼ਿਕਾਰ ਬਣ ਰਹੇ ਹਨ। ਅਸਰਦਾਰ ਖੇਤੀ ਨੀਤੀਆਂ ਦੀ ਘਾਟ ਦਾ ਆਰਥਿਕ ਕਾਰਨ ਰਾਜਕੀ ਅਗਵਾਈ ਵਾਲੇ ਵਿਕਾਸ ਦੇ ਪੈਟਰਨ ਵਿਚ ਪਿਆ ਹੈ। ਪਿਛਲੀ ਸਦੀ ਦੇ ਦੂਜੇ ਅੱਧ ਵਿਚ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਵਿਕਾਸਸ਼ੀਲ ਦੇਸ਼ਾਂ ਨੇ ਖੇਤੀ ਦੀ ਅਣਦੇਖੀ ਕਰ ਕੇ ਸਨਅਤੀਕਰਨ ਵੱਲ ਉਲਾਰ ਪਹੁੰਚ ਅਖਤਿਆਰ ਕਰ ਲਈ ਸੀ। ਨੋਬੇਲ ਜੇਤੂ ਅਰਥ ਸ਼ਾਸਤਰੀ ਆਰਥਰ ਲੁਈਸ ਦੇ ਕੰਮ ਤੋਂ ਪ੍ਰਭਾਵਿਤ ਹੋ ਕੇ ਇਹ ਧਾਰਨਾ ਬਣਾ ਲਈ ਗਈ ਕਿ ਖੇਤੀ ਸੈਕਟਰ ਤੋਂ ਦੂਰ ਸਨਅਤੀਕਰਨ ਦੀ ਤੇਜ਼ ਗਤੀ ਨਾਲ ਰਵਾਇਤੀ ਖੇਤੀਬਾੜੀ ਅਤੇ ਆਧੁਨਿਕ ਸਨਅਤ ਦੋਵਾਂ ਖੇਤਰਾਂ ਵਿਚ ਹੀ ਉਤਪਾਦਕਤਾ ਵਧੇਗੀ ਜੋ ਸਮੁੱਚੇ ਆਰਥਿਕ ਵਿਕਾਸ ਵਿਚ ਸਹਾਈ ਬਣੇਗੀ।

ਪਰੰਤੂ ਭਾਰਤ ਵਰਗੇ ਦੇਸ਼ਾਂ ਵਿਚ ਘਰੇਲੂ ਬਾਜ਼ਾਰਾਂ ਦੇ ਵਿਸਤਾਰ ਵਿਚ ਖੇਤੀਬਾੜੀ ਇਕ ਪ੍ਰਮੁੱਖ ਰੁਕਾਵਟ ਵਜੋਂ ਉਭਰੀ ਹੈ ਜੋ ਕਿ ਜ਼ਮੀਨ ਦੀ ਕਾਣੀ ਵੰਡ ਦੇ ਮਸਲੇ ਨੂੰ ਨਾ ਨਜਿੱਠ ਸਕੀ। ਪੇਂਡੂ ਖਪਤ ਨੂੰ ਉਚਿਤ ਰੂਪ ਵਿਚ ਵਧਾਉਣ ਵਿਚ ਅਸਫਲ ਰਿਹਾ ਗਿਆ ਹੈ। ਜਦੋਂ ਤਕ ਸਨਅਤੀ ਰੁਜ਼ਗਾਰ ਸਿਰਜਣ ਦੀ ਰਫ਼ਤਾਰ ਸੁਸਤ ਰਹਿੰਦੀ ਹੈ, ਅਤੇ ਪੇਂਡੂ ਮਜ਼ਦੂਰਾਂ ਦੀ ਇਕ ਵੱਡੀ ਬਹੁਗਿਣਤੀ ਰੋਜ਼ੀ-ਰੋਟੀ ਲਈ ਖੇਤਾਂ 'ਤੇ ਨਿਰਭਰ ਹੋਣ ਲਈ ਬੱਝੀ ਹੋਈ ਹੈ ਤਦ ਤਕ ਭਾਰਤ ਵਿਚ ਖੇਤੀ ਵਿਕਾਸ ਦਾ ਕੋਈ ਸਬੱਬ ਨਹੀਂ ਹੈ। ਭਾਵੇਂ ਇਕ ਸਮੇਂ ਬਾਅਦ ਮਿਕਦਾਰੀ ਤਬਦੀਲੀ ਵਾਪਰ ਜਾਂਦੀ ਹੁੰਦੀ ਹੈ, ਪਰ ਬੁਨਿਆਦੀ ਸਿਫ਼ਤੀ ਤਬਦੀਲੀ ਲਈ ਲੰਮਾ ਸਮਾਂ ਵਗ ਸਕਦਾ ਹੈ। ਇਸ ਤੋਂ ਇਲਾਵਾ, ਸੰਘਣੀ ਖੇਤੀ ਕਰਨ ਤੋਂ ਬਿਨਾਂ ਭਾਰਤ ਵਿਚ ਮਹਿੰਗਾਈ ਰਹਿਤ ਵਿਕਾਸ ਨੂੰ ਕਾਇਮ ਰੱਖਣਾ ਸੰਭਵ ਨਹੀਂ ਹੋਵੇਗਾ। ਮੁੱਕਦੀ ਗੱਲ ਇਹ ਹੈ ਕਿ ਜਦੋਂ ਤਕ ਸਾਡੇ ਨੀਤੀ ਘਾੜਿਆਂ ਨੂੰ ਖੇਤੀ ਵਿਚ ਵੱਡੇ ਪੱਧਰ 'ਤੇ ਸਰਕਾਰੀ ਪੂੰਜੀ ਨਿਵੇਸ਼ ਦਾ ਅਹਿਸਾਸ ਨਹੀਂ ਹੋਵੇਗਾ, ਉਦੋਂ ਤਕ ਖੇਤੀ ਅਣਗਹਿਲੀ ਦਾ ਸਾਹਮਣਾ ਕਰਦੀ ਰਹੇਗੀ। ਇਸ ਲਈ ਖੇਤੀ ਸੈਕਟਰ ਅੰਦਰ ਤਿੱਖੀਆਂ ਤਬਦੀਲੀਆਂ ਦੀ ਲੋੜ ਹੈ।

---

## ਕਾਵਿ ਕਿਆਰੀ

### ਸਾਵਣ

ਜੇਠ ਹਾੜ੍ਹ ਦੀਆਂ ਧੁੱਪਾਂ ਮਿੱਧ ਕੇ,
ਸੁੱਖ ਸੁੱਖਾਂ ਦਾ ਸਾਵਣ ਚੜ੍ਹਿਆ।
ਬੁੱਕਲ ਵਿਚ ਹਰਿਆਲੀ ਲੈ ਕੇ,
ਪਤਝੜ ਦੇ ਵਿਹੜੇ ਆ ਵੜਿਆ।
ਪੱਛਮ ਤੋਂ ਹਿਰਨੋਟੀ ਬਦਲੀ,
ਕੀਲ ਲਿਆਇਆ ਸਾਵਣ।
ਔੜੀ ਧਰਤੀ ਜਲਥਲ ਹੋਈ,
ਤਪਸ਼ ਬੁਝਾਈ ਆ ਕੇ ਸਾਵਣ।
ਛੱਪੜ ਟੋਬੇ ਭਰ ਗਏ ਸਾਰੇ,
ਡੱਡੂ ਚੁੰਗੀਆਂ ਭਰਦੇ ਨਿਕਲੇ।
ਪਸ਼ੂ ਪੰਛੀ ਸਭ ਝੂਮਣ ਲੱਗੇ,
ਗਰਮੀ ਨਾਲ ਜੋ ਮਰਦੇ ਨਿਕਲੇ।
ਖੇਤਾਂ ਦੇ ਵਿਚ ਰੌਣਕ ਆਈ,
ਮੁਸ਼ਕਣ ਬਾਸਮਤੀ ਤੇ ਝੋਨਾ।
ਮੱਕੀ ਸੂਤਰ ਕੱਤਣ ਲੱਗੀ,
ਸ਼ੁਕਣ ਲੱਗਾ ਕਮਾਦ ਜੋ ਪੋਨਾ।
ਮਿਰਚਾਂ ਕੱਦੂ ਕਰੇਲੇ ਟਹਿਕੇ,
ਬੈਂਗਣ ਆਪਣਾ ਰੰਗ ਵਟਾਵੇ।

ਅੰਬ ਤੇ ਜ਼ਾਮਣ ਝੜ ਝੜ ਪੈਂਦੇ,
ਧਰਤ ਦੀ ਝੋਲੀ ਭਰਦੀ ਜਾਵੇ।
ਨਰਮੇ ਕਪਾਹਾਂ ਦੇ ਟੀਂਡੇ ਫੁੱਟੇ,
ਜਵਾਰ ਬਾਜਰਾ ਨਿੱਸਰ ਆਵੇ।
ਜੱਟ ਖੇਤਾਂ ਨੂੰ ਗੋਡੀ ਦੇਵੇ,
ਜੱਟੀ ਭੱਤਾ ਸਿਰ ਚੁੱਕ ਲਿਆਵੇ।
ਬਾਗ਼ੀਂ ਕੋਇਲਾਂ ਕੂਹ ਕੂਹ ਕੂਕਣ,
ਮੋਰ ਪਏ ਪੈਲਾਂ ਪਾਉਂਦੇ।
ਕੂੰਜਾਂ ਡਾਰਾਂ ਕਰਨ ਕਲੋਲਾਂ,
ਪਪੀਹੇ ਨੇ ਪਏ ਚਿਹਾਉਂਦੇ।
ਸੱਜ ਵਿਆਹੀਆਂ ਮੁਟਿਆਰਾਂ ਦੇ,
ਤੀਆਂ ਵਿਚ ਚਾਅ ਨੱਚੇ।
ਮਾਹੀ ਦੀਆਂ ਯਾਦਾਂ ਸੀਨੇ ਧੜਕਣ,
ਭਾਂਬੜ ਬਣ ਕੇ ਮੱਚੇ।
ਹੁਸਨ ਜਵਾਨੀ ਇਕੱਠੇ ਹੋ ਕੇ,

ਨੱਚ ਨੱਚ ਧਰਤ ਹਿਲਾਉਂਦੇ।
ਸਾਵਿਆਂ ਦੇ ਪਿੜ ਸੁੱਤੇ ਜਾਗੇ,
ਗੱਭਰੂ ਭੰਗੜੇ ਪਾਉਂਦੇ।
ਛਿੰਜਾਂ ਮੇਲੇ ਢੋਲ ਢਮੱਕੇ,
ਸਾਵਣ ਲੈ ਕੇ ਆਇਆ।
ਛਾਲਾਂ ਕੌਡ ਕਬੱਡੀ ਕਿਧਰੇ,
ਭਲਵਾਨਾਂ ਜੌਹਰ ਦਿਖਾਇਆ।
ਖੀਰਾਂ ਪੂੜੇ ਘਰ ਘਰ ਪੱਕਣ,
ਸਾਰੇ ਜਸ਼ਨ ਮਨਾਉਂਦੇ।
ਪਿਪਲੀਂ ਰੱਸੇ ਪਾ ਕੇ ਸੱਜਣ,
ਪੀਂਘ ਅਸਮਾਨ ਚੜ੍ਹਾਉਂਦੇ।
ਗਲੀਆਂ ਵਿਚ ਕਿਣ ਮਿਣ ਥੱਲੇ,
ਬਾਲਾਂ ਦੀ ਨਹਾਵੇ ਟੋਲੀ ਇਕ।
ਰੱਬਾ ਰੱਬਾ ਮੀਂਹ ਵਸਾ,
ਗਾਈ ਜਾਵੇ ਬੋਲੀ ਇਕ।

ਗਰਜ ਪਵੇ ਜਦ ਬੋਲਾ ਬੱਦਲ,
ਕਿਆਮਤ ਬਣ ਕੇ ਆਉਂਦਾ ਹੈ।
ਲੋਕ ਫਿਰ ਕੰਨੀਂ ਹੱਥ ਲਗਾਉਂਦੇ,
ਤਬਾਹੀ ਖੂਬ ਮਚਾਉਂਦਾ ਹੈ।
ਫ਼ਸਲਾਂ ਰੋੜ੍ਹੇ ਡੰਗਰ ਹੜ੍ਹਦੇ,
ਪਿੰਡਾਂ ਨੂੰ ਢਾਹੀ ਜਾਵੇ ਉਹ।
ਸਮੁੰਦਰ ਚਾਰ ਚੁਫੇਰੇ ਹੜ੍ਹ ਦਾ,
ਕਹਿਰ ਕਮਾਈ ਜਾਵੇ ਉਹ।
ਸਤਰੰਗੀ ਉਸ ਪੀਂਘ ਦੇ ਵਾਕਰ,
ਕਈ ਰੰਗ ਲੈ ਕੇ ਸਾਵਣ ਆਉਂਦਾ
ਕਿਧਰੇ ਸੋਕਾ ਕਿਧਰੇ ਡੋਬਾ,
ਕਿਤੇ ਬਹਾਰਾਂ ਕਿਤੇ ਕਹਿਰ ਕਮਾਉਂਦਾ।
**-ਚਰਨਜੀਤ ਪੰਨੂੰ**

---

### ਸਾਵਣ ਦੀ ਹੂਕ

ਸਾਵਣ ਰੁੱਤ ਸੁਹਾਣੀ ਅੜਿਆ,
ਤੈਨੂੰ ਭੈੜਿਆ ਫ਼ਰਜ਼ਾਂ ਫੜਿਆ।
ਨ ਦਿਲ ਨੂੰ ਤੜਫਾ ਵੇ ਸੱਜਣਾ,
ਕਿਤੇ ਛੇਤੀਂ ਫੇਰਾ ਪਾ ਦੇ ਸੱਜਣਾ।

ਬਰਸੇ ਛੰਮ ਛੰਮ ਪੈਣ ਫੁਹਾਰਾਂ,
ਲਾਈ ਸੀਨੇ ਅੱਗ ਪਿਆਰਾਂ।
ਠੰਢੀ ਠੰਢੀ ਪੌਣ ਵੇ ਸੱਜਣਾ,
ਦੇਵੇ ਨ ਅੱਖ ਲੌਣ ਵੇ ਸੱਜਣਾ।

ਚੜ੍ਹੀਆਂ ਘਨਘੋਰ ਘਟਾਵਾਂ,
ਨੱਚਦੇ ਮੋਰ ਦੇਖ ਘਬਰਾਵਾਂ।
ਸੀਨੇ ਉੱਠਦੇ ਲੋਰ ਵੇ ਸੱਜਣਾ ,
ਤੂੰ ਮੇਰਾ ਚਿਤਚੋਰ ਵੇ ਸੱਜਣਾ।

ਉੱਤੋਂ ਵਰ੍ਹਦਾ ਠੰਢਾ ਵੇ ਪਾਣੀ,
ਅੱਗ ਲਾਂਦਾ ਸੀਨੇ ਵੇ ਜਾਣੀ।
ਡੋਲੇ ਤਨ ਦੀ ਤਾਣੀ ਵੇ ਸੱਜਣਾ,
ਕੰਬੇ ਜਿੰਦ ਨਿਮਾਣੀ ਵੇ ਸੱਜਣਾ।

ਅੜਿਆ ਤੈਥੋਂ ਕਿਵ ਲੁਕਾਵਾਂ,
ਜਿੰਦ ਚਾਹੇ ਬਣਜਾਂ ਪ੍ਰਛਾਵਾਂ।
ਤੂੰ ਹੈਂ ਮੈਂਡਾ ਯਾਰ ਵੇ ਸੱਜਣਾ,
ਦੇਵਾਂ ਜਿੰਦ ਮੈਂ ਵਾਰ ਵੇ ਸੱਜਣਾ।
**-ਸੇਵਾ ਸਿੰਘ ਨੂਰਪੁਰੀ**

# ਮੈਲਬਰਨ ਮੇਲੇ ਵਿਚ 'ਘੂਮਰ'





ਫਿਲਮਸਾਜ਼ ਆਰ. ਬਾਲਕੀ ਅਤੇ (ਸੱਜੇ) ਅਦਾਕਾਰਾ ਅਭਿਸ਼ੇਕ ਬੱਚਨ ਤੇ ਸਿਯਾਮੀ ਖੇਰ।

ਇਸ ਵਾਰ ਮੈਲਬਰਨ (ਆਸਟਰੇਲੀਆ) 'ਚ ਹੋਣ ਵਾਲੇ ਭਾਰਤੀ ਫਿਲਮ ਮੇਲੇ (2023) ਦਾ ਆਗਾਜ਼ ਫਿਲਮਸਾਜ਼ ਆਰ. ਬਾਲਕੀ ਦੀ ਫਿਲਮ 'ਘੂਮਰ' ਨਾਲ ਹੋਵੇਗਾ ਜਿਸ ਵਿਚ ਅਭਿਸ਼ੇਕ ਬੱਚਨ ਅਤੇ ਸਿਯਾਮੀ ਖੇਰ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਹਨ। ਇਹ ਫਿਲਮ ਮੇਲਾ 12 ਅਗਸਤ ਤੋਂ ਸ਼ੁਰੂ ਹੋਣਾ ਹੈ। ਫਿਲਮ ਦੇ ਨਿਰਮਾਤਾਵਾਂ ਅਨੁਸਾਰ ਇਹ ਫਿਲਮ ਪੈਰਾਪਲਾਜ਼ੀਆ (ਸਰੀਰ ਦੀ ਲੱਕ ਤੋਂ ਹੇਠਲਾ ਭਾਗ ਨਕਾਰਾ ਹੋਣਾ) ਬਿਮਾਰੀ ਤੋਂ ਪੀੜਤ ਖਿਡਾਰਨ (ਸਿਯਾਮੀ) ਦੀ ਦਮਦਾਰ ਕਹਾਣੀ ਬਿਆਨਦੀ ਹੈ ਜੋ ਆਪਣੇ ਕੋਚ (ਅਭਿਸ਼ੇਕ) ਦੀ ਨਿਗਰਾਨੀ ਹੇਠ ਸਫਲ ਕ੍ਰਿਕਟਰ ਬਣਦੀ ਹੈ। ਫਿਲਮ ਦੀ ਕਹਾਣੀ ਆਰ. ਬਾਲਕੀ, ਰਾਹੁਲ ਸੇਨਗੁਪਤਾ ਅਤੇ ਰਾਸ਼ੀ ਵਿਰਮਾਨੀ ਨੇ ਸਾਂਝੇ ਰੂਪ ਵਿਚ ਲਿਖੀ ਹੈ। ਫਿਲਮ ਬਾਰੇ ਆਰ. ਬਾਲਕੀ ਅਤੇ ਅਭਿਸ਼ੇਕ ਬੱਚਨ ਨੇ ਕਿਹਾ ਕਿ ਫਿਲਮ 'ਘੂਮਰ' ਨਾਲ ਫਿਲਮ ਮੇਲੇ ਦੀ ਸ਼ੁਰੂਆਤ ਹੋਣਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਇਹ ਫਿਲਮ ਮਨੁੱਖ ਅੰਦਰ ਕਿਸੇ ਵੀ ਤਰ੍ਹਾਂ ਦੀ ਕਮੀ ਪਿੱਛੇ ਲੁਕੀ ਜਾਂ ਕਹਿ ਲਓ ਕਿ ਓਹਲੇ ਰਹਿ ਗਈ ਤਾਕਤ ਨੂੰ ਅਗਾਂਹ ਲਿਆਉਣ ਲਈ ਪ੍ਰੇਰਦੀ ਹੈ। ਇਹ ਫਿਲਮ ਅਸਲ ਵਿਚ ਬਾਹਰੀ ਔਕੜਾਂ ਦਾ ਸਾਹਮਣਾ ਕਰਦੇ ਹੋਏ ਖ਼ੁਦ ਨੂੰ ਉਜਾਗਰ ਕਰਨ ਦੀ ਕਹਾਣੀ ਹੈ। ਇਹ ਫਿਲਮ ਮਨੁੱਖ ਦੀ ਵਿਦਰੋਹੀ ਤਾਸੀਰ ਅਤੇ ਖੇਡਾਂ ਦੇ ਆਪਸੀ ਸੁਮੇਲ ਰਾਹੀਂ ਦਰਸਾਉਂਦੀ ਹੈ ਕਿ ਖੇਡਾਂ ਜੀਵਨ ਦਾ ਮੁੱਲ ਹੋਰ ਵਧਾ ਦਿੰਦੀਆਂ ਹਨ।

ਫਿਲਮ ਦੀ ਨਾਇਕਾ ਅਦਾਕਾਰਾ ਸਿਯਾਮੀ ਨੇ ਕਿਹਾ ਕਿ ਇਸ ਫਿਲਮ ਨਾਲ ਖਿਡਾਰਨ ਦੀ ਭੂਮਿਕਾ ਨਿਭਾਉਣ ਦੀ ਉਸ ਦੀ ਚਿਰਾਂ ਦੀ ਇੱਛਾ ਪੂਰੀ ਹੋਈ ਹੈ। ਇਸ ਕਰ ਕੇ ਇਹ ਫਿਲਮ ਉਸ ਦੇ ਦਿਲ ਦੇ ਬਹੁਤ ਨੇੜੇ ਹਨ। ਸਕਰੀਨ 'ਤੇ ਖਿਡਾਰੀ ਦੀ ਭੂਮਿਕਾ ਨਿਭਾਉਣਾ ਦਾ ਉਸ ਦਾ ਸੁਫਨਾ ਹੁਣ ਪੂਰਾ ਹੋਇਆ ਹੈ।

# ਤ੍ਰਿਪਤੀ ਡਿਮਰੀ ਦਾ ਅਗਲਾ ਸਾਲ...

ਚਰਚਿਤ ਅਦਾਕਾਰ ਵਿੱਕੀ ਕੌਸ਼ਲ ਅਤੇ ਤ੍ਰਿਪਤੀ ਡਿਮਰੀ ਦੀ ਨਵੀਂ ਫਿਲਮ ਅਗਲੇ ਸਾਲ 23 ਫਰਵਰੀ ਨੂੰ ਰਿਲੀਜ਼ ਹੋਵੇਗੀ। ਇਹ ਫਿਲਮ ਆਨੰਦ ਤਿਵਾੜੀ ਨੇ ਨਿਰਦੇਸ਼ਤ ਕੀਤੀ ਹੈ। ਇਸ ਵਿਚ ਪੰਜਾਬੀ ਗਾਇਕ ਐਮੀ ਵਿਰਕ ਵੀ ਨਜ਼ਰ ਆਵੇਗਾ। ਇਹ ਫਿਲਮ ਪਹਿਲਾਂ ਇਸੇ ਸਾਲ 25 ਅਗਸਤ ਨੂੰ ਰਿਲੀਜ਼ ਕਰਨ ਦੀ ਤਿਆਰੀ ਸੀ ਪਰ ਹੁਣ ਫਿਲਮ ਦੀ ਰਿਲੀਜ਼ ਹੋਣ ਦੀ ਤਰੀਕ ਅੱਗੇ ਪਾ ਦਿੱਤੀ ਗਈ ਹੈ। ਫਿਲਮ ਬਾਰੇ ਟਵੀਟ ਕੀਤਾ ਗਿਆ ਹੈ: "ਬਿਹਤਰ ਤੇ ਸ਼ਾਨਦਾਰ ਹੋਣ ਵਾਲਾ ਹੈ। ਊਰਜਾ ਨਾਲ ਭਰੇ ਵਿੱਕੀ ਕੌਸ਼ਲ, ਐਮੀ ਵਿਰਕ ਤੇ ਤ੍ਰਿਪਤੀ ਡਿਮਰੀ ਨਾਲ ਆਨੰਦ ਤਿਵਾੜੀ ਦਾ ਨਿਰਦੇਸ਼ਨ ਹੈ ਜੋ ਮਨੋਰੰਜਨ ਨਾਲ ਭਰਪੂਰ ਹੈ।"

ਫਿਲਮ ਵਿਚ ਨੇਹਾ ਧੂਪੀਆ ਵੀ ਹੈ। ਫਿਲਮ ਦੇ ਨਾਂ ਦਾ ਅਜੇ ਖੁਲਾਸਾ ਨਹੀਂ ਕੀਤਾ ਗਿਆ ਪਰ ਨੇਹਾ ਧੂਪੀਆ ਨੇ ਫਿਲਮ ਦੀ ਸ਼ੂਟਿੰਗ ਪੂਰੀ ਹੋਣ ਮਗਰੋਂ ਹਾਲ ਹੀ ਵਿਚ ਕੀਤੀ ਪਾਰਟੀ ਦੀ ਤਸਵੀਰ 'ਮੇਰੇ ਮਹਬੂਬ ਮੇਰੇ ਸਨਮ' ਲਿਖ ਕੇ ਸਾਂਝੀ ਕੀਤੀ ਹੈ। ਵਿੱਕੀ ਕੌਸ਼ਲ ਅਤੇ ਆਨੰਦ ਤਿਵਾੜੀ ਨੇ ਇਸ ਤੋਂ ਪਹਿਲਾਂ 2018 ਵਿਚ 'ਲਵ ਪਰ ਸਕੁਏਅਰ ਫੁਟ' ਵਿਚ ਇਕੱਠਿਆਂ ਕੰਮ ਕੀਤਾ ਸੀ। ਇਸ ਫਿਲਮ ਤੋਂ ਤ੍ਰਿਪਤੀ ਨੂੰ ਬਹੁਤ ਆਸਾਂ ਹਨ।





# 'ਐਨੀਮਲ' ਦੀ ਦਸਤਕ ਹੁਣ ਦਸੰਬਰ 'ਚ

ਅਦਾਕਾਰ ਰਣਬੀਰ ਕਪੂਰ ਦੀ ਫਿਲਮ 'ਐਨੀਮਲ' ਹੁਣ ਚਾਰ ਮਹੀਨੇ ਦੀ ਦੇਰੀ ਨਾਲ ਇਸੇ ਸਾਲ ਦੇ ਅਖੀਰ ਵਿਚ ਪਹਿਲੀ ਦਸੰਬਰ ਨੂੰ ਰਿਲੀਜ਼ ਕੀਤੀ ਜਾਵੇਗੀ। ਇਹ ਜਾਣਕਾਰੀ ਫਿਲਮ ਦੇ ਨਿਰਦੇਸ਼ਕ ਸੰਦੀਪ ਰੈਡੀ ਵਾਂਗਾ ਨੇ ਸਾਂਝੀ ਕੀਤੀ ਹੈ। ਪਹਿਲਾਂ ਇਹ ਫਿਲਮ 11 ਅਗਸਤ ਨੂੰ ਰਿਲੀਜ਼ ਹੋਣੀ ਸੀ ਪਰ ਹੁਣ ਪਹਿਲੀ ਦਸੰਬਰ ਨੂੰ ਦੇਸ਼ ਭਰ ਵਿਚ ਪੰਜ ਭਾਸ਼ਾਵਾਂ- ਹਿੰਦੀ, ਤੇਲਗੂ, ਤਾਮਿਲ, ਮੱਲਿਆਲਮ ਤੇ ਕੰਨੜ ਵਿਚ ਇਹ ਫਿਲਮ ਰਿਲੀਜ਼ ਕੀਤੀ ਜਾਵੇਗੀ।

ਇਸ ਤੋਂ ਪਹਿਲਾਂ ਫਿਲਮ 'ਐਨੀਮਲ' ਰਿਲੀਜ਼ ਹੋਣ ਦੀ ਤਰੀਕ 'ਓ.ਐੱਮ.ਜੀ.-2' ਅਤੇ 'ਗਦਰ-2' ਨਾਲ ਭਿੜਨ ਕਰ ਕੇ ਬਦਲ ਦਿੱਤੀ ਗਈ ਸੀ। ਹੁਣ ਦਸੰਬਰ ਵਿਚ ਮਹੀਨੇ ਇਹ ਬਾਕਸ ਆਫਿਸ 'ਤੇ 'ਸੈਮ ਬਹਾਦਰ' ਨਾਲ ਰਿਲੀਜ਼ ਹੋਵੇਗੀ। ਫਿਲਮ ਦਾ ਨਿਰਦੇਸ਼ਕ ਸੰਦੀਪ ਰੈਡੀ ਵਾਂਗਾ ਇਸ ਤੋਂ ਪਹਿਲਾਂ ਤੇਲਗੂ ਹਿੱਟ ਫਿਲਮ 'ਅਰਜੁਨ ਰੈੱਡੀ' ਅਤੇ ਇਸ ਦੀ ਹਿੰਦੀ ਫਿਲਮ 'ਕਬੀਰ ਸਿੰਘ' ਨਾਲ ਆਪਣੀ ਪਛਾਣ ਬਣਾ ਚੁੱਕਿਆ ਹੈ। ਵਾਂਗਾ ਨੇ ਦੱਸਿਆ ਕਿ ਪੈਨ ਇੰਡੀਆ ਦੇ ਇਸ ਵਿਸ਼ਾਲ ਪ੍ਰੋਜੈਕਟ ਵਿਚ ਪੋਸਟ ਪ੍ਰੋਡਕਸ਼ਨ ਵਿਚ ਹੋਰ ਮਿਹਨਤ ਦੀ ਲੋੜ ਹੈ।

ਇਸ ਤੋਂ ਪਹਿਲਾਂ 8 ਮਾਰਚ 2023 ਨੂੰ ਰਣਬੀਰ ਕਪੂਰ ਦੀ ਫਿਲਮ 'ਤੂ ਝੂਠੀ ਮੈਂ ਮੱਕਾਰ' ਰਿਲੀਜ਼ ਹੋਈ ਸੀ। ਇਸ ਫਿਲਮ ਵਿਚ ਸ਼ਰਧਾ ਕਪੂਰ ਨੇ ਬਤੌਰ ਨਾਇਕਾ ਭੂਮਿਕਾ ਨਿਭਾਈ ਸੀ। ਇਸ ਫਿਲਮ ਉਤੇ ਕੁਲ ਮਿਲਾ ਕੇ 200 ਕਰੋੜ ਰੁਪਏ ਲਾਗਤ ਆਈ ਸੀ ਪਰ ਇਹ ਫਿਲਮ 220 ਕਰੋੜ ਰੁਪਏ ਹੀ ਕਮਾ ਸਕੀ। ਹੁਣ ਰਣਬੀਰ ਕਪੂਰ ਨੂੰ 'ਐਨੀਮਲ' ਤੋਂ ਵੱਡੀਆਂ ਆਸਾਂ ਹਨ। ਯਾਦ ਰਹੇ ਕਿ ਰਣਬੀਰ ਕਪੂਰ 'ਬਰਫੀ', 'ਰੌਕ ਸਟਾਰ', 'ਚਿੱਲਰ ਪਾਰਟੀ' ਵਰਗੀਆਂ ਫਿਲਮਾਂ ਨਾਲ ਆਪਣੀ ਅਦਾਕਾਰੀ ਨਾਲ ਆਪਣਾ ਲੋਹਾ ਮੰਨਵਾ ਚੁੱਕਾ ਹੈ। ਉਸ ਦਾ ਦਾਅਵਾ ਹੈ ਕਿ ਫਿਲਮ 'ਐਨੀਮਲ' ਫਿਲਮ ਜਗਤ ਵਿਚ ਨਵੇਂ ਪੂਰਨੇ ਪਾਉਣ ਦੇ ਸਮਰੱਥ ਹੈ।


# ਅਦਾਕਾਰ ਸ਼ਾਹਰੁਖ ਖਾਨ 'ਜਵਾਨ' ਹੋਇਆ

ਅਦਾਕਾਰ ਸ਼ਾਹਰੁਖ ਖ਼ਾਨ ਨੇ ਟਵਿੱਟਰ 'ਤੇ ਆਪਣੇ ਪ੍ਰਸ਼ੰਸਕਾਂ ਨਾਲ ਕੀਤੇ ਸਵਾਲ-ਜਵਾਬ ਸੈਸ਼ਨ 'ਆਸਕ ਐੱਸ.ਆਰ.ਕੇ.' ਮਗਰੋਂ ਆਪਣੀ ਫਿਲਮ 'ਜਵਾਨ' ਦਾ ਪੋਸਟਰ ਸਾਂਝਾ ਕੀਤਾ ਹੈ। ਇਸ ਪੋਸਟਰ ਵਿਚ ਉਸ ਦੇ ਸਿਰ ਦੇ ਵਾਲ ਕੱਟੇ ਹੋਏ ਹਨ ਤੇ ਉਸ ਦੇ ਦੋਵੇਂ ਹੱਥਾਂ 'ਚ ਬੰਦੂਕਾਂ ਹਨ। ਇਸ ਪੋਸਟਰ ਨਾਲ ਸ਼ਾਹਰੁਖ ਨੇ ਕਿਹਾ, "ਜਬ ਮੈਂ ਵਿਲੇਨ ਬਨਤਾ ਹੂੰ ਨਾ, ਮੇਰੇ ਸਾਮਨੇ ਕੋਈ ਭੀ ਹੀਰੋ ਟਿਕ ਨਹੀਂ ਸਕਤਾ।... ਫਿਲਮ 'ਜਵਾਨ' ਵਿਸ਼ਵ ਪੱਧਰ 'ਤੇ ਹਿੰਦੀ, ਤੈਲਗੂ ਤੇ ਤਾਮਿਲ ਭਾਸ਼ਾਵਾਂ ਵਿਚ 7 ਸਤੰਬਰ ਨੂੰ ਰਿਲੀਜ਼ ਕੀਤੀ ਜਾ ਰਹੀ ਹੈ।" ਸ਼ਾਹਰੁਖ ਵੱਲੋਂ ਸਾਂਝੇ ਕੀਤੇ ਇਸ ਪੋਸਟਰ 'ਤੇ ਅਦਾਕਾਰ ਰਣਵੀਰ ਸਿੰਘ ਨੇ ਪ੍ਰਤੀਕਿਰਿਆ ਦਿੰਦਿਆਂ ਦਿਲ ਵਾਲੇ ਇਮੋਜੀ ਸਾਂਝੇ ਕੀਤੇ। ਇਸੇ ਤਰ੍ਹਾਂ ਸਿਧਾਂਤ ਚਤੁਰਵੇਦੀ ਨੇ ਕਿਹਾ, "ਸੈਲਾਬ ਆ ਗਿਆ ਮਦਨ ਚੋਪੜਾ! ਸੈਲਾਬ।" ਇੱਕ ਪ੍ਰਸ਼ੰਸਕ ਨੇ ਕਿਹਾ, "ਜਵਾਬ ਨਹੀਂ।" ਜ਼ਿਕਰਯੋਗ ਹੈ ਕਿ ਫਿਲਮ 'ਜਵਾਨ' ਰੈੱਡ ਚਿਲੀ ਐਂਟਰਟੇਨਮੈਂਟ ਦੀ ਪੇਸ਼ਕਸ਼ ਹੈ ਜਿਸ ਦਾ ਨਿਰਦੇਸ਼ਨ ਐਟਲੀ ਨੇ ਕੀਤਾ ਹੈ ਤੇ ਗੌਰੀ ਖ਼ਾਨ ਨੇ ਗੌਰਵ ਵਰਮਾ ਨਾਲ ਸਾਂਝੇਦਾਰੀ ਵਿਚ ਫਿਲਮ ਦਾ ਨਿਰਮਾਣ ਕੀਤਾ ਹੈ। ਇਸ ਫਿਲਮ ਵਿਚ ਸ਼ਾਹਰੁਖ ਖ਼ਾਨ ਨਾਲ ਨਯਨਤਾਰਾ ਅਤੇ ਵਿਜੈ ਸੇਤੂਪਤੀ ਵੀ ਅਹਿਮ ਭੂਮਿਕਾਵਾਂ ਵਿਚ ਦਿਖਾਈ ਦੇਣਗੇ। ਫਿਲਮ ਵਿਚ ਦੀਪਿਕਾ ਪਾਦੂਕੋਨ ਦੀ ਵਿਸ਼ੇਸ਼ ਪੇਸ਼ਕਾਰੀ ਹੈ। ਇਸ ਤੋਂ ਬਿਨਾਂ ਦਰਸ਼ਕਾਂ ਨੂੰ ਪ੍ਰਿਆਮਨੀ, ਸਾਨਿਆ ਮਲਹੋਤਰਾ ਅਤੇ ਰਿਧੀ ਡੋਗਰਾ ਵੀ ਅਹਿਮ ਭੂਮਿਕਾਵਾਂ ਵਿਚ ਦਿਖਾਈ ਦੇਣਗੀਆਂ। 'ਜਵਾਨ' ਸ਼ਾਹਰੁਖ ਖ਼ਾਨ ਦੀ 2023 ਵਿਚ ਰਿਲੀਜ਼ ਹੋਣ ਵਾਲੀ ਦੂਜੀ ਫਿਲਮ ਹੈ।

ਇਸੇ ਦੌਰਾਨ ਫਿਲਮ 'ਜਵਾਨ' ਦੀ ਪ੍ਰੀ-ਰਿਲੀਜ਼ ਵੀਡੀਓ ਨੇ ਕਿਸੇ ਵੀ ਵੀਡੀਓ ਨੂੰ ਦੇਖੇ ਜਾਣ ਦੇ ਮਾਮਲੇ 'ਚ ਭਾਰਤੀ ਫਿਲਮ ਜਗਤ ਦੇ ਟੀਜ਼ਰਾਂ ਅਤੇ ਟ੍ਰੇਲਰਾਂ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਹ ਵੀਡੀਓ '112 ਮਿਲੀਅਨ ਵਿਊਜ਼' ਨਾਲ ਸਿਨੇਮਾ ਜਗਤ ਵਿਚ ਸਿਖਰ 'ਤੇ ਪੁੱਜ ਗਈ ਹੈ। ਫਿਲਮ 'ਜਵਾਨ' ਦੇ ਟੀਜ਼ਰ ਵੱਲੋਂ ਪਹਿਲੇ 24 ਘੰਟਿਆਂ ਵਿਚ ਸਾਰੇ ਰਿਕਾਰਡ ਤੋੜਨਾ ਸ਼ਾਹਰੁਖ ਦੀ ਲੋਕਪ੍ਰਿਯਤਾ ਤੇ ਵਸੀਹ ਦਾਇਰੇ ਦੀ ਸ਼ਾਹਦੀ ਭਰਦਾ ਹੈ। ਇਸ ਫਿਲਮ ਵਿਚ ਸ਼ਾਹਰੁਖ ਖਾਨ ਵੱਖਰੇ ਅੰਦਾਜ਼ ਵਿਚ ਨਜ਼ਰ ਆਵੇਗਾ।

ਇਹ ਰੈੱਡ ਚਿਲੀਜ਼ ਐਂਟਰਟੇਨਮੈਂਟ ਦੀ ਪੇਸ਼ਕਾਰੀ ਹੈ, ਜਿਸ ਦਾ ਨਿਰਦੇਸ਼ਨ ਐਟਲੀ ਨੇ ਕੀਤਾ ਹੈ। ਇਹ ਫਿਲਮ ਗੌਰੀ ਖਾਨ ਅਤੇ ਗੌਰਵ ਵਰਮਾ ਵੱਲੋਂ ਪ੍ਰੋਡਿਊਸ ਕੀਤੀ ਗਈ ਹੈ। ਇਹ ਫਿਲਮ 7 ਸਤੰਬਰ ਨੂੰ ਹਿੰਦੀ, ਤਾਮਿਲ ਅਤੇ ਤੇਲਗੂ ਭਾਸ਼ਾਵਾਂ 'ਚ ਰਿਲੀਜ਼ ਹੋਵੇਗੀ।

ਸ਼ਾਹਰੁਖ ਖ਼ਾਨ ਦਾ ਇਸ ਫਿਲਮ ਬਾਰੇ ਆਖਣਾ ਹੈ ਕਿ ਇਸ ਫਿਲਮ ਲਈ ਪੂਰੀ ਟੀਮ ਨੇ ਬਹੁਤ ਮਿਹਨਤ ਕੀਤੀ ਹੈ। ਆਸ ਹੈ ਕਿ ਇਹ ਫਿਲਮ ਦਰਸ਼ਕਾਂ ਨੂੰ ਪਸੰਦ ਆਵੇਗੀ ਅਤੇ ਉਨ੍ਹਾਂ ਦਾ ਭਰਪੂਰ ਮਨੋਰੰਜਨ ਕਰੇਗੀ।






ਸ਼ਾਹਰੁਖ ਖਾਨ ਦੀ ਨਵੀਂ ਫਿਲਮ 'ਜਵਾਨ' ਦਾ ਪੋਸਟਰ ਅਤੇ (ਸੱਜੇ) ਫਿਲਮ ਦੀ ਇਕ ਝਲਕ।

# ਤੀਆਂ ਦਾ ਮੇਲਾ

**29 ਜੁਲਾਈ, 2023 ਸ਼ਨਿਚਰਵਾਰ, ਸਮਾਂ: ਸਵੇਰੇ 11 ਤੋਂ ਸ਼ਾਮ 4 ਵਜੇ ਤੱਕ**

**ਸਥਾਨ: 2051 Monument St. Noblesville, IN 46060**

## Organisers and Sponsors



Sukh Dhillon
Top Fashion Boutique
(317) 954-0260



Gurpreet Randhawa
Realtor
(317650 6629)



Amrit Sandhu
OkkJi Transport
(317) 828-6033



Prabhjot Bhullar
Okkji Transport
(317) 860-2607

**Performances, Delicious Food, Shopping, Games, Prizes & More**




## Special Thanks

OKKJI
TRANSFER LLC.

**Reliable**
*Trucks & Trailer Repair Shop*
7401 Brookville Road
Indianapolis, IN 46239
Gurbaksh S Randhawa:
Contact: 317-800-2976

BHAURA TRANSPORT
Avtar Singh
Ph: 317-403-0493
Noblesville, Indiana

**Top Fashion Boutique**
12526 Promise Creek Lane #328
Fishers, IN 46038



ਅਵਤਾਰ ਸਿੰਘ ਭੌਰਾ



ਮਨਜੀਤ ਸਿੰਘ ਨਾਗਰਾ



ਜਸਬੀਰ ਸਿੰਘ



ਗੁਰਬਖਸ਼ ਸਿੰਘ ਰੰਧਾਵਾ



ਸੈਮ ਭੁੱਲਰ



ਮੈਨੀ ਸੰਧੂ




ਬਲਦੇਵ ਸਿੰਘ ਬਿੰਦ



ਪਰਮਜੀਤ ਸਿੰਘ ਪੀ ਜੇ



ਕਮਲ ਸਿੰਘ ਬੈਂਸ



ਗੁਰਪ੍ਰੀਤ ਸਿੰਘ ਮੱਲ੍ਹੀ

**DJ Partner**
**DJ Billa**


**Free Entry**

## ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਹੁਣ ਪੜ੍ਹੋ ਇਸ ਤੋਂ ਅਗਾਂਹ...***

# ਹਨੇਰੇ ਰਾਹ

***ਕੈਨਡਾ ਵੱਸਦੇ ਹਰਪ੍ਰੀਤ ਸੇਖਾ ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ। ਇਸ ਤੋਂ ਪਹਿਲਾਂ ਉਹ ਕੈਨੇਡਾ ਦੀ ਟੈਕਸੀ ਸਨਅਤ ਬਾਰੇ ਅਹਿਮ ਕਿਤਾਬ 'ਟੈਕਸੀਨਾਮਾ' (2012) ਰਚ ਚੁੱਕਾ ਹੈ ਜੋ 'ਪੰਜਾਬ ਟਾਈਮਜ਼' ਦੇ ਪਾਠਕ ਲੜੀਵਾਰ ਪੜ੍ਹ ਚੁੱਕੇ ਹਨ। ਇਨ੍ਹਾਂ ਰਚਨਾਵਾਂ ਤੋਂ ਇਲਾਵਾ ਉਸ ਦੇ ਚਾਰ ਕਹਾਣੀ ਸੰਗ੍ਰਹਿ- 'ਬੀ ਜੀ ਮੁਸਕਰਾ ਪਏ' (2006), 'ਬਾਰਾਂ ਬੂਹੇ' (2013), 'ਪ੍ਰਿਜ਼ਮ' (2017) ਤੇ 'ਡੱਗੀ' (2020, 2017 ਤੱਕ ਦੀਆਂ ਸਾਰੀਆਂ ਕਹਾਣੀਆਂ) ਅਤੇ ਅਨੁਵਾਦ ਕਿਤਾਬ 'ਕਿਲ੍ਹੇ ਦੇ ਮੋਤੀ' (ਲੇਖਕ ਹੀਊ ਜੇ ਐਮ ਜੌਹਨਸਟਨ, 2017) ਛਪੇ ਹਨ। ਉਹਦੀਆਂ ਰਚਨਾਵਾਂ ਹਿੰਦੀ ਅਤੇ ਅੰਗਰੇਜ਼ੀ ਵਿਚ ਅਨੁਵਾਦ ਹੋ ਚੁੱਕੀਆਂ ਹਨ।***




## ਕਾਂਡ ਇੱਕ – ਭਾਗ ਦੋ

ਟਰੱਕ ਕੰਪਨੀ ਦੇ ਮਾਲਕ ਸ਼ਮਿੰਦਰ ਦਾ ਫੋਨ ਸੁਣ ਕੇ ਗੁਰਸੀਰ ਨੂੰ ਚਾਅ ਚੜ੍ਹ ਗਿਆ। 'ਹੁਣ ਪਊ ਗੱਡੀ ਲੀਹ 'ਤੇ', ਉਸ ਨੇ ਸੋਚਿਆ। ਉਸ ਨੇ ਉਦੋਂ ਹੀ ਇੰਡੀਆ ਅਮ੍ਰਿਤ ਨੂੰ ਫੋਨ ਕਰ ਲਿਆ, "ਲੈ ਬਈ ਅਮ੍ਰਿਤੇ, ਕਰਾ ਮੰਮੀ ਡੈਡੀ ਹੋਰਾਂ ਦਾ ਮੂੰਹ ਮਿੱਠਾ। ਕੱਲ੍ਹ ਨੂੰ ਟਰੱਕ 'ਤੇ ਚੜ੍ਹਨੈ।" ਅਮ੍ਰਿਤ ਨਾਲ਼ ਗੱਲ ਕਰਨ ਤੋਂ ਬਾਅਦ ਉਹ ਕੁੱਝ ਪਲ ਐਵੇਂ ਹੀ ਫੋਨ ਵੱਲ ਦੇਖਦਾ ਰਿਹਾ ਜਿਵੇਂ ਉਸ ਨੂੰ ਯਕੀਨ ਨਾ ਹੋਵੇ ਕਿ ਉਸ ਨੇ ਸੱਚੀਂ ਹੀ ਕੱਲ੍ਹ ਨੂੰ ਪਹਿਲੀ ਵਾਰ ਕੈਨੇਡਾ 'ਚ ਕੰਮ 'ਤੇ ਜਾਣਾ ਸੀ। ਫਿਰ ਉਸ ਨੂੰ ਸ਼ਮਿੰਦਰ ਦੇ ਬੋਲ ਯਾਦ ਆ ਗਏ। ਉਸ ਨੇ ਕਿਹਾ ਸੀ, "ਕੱਲ੍ਹ ਨੂੰ ਕਿਸੇ ਵੇਲੇ ਵੀ ਤੈਨੂੰ ਮੇਰੇ ਡਰਾਈਵਰ ਦੀ ਕਾਲ ਆਏਗੀ। ਉਸਤਾਦ ਕਹਿੰਦੇ ਉਆ ਉਹਨੂੰ। ਤਿਆਰ ਰਹੀਂ। ਜਿੰਨੇ ਵਜੇ ਦਾ ਓਹਨੇ ਕਹਿ 'ਤਾ, ਓਨੇ ਵਜੇ ਤਿਆਰ ਹੋਵੇਂ। ਕੈਨੇਡਾ ਇਐ ਇਹ।"



**ਹਰਪ੍ਰੀਤ ਸੇਖਾ**
**ਫੋਨ: +1-778-231-1189**

ਗੁਰਸੀਰ ਨੇ ਉਦੋਂ ਹੀ ਤਿਆਰੀ ਸ਼ੁਰੂ ਕਰ ਦਿੱਤੀ। ਉਹ ਪੰਜਾਬੀ ਸਟੋਰ ਤੋਂ ਸੌਦਾ ਲੈ ਆਇਆ। ਕਰੇਲਿਆਂ ਨੂੰ ਛਿੱਲ ਕੱਟ ਕੇ ਉਨ੍ਹਾਂ ਉੱਪਰ ਲੂਣ ਲਾ ਕੇ ਪਾਸੇ ਰੱਖ ਦਿੱਤਾ ਤੇ ਮੂੰਗੀ-ਛੋਲਿਆਂ ਦੀ ਦਾਲ਼ ਰਿੱਝਣੀ ਰੱਖ ਕੇ ਸਫ਼ਰ 'ਤੇ ਨਾਲ਼ ਲਿਜਾਣ ਲਈ ਕੱਪੜੇ ਬੈਗ ਵਿਚ ਪਾਉਣ ਲੱਗਾ। ਰਾਤ ਨੂੰ ਉਹ ਸਾਰੀ ਤਿਆਰੀ ਕਰ ਕੇ ਸੁੱਤਾ।

ਉਸਤਾਦ ਦਾ ਸਵੇਰੇ ਅੱਠ ਵਜੇ ਫੋਨ ਆਇਆ। ਉਸ ਨੇ ਸਾਢੇ ਗਿਆਰਾਂ ਵਜੇ ਤੱਕ ਤਿਆਰ ਰਹਿਣ ਦੀ ਤਾਕੀਦ ਕੀਤੀ। ਗੁਰਸੀਰ ਉਸੇ ਵਕਤ ਸਟੋਵ ਮੂਹਰੇ ਖੜ੍ਹ ਗਿਆ। ਉਸ ਨੇ ਪੱਚੀ-ਤੀਹ ਰੋਟੀਆਂ ਪਕਾਉਣੀਆਂ ਸਨ ਜਾਂ ਚਾਹ ਬਣਾਉਣੀ ਸੀ। ਆਟਾ ਉਸ ਨੇ ਪਹਿਲਾਂ ਹੀ ਗੁੰਨ੍ਹ ਰੱਖਿਆ ਸੀ। ਇਹ ਸਭ ਤਿਆਰੀ ਕਰ ਕੇ ਉਹ ਸਵਾ ਗਿਆਰਾਂ ਵਜੇ ਖਿੜਕੀ ਮੂਹਰੇ ਬੈਠ ਗਿਆ। ਉਸ ਦੀ ਇਕ ਕਮਰੇ ਦੀ ਬੇਸਮੈਂਟ ਸੁਈਟ ਘਰ ਦੇ ਅਗਲੇ ਹਿੱਸੇ ਵਿਚ ਧਰਤੀ ਦੇ ਲੈਵਲ 'ਤੇ ਹੀ ਸੀ। ਖਿੜਕੀ ਰਾਹੀਂ ਮੂਹਰਲੀ ਸੜਕ ਦਿਸਦੀ ਸੀ। ਉਸਤਾਦ ਡਰਾਈਵਰ ਬਾਰਾਂ ਵਜੇ ਤਕ ਵੀ ਨਹੀਂ ਸੀ ਪਹੁੰਚਿਆ। ਗੁਰਸੀਰ ਨੇ ਫੋਨ ਕੀਤਾ ਤਾਂ ਅੱਗੋਂ ਉਹ ਕਹਿੰਦਾ ਕਿ ਦੋ ਵਜੇ ਆਵੇਗਾ। ਦੋ ਵਜੇ ਤਾਂ ਗੁਰਸੀਰ ਨੇ ਪਰਦੇ ਵੀ ਬੰਦ ਕਰ ਦਿੱਤੇ ਤਾਂ ਕਿ ਤੁਰਨ ਲੱਗਿਆਂ ਵੱਧ ਟਾਈਮ ਨਾ ਲੱਗ ਜਾਵੇ।

ਫਿਰ ਗੁਰਸੀਰ ਨੂੰ ਬਾਹਰ ਕਾਰ ਰੁਕਣ ਦੀ ਆਵਾਜ਼ ਸੁਣੀ। ਉਸ ਨੇ ਝੱਟ ਪਰਦਾ ਸਰਕਾ ਕੇ ਦੇਖਿਆ ਪਰ ਕਾਰ ਗੁਆਂਢ ਵਿਚ ਕਿਸੇ ਹੋਰ ਦੇ ਘਰ ਮੂਹਰੇ ਰੁਕੀ ਸੀ। ਗੁਰਸੀਰ ਨੇ ਪਰਦੇ ਦੀ ਕੰਨੀ ਛੱਡੀ ਅਤੇ ਮੁੜ ਕਮਰੇ ਵਿਚ ਗੇੜੇ ਕੱਢਣ ਲੱਗਾ। ਉਸਤਾਦ ਡਰਾਈਵਰ ਨੇ ਕਿਹਾ ਸੀ ਕਿ ਉਹ ਦੋ ਵਜੇ ਪਹੁੰਚ ਜਾਵੇਗਾ ਪਰ ਹੁਣ ਤਿੰਨ ਵੱਜ ਗਏ ਸਨ। ਗੁਰਸੀਰ ਨੇ ਮੁੜ ਉਸਤਾਦ ਦਾ ਫੋਨ ਮਿਲਾ ਲਿਆ। "ਭਾਅ ਜੀ, ਕਿੱਥੇ ਕੁ ਪਹੁੰਚ ਗਏ?" ਫੋਨ ਮਿਲਦਿਆਂ ਹੀ ਗੁਰਸੀਰ ਨੇ ਪੁੱਛਿਆ। "ਗੱਲ ਇੱਤਰਾਂ ਪਈ ਮੇਰੇ ਤੋਂ ਚਾਰ ਤੋਂ ਪਹਿਲੋਂ ਨਈਂਓ ਪਹੁੰਚ ਹੋਣਾ। ਤਿਆਰ ਰਹੀਂ ਚਾਰ ਵੱਜਦੇ ਨੂੰ।" ਗੁਰਸੀਰ ਆਖਣਾ ਚਾਹੁੰਦਾ ਸੀ, 'ਫਿਰ ਮੈਨੂੰ ਕਿਓਂ ਕੁੱਤੇ ਝਾਕ 'ਚ ਬਿਠਾਇਆ?' ਪਰ ਉਸ ਨੇ ਢਿੱਲੀ ਆਵਾਜ਼ 'ਚ "ਠੀਕ ਐ ਭਾਅ ਜੀ" ਕਿਹਾ ਅਤੇ ਆਪਣੇ ਬੂਟ ਲਾਹੁਣ ਲੱਗ ਪਿਆ।

ਸਫ਼ਰ 'ਤੇ ਨਾਲ਼ ਲਿਜਾਣ ਵਾਲ਼ਾ ਸਾਰਾ ਸਮਾਨ ਦਰਵਾਜ਼ੇ ਦੇ ਨੇੜੇ ਰੱਖੀ ਗੁਰਸੀਰ ਉਸਤਾਦ ਡਰਾਈਵਰ ਨੂੰ ਉਡੀਕ ਰਿਹਾ ਸੀ। ਸ਼ਾਮ ਦੇ ਸਵਾ ਚਾਰ ਵੱਜ ਚੁੱਕੇ ਸਨ ਤੇ ਉਸਤਾਦ ਡਰਾਈਵਰ ਹਾਲੇ ਤਕ ਨਹੀਂ ਸੀ ਬਹੁੜਿਆ। ਗੁਰਸੀਰ ਨੇ ਫਿਰ ਫੋਨ ਕੀਤਾ ਤਾਂ ਉਹ ਅੱਗੋਂ ਬੋਲਿਆ, "ਪੌਣੇ ਪੰਜ ਵੱਜਣਗੇ।"

ਪੰਜ ਵੱਜ ਕੇ ਪੰਦਰਾਂ ਮਿੰਟ 'ਤੇ ਗੁਰਸੀਰ ਨੂੰ ਹਾਰਨ ਵੱਜਣ ਦੀ ਆਵਾਜ਼ ਸੁਣੀ। ਉਸ ਨੇ ਪਰਦੇ ਸਰਕਾ ਕੇ ਦੇਖਿਆ। ਕਾਰ ਵਿਚ ਬੈਠੇ ਬੰਦੇ ਨੇ ਬਾਹਰ ਆਉਣ ਦਾ ਇਸ਼ਾਰਾ ਕੀਤਾ। ਗੁਰਸੀਰ ਨੇ ਛੇਤੀ ਨਾਲ਼ ਆਪਣਾ ਨਿੱਕ-ਸੁੱਕ ਚੁੱਕਿਆ ਅਤੇ ਦਰਵਾਜ਼ੇ ਨੂੰ ਤਾਲ਼ਾ ਲਾ ਕੇ ਕਾਰ ਵੱਲ ਤੁਰ ਪਿਆ। ਜਦੋਂ ਉਹ ਕਾਰ ਦੇ ਨੇੜੇ ਪਹੁੰਚਿਆ, ਕਾਰ ਦਾ ਟਰੰਕ ਖੁੱਲ੍ਹ ਗਿਆ। ਗੁਰਸੀਰ ਨੇ ਸਮਾਨ ਉਸ ਵਿਚ ਰੱਖਿਆ ਅਤੇ ਟਰੰਕ ਬੰਦ ਕਰ ਕੇ ਮੂਹਰਲੀ ਤਾਕੀ ਕੋਲ ਜਾ ਖੜ੍ਹਾ। ਉਸਤਾਦ ਨੇ ਉਸ ਨੂੰ ਕਾਰ ਵਿਚ ਆਉਣ ਦਾ ਇਸ਼ਾਰਾ ਕੀਤਾ। ਤਾਕੀ ਖੋਲ੍ਹ ਕੇ ਗੁਰਸੀਰ ਨੇ ਸੀਟ 'ਤੇ ਬੈਠਦਿਆਂ, "ਸਾਸਰੀਕਾਲ, ਭਾਅ ਜੀ" ਕਿਹਾ। ਉਸਤਾਦ ਕਿਸੇ ਨਾਲ਼ ਫੋਨ 'ਤੇ ਗੱਲੀਂ ਲੱਗਾ ਹੋਇਆ ਸੀ। ਉਸ ਨੇ 'ਸਾਸਰੀਕਾਲ' ਦਾ ਜਵਾਬ ਦਿੱਤੇ ਬਿਨਾਂ ਹੀ ਕਾਰ ਤੋਰ ਲਈ। ਗੁਰਸੀਰ ਨੇ ਉਸ ਵੱਲ ਦੇਖਿਆ। ਉਹ ਉਸ ਨੂੰ ਆਪਣੇ ਤੋਂ ਅੱਠ-ਦਸ ਸਾਲ ਵੱਡਾ, ਚਾਲ਼ੀ-ਬਿਆਲ਼ੀ ਸਾਲਾਂ ਦੇ ਗੇੜ 'ਚ, ਲੱਗਾ। ਉਸ ਨੇ ਕੰਨ ਨਾਲ਼ ਬਲਿਊ ਟੂਥ ਟੰਗਿਆ ਹੋਇਆ ਸੀ। ਗੁਰਸੀਰ ਉਡੀਕਣ ਲੱਗਾ ਕਿ ਕਦੋਂ ਉਹ ਆਪਣੇ ਫੋਨ ਤੋਂ ਵਿਹਲਾ ਹੋਵੇ ਤੇ ਕਦੋਂ ਉਸ ਨਾਲ਼ ਗੱਲਾਂ ਕਰੇ ਪਰ ਉਹ ਫੋਨ 'ਤੇ ਹੀ ਲੱਗਾ ਰਿਹਾ। ਗੁਰਸੀਰ ਉਸ ਦੀਆਂ ਗੱਲਾਂ ਸੁਣਨ ਲੱਗਾ। ਉਹ ਕਿਸੇ ਨਾਲ਼ ਆਪਣੇ ਤਾਏ ਦੀ ਵਧੀਕੀ ਦੀਆਂ ਗੱਲਾਂ ਕਰ ਰਿਹਾ ਸੀ। ਗੁਰਸੀਰ ਨੂੰ ਇਸ ਵਿਚ ਕੋਈ ਦਿਲਚਸਪੀ ਨਹੀਂ ਸੀ। ਉਹ ਸ਼ੀਸ਼ੇ ਰਾਹੀਂ ਬਾਹਰ ਦੇਖਣ ਲੱਗਾ। ਫਿਰ ਉਸ ਨੂੰ ਉਸਤਾਦ ਦੇ ਬੋਲਾਂ ਨੇ ਅੰਦਰ ਮੋੜ ਲਿਆਂਦਾ। ਉਸਤਾਦ ਆਖ ਰਿਹਾ ਸੀ, "ਚੰਗਾ ਭੂਆ, ਮੈਥੋਂ ਆਖਰੀ ਦੀ ਸੁਣ ਲੈ ਫੇਰ। ਮੈਂ ਤਾਂ ਆਪਣੇ ਬਚਾਅ ਲਈ ਬੂਹਾ ਢੋਇਐ। ਜੇ ਤੂੰ ਓਹਦੀ ਧਿਰ ਬਣਨੈਂ ਤਾਂ ਤੇਰੀ ਮਰਜ਼ੀ।" ਗੁਰਸੀਰ ਨੇ ਸੋਚਿਆ ਕਿ ਹੁਣ ਉਸਤਾਦ ਉਸ ਵੱਲ ਧਿਆਨ ਦੇਵੇਗਾ ਪਰ ਉਸ ਨੇ ਗੁਰਸੀਰ ਵੱਲ ਦੇਖੇ ਬਿਨਾਂ ਹੀ ਕਿਸੇ ਹੋਰ ਨੂੰ ਫੋਨ ਮਿਲਾ ਲਿਆ ਤੇ ਬੋਲਿਆ, "ਮੈਂ ਤੈਨੂੰ ਹਾਈਵੇ 'ਤੇ ਚੜ੍ਹ ਕੇ ਫੋਨ ਕਰਦਾਂ।—- ਕਾਹਦੇ ਯਾਰ, ਮਾਲਕ ਲਹੂ ਪੀਣ ਡਿਹੈ। ਟ੍ਰੇਨੀ ਲਾ 'ਤਾ ਮੇਰੇ ਨਾਲ਼—-।" ਉਸਤਾਦ ਦੀ ਇਹ ਗੱਲ ਸੁਣ ਕੇ ਗੁਰਸੀਰ ਨੇ ਉਸ ਵੱਲ ਦੇਖਿਆ। ਉਸ ਦਾ ਜੀਅ ਕੀਤਾ ਕਿ ਕਹੇ, 'ਘਬਰਾ ਨਾ ਭਰਾ, ਮੈਂ ਬਹੁਤ ਟਰੱਕ ਚਲਾਇਐ' ਪਰ ਉਸਤਾਦ ਨੇ ਉਸ ਵੱਲ ਧਿਆਨ ਨਾ ਦਿੱਤਾ ਤੇ ਏਕੜ ਕੁ ਥਾਂ 'ਚ ਕੀਤੇ ਤਾਰਾਂ ਦੇ ਵ਼ਲਗਣ 'ਚ ਕਾਰ ਰੋਕ ਦਿੱਤੀ। ਇਕ ਕੋਨੇ ਵਿਚ ਦਫ਼ਤਰ ਬਣਿਆ ਹੋਇਆ ਸੀ। ਉਸਤਾਦ ਨੇ ਬਟਨ ਨੱਪ ਕੇ ਕਾਰ ਦਾ ਟਰੰਕ ਖੋਲ੍ਹ ਦਿੱਤਾ ਤੇ ਫੋਨ 'ਤੇ ਗੱਲਾਂ ਕਰਦਾ ਹੀ ਕਾਰ 'ਚੋਂ ਬਾਹਰ ਨਿਕ਼ਲ ਗਿਆ। ਉਸ ਦੇ ਪਿੱਛੇ ਹੀ ਗੁਰਸੀਰ ਨੇ ਆਪਣਾ ਸਮਾਨ ਕਾਰ ਵਿਚੋਂ ਚੁੱਕਿਆ ਤੇ ਉਸ ਦੇ ਮਗਰ-ਮਗਰ ਟਰੱਕ ਵੱਲ ਤੁਰ ਪਿਆ। ਫੋਨ ਬੰਦ ਕਰ ਕੇ ਉਸਤਾਦ ਟਰੱਕ 'ਚ ਚੜ੍ਹ ਗਿਆ। ਡਰਾਈਵਰ ਤੇ ਸਵਾਰੀ ਵਾਲੀ ਸੀਟ ਦੇ ਮਗਰ ਕੈਬਿਨ ਬਣਿਆ ਹੋਇਆ ਸੀ। ਕਮਰੇ ਵਰਗਾ ਇਹ ਕੈਬਿਨ ਗੁਰਸੀਰ ਨੇ ਪਹਿਲੀ ਵਾਰ ਦੇਖਿਆ ਸੀ। ਦੁਬਈ 'ਚ ਜਿਹੜਾ ਟਰੱਕ ਉਹ ਚਲਾਉਂਦਾ ਸੀ, ਉਸ ਵਿਚ ਅਜਿਹਾ ਪ੍ਰਬੰਧ ਨਹੀਂ ਸੀ ਤੇ ਨਾ ਹੀ ਉਸ ਟਰੱਕ ਵਿਚ ਜਿਸ 'ਤੇ ਉਸ ਨੇ ਲਾਈਸੰਸ ਲਿਆ ਸੀ। ਕੈਬਿਨ ਵਿਚ ਸਮਾਨ ਟਿਕਾਉਂਦੇ ਉਸਤਾਦ ਨੂੰ ਉਹ ਧਿਆਨ ਨਾ਼ਲ ਦੇਖਣ ਲੱਗਾ। ਉਹ ਬਾਹਾਂ ਉੱਪਰ ਕਰ ਕੇ ਕੈਬਿਨ ਦੀ ਛੱਤ ਹੇਠ ਬਣੇ ਰਖਣਿਆਂ ਵਿਚ ਆਪਣੇ ਕੱਪੜਿਆਂ ਵਾ਼ਲਾ ਬੈਗ ਟਿਕਾ ਰਿਹਾ ਸੀ। ਫਿਰ ਉਸ ਨੇ ਫਰਿੱਜ ਖੋਲ੍ਹ ਕੇ ਉਸ ਵਿਚ ਦੁੱਧ ਵਾਲੀ ਚਾਰ ਲੀਟਰ ਦੀ ਕੇਨੀ, ਦਾ਼ਲਾਂ-ਸਬਜ਼ੀਆਂ ਵਾਲੇ ਡੱਬੇ ਅਤੇ ਰੋਟੀਆਂ ਰੱਖ ਦਿੱਤੀਆਂ। ਪਾਣੀ ਵਾਲੀਆਂ ਬੋਤਲਾਂ ਬੈੱਡ ਦੇ ਹੇਠ ਟਿਕਾਅ ਦਿੱਤੀਆਂ। ਫਿਰ ਉਹ ਗੁਰਸੀਰ ਵੱਲ ਦੇਖ ਕੇ ਬੋਲਿਆ, "ਆਹ ਹੇਠਲਾ ਬੈੱਡ ਮੇਰਾ ਜੇ ਤੇ ਉਤਲਾ ਤੇਰਾ।" ਫਿਰ ਉਸ ਨੇ ਇਕ ਵਿਰਲ ਵਿਚ ਹੱਥ ਪਾ ਕੇ ਕਿਸੇ ਚੀਜ਼ ਨੂੰ ਬਾਹਰ ਖਿੱਚਿਆ ਤੇ ਬੋਲਿਆ, "ਇਓਂ ਖਿੱਚ ਕੇ ਪੌੜੀ ਬਣ ਜਾਂਦੀ ਏ। ਉਤਲੇ ਬੈੱਡ 'ਤੇ ਚੜ੍ਹਨ ਲਈ।" ਫਿਰ ਉਹ ਮੁੜਿਆ ਤੇ ਗੁਰਸੀਰ ਦੇ ਹੱਥ 'ਚ ਫੜੀ ਵੱਡੀ ਥਰਮੋਸ ਬੋਤਲ ਵੱਲ ਦੇਖ ਕੇ ਬੋਲਿਆ, "ਚਾਹ ਚੱਕਣ ਦੀ ਕੀ ਲੋੜ ਸੀ? ਆਹ ਵੇਖ ਸਟੋਵ। ਏਸੇ 'ਤੇ ਸੱਜਰੀ ਬਣ ਜਾਂਦੀ ਜੇ। ਮਾਈਕਰੋਵੇਵ ਵੀ ਹੈਗਾ ਜੇ। ਪਹਿਲੋਂ ਨਈਓਂ ਚੜ੍ਹਿਆ ਟਰੱਕ 'ਤੇ ਤੂੰ ਏਹਦਾ ਮਤਲਬ?"



"ਚੜ੍ਹਿਆ ਕਿਓਂ ਨੀ। ਬਥੇਰਾ ਟਰੱਕ ਵਾਹਿਆ। ਓਹ ਲੰਮੇ ਰੂਟ ਦਾ ਨੀ ਸੀ। ਕੈਬਿਨ ਨੀ ਸੀ ਬਣਿਆ ਉਸ ਵਿਚ।" ਆਖ ਕੇ ਗੁਰਸੀਰ ਵੀ ਆਪਣਾ ਸਮਾਨ ਟਿਕਾਉਣ ਲੱਗਾ। ਸਮਾਨ ਟਿਕਾਅ ਕੇ ਬਾਹਰ ਨਿਕਲਿਆ ਤਾਂ ਉਸਤਾਦ ਬੋਲਿਆ, "ਜੇ ਬਹੁਤ ਟਰੱਕ ਵਾਹਿਐ ਤਾਂ ਤੈਨੂੰ ਪ੍ਰੀ ਟ੍ਰਿੱਪ ਇਨਸਪੈਕਸ਼ਨ ਦਾ ਵੀ ਪਤਾ ਹੋਏਗਾ। ਆਹ ਪਈ ਜੇ ਲੌਗ ਬੁੱਕ। ਭਰ ਏਹਨੂੰ। ਤੂੰ ਟਰੱਕ ਚਲਾਉਣਾ ਜੇ ਕੈਲਗਰੀ ਤਾਈਂ।" ਗੁਰਸੀਰ ਕੁੱਝ ਦੇਰ ਲੌਗ ਬੁੱਕ ਦੇਖਦਾ ਰਿਹਾ। ਉਸ ਵਿਚ ਕਈ ਖਾਨੇ ਬਣੇ ਹੋਏ ਸੀ। ਇਕ ਵਾਰ ਤਾਂ ਉਹ ਘਬਰਾ ਗਿਆ। ਉਸ ਨੂੰ ਲੱਗਾ ਕਿ ਇਸ ਨੂੰ ਸਮਝਣ ਲਈ ਤਾਂ ਬਹੁਤ ਸਮਾਂ ਲੱਗੇਗਾ। ਉਸਤਾਦ ਨੇ ਟਰੱਕ ਦਾ ਹੁੱਡ ਖੋਲ੍ਹ ਦਿੱਤਾ ਤੇ ਬੋਲਿਆ, "ਜੇ ਤੂੰ ਇਤਰਾਂ ਈ ਸ਼ੀਟ ਵੱਲ ਵੇਖਦਾ ਰਿਹਾ, ਆਪਾਂ ਅੱਧੀ ਰਾਤ ਤੱਕ ਨਈਓਂ ਹਿੱਲ ਸਕਦੇ ਐਥੋਂ। ਜਾਹ, ਤੇਲ ਪਾਣੀ ਚੈੱਕ ਕਰ ਲੈ। ਆਉਂਦੈ ਕਰਨੈ ਕਿ—?" ਗੁਰਸੀਰ ਨੇ ਉਸਤਾਦ ਵੱਲ ਦੇਖਿਆ ਤੇ ਬਿਨਾਂ ਕੁੱਝ ਜਵਾਬ ਦਿੱਤੇ ਟਰੱਕ ਤੋਂ ਥੱਲੇ ਉੱਤਰ ਗਿਆ। ਉਸ ਨੇ ਟਰੱਕ ਦੇ ਇੰਜਣ ਦਾ ਤੇਲ, ਕੂਲੈਂਟ, ਵਿੰਡ ਸ਼ੀਲਡ ਵਾਸ਼ਰ ਵਗੈਰਾ ਚੈੱਕ ਕੀਤੇ ਤੇ ਹੁੱਡ ਬੰਦ ਕਰ ਕੇ ਡਰਾਈਵਰ ਸੀਟ 'ਤੇ ਬੈਠ ਗਿਆ। ਇੰਜਣ ਚਲਾ ਕੇ ਉਸ ਨੇ ਕਿਹਾ, "ਭਾਅਜੀ, ਆਹ ਸ਼ੀਟ ਜ਼ੀ ਬਾਰੇ ਦੱਸ ਦਿਓ। ਹੋਰ ਮੈਨੂੰ ਪਤੈ ਸਾਰਾ।"

"ਐਸ ਵਾਰੀ ਮੈਂ ਭਰ ਦਿੰਦਾ ਜੇ, ਚੱਲ ਹੁਣ ਤੋਰ, ਓਹ ਸਾਹਮਣੇ ਐਗਜ਼ਿਟ ਸਾਈਨ ਦਿਸਦਾ ਏ ਨਾ, ਓਥੋਂ ਰੈਟ ਮੋੜ ਲਈਂ। ਆਪਾਂ ਪੰਜਾਬ ਪਨੀਰ ਤੋਂ ਟਰਾਲਾ ਜੋੜਨਾ ਜੇ।" ਆਖਦਿਆਂ ਉਸਤਾਦ ਲੌਗ ਬੁੱਕ 'ਤੇ ਨਿਸ਼ਾਨੀਆਂ ਲਾਉਣ ਲੱਗਾ। ਫਿਰ ਬੋਲਿਆ, "ਆਹ ਜੇ ਸਾਰਾ ਕੁਛ ਜਿਹੜਾ ਐਥੇ ਲਿਖਿਆ ਏ, ਚੈੱਕ ਕਰਨ ਲੱਗੀਏ ਤਾਂ ਅੱਧਾ ਘੈਂਟਾ ਲੱਗ ਜਾਏ। ਮੈਂ ਅੱਧਾ ਘੈਂਟਾ ਏਹਦਾ ਲਿਖ ਦਿੱਤਾ ਜੇ ਤੇ ਅੱਧਾ ਅੱਗੇ ਟਰਾਲੇ ਦੀ ਪ੍ਰੀ ਇਨਸਪੈਕਸ਼ਨ ਦਾ ਲਿਖਣਾ ਜੇ।"

ਪੰਜਾਬ ਪਨੀਰ ਤੋਂ ਟਰਾਲਾ ਜੋੜਨ ਤੋਂ ਪਹਿਲਾਂ ਉਸਤਾਦ ਬੋਲਿਆ, "ਜਾਹ, ਟਰਾਲੇ ਦੇ ਇਰਦ-ਗਿਰਦ ਗੇੜਾ ਦੇ ਕੇ ਦੇਖ ਲਾ ਟਾਇਰਾਂ 'ਚ ਹਵਾ-ਹੁਵਾ ਠੀਕ ਜੇ?"

ਉੱਥੋਂ ਟਰੱਕ ਹਾਈਵੇ 'ਤੇ ਪਵਾ ਕੇ ਉਸਤਾਦ ਨੇ ਜੀ ਪੀ ਐੱਸ ਚਲਾ ਦਿੱਤਾ ਅਤੇ ਬੋਲਿਆ, "ਲੈ ਸਿੱਧਾ ਰਾਹ ਜੇ। ਚਲਾਈ ਚੱਲ। ਮੈਂ ਥੋੜ੍ਹੇ ਚਿਰ ਤਾਈਂ ਸੌਂ ਜਾਣਾ। ਬੁਲਾਈਂ ਨਾ ਮੈਨੂੰ।" ਇਹ ਆਖ ਕੇ ਉਸਤਾਦ ਨੇ ਕੈਬਿਨ 'ਚ ਜਾ ਕੇ ਚਮੜੇ ਦੇ ਬਣੇ ਮੋਟੇ ਪਰਦੇ ਬੰਦ ਕਰ ਲਏ। ਰਾਤ ਕੰਮ 'ਤੇ ਜਾਣ ਦੀ ਉਕਸਾਹਟ ਕਾਰਨ ਗੁਰਸੀਰ ਨੂੰ ਚੰਗੀ ਤਰ੍ਹਾਂ ਨੀਂਦ ਨਹੀਂ ਸੀ ਆਈ ਤੇ ਸਾਰਾ ਦਿਨ ਕੁੱਤੇ ਝਾਕ ਵਿਚ ਕੱਟੇ ਹੋਣ ਕਰ ਕੇ ਉਸ ਦੀਆਂ ਅੱਖਾਂ ਨੀਂਦ ਨਾ਼ਲ ਭਾਰੀਆਂ ਹੋਣ ਲੱਗੀਆਂ। ਉਸ ਨੇ ਜੀ ਪੀ ਐੱਸ ਵੱਲ ਦੇਖਿਆ। ਉਸ ਵਿਚੋਂ ਵੀ ਕੋਈ ਆਦੇਸ਼ ਦਿੰਦੀ ਆਵਾਜ਼ ਨਹੀਂ ਸੀ ਆ ਰਹੀ। ਰਾਹ ਸਿੱਧਾ ਸੀ। ਗੁਰਸੀਰ ਨੇ ਅਮ੍ਰਿਤ ਨੂੰ ਫੋਨ ਮਿਲਾ ਲਿਆ। ਮਿਲਦਿਆਂ ਹੀ ਬੋਲਿਆ, "ਵਧਾਈਆਂ ਲਾਣੇਦਾਰਨੀਏ, ਆਪਣੀ ਗੱਡੀ ਲੀਹ 'ਤੇ ਪੈ ਗਈ ਆ। ਟਰੱਕ ਫੜ ਲਿਐ।"

"ਤੁਸੀਂ ਚਲਾਉਨੇ ਆਂ?"

"ਹਾਂ।"

"ਸੱਚੀਂ?"

"ਹੋਰ ਕਿਤੇ ਐਵੇਂ।"

"ਚੰਗਾ ਧਿਆਨ ਨਾ਼ਲ ਚਲਾਵੋ। ਫੇਰ ਕਿਤੇ ਜਦੋਂ ਟਰੱਕ ਖੜ੍ਹਾਇਆ, ਉਦੋਂ ਫੋਨ ਕਰ ਲਿਓ।"

"ਨਹੀਂ ਮੇਰੇ ਕੰਨਾਂ 'ਚ ਬਲੂਅ ਟੂਥ ਲੱਗਾ। ਤੂੰ ਗੱਲਾਂ ਕਰ। ਮੇਰਾ ਜੀਅ ਲਵਾ।"

"ਸੱਚੀਂ ਐਨੀ ਯਾਦ ਆਉਂਦੀ ਆਂ?"

"ਤੈਨੂੰ ਨੀ ਆਉਂਦੀ? ਤੂੰ ਹੁਣ ਛੇਤੀ-ਛੇਤੀ ਆ ਜਾ। ਜਦੋਂ ਪਹਿਲੀ ਪੇਅ ਮਿਲ ਗਈ, ਉਦੋਂ ਹੀ ਤੇਰੀ ਟਿਕਟ ਭੇਜ ਦੇਣੀ ਆ। ਉਦੋਂ ਤਕ ਤੇਰੇ ਵੀਜ਼ੇ ਦੀ ਮਨਜ਼ੂਰੀ ਵੀ ਆ ਜਾਊ।"

"ਮੇਰਾ ਵੀ ਇਓਂ ਹੀ ਜੀਅ ਕਰਦੈ ਕਿ ਉੱਡ ਕੇ ਪਹੁੰਚ ਜਾਵਾਂ ਥੋਡੇ ਕੋਲ। ਹੁਣ ਤਾਂ ਜੀਅ ਜਿਆ ਨੀ ਲੱਗਦਾ।"

"ਚੰਗਾ ਉਹ ਗੀਤ ਸੁਣਾ ਪਰਦੇਸੀ ਮਾਹੀ ਵਾ਼ਲਾ।"

ਅਮ੍ਰਿਤ ਗੀਤ ਗਾਉਣ ਲੱਗੀ, "ਆ ਜਾ ਵੇ ਮਾਹੀ ਤੇਰਾ ਰਸਤਾ ਉਡੀਕ ਦੀ ਆਂ।" ਜਦ ਉਹ ਗਾ ਹਟੀ, ਗੁਰਸੀਰ ਬੋਲਿਆ, "ਅਮ੍ਰਿਤੇ, ਤੂੰ ਮੇਰਾ ਰਾਹ ਨਾ ਵੇਖ, ਮੈਂ ਕਰਦੈਂ ਉਡੀਕ ਤੇਰੀ ਐਥੇ। ਐਥੇ ਤਾਂ ਨਜ਼ਾਰੇ ਈ ਐ। ਅਹੁ ਸਾਹਮਣੇ ਬਰਫਾਂ ਨਾ਼ਲ ਲੱਦਿਆ ਪਹਾੜ ਦਿਸਦੈ। ਐਂ ਜਵਾਂ ਦੁੱਧ ਵਰਗਾ ਚਿੱਟਾ। ਦੂਏ ਪਾਸੇ ਹਰੇ ਕਚੂਰ ਪਹਾੜ ਆ। ਕੋਈ ਧੂੰਆਂ ਨੀ, ਐਂ ਸਾਫ਼ ਨੀਲਾ ਅਸਮਾਨ।"

ਹੋਪ ਸ਼ਹਿਰ ਦੇ ਨੇੜੇ ਪਹੁੰਚ ਕੇ ਜੀ ਪੀ ਐੱਸ ਵਿਚੋਂ ਫਿਰ ਆਦੇਸ਼ ਆਉਣੇ ਸ਼ੁਰੂ ਹੋ ਗਏ। ਟੇਢੀ-ਮੇਢੀ ਸੜਕ ਸ਼ੁਰੂ ਹੋ ਗਈ ਸੀ। ਗੁਰਸੀਰ ਨੇ ਫੋਨ ਬੰਦ ਕਰ ਦਿੱਤਾ ਅਤੇ ਪੂਰਾ ਧਿਆਨ ਟਰੱਕ ਵੱਲ ਕਰ ਲਿਆ। ਪਹਾੜ ਦੇ ਐਨ ਪੈਰਾਂ ਵਿਚ ਵ਼ਲੇਵੇਂਦਾਰ ਸੜਕ ਸੀ। ਸੜਕ ਦੇ ਦੂਜੇ ਪਾਸੇ ਸੀਡਰ ਦੇ ਅਕਾਸ਼ ਛੋਂਹਦੇ ਦਰਖ਼ਤ ਸਨ। ਉਲਟ ਦਿਸ਼ਾ ਵੱਲੋਂ ਆ ਰਿਹਾ ਟ੍ਰੈਫਿਕ ਦਰਖ਼ਤਾਂ ਦੇ ਪਰਲੇ ਪਾਸੇ ਸੀ। ਗੁਰਸੀਰ ਦੀ ਨਿਗ੍ਹਾ ਪਹਾੜ ਵਿਚੋਂ ਥਾਂ-ਥਾਂ ਫੁੱਟਦੇ ਪਾਣੀ ਦੇ ਝਰਨਿਆਂ ਵੱਲ ਚਲੀ ਗਈ। ਪਹਾੜ ਤੋਂ ਬਰਫ਼ ਪਿਘ਼ਲ ਕੇ ਪਾਣੀ ਦੇ ਰੂਪ 'ਚ ਕੂਲਾਂ ਰਾਹੀਂ ਫਰੇਜ਼ਰ ਦਰਿਆ ਨੂੰ ਮਿਲ ਰਹੀ ਸੀ। ਗੁਰਸੀਰ ਦਾ ਜੀਅ ਕੀਤਾ ਕਿ ਉਹ ਮੁੜ ਅਮ੍ਰਿਤ ਨੂੰ ਫੋਨ ਕਰ ਕੇ ਇਸ ਨਜ਼ਾਰੇ ਬਾਰੇ ਦੱਸੇ। ਉਸ ਦਾ ਟਰੱਕ ਲੇਨ ਤੋਂ ਬਾਹਰ ਹੋਣ ਲੱਗਾ ਸੀ। ਸੜਕ ਦੇ ਕਿਨਾਰੇ ਪਾਏ ਕੱਟਾਂ 'ਤੇ ਟਰੱਕ ਚੜ੍ਹਨ ਕਾਰਨ ਟਾਇਰਾਂ ਨੇ ਗਰੜ-ਗਰੜ ਦੀ ਆਵਾਜ਼ ਕੱਢੀ। ਗੁਰਸੀਰ ਸੁਚੇਤ ਹੋ ਗਿਆ।

ਕੋਕਾਹਾਲਾ ਪਹਾੜ ਦੀ ਚੜ੍ਹਾਈ ਚੜ੍ਹਦਿਆਂ ਟਰੱਕ ਦਾ ਜ਼ੋਰ ਲੱਗ ਰਿਹਾ ਸੀ। ਇਹ ਮੁੱਕਣ ਵਿਚ ਹੀ ਨਹੀਂ ਸੀ ਆ ਰਿਹਾ, ਜਿਵੇਂ ਪਹਾੜ ਨੇ ਅਸਮਾਨ ਨੂੰ ਛੋਹਣਾ ਹੋਵੇ। ਟਰੱਕ ਦੇ ਗੇਅਰ ਘਟਾਉਂਦਾ-ਘਟਾਉਂਦਾ ਗੁਰਸੀਰ ਇਸ ਨੂੰ ਪੰਜਵੇਂ ਗੇਅਰ ਵਿਚ ਲੈ ਆਇਆ। ਟਰੱਕ ਦੀ ਸਪੀਡ ਤੀਹ ਕਿਲੋਮੀਟਰ ਪ੍ਰਤੀ ਘੰਟਾ 'ਤੇ ਆ ਗਈ। ਸਾਹਮਣੇ ਮੋੜ ਸੀ। ਅੱਗੇ ਸੜਕ ਨਹੀਂ ਸੀ ਦਿਸਦੀ। ਇਕ ਪਾਸੇ ਦੈਂਤ ਵਰਗਾ ਪਹਾੜ ਸੀ ਤੇ ਦੂਜੇ ਪਾਸੇ ਡੂੰਘੀ ਖਾਈ। ਗੁਰਸੀਰ ਨੂੰ ਲੱਗਿਆ ਜਿਵੇਂ ਮੂਹਰੇ ਸੜਕ ਮੁੱਕ ਗਈ ਹੋਵੇ ਤੇ ਉਸ ਦਾ ਟਰੱਕ ਸੜਕ ਦੇ ਸਿਰੇ 'ਤੇ ਪਹੁੰਚ ਕੇ ਸਿੱਧਾ ਖਾਈ ਵਿਚ ਡਿੱਗੇਗਾ। ਇਸ ਖ਼ਤਰਨਾਕ ਮੋੜ ਨੂੰ ਦੇਖ ਕੇ ਗੁਰਸੀਰ ਨੂੰ ਆਪਣੇ ਜੀਜੇ ਦਾ ਖਿਆਲ ਆ ਗਿਆ। ਉਸ ਨੇ ਸੋਚਿਆ, 'ਇੱਥੇ ਕਿਤੇ ਹੀ ਉਸ ਦਾ ਟਰੱਕ ਉਲਟਿਆ ਹੋਵੇਗਾ।' ਡਰ ਦੀ ਤਾਰ ਉਸ ਅੰਦਰ ਫਿਰ ਗਈ। ਉਸ ਦੇ ਦਿਮਾਗ਼ ਵਿਚ ਰੋਂਦੀ ਕੁਰ਼ਲਾਉਂਦੀ ਆਪਣੀ ਭੈਣ ਦਾ ਚਿਹਰਾ ਆ ਗਿਆ। ਗੁਰਸੀਰ ਨੇ ਆਪਣਾ ਧਿਆਨ ਇਸ ਸੋਚ ਤੋਂ ਪਾਸੇ ਕਰਨ ਲਈ ਦੋ ਕੁ ਵਾਰ ਸਿਰ ਝਟਕਿਆ। ਕੁੱਝ ਪਲਾਂ ਬਾਅਦ ਉਸ ਦੇ ਦਿਮਾਗ਼ 'ਚ ਆ ਗਿਆ ਕਿ ਜੇ ਉਸ ਨੂੰ ਝਪਕੀ ਆ ਗਈ ਤਾਂ ਉਸ ਦੀ ਹੋਣੀ ਵੀ ਜੀਜੇ ਵਾਲੀ ਹੀ ਹੋਵੇਗੀ। ਫਿਰ ਰੋਂਦੀ ਕੁਰ਼ਲਾਉਂਦੀ ਭੈਣ ਦਾ ਚਿਹਰਾ ਅਮ੍ਰਿਤ ਦੇ ਚਿਹਰੇ 'ਚ ਬਦਲ ਗਿਆ ਜਿਸ ਨਾ਼ਲ ਉਸ ਨੇ ਕੁੱਲ ਮਿਲਾ ਕੇ ਤਿੰਨ ਮਹੀਨੇ ਵੀ ਨਹੀਂ ਸੀ ਗੁਜ਼ਾਰੇ। ਗੁਰਸੀਰ ਨੇ ਸੋਚਿਆ ਕਿ ਇਹੋ ਜਿਹੀਆਂ ਹੀ ਪਹਾੜੀਆਂ ਹੁੰਦੀਆਂ ਹੋਣਗੀਆਂ, ਜਿੱਥੇ ਟਰੱਕ ਉਲਟਣ ਦੀਆਂ ਘਟਨਾਵਾਂ ਦੀਆਂ ਖਬਰਾਂ ਹਰ ਹਫ਼ਤੇ ਪੰਜਾਬੀ ਅਖ਼ਬਾਰਾਂ ਵਿਚ ਛਪਦੀਆਂ ਸਨ। ਗੁਰਸੀਰ ਦਾ ਦਿਲ ਕੀਤਾ ਕਿ ਉਹ ਉਸਤਾਦ ਡਰਾਈਵਰ ਨੂੰ ਜਗਾ ਕੇ ਟਰੱਕ ਉਸ ਦੇ ਹਵਾਲੇ ਕਰ ਦੇਵੇ ਪਰ ਉਸ ਨੇ ਇਸ ਤਰ੍ਹਾਂ ਨਾ ਕੀਤਾ। 'ਮਸਾਂ ਤਾਂ ਵਰਕ ਪਰਮਿਟ ਮਿਲਿਆ ਹੈ', ਉਸ ਨੇ ਸੋਚਿਆ ਅਤੇ ਪੂਰਾ ਧਿਆਨ ਸੜਕ 'ਤੇ ਗੱਡ ਲਿਆ।

ਅਗਾਂਹ ਕੈਮਲੂਪਸ ਸ਼ਹਿਰ ਪਹੁੰਚਦਿਆਂ ਸੂਰਜ ਅਸਤ ਹੋ ਗਿਆ ਸੀ। ਰਾਤ ਦੇ ਸਾਢੇ ਨੌਂ ਵੱਜ ਗਏ ਸਨ। ਬੱਤੀਆਂ ਜਗਣ ਲੱਗੀਆਂ ਸਨ। ਰਾਹ ਕੁੱਝ ਪੱਧਰਾ ਆ ਗਿਆ ਸੀ। ਕੋਕਾਹਾਲਾ ਪਹਾੜੀ 'ਤੇ ਟਰੱਕ ਚਲਾਉਂਦਿਆਂ ਹੋਈ ਘਬਰਾਹਟ ਤੋਂ ਉਸ ਨੇ ਰਾਹਤ ਮਹਿਸੂਸ ਕੀਤੀ। ਸ਼ੂਸਵਾਪ ਝੀਲ ਕਿਨਾਰੇ ਬਣੀਆਂ ਕੈਬਿਨਾਂ ਦੀਆਂ ਬੱਤੀਆਂ ਦੀ ਪਾਣੀ ਵਿਚ ਪੈਂਦੀ ਲਿਸ਼ਕੋਰ ਗੁਰਸੀਰ ਦੀਆਂ ਅੱਖਾਂ ਨੂੰ ਸੁਖਾਵੀਂ ਲੱਗਣ ਲੱਗੀ। ਇਸ ਝੀਲ ਨੇ ਉਸ ਦੇ ਨਾ਼ਲ-ਨਾ਼ਲ ਸੈਲਮਨਆਰਮ ਸ਼ਹਿਰ ਤੱਕ ਸਾਥ ਦਿੱਤਾ ਪਰ ਬਾਹਰ ਪੱਸਰੇ ਹਨੇਰੇ ਕਾਰਨ ਉਹ ਇਸ ਦੀ ਸੁੰਦਰਤਾ ਨੂੰ ਮਾਣਨੋਂ ਖੁੰਝ ਗਿਆ।

*(ਬਾਕੀ ਸਫਾ 28 'ਤੇ)*

# ਗਦਰ ਪਾਰਟੀ ਦੀ ਪੰਜਾਬੀ ਸਾਹਿਤ, ਸਭਿਆਚਾਰ ਤੇ ਪੱਤਰਕਾਰੀ ਨੂੰ ਦੇਣ

*ਦਿੱਲੀ ਵੱਸਦੇ ਲਿਖਾਰੀ ਕਰਨਜੀਤ ਸਿੰਘ ਦਾ ਗਦਰ ਪਾਰਟੀ ਬਾਰੇ ਇਹ ਲੇਖ ਕਈ ਦਹਾਕੇ ਪੁਰਾਣਾ ਹੈ। ਉਸ ਵਕਤ ਗਦਰ ਲਹਿਰ ਬਾਰੇ ਬਹੁਤਾ ਸਾਹਿਤ ਸਾਹਮਣੇ ਨਹੀਂ ਸੀ ਆਇਆ। ਇਸ ਲੇਖ ਵਿਚ ਲਿਖਾਰੀ ਨੇ ਗਦਰ ਲਹਿਰ ਦੀਆਂ ਕੁਝ ਬੁਨਿਆਦੀ ਬਾਤਾਂ ਬਾਰੇ ਬੜੀਆਂ ਅਹਿਮ ਅਤੇ ਭਾਵਪੂਰਤ ਟਿੱਪਣੀਆਂ ਕੀਤੀਆਂ ਹਨ। ਇਸ ਲੇਖ ਵਿਚ ਗਦਰ ਲਹਿਰ ਦਾ ਇਤਿਹਾਸ ਬੋਲਦਾ ਹੈ।*

20ਵੀਂ ਸਦੀ ਦੇ ਦੂਜੇ ਦਹਾਕੇ ਵਿਚ ਹੋਂਦ ਵਿਚ ਆਈ ਹਿੰਦੁਸਤਾਨ ਗਦਰ ਪਾਰਟੀ ਕੌਮਾਂਤਰੀ ਪਾਰਟੀ ਸੀ। ਅਮਰੀਕਾ ਤੇ ਕੈਨੇਡਾ ਗਏ ਪੰਜਾਬੀ ਕਿਸਾਨ ਇਸ ਪਾਰਟੀ ਅਤੇ ਲਹਿਰ ਦੀ ਰੀੜ੍ਹ ਦੀ ਹੱਡੀ ਸਨ। ਹਥਿਆਰਬੰਦ ਇਨਕਲਾਬ ਦੁਆਰਾ ਦੇਸ਼ ਨੂੰ ਅੰਗਰੇਜ਼ ਦੀ ਗੁਲਾਮੀ ਤੋਂ ਆਜ਼ਾਦ ਕਰਾਉਣਾ ਇਸ ਪਾਰਟੀ ਦਾ ਨਿਸ਼ਾਨਾ ਸੀ ਪਰ ਆਪਣੀ ਇਸ ਮੁੱਖ ਲੜਾਈ ਦੇ ਨਾਲ ਹੀ ਅਮਰੀਕਾ ਤੇ ਕੈਨੇਡਾ ਦੇ ਇਹ ਪਰਵਾਸੀ ਜਿਹੜੇ ਰੰਗ, ਧਰਮ, ਨਸਲ ਆਦਿ ਦੇ ਵਿਤਕਰੇ ਦਾ ਸ਼ਿਕਾਰ ਸਨ, ਆਪਣੇ ਮਾਨਵੀ ਹੱਕਾਂ ਦੀ ਲੜਾਈ ਵੀ ਲੜ ਰਹੇ ਸਨ। ਇਸ ਜੱਦੋਜਹਿਦ ਦੀ ਅਗਵਾਈ ਲਈ ਉਹਨਾਂ ਨੇ ਯੂਨਾਈਟਿਡ ਇੰਡੀਆ ਲੀਗ ਅਤੇ ਖਾਲਸਾ ਦੀਵਾਨ ਸੁਸਾਇਟੀ ਵਰਗੀਆਂ ਜੱਥੇਬੰਦੀਆਂ ਦਾ ਵੀ ਗਠਨ ਕੀਤਾ ਹੋਇਆ ਸੀ। ਖਾਲਸਾ ਦੀਵਾਨ ਸੁਸਾਇਟੀ ਉਥੇ ਵੱਸਦੇ ਸਿੱਖਾਂ ਦੇ ਸਮਾਜਿਕ, ਸਭਿਆਚਾਰਕ ਅਤੇ ਧਾਰਮਿਕ ਹਿਤਾਂ ਦੀ ਰੱਖਿਆ ਕਰ ਰਹੀ ਸੀ। ਸਿੱਖਾਂ ਦੇ ਵੱਖਰੇ ਵਿਸ਼ੇਸ਼ ਧਾਰਮਿਕ ਤੇ ਸਭਿਆਚਾਰਕ ਹਿਤਾਂ ਦੀ ਗੱਲ ਓਦੋਂ ਸਮਝ



**ਕਰਨਜੀਤ ਸਿੰਘ**
ਫੋਨ: +91-98711-89446

ਪੈਂਦੀ ਹੈ ਜਦੋਂ ਸਾਨੂੰ ਇਹ ਮਾਲੂਮ ਹੁੰਦਾ ਹੈ ਕਿ ਉਹਨਾਂ ਨੂੰ ਪਗੜੀ ਬੰਨ੍ਹਣ ਅਤੇ ਦਾੜ੍ਹੀ ਰੱਖਣ ਖਾਤਰ ਕਿੰਨੀਆਂ ਤੇ ਕੈਸੀਆਂ ਆਰਥਿਕ ਤੇ ਸਭਿਆਚਾਰਕ ਕਠਿਨਾਈਆਂ ਸਹਿਣ ਕਰਨੀਆਂ ਪੈਂਦੀਆਂ ਸਨ।

ਕੋਈ ਵੀ ਰਾਜਨੀਤਕ ਪਾਰਟੀ ਜਾਂ ਸੰਸਥਾ ਓਨਾ ਚਿਰ ਆਪਣੇ ਕਿਸੇ ਪ੍ਰਯੋਜਨ ਦੀ ਸਫਲਤਾ ਤਾਂ ਦੂਰ ਦੀ ਗੱਲ, ਉਸ ਵਾਸਤੇ ਕਾਰਜਸ਼ੀਲ ਹੀ ਨਹੀਂ ਹੋ ਸਕਦੀ ਜਿੰਨਾ ਚਿਰ ਉਸ ਦਾ ਆਪਣਾ ਕੋਈ ਅਖਬਾਰ ਜਾਂ ਰਸਾਲਾ ਨਾ ਹੋਵੇ। ਆਪਣੇ ਆਸ਼ਿਆਂ ਦੇ ਪ੍ਰਚਾਰ ਲਈ ਅਤੇ ਵਿਸ਼ਾਲ ਜਨ-ਸੰਪਰਕ ਲਈ ਸੰਚਾਰ ਦੇ ਇਸ ਮਾਧਿਅਮ ਤੋਂ ਬਗੈਰ ਮੁੱਢਲੇ ਕਦਮ ਪੁੱਟਣੇ ਵੀ ਕਲਪਨਾ ਬਾਹਰੀ ਗੱਲ ਪ੍ਰਤੀਤ ਹੁੰਦੀ ਹੈ। ਇਸ ਲਈ ਹਿੰਦੁਸਤਾਨ ਗਦਰ ਪਾਰਟੀ ਨੇ 8 ਦਸੰਬਰ 1913 ਨੂੰ 'ਗਦਰ' ਨਾਂ ਦਾ ਪੰਜਾਬੀ ਅਖ਼ਬਾਰ ਚਾਲੂ ਕੀਤਾ ਜਿਹੜਾ ਸਾਨਫਰਾਂਸਿਸਕੋ ਤੋਂ ਛਪ ਕੇ ਲੁਕਵੇਂ ਢੰਗਾਂ ਨਾਲ ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਕੋਲ ਅਤੇ ਭਾਰਤ ਵਿਚ ਵੀ ਪਹੁੰਚਾਇਆ ਜਾਂਦਾ ਸੀ। ਇਸ ਪੱਤਰ ਵਿਚ ਪਾਰਟੀ ਦੇ ਇਨਕਲਾਬੀ ਵਿਚਾਰਾਂ ਅਤੇ ਗਦਰ ਸਬੰਧੀ ਉਸ ਦੇ ਪ੍ਰੋਗਰਾਮ ਨੂੰ ਕਵਿਤਾਵਾਂ ਦੇ ਰੂਪ ਵਿਚ ਵੀ ਪੇਸ਼ ਕੀਤਾ ਜਾਂਦਾ ਜਿਹੜੀਆਂ ਅਤਿਅੰਤ ਪ੍ਰਭਾਵਸ਼ਾਲੀ, ਪ੍ਰੇਰਕ ਤੇ ਉਤਸ਼ਾਹ ਵਧਾਉਣ ਵਾਲੀਆਂ ਹੁੰਦੀਆਂ ਸਨ। ਪਾਠਕਾਂ ਉਤੇ ਪੈਣ ਵਾਲੇ ਪ੍ਰਭਾਵ ਤੋਂ ਉਤਪੰਨ ਹੁੰਦੇ ਪ੍ਰਤਿਕਰਮ ਦਾ ਹਾਂ-ਮੁਖੀ ਮੁੱਲ ਹੀ ਸੀ ਜਿਸ ਦਾ ਸਦਕਾ ਸਮੇਂ-ਸਮੇਂ ਛਪਣ ਵਾਲੀਆਂ ਇਨ੍ਹਾਂ ਕਵਿਤਾਵਾਂ ਨੂੰ 'ਗਦਰ ਦੀ ਗੂੰਜ' ਹੇਠ ਇਕੱਤਰ ਕਰ ਕੇ ਕਿਤਾਬਚਿਆਂ ਦੇ ਰੂਪ ਵਿਚ ਛਾਪਿਆ ਜਾਂਦਾ ਰਿਹਾ। ਫੇਰ ਇਨ੍ਹਾਂ ਵਿਚੋਂ ਕੁਝ ਹਿੰਦੀ, ਉਰਦੂ ਤੇ ਗੁਜਰਾਤੀ ਵਿਚ ਅਨੁਵਾਦ ਵੀ ਪ੍ਰਕਾਸ਼ਤ ਹੋਏ। ਇਹ ਕਾਵਿ ਸੰਗ੍ਰਹਿ ਪੂਰੇ ਦੇ ਪੂਰੇ ਕਿਸੇ ਪੁਸਤਕਾਲੇ ਵਿਚ ਪ੍ਰਾਪਤ ਹਨ ਜਾਂ ਨਹੀਂ, ਇਸ ਬਾਰੇ ਸਾਨੂੰ ਬਹੁਤੀ ਭਰੋਸੇਯੋਗ ਜਾਣਕਾਰੀ ਨਹੀਂ; ਹਾਂ, ਕੁਝ ਪੁੱਛ-ਪੜਤਾਲ ਕਰਨ ਤੋਂ ਮਗਰੋਂ ਇੱਕ ਸਾਥੀ ਮਿੱਤਰ ਕੋਲੋਂ 'ਗਦਰ ਦੀ ਗੂੰਜ' ਨੰਬਰ 7 ਪ੍ਰਾਪਤ ਹੋ ਸਕੀ ਹੈ ਜਿਹੜੀ 1931 ਵਿਚ ਪ੍ਰਕਾਸ਼ਤ ਹੋਈ ਸੀ। ਸ. ਸੋਹਣ ਸਿੰਘ ਜੋਸ਼ ਨੇ ਆਪਣੀ ਪੁਸਤਕ ਵਿਚ ਇਸ ਪੁਸਤਕ ਦਾ ਜ਼ਿਕਰ ਕੀਤਾ ਹੈ। ਗਿਆਨੀ ਹੀਰਾ ਸਿੰਘ ਦਰਦ ਨੇ ਪੰਜਾਬੀ ਦੁਨੀਆ ਦੇ ਦੇਸ਼ਭਗਤੀ ਕਾਵਿ ਵਿਚ 'ਗਦਰ ਦੀ ਗੂੰਜ' ਨੰਬਰ 1 ਤੇ ਨੰਬਰ 7 ਦੇ ਹਵਾਲੇ ਦਿੱਤੇ ਹਨ। ਇਨ੍ਹਾਂ ਤੋਂ ਜਾਪਦਾ ਹੈ ਕਿ 'ਗਦਰ ਦੀ ਗੂੰਜ' ਨੰਬਰ 7 ਆਖਰੀ ਪੁਸਤਕ ਸੀ। ਇਸ ਵਿਚ ਛੱਤੀ ਕਵਿਤਾਵਾਂ ਹਨ। ਜਿਨ੍ਹਾਂ ਕਵੀਆਂ ਦੇ ਨਾਂ ਲੱਭਦੇ ਹਨ (ਅਸਲੀ ਜਾਂ ਫਰਜ਼ੀ), ਉਹ ਹਨ ਇਕਬਾਲ ਜਾਚਕ, ਪ੍ਰੀਤਮ, ਹਮਦਮ, ਨਾਸਤਕ, ਸੇਵਕ। ਜੋਸ਼ ਜੀ ਮੁਤਾਬਿਕ ਇਸ ਵਿਚ ਚਾਰ ਕਵਿਤਾਵਾਂ ਤੇਜਾ ਸਿੰਘ ਸੁਤੰਤਰ ਦੀਆਂ ਹਨ। 1931 ਤੱਕ ਗਦਰ ਪਾਰਟੀ ਵਿਚਾਰਧਾਰਕ ਦ੍ਰਿਸ਼ਟੀ ਤੋਂ ਕਈ ਉਤਾਰਾਵਾਂ-ਚੜ੍ਹਾਵਾਂ ਵਿਚੋਂ ਲੰਘ ਚੁੱਕੀ ਸੀ, ਤਾਂ ਵੀ 'ਗਦਰ ਦੀ ਗੂੰਜ' ਨੰਬਰ 7 ਵਿਚ ਛਪੀਆਂ ਕਵਿਤਾਵਾਂ ਤੋਂ ਇਸ ਲਹਿਰ ਦੇ ਪ੍ਰੇਰਨਾ ਸਰੋਤ, ਇਸ ਦੇ ਰਾਜਨੀਤਕ ਆਸ਼ੇ, ਇਸ ਦੇ ਸਮਾਜਿਕ, ਧਾਰਮਿਕ ਤੇ ਸਭਿਆਚਾਰਕ ਦ੍ਰਿਸ਼ਟੀਕੋਣ ਅਤੇ ਕਾਂਗਰਸ ਲਹਿਰ ਵੱਲ ਜੋ ਉਸ ਵੇਲੇ ਦੀ ਸਭ ਤੋਂ ਵੱਡੀ ਰਜਨੀਤਕ ਲਹਿਰ ਬਣ ਕੇ ਉੱਭਰ ਰਹੀ ਸੀ, ਇਸ ਦੇ ਵਤੀਰੇ ਬਾਰੇ ਤਸੱਲੀਬਖ਼ਸ਼ ਜਾਣਕਾਰੀ ਮਿਲ ਜਾਂਦੀ ਹੈ। ਇਹ ਜਾਣਕਾਰੀ ਅਧੂਰੀ ਹੋ ਸਕਦੀ ਹੈ ਪਰ ਬੁਨਿਆਦੀ ਮਹੱਤਤਾ ਵਾਲੀ ਹੈ ਕਿਉਂਕਿ ਇਨ੍ਹਾਂ ਰਚਨਾਵਾਂ ਦੇ ਲੇਖਕ ਆਪ ਇਸ ਲਹਿਰ ਅਤੇ ਪਾਰਟੀ ਦੇ ਉੱਘੇ ਕਾਰਜ-ਕਰਤਾ ਅਤੇ ਆਗੂ ਸਨ।

ਇਹ ਸੰਖੇਪ ਜਿਹਾ ਪਰਚਾ ਲਿਖਣ ਲਈ ਕੁਝ ਪੁਸਤਕਾਂ ਦਾ ਅਧਿਐਨ ਕਰਦੇ ਸਮੇਂ ਇਹ ਸਵਾਲ ਵਾਰ-ਵਾਰ ਸਾਡੇ ਮਨ ਵਿਚ ਉਠਦਾ ਰਿਹਾ ਕਿ ਗਦਰ ਪਾਰਟੀ ਵੱਲੋਂ ਹਥਿਆਰਬੰਦ ਇਨਕਲਾਬ ਕਰਨ ਦੇ ਵਿਚਾਰ ਦੀਆਂ ਜੜ੍ਹਾਂ ਕਿੱਥੇ ਹਨ। ਜਦੋਂ ਕਿਸੇ ਦੇਸ਼ ਦੀ ਆਮ ਜਨਤਾ ਵਿਚ ਅਜੇ ਕੌਮੀ ਤੇ ਇਨਕਲਾਬੀ ਚੇਤਨਾ ਨਾ ਜਾਗੀ ਹੋਵੇ, ਜਦੋਂ ਆਮ ਜਨ-ਸਮੂਹ ਕਿਸੇ ਲਹਿਰ ਦੇ ਅਨੁਯਾਈ ਨਾ ਬਣ ਸਕੇ ਹੋਣ, ਅਤੇ ਸ਼ਹਿਰਾਂ ਤੇ ਪਿੰਡਾਂ ਵਿਚ ਲੋਕਾਂ ਦੀ ਸਹਾਇਤਾ ਦਾ ਘੇਰਾ ਬਹੁਤ ਸੌੜਾ ਹੋਵੇ, ਖਾਸ ਕਰ ਕੇ ਪੁਲਿਸ ਸ਼ਕਤੀ ਵੱਲੋਂ ਲੋੜੀਂਦਾ ਸਹਿਯੋਗ ਨਾ ਮਿਲ ਰਿਹਾ ਹੋਵੇ, ਓਦੋਂ ਭਾਰਤ ਜੇਡੇ ਵਿਸ਼ਾਲ ਮੁਲਕ ਵਿਚ ਹਥਿਆਰਬੰਦ ਇਨਕਲਾਬ ਦੇ ਨਿਰਣੇ 'ਤੇ ਅੱਪੜਨ ਦਾ ਆਧਾਰ ਕੀ ਹੋ ਸਕਦਾ ਹੈ? ਪਰ ਨਾਲ ਹੀ ਇਹ ਖਿਆਲ ਵੀ ਸਿਰ ਚੁੱਕ ਲੈਂਦਾ ਹੈ ਕਿ ਜੇ ਉਪਰੋਕਤ ਸਾਰੀਆਂ ਸ਼ਰਤਾਂ ਪੂਰੀਆਂ ਹੋ ਰਹੀਆਂ ਹੁੰਦੀਆਂ ਤਾਂ ਹਥਿਆਰ ਚੁੱਕਣ ਦੀ ਲੋੜ ਹੀ ਕਦੋਂ ਰਹਿ ਜਾਣੀ ਸੀ। ਸ਼ਾਇਦ ਇਹ ਵਾਸਤਵਿਕਤਾ ਹੀ ਸੀ ਜਿਸ ਨੇ ਹਥਿਆਰਬੰਦ ਇਨਕਲਾਬ ਲਈ ਪ੍ਰੇਰਿਆ ਤੇ ਇਸ ਨਾਲ ਦੋ ਗੱਲਾਂ ਹੋਰ ਜਿਹੜੀਆਂ ਜੋੜੀਆਂ ਜਾ ਸਕਦੀਆਂ ਹਨ, ਉਹ ਹਨ (1) ਸਾਮਰਾਜੀ ਜ਼ੁਲਮ, ਜਬਰ ਦਾ ਵਾਰਾ-ਪਹਿਰਾ ਅਤੇ ਕਿਸੇ ਜਮਹੂਰੀ ਹੱਕ-ਅਧਿਕਾਰ ਦੀ ਅਣਹੋਂਦ ਅਤੇ (2) ਪੰਜਾਬ ਦੀ ਕਿਸਾਨੀ ਜੋ ਬਹੁਤਾ ਕਰ ਕੇ ਸਿੱਖ ਮਤ ਦੇ ਧਾਰਨੀ ਸੀ, ਦੀਆਂ ਆਪਣੀਆਂ ਰਵਾਇਤਾਂ। 'ਗਦਰ' ਅਖਬਾਰ ਦੇ ਸਰਵਰਕ ਉਤੇ ਛਪਦੀਆਂ 'ਜੇ ਤਓ ਪ੍ਰੇਮ ਖੇਲਨ ਕਾ ਚਾਓ ਸਿਰ ਧਰ ਤਲੀ ਮੇਰੀ ਆਓ' ਪੰਗਤੀਆਂ ਤੋਂ ਇਹ ਸਿੱਧ ਹੁੰਦਾ ਹੈ। 'ਗਦਰ ਦੀ ਗੂੰਜ' ਨੰਬਰ 7 ਵਿਚਲੀਆਂ ਨਿਮਨ ਲਿਖਤ ਪੰਗਤੀਆਂ ਤੋਂ ਇਸ ਵਿਚਾਰ ਦੀ ਅਗਾਂਹ ਪੁਸ਼ਟੀ ਹੁੰਦੀ ਹੈ:

ਰੀਤ ਛੱਡ ਕੇ ਜੰਗ ਬਹਾਦਰੀ ਦੀ
ਮਰੋ ਨਾਲ ਪਲੇਗ ਤੇ ਕਾਲ ਦੇ ਹੋ।

... ... ...

ਸਤਵੰਜੇ ਵਿਚ ਆਜ਼ਾਦੀ ਦਾ ਨਾਦ ਵੱਜਾ,
ਤੋੜਨ ਲਈ ਗੁਲਾਮੀ ਦੇ ਸੰਗਲਾਂ ਨੂੰ।

ਪੰਜਾਬ ਦੀ ਸਿੱਖ ਕਿਸਾਨੀ ਦੇ ਇਨ੍ਹਾਂ ਸਰਫਰੋਸ਼ ਯੋਧਿਆਂ ਨੇ ਸ਼ਾਇਦ ਇਸ ਲਈ ਵੀ ਹਥਿਆਰ ਚੁੱਕਣ ਦਾ ਫੈਸਲਾ ਕੀਤਾ ਕਿ 1849 'ਚ ਸਿੱਖ ਰਾਜ ਦਾ ਅੰਤ ਹੋਇਆ ਅਤੇ ਸਿੱਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ 'ਚ ਉੱਤਰੀ ਭਾਰਤ ਦੇ ਵਸਨੀਕ ਸੈਨਿਕ ਅੰਗਰੇਜ਼ਾਂ ਦੀ ਕਮਾਨ ਥੱਲੇ ਸਿੱਖਾਂ ਨਾਲ ਲੜੇ। ਇਹ ਵੀ ਮੰਨਿਆ ਜਾਂਦਾ ਹੈ ਕਿ 1857 ਦੇ ਗ਼ਦਰ 'ਚ ਸਿੱਖ ਰਜਵਾੜੇ ਤੇ ਸਰਦਾਰ ਇਸ ਗੱਲੋਂ ਨਾਰਾਜ਼ ਹੋਣ ਕਾਰਨ ਇਸ 'ਚ ਸ਼ਾਮਲ ਨਾ ਹੋਏ। ਸ਼ਾਇਦ ਉਹ ਅੰਗਰੇਜ਼ ਦੀ ਖ਼ੁਸ਼ਨੂਦੀ ਕਰ ਕੇ ਕੁਝ ਆਰਥਿਕ ਲਾਭ ਤੇ ਪਦਵੀਆਂ ਵੀ ਚਾਹੁੰਦੇ ਸਨ। ਇਹ ਵਤੀਰਾ ਸਿੱਖਾਂ ਦੀਆਂ ਸੂਰਮਗਤੀ ਦੀਆਂ ਰਵਾਇਤਾਂ ਨੂੰ ਨਕਾਰਦਾ ਸੀ। ਗਦਰੀ ਬਾਬੇ ਖਵਰੇ ਚੇਤ-ਅਚੇਤ ਇਹ ਧੋਣਾ, ਧੋਣਾ ਚਾਹੁੰਦੇ ਸਨ। ਪਾਰਟੀ ਨੇ ਅਖਬਾਰ ਦਾ ਨਾਂ ਜੇ 1857 ਦੇ ਗਦਰ ਦੇ ਆਧਾਰ 'ਤੇ 'ਗਦਰ' ਰੱਖਿਆ ਤਾਂ ਇਹ ਸਾਡੀ ਧਾਰਨਾ ਦਾ ਪ੍ਰਮਾਣ ਹੈ। ਗਦਰ ਪਾਰਟੀ ਦੀਆਂ ਜੁਝਾਰੂ ਨੀਤੀਆਂ ਦੇ ਟਾਕਰੇ ਪੂਰੇ ਦੇਸ਼ ਵਿਚ ਕਾਰਜਸ਼ੀਲ ਇੰਡੀਅਨ ਨੈਸ਼ਨਲ ਕਾਂਗਰਸ ਅਹਿੰਸਕ ਸੰਗਰਾਮ ਲੜ ਰਹੀ ਸੀ। ਸਾਥੀ ਸੋਹਣ ਸਿੰਘ ਜੋਸ਼ ਅਨੁਸਾਰ ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਦੇ ਕਤਲਾਮ ਤੋਂ ਮਗਰੋਂ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਕੌਮੀ ਲਹਿਰ ਨੇ ਵੱਡੀਆਂ ਪੁਲਾਂਘਾਂ ਪੁੱਟਣੀਆਂ ਆਰੰਭ ਕਰ ਦਿੱਤੀਆਂ ਅਤੇ ਗਦਰ ਪਾਰਟੀ ਇਨਕਲਾਬੀ ਜਮਹੂਰੀ ਦ੍ਰਿਸ਼ਟੀ ਤੋਂ ਇਸ ਸਮਰਥਨ ਦਾ ਕੋਈ ਸੰਕੇਤ ਨਹੀਂ ਮਿਲਦਾ ਸਗੋਂ ਇਸ ਦੇ ਉਲਟ ਗਾਂਧੀ ਅਤੇ ਉਹਨਾਂ ਦੀ ਅਹਿੰਸਾ ਦੀ ਵਿਚਾਰਧਾਰਾ ਪ੍ਰਤੀ ਗਦਰੀਆਂ ਦੇ ਨਾਂਹ-ਮੁਖੀ ਵਤੀਰੇ ਦੀ ਹੀ ਟੋਹ ਮਿਲਦੀ ਹੈ। ਕਈ ਕਵਿਤਾਵਾਂ ਵਿਚ ਇਹ ਗੱਲ ਜ਼ੋਰਦਾਰ ਸ਼ਬਦਾਂ ਵਿਚ ਕਹੀ ਗਈ ਹੈ ਕਿ ਮਤਿਆਂ ਤੇ ਪਟੀਸ਼ਨਾਂ ਨਾਲ ਕੁਝ ਵੀ ਹੱਥ ਨਹੀਂ ਲੱਗਾ। ਇਸ ਲਈ ਸ਼ਾਂਤਮਈ ਲਹਿਰ ਗੁਲਾਮੀ ਤੋਂ ਛੁਟਕਾਰਾ ਪਾਉਣ ਦਾ ਕੋਈ ਇਲਾਜ ਨਹੀਂ। ਕਵੀ 'ਜਾਚਕ' ਤਾਂ ਇਹ ਵੀ ਆਖਦਾ ਹੈ ਕਿ ਗਾਂਧੀ ਦੀ ਲਹਿਰ ਤੋਂ ਕੁਝ ਵੀ ਨਹੀਂ ਸੌਰਿਆ। ਹੇਠਾਂ ਲਿਖੀਆਂ ਪੰਕਤੀਆਂ ਇਨ੍ਹਾਂ ਵਿਚਾਰਾਂ ਦੀ ਪ੍ਰੋੜਤਾ ਹੋ ਜਾਂਦੀ ਹੈ:

ਕਦੇ ਮੰਗਿਆਂ ਮਿਲਨ ਆਜ਼ਾਦੀਆਂ ਨਾ
ਹੁੰਦੇ ਤਰਲਿਆਂ ਨਾਲ ਨਾ ਰਾਜ ਲੋਕੋ
ਗੱਲਾਂ ਨਾਲ ਗੁਲਾਮੀ ਨਾ ਦੂਰ ਹੋਵੇ
ਸ਼ਾਂਤਮਈ ਨਾ ਕੋਈ ਇਲਾਜ ਲੋਕੋ

... ... ...

ਮੁਰਲੀ ਫੇਰ ਕੇ ਗਾਂਧੀ ਨੂੰ ਮਸਤ ਕੀਤਾ
ਧੋਖੇ ਨਾਲ ਉਹ ਹਿੰਦ ਨੂੰ ਲੁੱਟਦੇ ਨੇ
ਜਵਾਂ ਮਰਦਾਂ ਨੂੰ ਪਾ ਕੇ ਵਿਚ ਜੇਹਲੀਂ
ਝੋਲੀ ਚੁੱਕਾਂ ਮੋਹਰੇ ਹੱਡੀ ਸੁੱਟਦੇ ਨੇ
ਛਾਈ ਜ਼ੁਲਮ ਅੰਧੇਰੜੀ ਤਰਫ ਚੌਂਹੀਂ
ਯਾਰੋ ਹਿੰਦੀਆਂ ਨੂੰ ਕਿਵੇਂ ਕੁੱਟਦੇ ਨੇ
ਦਰਦਮੰਦ ਅੱਗੋਂ ਜੇ ਕੋਈ ਬੋਲਦਾ ਹੈ
ਝੱਟ ਓਸ ਦੇ ਗਲੇ ਨੂੰ ਘੁੱਟਦੇ ਨੇ

... ... ...

ਤਾਕਤ ਹਿੰਦ ਦੀ ਅੱਜ ਅਲੋਪ ਹੋਈ
ਸਤ ਰਿਹਾ ਨਾ ਵੇਦ ਕੁਰਾਨ ਅੰਦਰ
ਗਾਂਧੀ ਲਹਿਰ ਨੇ ਕੁਝ ਸਵਾਰਿਆ ਨਾ
ਰਹੀ ਅਣਖ ਨਾ ਹਿੰਦੁਸਤਾਨ ਅੰਦਰ।

ਜਿਥੋਂ ਤੱਕ ਗ਼ਦਰ ਲਹਿਰ ਦੀ ਪੰਜਾਬੀ ਸਾਹਿਤ, ਪੰਜਾਬੀ ਸਭਿਆਚਾਰ ਤੇ ਪੰਜਾਬੀ ਪੱਤਰਕਾਰੀ ਨੂੰ ਦੇਣ ਦਾ ਸਵਾਲ ਹੈ, ਇਸ ਬਾਰੇ ਕੋਈ ਵੀ ਨਿਰਣਾ ਦੇਣ ਤੋਂ ਪਹਿਲਾਂ ਇਕ ਗੱਲ ਧਿਆਨ ਵਿਚ ਰੱਖਣੀ ਅਤਿ ਜ਼ਰੂਰੀ ਪ੍ਰਤੀਤ ਹੁੰਦੀ ਹੈ ਅਤੇ ਉਹ ਹੈ ਉਸ ਵੇਲੇ ਦੀ ਸਮਕਾਲੀ ਸਥਿਤੀ ਅਤੇ ਗਦਰ ਪਾਰਟੀ ਦੇ ਗਠਨ ਦਾ ਮੁੱਖ ਨਿਸ਼ਾਨਾ। ਸਥਿਤੀ ਇਹ ਸੀ ਕਿ ਇਕ ਪਾਸੇ ਦੇਸ਼ ਬਸਤੀਵਾਦੀ ਗੁਲਾਮੀ ਦੇ ਜੂਲੇ ਵਿਚ ਜਕੜਿਆ ਹੋਇਆ ਸੀ ਅਤੇ ਲੋਕ ਅਤਿ ਦੀ ਗਰੀਬੀ ਤੇ ਮਾਰੂ ਰੋਗਾਂ ਦੇ ਸ਼ਿਕਾਰ ਸਨ। ਵਿਦਿਅਕ ਤੌਰ 'ਤੇ ਪੱਛੜੇ ਹੋਏ ਸਨ, ਧਰਮਾਂ ਤੇ ਜ਼ਾਤਾਂ ਵਿਚ ਵੰਡੇ ਹੋਏ ਸਨ, ਮਿਸ਼ਨਰੀਆਂ ਵੱਲੋਂ ਈਸਾਈ ਮਤ ਦਾ ਪ੍ਰਚਾਰ ਜ਼ੋਰਾਂ ਉਤੇ ਸੀ; ਆਦਿ, ਆਦਿ। ਦੂਜੇ ਪਾਸੇ ਆਰੀਆ ਸਮਾਜ ਲਹਿਰ, ਸਿੰਘ ਸਭਾ ਲਹਿਰ, ਚੀਫ ਖਾਲਸਾ ਦੀਵਾਨ ਆਦਿ ਸੰਗਠਨ ਸਮਾਜ ਸੁਧਾਰ, ਧਰਮ ਸੁਧਾਰ ਤੇ ਵਿਦਿਆ ਦੇ ਖੇਤਰ ਵਿਚ ਕੁਝ ਕੰਮ ਕਰ ਰਹੇ ਸਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਸ਼ਾਂਤਮਈ ਢੰਗ ਨਾਲ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੋਸ਼ਿਸ਼ਾਂ ਕਰ ਰਹੀ ਸੀ। ਅਜਿਹੀਆਂ ਹਾਲਤਾਂ ਵਿਚ ਅਸੀਂ ਸਮਝਦੇ ਹਾਂ ਕਿ ਦੇਸ਼ ਨੂੰ ਆਜ਼ਾਦ ਕਰਾਉਣਾ ਹੀ ਸਭ ਤੋਂ ਵੱਡਾ ਕਾਰਜ ਸੀ ਜਿਸ ਉਤੇ ਧਿਆਨ ਕੇਂਦ੍ਰਿਤ ਕੀਤਾ ਜਾ ਸਕਦਾ ਸੀ। ਗਦਰ ਪਾਰਟੀ ਨੇ ਅਜਿਹਾ ਹੀ ਕੀਤਾ। ਉਸ ਦੁਆਰਾ 'ਗਦਰ' ਨਾਂ ਦਾ ਜੋ ਪਰਚਾ ਜਾਰੀ ਕੀਤਾ ਗਿਆ ਤਾਂ ਇਸ ਦਾ ਸੁਚੇਤ ਮਨੋਰਥ ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਕੋਈ ਨਵੇਂ ਪੂਰਨੇ ਪਾਉਣਾ ਨਹੀਂ ਸੀ, ਸਿਰਫ ਆਪਣੇ ਵਿਚਾਰਾਂ ਨੂੰ ਪਸਾਰਨ ਵਾਸਤੇ ਸਾਧਨ ਪੈਦਾ ਕਰਨਾ ਸੀ। ਕਿਸੇ ਤਰ੍ਹਾਂ ਦਾ ਵੀ ਕਾਗਜ਼ ਮਿਲੇ, ਕਿਸੇ ਤਰ੍ਹਾਂ ਦੀ ਵੀ ਛਪਾਈ ਹੋਵੇ, ਮਕਸਦ ਸਿਰਫ ਇਹ ਹੈ ਕਿ ਇਹ ਪੱਤਰ ਬਾਕਾਇਦਗੀ ਨਾਲ ਪਾਰਟੀ ਦੇ ਵਿਚਾਰਾਂ ਨੂੰ ਪਾਠਕਾਂ ਤੇ ਉਹਨਾਂ ਰਾਹੀਂ ਆਮ ਲੋਕਾਂ ਵਿਚ ਲੈ ਜਾਵੇ ਪਰ ਤਾਂ ਵੀ 'ਗਦਰ' ਦੇ ਚਾਲੂ ਹੋਣ ਨਾਲ ਪੰਜਾਬੀ ਪੱਤਰਕਾਰੀ ਵਿਚ ਇਨਕਲਾਬੀ ਪੱਤਰਕਾਰੀ ਦਾ ਮੁੱਢ ਬੱਝਦਾ ਹੈ ਅਤੇ ਇਹ ਅਖਬਾਰ ਪਾਰਟੀ ਦੇ ਜਮਹੂਰੀ ਧਰਮ ਨਿਰਪੇਖ, ਸਮਾਜਿਕ, ਆਰਥਿਕ, ਰਾਜਨੀਤਕ ਤੇ ਹੋਰ ਹਰ ਪ੍ਰਕਾਰ ਦੀ ਮਨੁੱਖੀ ਬਰਾਬਰੀ ਦੇ ਵਿਚਾਰਾਂ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਕਰਦਾ ਹੈ। ਇਨ੍ਹਾਂ ਸਮਾਜ ਵਿਗਿਆਨਕ ਵਿਚਾਰਾਂ ਨੂੰ ਪ੍ਰਚਾਰ ਦੁਆਰਾ ਲੋਕਾਂ ਦੀ ਚੇਤਨਾ ਵਿਚ ਬਿਠਾਉਣਾ ਅਤੇ ਜੀਵਨ ਦਾ ਨਿਤਾਪ੍ਰਤੀ ਦੇ ਵਿਹਾਰ ਨੂੰ ਇਨ੍ਹਾਂ ਦੇ ਅਨੁਸਾਰੀ ਸੱਚੇ ਵਿਚ ਢਾਲਣ ਲਈ ਪ੍ਰੇਰਨਾ ਹੀ ਸਾਡੇ ਸਭਿਆਚਾਰ ਨੂੰ ਇਸ ਪਾਰਟੀ ਤੇ ਲਹਿਰ ਦੀ ਦੇਣ ਹੈ। ਸਾਮੰਤੀ ਸਮਾਜ ਦੇ ਗਰਭ ਵਿਚੋਂ ਜਨਮ ਲੈ ਰਹੇ ਨਵੇਂ ਸਮਾਜ ਵਿਚ ਇਨ੍ਹਾਂ ਹੀ ਮਾਨਵੀ ਕਦਰਾਂ-ਕੀਮਤਾਂ ਨੇ ਸਮੁੱਚੀ ਭਾਰਤੀ ਸੰਸਕ੍ਰਿਤੀ ਦੀ ਬੁਨਿਆਦ ਬਣਨਾ ਸੀ। ਗ਼ਦਰ ਲਹਿਰ ਨੂੰ ਇਸ ਗੱਲ ਦਾ ਹੱਕੀ ਗੌਰਵ ਹੋ ਸਕਦਾ ਹੈ ਕਿ ਉਸ ਨੇ ਇਨ੍ਹਾਂ ਨਵੀਆਂ ਸਭਿਆਚਾਰਕ ਕੀਮਤਾਂ ਦੇ ਪ੍ਰਚਾਰ ਦੀ ਪੰਜਾਬ ਵਿਚ ਬੁਨਿਆਦ ਰੱਖੀ। ਕਿਰਤੀ ਪਾਰਟੀ ਅਤੇ ਕਮਿਊਨਿਸਟ ਪਾਰਟੀ ਨੇ ਬਾਅਦ ਵਿਚ ਆਪਣੀ ਵਾਰੀ ਇਸੇ ਬੁਨਿਆਦ ਉਤੇ ਕਦਮ ਟਿਕਾ ਕੇ ਹੀ ਇਨ੍ਹਾਂ ਸਭਿਆਚਾਰਕ ਕੀਮਤਾਂ ਲਈ ਜਦੋਜਹਿਦ ਕੀਤੀ ਅਤੇ ਸੰਘਰਸ਼ ਲੜੇ। ਇਨ੍ਹਾਂ ਸੰਘਰਸ਼ਾਂ, ਇਨ੍ਹਾਂ ਵਿਚ ਹੋਈਆਂ ਕੁਰਬਾਨੀਆਂ, ਇਹ ਸੰਘਰਸ਼ ਲੜ ਰਹੇ ਲੋਕਾਂ ਦੀਆਂ ਭਾਵਨਾਵਾਂ ਆਦਿ ਦੀ ਅੱਕਾਸੀ ਪੰਜਾਬੀ ਸਾਹਿਤ ਵਿਚ ਭਰਪੂਰ ਰੂਪ ਵਿਚ ਹੋਈ ਹੈ। ਪੰਜਾਬ ਦਾ ਕੁਲ ਪ੍ਰਗਤੀਸ਼ੀਲ ਸਾਹਿਤ ਇਨ੍ਹਾਂ ਲਹਿਰਾਂ ਤੋਂ ਪ੍ਰੇਰਿਤ ਵੀ ਹੈ ਅਤੇ ਇਨ੍ਹਾਂ ਨੂੰ ਪ੍ਰੇਰਦਾ ਵੀ ਰਿਹਾ ਹੈ। ਆਰਥਿਕ ਬਰਾਬਰੀ, ਧਰਮ ਨਿਰਪੱਖਤਾ, ਭਾਈਚਾਰਕ ਸਾਂਝ ਆਦਿ ਦੀ ਉਪਰੋਕਤ ਮਾਨਵੀ ਕੀਮਤਾਂ ਬਾਰੇ 'ਗਦਰ ਦੀ ਗੂੰਜ' ਨੰਬਰ 7 ਵਿਚ ਕੁਝ ਕਾਵਿ-ਪੰਗਤੀਆਂ ਦੀ ਉਦਾਹਰਨ ਤੋਂ ਸਾਡੀ ਧਾਰਨਾ ਦੀ ਪੁਸ਼ਟੀ ਹੋ ਜਾਂਦੀ ਹੈ:

ਰਾਓ, ਰੰਕ, ਮਜ਼ਦੂਰ, ਧਨਾਢ ਸਭੇ
ਊਚ ਨੀਚ 'ਇਕਬਾਲ' ਇਕਸਾਰ ਕਰਦੇ।

... ... ...

ਖੂਨ ਨਾਇਤਫਾਕੀਆਂ ਨਾਲ ਭਰਿਆ
ਕਿਸੇ ਵਿਚ ਮਿਲਾਪ ਦੀ ਬੂ ਹੈ ਨਹੀਂ
ਕਦਰ ਮੂਲ ਨਾ ਹਿੰਦ ਦੀ ਹਿੰਦੂਆਂ ਨੂੰ
ਮੁਸਲਮਾਨ ਅੰਦਰ ਅੱਲ੍ਹਾ ਹੈ ਨਹੀਂ
ਝੂਠੇ ਮਜ਼੍ਹਬਾਂ ਤੋਂ ਮਰਨ ਦਿਨ ਰਾਤ ਲੜ ਲੜ
ਸੱਚੇ ਦੀਨ ਦੀ ਕਿਸੇ ਨੂੰ ਸੂਹ ਹੈ ਨਹੀਂ।

... ... ...

ਬਚ ਗਏ ਤਾਂ ਬਚਾਂਗੇ ਇਕ ਹੋ ਕੇ
'ਕੱਲੇ-'ਕੱਲੇ ਦਾ ਨਹੀਂ ਜੇ ਤਾਨ ਰਹਿਣਾ
ਡੇਢ ਇੱਟ ਦੀ ਰਹਿਣੀ ਮਸੀਤ ਨਾਹੀਂ
ਨਾਹੀਂ ਕਿਸੇ ਦਾ ਕੋਲੇ ਮਕਾਨ ਰਹਿਣਾ
ਪੂਜਾ ਪਾਠ ਭੀ ਅਸਾਂ ਨੂੰ ਤਾਰਨਾ ਨਾ
ਨਹੀਂ ਸਿੱਖ ਹਿੰਦੂ ਮੁਸਲਮਾਨ ਰਹਿਣਾ
ਰਹੀ ਕੌਮ ਤਾਂ ਰਹੇਗੀ ਹਿੰਦੀਆਂ ਦੀ
ਵਤਨ ਰਿਹਾ ਤਾਂ ਹਿੰਦੁਸਤਾਨ ਰਹਿਣਾ।

ਚਲਦੇ-ਚਲਦੇ ਇਕ ਗੱਲ ਕਹਿਣ ਦੀ ਲਾਲਸਾ ਉਤੇ ਸਾਥੋਂ ਕਾਬੂ ਨਹੀਂ ਪਾਇਆ ਜਾ ਰਿਹਾ। ਅਕਸਰ ਕੁਝ ਧਾਰਮਿਕ ਜਾਂ ਸੰਪ੍ਰਦਾਇਕ ਦ੍ਰਿਸ਼ਟੀ ਤੋਂ ਇਹ ਗੱਲ ਆਖੀ ਜਾਂਦੀ ਹੈ ਕਿ ਭਾਰਤ ਦੀ

(ਬਾਕੀ ਅਗਲੇ ਸਫੇ 'ਤੇ)



ਗਦਰ ਪਾਰਟੀ ਦਾ ਝੰਡਾ।



ਗ਼ਦਰ

*ਕੋਈ ਵੀ ਰਾਜਨੀਤਕ ਪਾਰਟੀ ਜਾਂ ਸੰਸਥਾ ਓਨਾ ਚਿਰ ਆਪਣੇ ਪ੍ਰਯੋਜਨ ਦੀ ਸਫਲਤਾ ਤਾਂ ਦੂਰ ਦੀ ਗੱਲ, ਉਸ ਵਾਸਤੇ ਕਾਰਜਸ਼ੀਲ ਨਹੀਂ ਹੋ ਸਕਦੀ ਜਿੰਨਾ ਚਿਰ ਉਸ ਦਾ ਆਪਣਾ ਕੋਈ ਅਖਬਾਰ ਰਸਾਲਾ ਨਾ ਹੋਵੇ। ਆਪਣੇ ਆਸ਼ਿਆਂ ਦੇ ਪ੍ਰਚਾਰ ਲਈ ਅਤੇ ਵਿਸ਼ਾਲ ਜਨ-ਸੰਪਰਕ ਲਈ ਸੰਚਾਰ ਦੇ ਇਸ ਮਾਧਿਅਮ ਤੋਂ ਬਗੈਰ ਮੁੱਢਲੇ ਕਦਮ ਪੁੱਟਣੇ ਵੀ ਕਲਪਨਾ ਬਾਹਰੀ ਗੱਲ ਹੈ। ਹਿੰਦੁਸਤਾਨ ਗਦਰ ਪਾਰਟੀ ਨੇ 8 ਦਸੰਬਰ 1913 ਨੂੰ 'ਗਦਰ' ਨਾਂ ਦਾ ਪੰਜਾਬੀ ਅਖ਼ਬਾਰ ਚਾਲੂ ਕੀਤਾ ਜਿਹੜਾ ਸਾਨਫਰਾਂਸਿਸਕੋ ਤੋਂ ਛਪ ਕੇ ਲੁਕਵੇਂ ਢੰਗਾਂ ਨਾਲ ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਕੋਲ ਅਤੇ ਭਾਰਤ ਵਿਚ ਵੀ ਪਹੁੰਚਾਇਆ ਜਾਂਦਾ ਸੀ।*



ਗ਼ਦਰ

*(ਸਫਾ 26 ਦਾ ਬਾਕੀ)*

ਅੱਗੇ ਸੜਕ 'ਤੇ ਮੁਰੰਮਤ ਦਾ ਕੰਮ ਚੱਲ ਰਿਹਾ ਸੀ। ਸੜਕ ਰੋਕ ਕੇ ਹੋਰ ਰਸਤੇ ਰਾਹੀਂ ਲਾਂਘਾ ਕੀਤਾ ਹੋਇਆ ਸੀ। ਜੀ ਪੀ ਐੱਸ ਵਿਚੋਂ 'ਸਲਾਈਟ ਰਾਈਟ ਟਰਨ' ਦਾ ਆਦੇਸ਼ ਸੀ ਪਰ ਗੁਰਸੀਰ ਨੇ ਸੱਜੇ ਹੱਥ ਪੂਰਾ ਮੋੜ ਕੱਟ ਦਿੱਤਾ। ਉਹ ਭੰਬਲ਼ਭੂਸੇ ਵਿਚ ਪੈ ਗਿਆ। ਜੀ ਪੀ ਐੱਸ ਵਿਚੋਂ ਮੁੜ-ਮੁੜ 'ਰੀ ਕੈਲਕੂਲੇਟਿੰਗ' ਦੇ ਆਦੇਸ਼ ਆਉਣ ਲੱਗੇ। ਮੁੜ-ਮੁੜ ਉਨ੍ਹਾਂ ਹੀ ਰਸਤਿਆਂ 'ਤੇ ਘੁੰਮਦਾ ਗੁਰਸੀਰ ਰੋਣਹਾਕਾ ਹੋ ਗਿਆ। ਹਾਰ ਕੇ ਉਸ ਨੇ ਟਰੱਕ ਗੈਸ ਸਟੇਸ਼ਨ 'ਤੇ ਰੋਕਿਆ। ਕੌਫ਼ੀ ਦਾ ਵੱਡਾ ਕੱਪ ਖ਼ਰੀਦਿਆ ਅਤੇ ਰਾਹ ਪੁੱਛ ਕੇ ਟਰੱਕ ਮੁੜ ਹਾਈਵੇ 'ਤੇ ਪਾ ਲਿਆ। ਨੀਂਦ ਨਾਲ਼ ਘੁ਼ਲਦੇ ਗੁਰਸੀਰ ਨੇ ਮਸਾਂ ਅਲਬਰਟਾ ਸੂਬੇ ਦੇ ਕੈਲਗਰੀ ਸ਼ਹਿਰ ਤੱਕ ਟਰੱਕ ਪਹੁੰਚਾਇਆ। ਅੱਗੇ ਮੈਨੀਟੋਬਾ ਸੂਬੇ ਦੇ ਬ੍ਰੈਂਡਨ ਸ਼ਹਿਰ ਤੱਕ ਉਸਤਾਦ ਨੇ ਟਰੱਕ ਫੜ ਲਿਆ।

ਅਗਲੀ ਰਾਤ ਬ੍ਰੈਂਡਨ ਸ਼ਹਿਰ ਤੋਂ ਓਂਟੇਰੀਓ ਸੂਬੇ ਦੇ ਥੰਡਰਬੇਅ ਸ਼ਹਿਰ ਵੱਲ ਜਾਂਦਿਆਂ ਗੁਰਸੀਰ ਮੁੜ ਰਸਤੇ ਤੋਂ ਖੁੰਝ ਗਿਆ। ਗੁਰਸੀਰ ਨੂੰ ਨੀਂਦ ਵਾਲੀ ਸਮੱਸਿਆ ਤਾਂ ਨਾ ਆਈ ਪਰ ਉਹ ਰਸਤੇ ਤੋਂ ਫਿਰ ਭਟਕ ਗਿਆ। ਰਸਤਾ ਸਿੱਧਾ ਤੇ ਪੱਧਰਾ ਸੀ। ਵਿਨੀਪੈੱਗ ਸ਼ਹਿਰ ਲੰਘ ਕੇ ਸੜਕ ਕਿਨਾਰੇ ਬਣੇ ਸੈਂਟਰ ਆਫ ਕੈਨੇਡਾ ਪਾਰਕ 'ਚ ਖੜ੍ਹੇ ਦਿਓ ਕੱਦ ਬੋਰਡ ਦੀ ਚਕਾਚੌਂਧ ਵਿਚ ਉਹ ਗਵਾਚ ਗਿਆ। ਕੈਨੇਡਾ ਦੇ ਝੰਡੇ ਦੀ ਨਿਸ਼ਾਨੀ ਦੇ ਪੈਰਾਂ ਵਿਚ ਲਾਲ ਤੇ ਚਿੱਟੇ ਫੁੱਲਾਂ ਨਾਲ਼ ਕੈਨੇਡਾ ਦਾ ਝੰਡਾ ਬਣਾਇਆ ਹੋਇਆ ਸੀ ਜਿਸ 'ਤੇ ਰੋਸ਼ਨੀ ਪੈ ਰਹੀ ਸੀ। ਸ਼ਾਮ ਦੇ ਘੁਸਮੁਸੇ ਵਿਚ ਇਹ ਰੋਸ਼ਨੀ ਭਾਵੇਂ ਐਨੀ ਤੇਜ਼ ਨਹੀਂ ਸੀ ਲਗਦੀ, ਫਿਰ ਵੀ ਮਨ ਨੂੰ ਭਾਉਂਦੀ ਸੀ। ਗੁਰਸੀਰ ਦਾ ਜੀਅ ਕੀਤਾ ਕਿ ਉਹ ਟਰੱਕ ਰੋਕ ਕੇ ਫੋਟੋ ਖਿੱਚੇ। ਉਸ ਨੇ ਅਜਿਹਾ ਤਾਂ ਨਾ ਕੀਤਾ ਪਰ ਆਪਣੀ ਭੈਣ ਨੂੰ ਫੋਨ ਮਿਲਾ ਲਿਆ। ਇਹ ਪਾਰਕ ਭੈਣ ਦੇ ਸ਼ਹਿਰ ਤੋਂ ਅੱਧੇ ਘੰਟੇ ਦੀ ਵਿੱਥ 'ਤੇ ਸੀ। ਉਸ ਨੇ ਜ਼ਰੂਰ ਦੇਖਿਆ ਹੋਵੇਗਾ। ਉਹ ਇਸ ਬਾਰੇ ਉਸ ਨਾਲ਼ ਗੱਲ ਕਰਨੀ ਚਾਹੁੰਦਾ ਸੀ। ਉਹ ਭੈਣ ਨੂੰ ਕਹਿਣਾ ਚਾਹੁੰਦਾ ਸੀ ਕਿ ਜੇ ਉਸ ਨੇ ਹਾਲੇ ਤੱਕ ਇਹ ਪਾਰਕ ਨਹੀਂ ਸੀ ਦੇਖਿਆ ਤਾਂ ਉਸ ਨੂੰ ਦੇਖਣਾ ਚਾਹੀਦਾ ਸੀ। ਭੈਣ ਨਾਲ਼ ਉਸ ਦੀ ਗੱਲ ਲੰਬੀ ਹੋ ਗਈ। ਪਾਰਕ ਤੋਂ ਹੁੰਦੀ ਹੋਈ ਗੱਲ ਕਬੀਲਦਾਰੀ ਤੱਕ ਪਹੁੰਚ ਗਈ। ਗੱਲਾਂ ਵਿਚ ਹੀ ਉਹ ਕਨੋਰਾ ਸ਼ਹਿਰ ਪਹੁੰਚ ਕੇ ਅਜਿਹਾ ਰਸਤੇ 'ਤੋਂ ਭਟਕਿਆ ਕਿ ਉਸ ਨੂੰ ਟਰੱਕ ਰੋਕਣਾ ਪਿਆ। ਜੀ ਪੀ ਐੱਸ ਨੇ ਉਸ ਨੂੰ ਹੋਰ ਵੀ ਭੰਬਲ਼ਭੂਸੇ ਵਿਚ ਪਾ ਦਿੱਤਾ। ਹਾਰ ਕੇ ਗੁਰਸੀਰ ਕੈਬਿਨ 'ਚ ਜਾ ਕੇ ਬੋਲਿਆ, "ਭਾਅ ਜੀ, ਤਕਲੀਫ਼ ਕਰਨੀ ਪਊ। ਰਾਹ ਤੋਂ ਖੌਝਲ ਗਿਐਂ। ਜੇ ਹਾਈਵੇ 'ਤੇ ਪਾ ਦਿਓਂ?" ਉਸਤਾਦ ਬਿਨਾਂ ਕੁੱਝ ਬੋਲੇ ਉੱਠਿਆ ਅਤੇ ਟਰੱਕ ਚਲਾਉਣ ਲੱਗਾ। ਗੁਰਸੀਰ ਨੇ ਖ਼ਿਮਾਂ ਜਾਚਨਾ ਨਾਲ਼ ਦੋ ਕੁ ਵਾਰ ਉਸਤਾਦ ਵੱਲ ਦੇਖਿਆ। ਉਸ ਦੇ ਸਖ਼ਤ ਲੱਗਦੇ ਚਿਹਰੇ ਤੋਂ ਗੁਰਸੀਰ ਨੂੰ ਲੱਗਾ ਕਿ ਉਹ ਕੁੱਝ ਕੁਰੱਖ਼ਤ ਬੋਲੇਗਾ ਪਰ ਉਸਤਾਦ ਬਿਨਾਂ ਕੁੱਝ ਕਹੇ ਟਰੱਕ ਮੁੜ ਹਾਈਵੇ 'ਤੇ ਚੜ੍ਹਾ ਕੇ ਫਿਰ ਸੌਂ ਗਿਆ।

ਪਰ ਅਗਲੀ ਸਵੇਰ ਆਪਣੀ ਵਾਰੀ ਵੇਲੇ ਟਰੱਕ ਚਲਾਉਂਦਾ ਉਸਤਾਦ ਭੜਕ ਪਿਆ। ਉਸ ਨੇ ਥੰਡਰਬੇਅ ਸ਼ਹਿਰ ਤੋਂ ਟਰੱਕ ਫੜ ਲਿਆ ਸੀ। ਗੁਰਸੀਰ ਨੂੰ ਹਾਲੇ ਨੀਂਦ ਨਹੀਂ ਸੀ ਆਉਂਦੀ। ਉਹ ਦਿਨ ਦੇ ਚਾਨਣ ਵਿਚ ਕੈਨੇਡਾ ਦੇਖਣਾ ਚਾਹੁੰਦਾ ਸੀ। ਉਹ ਕੈਬਿਨ ਵਿਚ ਜਾਣ ਦੀ ਥਾਂ ਮੂਹਰੇ ਸਵਾਰੀ ਵਾਲੀ ਸੀਟ 'ਤੇ ਬੈਠ ਗਿਆ। ਅੱਗੇ ਨਿਪੀਗਨ ਝੀਲ ਆ ਗਈ। ਚੜ੍ਹਦੇ ਸੂਰਜ ਦੀ ਲਾਲੀ ਨਾਲ਼ ਝੀਲ ਦਾ ਪਾਣੀ ਸੁਨਿਹਰਾ ਹੋ ਗਿਆ ਸੀ। ਝੀਲ ਵਿਚ ਫਿਰਦੀਆਂ ਕਿਸ਼ਤੀਆਂ ਇਸ ਨਜ਼ਾਰੇ ਨੂੰ ਹੋਰ ਵੀ ਖ਼ੂਬਸੂਰਤ ਬਣਾ ਰਹੀਆਂ ਸਨ। ਸ਼ਾਇਦ ਚੜ੍ਹਦੇ ਸੂਰਜ ਨੂੰ ਦੇਖਣ ਲਈ ਹੀ ਕਈ ਜਿਊੜਿਆਂ ਨੇ ਐਨੀ ਸਦੇਹਾਂ ਕਿਸ਼ਤੀਆਂ ਝੀਲ ਵਿਚ ਉਤਾਰ ਲਈਆਂ ਸਨ। ਗੁਰਸੀਰ ਇਸ ਖ਼ੂਬਸੂਰਤੀ ਨੂੰ ਪੀ ਜਾਣਾ ਚਾਹੁੰਦਾ ਸੀ। ਮੂਹਰੇ ਜਾ ਰਹੇ ਦੋ ਟਰੱਕ ਹੌਲ਼ੀ ਚੱਲ ਰਹੇ ਸਨ। ਸ਼ਾਇਦ ਉਹ ਵੀ ਇਸ ਨਜ਼ਾਰੇ ਨੂੰ ਮਾਣ ਰਹੇ ਹੋਣ। ਦੋਹੇਂ ਟਰੱਕ ਆਪਣੇ ਵਿਚਕਾਰ ਕਿਸੇ ਹੋਰ ਟਰੱਕ ਦੇ ਪੈਣ ਜੋਗੀ ਵਿੱਥ ਨਹੀਂ ਸੀ ਦੇ ਰਹੇ। ਹੋ ਸਕਦਾ ਸੀ ਕਿ ਉਹ ਆਪਸ ਵਿਚ ਫੋਨ ਰਾਹੀਂ ਗੱਲੀਂ ਲੱਗੇ ਹੋਣ। ਗੁਰਸੀਰ ਨੂੰ ਲੱਗਦਾ ਸੀ ਕਿ ਉਸਤਾਦ ਉਨ੍ਹਾਂ ਨੂੰ ਪਾਸ ਕਰਨਾ ਚਾਹੁੰਦਾ ਸੀ। ਉਨ੍ਹਾਂ ਤੋਂ ਅੱਗੇ ਨਿਕ਼ਲਣ ਲਈ ਦੋਹਾਂ ਟਰੱਕਾਂ ਨੂੰ ਹੀ ਪਾਸ ਕਰਨਾ ਪੈਣਾ ਸੀ। ਇਸ ਤਰ੍ਹਾਂ ਕਰਨਾ ਖ਼ਤਰੇ ਭਰਿਆ ਸੀ। ਹਾਈਵੇ ਇਕ ਲੇਨ ਵਾ਼ਲਾ ਸੀ। ਉਸਤਾਦ ਕਈ ਵਾਰ ਟਰੱਕ ਸੜਕ ਦੇ ਦੂਜੇ ਪਾਸੇ ਲਿਜਾ ਕੇ ਦੋਹਾਂ ਟਰੱਕਾਂ ਵਿਚਲੀ ਵਿੱਥ ਨੂੰ ਭਾਂਪ ਚੁੱਕਿਆ ਸੀ। "ਇਕ ਸਾਡੀ ਵਾਟ ਨਈਂਓ ਨਿੱਬੜੀ ਇਕ ਏਨ੍ਹਾਂ ਨੇ ਸਾਡੀ ਜਾਨ ਲੈਣੀ ਕੀਤੀ ਜੇ", ਉਸਤਾਦ ਬੋਲਿਆ। ਗੁਰਸੀਰ ਨੇ ਕੋਈ ਹੁੰਗਾਰਾ ਨਾ ਭਰਿਆ। ਉਸਤਾਦ ਨੇ ਫਿਰ ਟਰੱਕ ਸੜਕ ਦੇ ਦੂਜੇ ਪਾਸੇ ਕਰ ਕੇ ਅੱਗੇ ਵੱਲ ਦੇਖਿਆ। ਉਸ ਨੂੰ ਲੱਗਾ ਹੋਵੇਗਾ ਕਿ ਮੂਹਰਲੇ ਦੋਹਾਂ ਟਰੱਕਾਂ ਵਿਚ ਵਿੱਥ ਹੋ ਗਈ ਸੀ। ਮੂਹਰੋਂ ਵੀ ਨੇੜੇ ਕੋਈ ਵਾਹਨ ਨਹੀਂ ਸੀ ਆ ਰਿਹਾ। ਉਸਤਾਦ ਨੇ ਸਪੀਡ ਵਧਾ ਦਿੱਤੀ। ਜਦੋਂ ਉਨ੍ਹਾਂ ਦਾ ਟਰੱਕ ਅਗ਼ਲੇ ਟਰੱਕ ਦੇ ਬਰਾਬਰ ਹੋ ਗਿਆ, ਉਸ ਟਰੱਕ ਨੇ ਵੀ ਆਪਣੀ ਸਪੀਡ ਵਧਾ ਕੇ ਦੋਹਾਂ ਟਰੱਕਾਂ ਵਿਚਲੀ ਵਿੱਥ ਘੱਟ ਕਰ ਦਿੱਤੀ। ਉਸਤਾਦ ਨੇ ਟਰੱਕ ਹੌਲ਼ੀ ਕਰ ਕੇ ਮੁੜ ਟਰੱਕ ਦੇ ਪਿੱਛੇ ਕਰਨ ਦੀ ਥਾਂ ਦੋਹਾਂ ਟਰੱਕਾਂ ਦੇ ਮੂਹਰੇ ਪਾਉਣ ਲਈ ਸਪੀਡ ਹੋਰ ਵਧਾ ਦਿੱਤੀ। ਅੱਗੋਂ ਇਕ ਕਾਰ ਨੇੜੇ ਆ ਗਈ। ਮੂਹਰਲੇ ਟਰੱਕ ਨੇ ਹੌਲ਼ੀ ਕਰ ਕੇ ਉਸਤਾਦ ਨੂੰ ਅੱਗੇ ਲੰਘ ਜਾਣ ਦਿੱਤਾ। ਕੋਈ ਹਾਦਸਾ ਹੋਣੋਂ ਵਾਲ-ਵਾਲ ਬਚਿਆ। ਪਿਛਲੇ ਟਰੱਕ ਵਿਚੋਂ ਕਾਫੀ ਦੇਰ ਹਾਰਨ ਵੱਜਦਾ ਰਿਹਾ ਪਰ ਉਸਤਾਦ ਨੇ ਇਸ ਦੀ ਪਰਵਾਹ ਨਾ ਕੀਤੀ ਤੇ ਸਪੀਡ ਹੋਰ ਚੁੱਕ ਦਿੱਤੀ। ਕੁੱਝ ਚਿਰ ਬਾਅਦ ਲਾਲ ਨੀਲੀਆਂ ਬੱਤੀਆਂ ਜਗਾਉਂਦੀਆਂ ਤੇ ਸਾਇਰਨ ਮਾਰਦੀਆਂ ਦੋ ਪੁਲੀਸ ਕਾਰਾਂ ਨੇ ਉਨ੍ਹਾਂ ਦੇ ਟਰੱਕ ਨੂੰ ਘੇਰ ਲਿਆ। ਉਸਤਾਦ ਨੂੰ ਲਾਪਰਵਾਹੀ ਨਾ਼ਲ ਟਰੱਕ ਚਲਾਉਣ ਦਾ ਤਿੰਨ ਸੌ ਡਾਲਰ ਤੇ ਛੇ ਪੁਆਇੰਟਾਂ ਦਾ ਜੁਰਮਾਨਾ ਹੋ ਗਿਆ। ਉਹ ਗੁਰਸੀਰ ਵੱਲ ਘੂਰੀ ਵੱਟਦਾ ਬੋਲਿਆ, "ਨਵਾਂ ਡਰਾਈਵਰ ਨਾ਼ਲ ਲਿਆਣ ਦੇ ਆਹ ਜੱਭ ਏ। ਨਾ਼ਲੇ ਨੀਂਦਾਂ ਖ਼ਰਾਬ, ਨਾ਼ਲੇ ਵਾਟ ਨਬੇੜਨ ਲਈ ਜੁਰਮਾਨੇ ਭਰੋ। ਇਹ ਤੇਰੇ ਕਰ ਕੇ ਮਿਲੀ ਜੇ ਟਿਕਟ। ਜੇ ਤੂੰ ਰਾਹ ਨਾ ਭੁੱਲਦਾ ਦੋ ਵਾਰੀ, ਮੈਨੂੰ ਕੀ ਲੋੜ ਸੀ ਤੇਜ਼ੀ ਕਰਨ ਦੀ।" ਗੁਰਸੀਰ ਨੇ ਕੋਈ ਜਵਾਬ ਨਾ ਦਿੱਤਾ। ਉਸ ਨੇ ਸੋਚਿਆ, 'ਮੜ੍ਹ ਦੇ ਭਰਾਵਾ



ਨਿਰਦੋਸ਼ੇ ਸਿਰ ਦੋਸ਼। ਮੈਂ ਕਿਹੜਾ ਮੂਹਰਿਉਂ ਬੋਲਣ ਦੀ ਹਾਲਤ 'ਚ ਹਾਂ।'

ਤੇ ਮੁੜਦੇ ਗੇੜੇ ਗੁਰਸੀਰ ਨੂੰ ਵੀ ਟਿਕਟ ਮਿਲ ਗਈ। ਮਾਂਟਰੀਅਲ ਤੋਂ ਉਨ੍ਹਾਂ ਨੇ ਕਿਸੇ ਹੋਰ ਡਰਾਈਵਰ ਨਾ਼ਲ ਟਰਾਲਾ ਵਟਾਉਣਾ ਸੀ। ਸ਼ਾਮ ਦਾ ਵਕਤ ਸੀ। ਟਰਾਲਾ ਬਦਲਦਾ ਡਰਾਈਵਰ ਬੋਲਿਆ, "ਇਸ ਟ੍ਰੇਲਰ ਦੀਆਂ ਬੱਤੀਆਂ ਖ਼ਰਾਬ ਹਨ। ਜੇ ਤਾਂ ਠੀਕ ਕਰਨਾ ਜਾਣਦੇ ਹੋ ਤਾਂ ਇਕ ਵਾਧੂ ਬੱਤੀ ਟਰੱਕ 'ਚ ਪਈ ਐ, ਜੇ ਨਹੀਂ ਜਾਣਦੇ ਤਾਂ ਕੱਲ੍ਹ ਨੂੰ ਠੀਕ ਕਰਵਾ ਕੇ ਚਲੇ ਜਾਇਓ।"

"ਮੈਂ ਕਰ ਲੈਨਾ ਠੀਕ", ਉਸਤਾਦ ਬੋਲਿਆ ਅਤੇ ਉਸ ਨੇ ਟਰੱਕ ਵਿਚੋਂ ਸੰਦਾਂ ਵਾਲੀ ਪਟਾਰੀ ਕੱਢ ਲਈ। ਉਹ ਕੁੱਝ ਦੇਰ ਟਰਾਲੇ ਦੀਆਂ ਬੱਤੀਆਂ ਵਾਲੀਆਂ ਤਾਰਾਂ ਨੂੰ ਇਕ ਦੂਜੇ ਨਾ਼ਲ ਜੋੜਦਾ-ਤੋੜਦਾ ਰਿਹਾ। ਉਹ ਥੋੜ੍ਹੇ ਚਿਰ ਬਾਅਦ ਚੈੱਕ ਕਰਨ ਵਾਸਤੇ ਗੁਰਸੀਰ ਨੂੰ ਬਰੇਕਾਂ ਨੱਪਣ ਲਈ ਟਰੱਕ ਅੰਦਰ ਵਾੜ ਦਿੰਦਾ ਪਰ ਬੱਤੀ ਠੀਕ ਨਹੀਂ ਸੀ ਹੋ ਰਹੀ। ਹਨੇਰਾ ਉੱਤਰਦਾ ਦੇਖ ਕੇ ਗੁਰਸੀਰ ਬੋਲਿਆ, "ਭਾਅ ਜੀ, ਕੱਲ੍ਹ ਨੂੰ ਚਲੇ ਚੱਲਾਂਗੇ ਠੀਕ ਕਰਵਾ ਕੇ।"

"ਅੱਗੇ ਬਹੁਤ ਦਿਨ ਹੋਗੇ ਘਰੋਂ ਨਿਕਲਿਆਂ। ਮੈਂ ਕਰ ਲੈਨਾਂ ਕੋਈ ਜੁਗਾੜ", ਆਖਦਾ ਉਸਤਾਦ ਤਾਰਾਂ ਦੀ ਅਦਲਾ-ਬਦਲੀ ਕਰਦਾ ਰਿਹਾ। ਆਖ਼ੀਰ ਦੋ ਘੰਟਿਆਂ ਬਾਅਦ ਉਸ ਨੇ ਇਕ ਬੱਤੀ ਚਲਦੀ ਕਰ ਲਈ। ਬੱਤੀ ਦਾ ਚਾਨਣ ਦੇਖ ਕੇ ਗੁਰਸੀਰ ਬੋਲਿਆ, "ਭਾਅ ਜੀ, ਬਰੇਕ ਲਾਈਟ ਤਾਂ ਲਾਲ ਹੁੰਦੀ ਐ। ਇਹ ਤਾਂ ਚਾਨਣ ਵਾਲੀ ਐ।"

"ਕੁਛ ਨਈਂਓ ਹੁੰਦਾ। ਆਪਣਾ ਕੰਮ ਰੁੜ੍ਹ ਪੈਣਾ ਏ। ਰਾਤ ਨੂੰ ਬਹੁਤੇ ਵਾਰੀ ਸਕੇਲਾਂ ਬੰਦ ਈ ਹੁੰਦੀਆਂ ਜੇ", ਉਸਤਾਦ ਬੋਲਿਆ। ਗੁਰਸੀਰ ਨੂੰ ਡਰ ਸੀ ਕਿ ਬਰੇਕਾਂ ਲਾਉਣ ਨਾ਼ਲ ਬੱਤੀ ਜਗੇਗੀ ਜਿਸ ਨਾ਼ਲ ਪਿੱਛੇ ਆਉਂਦੇ ਡਰਾਈਵਰ ਦੀਆਂ ਅੱਖਾਂ ਵਿਚ ਰੋਸ਼ਨੀ ਪਵੇਗੀ। ਉਨ੍ਹਾਂ ਦੇ ਟਰੱਕ ਦੇ ਪਿੱਛੇ ਕੋਈ ਪੁਲੀਸ ਦੀ ਕਾਰ ਵੀ ਹੋ ਸਕਦੀ ਸੀ, ਜਾਂ ਕੋਈ ਫੋਨ ਕਰ ਕੇ ਸ਼ਿਕਾਇਤ ਵੀ ਕਰ ਸਕਦਾ ਸੀ। ਉਹ ਬੋਲਿਆ, "ਦੇਖਲੋ, ਰਿਸਕ ਕਿਉਂ ਲੈਣਾ।"

"ਤੂੰ ਚੱਲ ਬੈਠ ਡਰੈਵਰ ਸੀਟ 'ਤੇ। ਐਵੇਂ ਡਰਨ ਡਿਹੈਂ।"

ਗੁਰਸੀਰ ਨੇ ਆਪਣੀ ਰਾਤ ਦੀ ਡਿਊਟੀ ਸੰਭਾ਼ਲ ਲਈ ਤੇ ਉਸਤਾਦ ਕੈਬਿਨ ਵਿਚ ਚਲਾ ਗਿਆ। ਮਾਂਟਰੀਅਲ ਸ਼ਹਿਰ 'ਚੋਂ ਬਾਹਰ ਨਿਕਲਦਿਆਂ ਗੁਰਸੀਰ ਨੇ ਮਨ 'ਚ ਹੀ ਆਪਣੇ ਗੁਰੂ ਨੂੰ ਧਿਆਇਆ, 'ਸੱਚਿਆ ਪਾ'ਸ਼ਾਹ ਅੰਗ-ਸੰਗ ਰਹੀਂ। ਰਾਹ 'ਚ ਕੋਈ ਸਕੇਲ ਨਾ ਖੁੱਲ੍ਹੀ ਹੋਵੇ' ਪਰ ਉਸ ਦੀ ਇਹ ਅਰਦਾਸ ਪੂਰੀ ਨਹੀਂ ਸੀ ਹੋਈ। ਓਸ਼ਵਾ ਸ਼ਹਿਰ ਲੰਘ ਕੇ ਸਕੇਲ ਦੀਆਂ ਬੱਤੀਆਂ ਜਗ-ਬੁਝ ਰਹੀਆਂ ਸਨ ਜਿਸ ਦਾ ਮਤਲਬ ਸੀ ਕਿ ਟਰੱਕ ਨੂੰ ਸਕੇਲ 'ਤੇ ਲਿਆਂਦਾ ਜਾਵੇ। ਗੁਰਸੀਰ ਨੇ ਟਰੱਕ ਸਕੇਲ ਵੱਲ ਕਰ ਲਿਆ।

ਇੰਸਪੈਕਟਰ ਨੇ ਟਰਾਲੇ ਵਿਚ ਨੁਕਸਾਂ ਦੀ ਲਿਸਟ ਬਣਾ ਕੇ ਟਰਾਲੇ ਦੀਆਂ ਪਲੇਟਾਂ ਲਾਹ ਲਈਆਂ ਤੇ ਬੋਲਿਆ, "ਇਹ ਨੁਕਸ ਠੀਕ ਕਰਵਾ ਲਵੋ ਅਤੇ ਪਲੇਟ ਲੈ ਲਿਓ।" ਉਸ ਨੇ ਖ਼ਰਾਬ ਬੱਤੀ ਦੇ ਬਾਵਜੂਦ ਟਰੱਕ ਚਲਾਉਣ ਲਈ ਗੁਰਸੀਰ ਨੂੰ ਇਕ ਸੌ ਅੱਸੀ ਡਾਲਰ ਜੁਰਮਾਨਾ ਕਰ ਦਿੱਤਾ ਅਤੇ ਟਰਾਲੇ ਦੇ ਨੁਕਸਾਂ ਕਰ ਕੇ ਤਿੰਨ ਸੌ ਡਾਲਰ ਟਰੱਕ ਕੰਪਨੀ ਨੂੰ।

ਡਰਦੇ ਗੁਰਸੀਰ ਨੇ ਸ਼ਮਿੰਦਰ ਨੂੰ ਫੋਨ ਕਰ ਦਿੱਤਾ। ਉਹ ਅੱਗਿਓਂ ਬੋਲਿਆ, "ਤੁਸੀਂ ਰੁਕ ਨੀ ਸੀ ਸਕਦੇ ਕੱਲ੍ਹ ਤਕ? ਹੋਰ ਪੰਗਾ ਖੜ੍ਹਾ ਕਰ ਦਿੱਤਾ ਇਆ।--- ਚੱਲ ਮੈਂ ਕਰਦਾ ਇਆਂ ਕੁੱਝ। ਵੇਟ ਕਰੋ।"

ਕੁੱਝ ਦੇਰ ਬਾਅਦ ਸ਼ਮਿੰਦਰ ਦਾ ਫੋਨ ਆਇਆ। ਉਹ ਬੋਲਿਆ, "ਮਕੈਨਿਕ ਆਉਂਦਾ ਇਆ। ਉਹ ਬੱਤੀਆਂ ਠੀਕ ਕਰ ਦੇਵੇਗਾ। ਉਸ ਤੋਂ ਚੇਤੇ ਨਾਲ ਸੇਫਟੀ ਸਟਿੱਕਰ ਲੈ ਲਵੀਂ। ਉਸ ਬਿਨਾਂ ਪਲੇਟਾਂ ਨੀ ਮਿਲਣੀਆਂ।"

ਦੋ ਘੰਟਿਆਂ ਬਾਅਦ ਮਕੈਨਿਕ ਪਹੁੰਚਿਆ। ਉਸ ਨੇ ਟਰਾਲੇ ਦੀਆਂ ਬੱਤੀਆਂ ਚਲਾ ਦਿੱਤੀਆਂ। ਜਦੋਂ ਗੁਰਸੀਰ ਨੇ 'ਸੇਫਟੀ ਸਟਿੱਕਰ' ਮੰਗਿਆ, ਮਕੈਨਿਕ ਬੋਲਿਆ, "ਮੈਂ ਸੇਫਟੀ ਸਟਿੱਕਰ ਨਹੀਂ ਦੇ ਸਕਦਾ। ਮੈਨੂੰ ਬੱਤੀਆਂ ਠੀਕ ਕਰਨ ਲਈ ਕਿਹਾ ਗਿਆ ਸੀ, ਉਹ ਮੈਂ ਕਰ ਦਿੱਤੀਆਂ। ਉਸ ਦੀ ਰਿਪੋਰਟ ਮੈਂ ਦੇ ਸਕਦਾ ਹਾਂ।" ਗੁਰਸੀਰ ਜੱਕਾਂ-ਤੱਕਾਂ 'ਚ ਪੈ ਗਿਆ ਕਿ ਉਹ ਸ਼ਮਿੰਦਰ ਨੂੰ ਫੋਨ ਕਰੇ ਜਾਂ ਉਸਤਾਦ ਨੂੰ ਜਗਾਵੇ। ਉਹ ਹਾਲੇ ਸੋਚ ਹੀ ਰਿਹਾ ਸੀ ਕਿ ਮਕੈਨਿਕ ਬੋਲਿਆ, "ਇੰਸਪੈਕਟਰ ਨੇ ਕੋਈ ਪੇਪਰ ਦਿੱਤਾ ਹੈ?"

"ਹਾਂ", ਆਖਦਿਆਂ ਗੁਰਸੀਰ ਨੇ ਇੰਸਪੈਕਸ਼ਨ ਰਿਪੋਰਟ ਮਕੈਨਿਕ ਨੂੰ ਫੜਾ ਦਿੱਤੀ। ਉਹ ਦੇਖ ਕੇ ਮਕੈਨਿਕ ਬੋਲਿਆ, "ਜੇ ਸੇਫਟੀ ਸਟਿੱਕਰ ਲੈਣਾ ਹੈ ਤਾਂ ਇਹ ਸਾਰੇ ਨੁਕਸ ਠੀਕ ਕਰਨੇ ਪੈਣਗੇ।" ਗੁਰਸੀਰ ਨੇ ਮੁੜ ਸ਼ਮਿੰਦਰ ਨੂੰ ਫੋਨ ਕਰ ਲਿਆ, "ਭਾਅ ਜੀ, ਇਹ ਕਹਿੰਦਾ ਪਹਿਲਾਂ ਸਾਰੇ ਨੁਕਸ ਠੀਕ ਕਰਵਾਓ, ਫੇਰ ਦੇਊਂਗਾ ਸੇਫਟੀ ਸਟਿੱਕਰ।"

"ਹੋਰ ਕਿਹੜੇ ਸਾਰੇ? ਤੂੰ ਕਿਤੇ ਉਸ ਨੂੰ ਇੰਸਪੈਕਸ਼ਨ ਰਿਪੋਰਟ ਤਾਂ ਨੀ ਫੜਾ ਦਿੱਤੀ?"

"ਹਾਂ ਜੀ, ਉਹਨੇ ਮੰਗੀ ਸੀ।"

"ਸ਼ੁਦਾਈਆ, ਉਹ ਕਿਉਂ ਦੇਣੀ ਸੀ ਉਸ ਨੂੰ।"

"ਮੈਨੂੰ ਪਤਾ ਨੀ ਸੀ, ਭਾਅ ਜੀ।"

"ਭਾਅ ਦਿਆ ਲੱਗਦਿਆ ਓਹਨੂੰ ਦੇਹ ਫੋਨ।"

ਮਕੈਨਿਕ ਨੂੰ ਫੋਨ ਫੜਾ ਕੇ ਗੁਰਸੀਰ ਉਸ ਵੱਲ ਦੇਖਦਾ ਰਿਹਾ। ਸ਼ਮਿੰਦਰ ਉਸ ਨੂੰ ਕੁੱਝ ਆਖ ਰਿਹਾ ਸੀ ਜਿਹੜਾ ਪ੍ਰਤੱਖ ਸੀ ਕਿ ਗੁਰਸੀਰ ਨੂੰ ਨਹੀਂ ਸੀ ਸੁਣਿਆ। ਉਸ ਨੂੰ ਮਕੈਨਿਕ ਦਾ ਕਿਹਾ ਸੁਣ ਰਿਹਾ ਸੀ। ਮਕੈਨਿਕ ਆਖ ਰਿਹਾ ਸੀ, "ਮੈਂ ਆਪਣਾ ਲਾਈਸੰਸ ਨਹੀਂ ਰੱਦ ਕਰਵਾਉਣਾ। ਮੈਂ ਨਹੀਂ ਕੋਈ ਗ਼ਲਤ ਕੰਮ ਕਰਦਾ।" ਸ਼ਮਿੰਦਰ ਨੂੰ ਇਹ ਆਖ ਕੇ ਮਕੈਨਿਕ ਨੇ ਫੋਨ ਗੁਰਸੀਰ ਨੂੰ ਫੜਾ ਦਿੱਤਾ। ਸ਼ਮਿੰਦਰ ਬੋਲਿਆ, "ਮੈਂ ਟੋਅ ਟਰੱਕ ਭੇਜਦਾ ਇਆਂ। ਟਰਾਂਟੋ ਤਕ ਟਰੇਲਰ ਟੋਅ ਕਰਵਾਉਣਾ ਪਊ। ਧਾਡੀਆਂ ਬੇਵਕੂਫ਼ੀਆਂ ਦਾ ਹਰਜਾਨਾ ਸਾਨੂੰ ਭੁਗਤਣਾ ਪੈਂਦਾ ਇਆ।"

ਸ਼ਮਿੰਦਰ ਦੇ ਬੋਲਾਂ ਵਿਚਲੀ ਅੱਗ ਨੂੰ ਮਹਿਸੂਸਦਾ ਗੁਰਸੀਰ ਡਰ ਗਿਆ ਕਿ ਉਸ ਦਾ ਬਣਿਆ ਬਣਾਇਆ ਕੰਮ ਵਿਗੜ ਨਾ ਜਾਵੇ। 'ਐਹੋ ਜਿਹੇ ਝਮੇਲਿਆਂ ਦਾ ਤਾਂ ਪਹਿਲਾਂ ਪਤਾ ਹੀ ਨਹੀਂ ਸੀ। ਕਿਤੇ ਸ਼ਮਿੰਦਰ ਕੰਮ ਤੋਂ ਹਟਾ ਹੀ ਨਾ ਦੇਵੇ। ਵਰਕ ਪਰਮਿਟ ਲੈਣ ਲਈ ਖਰਚਿਆ ਵੀਹ ਹਜ਼ਾਰ ਡਾਲਰ ਕਿਤੇ ਅਜਾਈਂ ਹੀ ਨਾ ਚਲਿਆ ਜਾਵੇ', ਐਹੋ ਜਿਹੀਆਂ ਡਰਾਉਣੀਆਂ ਸੋਚਾਂ ਨਾਲ ਘਿਰਿਆ ਉਹ ਟੋਅ ਟਰੱਕ ਦੀ ਉਡੀਕ ਕਰਨ ਲੱਗਾ।

ਦਿਨ ਚੜ੍ਹੇ ਉਸਤਾਦ ਜਾਗਿਆ ਤੇ ਸਾਰੀ ਵਿਥਿਆ ਸੁਣ ਕੇ ਬੋਲਿਆ, "ਤੂੰ ਬਹੁਤ ਨਹਿਸ਼ ਬੰਦਾ ਏਂ। ਪਹਿਲੇ ਦਿਨ ਈ ਨਾਲੇ ਮੈਨੂੰ ਜੁਰਮਾਨਾ ਕਰਵਾਇਆ, ਨਾਲੇ ਕੰਪਨੀ ਦਾ ਐਨਾ ਨੁਕਸਾਨ ਕੀਤਾ। ਮੈਂ ਨਈਂਓ ਅਗਾਂਹ ਨੂੰ ਨਾਲ ਲਿਆਣਾ ਤੈਨੂੰ।" ਇਹ ਗੱਲ ਸੁਣ ਕੇ ਗੁਰਸੀਰ ਆਪਣੇ ਗੁੱਸੇ ਨੂੰ ਕਾਬੂ ਨਾ ਸਕਿਆ। ਬੋਲਿਆ, "ਤੇਰੀ ਗਲਤੀ ਕਰ ਕੇ ਮੈਨੂੰ ਨਾਜਾਇਜ਼ ਹੀ ਜੁਰਮਾਨਾ ਹੋ ਗਿਐ। ਮੈਂ ਕਿਸ ਨੂੰ ਨਹਿਸ਼ ਗਰਦਾਨਾਂ?" ਉਸਤਾਦ ਨੇ ਕਹਿਰੀਆਂ ਨਜ਼ਰਾਂ ਨਾਲ ਉਸ ਵੱਲ ਦੇਖਿਆ ਪਰ ਕੁੱਝ ਨਾ ਬੋਲਿਆ। ਗੁਰਸੀਰ ਨੇ ਵੀ ਚੁੱਪ ਵੱਟ ਲਈ ਪਰ ਉਸ ਦਾ ਮਨ ਚੁੱਪ ਨਹੀਂ ਸੀ ਕਰ ਰਿਹਾ। ਉਹ ਆਖ ਰਿਹਾ ਸੀ, 'ਜੇ ਏਨ੍ਹਾਂ ਝਮੇਲਿਆਂ ਬਾਰੇ ਪਹਿਲਾਂ ਕੁੱਝ ਪਤਾ ਹੁੰਦਾ ਤਾਂ ਸ਼ਾਇਦ ਟਰੱਕ 'ਤੇ ਨਾ ਹੀ ਚੜ੍ਹਦਾ। ਮੈਨੂੰ ਤਾਂ ਲਗਦਾ ਸੀ ਕਿ ਕੰਮ ਮਿਲ ਗਿਆ ਤੇ ਸਭ ਠੀਕ ਹੋ ਗਿਆ ਪਰ ਕੀ ਪਤਾ ਸੀ, ਕਮਾਈ ਕਰਨ ਆਏ ਦਾ ਇਕ ਸੌ ਅੱਸੀ ਡਾਲਰਾਂ ਦਾ ਐਵੇਂ ਹੀ ਨੁਕਸਾਨ ਹੋ ਜਾਏਗਾ।'

ਹਾਲੇ ਗੁਰਸੀਰ ਨੂੰ ਇਹ ਨਹੀਂ ਸੀ ਪਤਾ ਕਿ ਉਸ ਨੂੰ ਇਹ ਪਹਿਲਾ ਗੇੜਾ ਕਿੰਨੇ ਵਿਚ ਪਿਆ ਸੀ। *(ਚੱਲਦਾ)*

# ਗਦਰ ਪਾਰਟੀ ਦੀ ਪੰਜਾਬੀ ਸਾਹਿਤ, ਸਭਿਆਚਾਰ ਤੇ ਪੱਤਰਕਾਰੀ ਨੂੰ ਦੇਣ

*(ਪਿਛਲੇ ਸਫੇ ਦੀ ਬਾਕੀ)*

ਆਜ਼ਾਦੀ ਦੇ ਸੰਗਰਾਮ ਵਿਚ ਸਿੱਖਾਂ ਦਾ ਯੋਗਦਾਨ ਸਭ ਤੋਂ ਵਧੇਰੇ ਹੈ ਅਤੇ ਕੁਰਬਾਨੀਆਂ ਦੇਣ ਵਾਲੇ ਇਨ੍ਹਾਂ ਸਿੱਖਾਂ ਵਿਚ ਸ਼ਹੀਦ ਹੋਏ ਗਦਰੀ ਸੂਰਮਿਆਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਆਪਣੇ ਸਮੇਂ ਅਕਾਲ ਤਖ਼ਤ ਦੇ ਇਕ ਹੁਕਮਨਾਮੇ ਦੁਆਰਾ ਐਲਾਨ ਕੀਤਾ ਗਿਆ ਸੀ ਕਿ ਸਰਕਾਰ ਦਾ ਤਖ਼ਤਾ ਉਲਟਾਉਣ ਦੀਆਂ ਕੋਸ਼ਿਸ਼ਾਂ ਕਰਨ ਵਾਲੇ ਇਹ ਗਦਰੀ ਸਿੱਖ, ਠੀਕ ਉਹ ਸੰਪ੍ਰਦਾਇਕ ਸਿੱਖ ਨਹੀਂ ਸਨ ਅਤੇ ਉਹਨਾਂ ਨੇ ਜੋ ਕੁਰਬਾਨੀਆਂ ਕੀਤੀਆਂ, ਉਹ ਬਤੌਰ ਸਿੱਖ ਨਹੀਂ, ਬਤੌਰ ਹਿੰਦੁਸਤਾਨੀ ਦੇ ਆਪਣੇ ਵਤਨ ਵਾਸਤੇ ਕੀਤੀਆਂ ਸਨ। ਉਪਰਲੀ ਕਾਵਿ-ਟੁਕੜੀ ਨੂੰ ਇਸ ਪ੍ਰਸੰਗ ਵਿਚ ਵਾਚਣ ਦੀ ਲੋੜ ਹੈ।

ਧਰਮ ਨਿਰਪੇਖਤਾ ਗਦਰ ਪਾਰਟੀ ਦਾ ਬੁਨਿਆਦੀ ਅਸੂਲ ਸੀ। 21 ਅਪਰੈਲ 1913 ਨੂੰ ਆਸਟਰੀਆ ਵਿਖੇ ਹੋਈ ਮੀਟਿੰਗ ਵਿਚ ਪਾਰਟੀ ਦੇ ਜਿਹੜੇ 12 ਨੇਮ ਮਿਥੇ ਗਏ, ਉਹਨਾਂ ਵਿਚ ਦਸਵਾਂ ਨੇਮ ਇਹ ਹੈ ਕਿ "ਧਰਮ ਹਰ ਮੈਂਬਰ ਦਾ ਨਿੱਜੀ ਸਰੋਕਾਰ ਹੋਵੇਗਾ। ਧਾਰਮਿਕ ਮਾਮਲਿਆਂ ਉਤੇ ਕਿਸੇ ਤਰ੍ਹਾਂ ਦੀ ਕੋਈ ਬਹਿਸ ਨਹੀਂ ਹੋਵੇਗੀ।" ਰਤਾ ਕੁ ਡੂੰਘਾਈ ਵਿਚ ਉਤਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਧਾਰਮਿਕ ਮਾਮਲਿਆਂ ਬਾਰੇ ਕੋਈ ਬਹਿਸ ਨਾ ਕਰਨ ਦਾ ਮਤਲਬ ਹੈ ਕਿ ਪਾਰਟੀ ਧਰਮ ਤੇ ਸਿਆਸਤ ਨੂੰ ਅਲੱਗ ਕਰ ਕੇ ਦੇਖਦੀ ਹੈ। ਅਸੀਂ ਕਹਿ ਸਕਦੇ ਹਾਂ ਕਿ ਧਾਰਨਾ ਇਹ ਹੋਵੇਗੀ ਕਿ ਪਾਰਟੀ ਦੀ ਰਾਜਨੀਤੀ ਵਿਚ ਅਤੇ ਜੇ ਗਦਰ ਸਫਲ ਹੋ ਜਾਂਦਾ ਹੈ ਤੇ ਰਾਜ ਸ਼ਕਤੀ ਹੱਥ ਆ ਜਾਂਦੀ ਹੈ ਤਾਂ ਰਾਜ ਦੀ ਨੀਤੀ ਵਿਚ ਧਰਮ ਦਾ ਕੋਈ ਦਖਲ ਨਹੀਂ ਹੋਵੇਗਾ ਪਰ ਨਾਲ ਹੀ ਹਰ ਪਾਰਟੀ ਮੈਂਬਰ ਨੂੰ ਆਪਣੇ ਧਾਰਮਿਕ ਵਿਸ਼ਵਾਸ ਉਤੇ ਟਿਕੇ ਰਹਿਣ ਦੀ ਖੁੱਲ੍ਹ ਹੈ। ਧਰਮ ਨਿਰਪੇਖਤਾ ਦੇ ਅੱਜ ਜੋ ਅਰਥ ਭਾਰਤੀ ਸੰਸਕ੍ਰਿਤੀ ਅਨੁਕੂਲ ਲਏ ਜਾਂਦੇ ਦੱਸੀਦੇ ਹਨ, ਉਹਨਾਂ ਮੁਤਾਬਕ ਤਾਂ ਰਾਜ ਸਭ ਧਰਮਾਂ ਨੂੰ ਇਕੋ ਜਿਹਾ ਆਦਰ ਦੇਣ ਦੀ ਗੱਲ ਕਰਦਾ ਜਾਪਦਾ ਹੈ। ਇਸ ਨੂੰ ਵੱਧ ਤੋਂ ਵੱਧ ਧਰਮ ਨਿਰਪੱਖਤਾ ਆਖਿਆ ਜਾ ਸਕਦਾ ਹੈ, ਧਰਮ ਨਿਰਪੇਖਤਾ ਨਹੀਂ।

ਇਸੇ ਤਰ੍ਹਾਂ ਨੇਮ ਨੰਬਰ 11 ਤੋਂ ਪਾਰਟੀ ਦੀ ਅੰਤਰਰਾਸ਼ਟਰੀ ਚੇਤਨਾ ਅਤੇ ਅੰਤਰਰਾਸ਼ਟਰੀ ਜ਼ਿੰਮੇਦਾਰੀ ਦੇ ਅਹਿਸਾਸ ਦੀ ਸੋਝੀ ਮਿਲਦੀ ਹੈ। ਲਿਖਿਆ ਹੈ, "ਪਾਰਟੀ ਨਾਲ ਸਬੰਧਤ ਹਰੇਕ ਮੈਂਬਰ ਦਾ ਫਰਜ਼ ਹੋਵੇਗਾ ਕਿ ਬੇਸ਼ੱਕ ਉਹ ਦੁਨੀਆ ਦੇ ਕਿਸੇ ਵੀ ਭਾਗ ਵਿਚ ਰਹਿ ਰਿਹਾ ਹੋਵੇ, ਜੇ ਉਥੇ ਆਜ਼ਾਦੀ ਦੀ ਜੰਗ ਸ਼ੁਰੂ ਹੋਵੇ ਤਾਂ ਉਹ ਉਸ ਵਿਚ ਜ਼ਰੂਰ ਹਿੱਸਾ ਲਵੇਗਾ।" ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗਦਰ ਪਾਰਟੀ ਕੇਵਲ ਆਪਣੀ ਦ੍ਰਿਸ਼ਟੀ ਕਾਰਨ ਹੀ ਅੰਤਰਰਾਸ਼ਟਰੀ ਨਹੀਂ ਸੀ ਸਗੋਂ ਉਸ ਦਾ ਕਾਰਜ-ਖੇਤਰ ਵੀ ਅੰਤਰਰਾਸ਼ਟਰੀ ਸੀ। ਪਾਰਟੀ ਦੇ ਕਈ ਮੈਂਬਰਾਂ ਨੇ ਭਾਰਤ ਤੋਂ ਇਲਾਵਾ ਹੋਰ ਮੁਲਕਾਂ ਦੀ ਆਜ਼ਾਦੀ ਦੇ ਸੰਗਰਾਮ ਵਿਚ ਵੀ ਹਿੱਸਾ ਲਿਆ। ਇਹ ਗੱਲਾਂ ਪਾਰਟੀ ਦੀਆਂ ਉਹਨਾਂ ਮਹਾਨ ਸਭਿਆਚਾਰਕ ਰਵਾਇਤਾਂ ਦੀ ਪਛਾਣ ਹੈ ਜਿਹੜੀਆਂ ਭਵਿੱਖੀ ਪੀੜ੍ਹੀਆਂ ਨੂੰ ਵਿਰਾਸਤ ਵਿਚ ਮਿਲੀਆਂ ਹਨ।

'ਗਦਰ ਦੀ ਗੂੰਜ' ਨੰਬਰ 7 ਦੀਆਂ ਕਵਿਤਾਵਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਗ਼ਦਰ ਪਾਰਟੀ ਦੀ ਆਜ਼ਾਦੀ ਬਾਰੇ ਸਮਝ ਕੀ ਸੀ। ਰਾਜਨੀਤਕ ਆਜ਼ਾਦੀ ਤਾਂ ਕੇਵਲ ਪਹਿਲਾ ਕਦਮ ਸੀ। ਆਜ਼ਾਦ ਹਿੰਦੁਸਤਾਨ 'ਚ ਉਹ ਕਿਸ ਪ੍ਰਕਾਰ ਦੀ ਆਰਥਿਕਤਾ, ਕਿਸ ਪ੍ਰਕਾਰ ਦੀ ਸਮਾਜਿਕ ਵਿਵਸਥਾ ਦਾ ਨਿਰਮਾਣ ਕਰਨਾ ਚਾਹੁੰਦੇ ਸਨ, ਇਸ ਬਾਰੇ ਉਹਨਾਂ ਦੇ ਸਾਹਵੇਂ ਨਕਸ਼ਾ ਬੜਾ ਸਪਸ਼ਟ ਸੀ:

ਬਾਗ਼ ਹਿੰਦ ਦਾ ਟਹਿਕਦਾ ਲੱਗੇ ਸੁਹਣਾ
ਆਵੇ ਮਹਿਕ ਤੇ ਖਿੜੀ ਗੁਲਜ਼ਾਰ ਹੋਵੇ
ਫਿਰਨ ਮਾਣਦੇ ਬਾਗ਼ ਵਿਚ ਰੰਗ ਰਲੀਆਂ
ਸਿਰੋਂ ਲੱਥਾ ਗੁਲਾਮੀ ਦਾ ਭਾਰ ਹੋਵੇ
ਊਚ ਨੀਚ ਦਾ ਸਵਾਲ ਨਾ ਛਿੜੇ ਕਿਧਰੇ
ਮਿਲਦਾ ਸਭ ਦੇ ਤਾਈਂ ਰੁਜ਼ਗਾਰ ਹੋਵੇ
ਹੱਕ ਹੋਵੇ ਇਕੋ ਜਿਹਾ ਸਾਰਿਆਂ ਦਾ
ਠਾਠਾਂ ਮਾਰਦਾ ਪ੍ਰੇਮ ਪਿਆਰ ਹੋਵੇ

... ... ...

ਸੁਤੰਤ੍ਰ ਲਾਜ਼ਮੀ ਵਿਦਿਆ ਹੋਵੇ ਸਾਰੇ
ਪੂਰਨ ਹੁਨਰ ਦੇ ਵਿਚ ਨਰ ਨਾਰ ਹੋਵੇ

... ... ...

ਬਾਹਰ ਨਿਕਲੇ ਨਾ ਪੈਸਾ ਹਿੰਦ ਵਿਚੋਂ
ਸਮਝੋ ਦੁਗਣੀ ਹੀ ਪੈਦਾਵਾਰ ਹੋਵੇ।

ਸਪਸ਼ਟ ਹੈ ਕਿ ਬਸਤੀਵਾਦ ਦੇ ਖਾਤਮੇ ਮਗਰੋਂ ਉਹ ਨਵ-ਬਸਤੀਵਾਦ ਦੇ ਖਤਰੇ ਤੋਂ ਚੌਕਸ ਸਨ।

ਅਸੀਂ ਆਰੰਭ ਵਿਚ ਗਦਰੀ ਲਹਿਰ ਵਿਚ ਆਏ ਉਤਾਰਾਵਾਂ-ਚੜ੍ਹਾਵਾਂ ਦੀ ਗੱਲ ਕੀਤੀ ਸੀ। ਪਾਰਟੀ ਭਾਵੇਂ ਰਸਮੀ ਤੌਰ 'ਤੇ 1947 ਤਕ ਕੰਮ ਕਰਦੀ ਰਹੀ ਪਰ ਗ਼ਦਰ ਪਾਰਟੀ ਦੇ ਇਕ ਉੱਘੇ ਆਗੂ ਅਤੇ ਲਾਲਾ ਹਰਦਿਆਲ ਤੋਂ ਮਗਰੋਂ ਬਣੇ ਸਕੱਤਰ ਭਾਈ ਸੰਤੋਖ ਸਿੰਘ ਨੇ ਮਾਸਕੋ ਤੋਂ ਪਰਤ ਕੇ 'ਕਿਰਤੀ' ਰਸਾਲਾ ਸ਼ੁਰੂ ਕੀਤਾ ਜਿਸ ਦੀ ਪ੍ਰੇਰਨਾ ਦਾ ਆਧਾਰ ਮਾਰਕਸਵਾਦ ਸੀ। ਗਦਰੀਆਂ ਦਾ ਇਕ ਹਿੱਸਾ 'ਕਿਰਤੀ' ਦੇ ਦੁਆਲੇ 'ਕਿਰਤੀ ਕਮਿਊਨਿਸਟ' ਦੇ ਨਾਂ ਹੇਠ ਸੰਗਠਤ ਹੋ ਗਿਆ ਜੋ ਮਗਰੋਂ ਚਲ ਕੇ ਭਾਰਤੀ ਕਮਿਊਨਿਸਟ ਪਾਰਟੀ ਵਿਚ ਜਜ਼ਬ ਹੋ ਗਿਆ ਸੀ। ਪਹਿਲਾਂ ਇਸ ਦਲ ਅਤੇ ਫੇਰ ਕਮਿਊਨਿਸਟ ਪਾਰਟੀ ਦੇ ਰੂਪ ਵਿਚ ਗਦਰ ਪਾਰਟੀ ਦੀਆਂ ਪਰੰਪਰਾਵਾਂ ਦਾ ਪ੍ਰਵਾਹ ਬਣਿਆ ਰਹਿੰਦਾ ਹੈ। ਇਸ ਬਾਰੇ 'ਗਦਰ ਦੀ ਗੂੰਜ' ਵਿਚ ਆਉਂਦਾ ਹੈ:

ਕਾਲਜ ਉਹਨਾਂ ਆਜ਼ਾਦੀ ਦਾ ਖੋਹਲ ਦਿੱਤਾ
ਜਿਹੜੇ ਕਿਰਤੀ ਰਸਾਲਾ ਚਲਾਉਣ ਵਾਲੇ

... ... ...


ਦੇ ਕੇ ਕਿਰਤੀਆਂ ਦੇ ਹੱਥੀਂ ਰਾਜ ਹਰ ਥਾਂ
ਨਵਾਂ ਕਰ ਦਿਆਂ ਦੁਨੀਆ ਵਿਚ ਬਾਗ਼ ਪੈਦਾ

ਬੇਸ਼ੱਕ ਗ਼ਦਰ ਪਾਰਟੀ ਆਪਣੇ ਰਾਜਨੀਤਕ ਨਿਸ਼ਾਨਿਆਂ ਦੀ ਪ੍ਰਾਪਤੀ ਵਿਚ ਅਸਫਲ ਰਹੀ ਪਰ ਇਸ ਨੇ ਦੇਸ਼ ਦੀ ਜਨਤਾ ਨੂੰ ਜਿਸ ਚੇਤਨਾ ਦੀ ਜਾਗ ਲਾਈ, ਉਸ ਨੇ ਅੱਗਿਓਂ ਪ੍ਰਫੁੱਲਤ ਤੇ ਪ੍ਰਚੰਡ ਹੋ ਕੇ ਬੜੇ ਸਾਰਥਕ ਸਿੱਟੇ ਪ੍ਰਾਪਤ ਕੀਤੇ। ਇਸ ਲਹਿਰ ਨੇ ਜਿਹੜੀਆਂ ਉਚੇਰੀਆਂ ਮਾਨਵੀ ਕਦਰਾਂ-ਕੀਮਤਾਂ ਵਾਲੇ ਸਭਿਆਚਾਰ ਦਾ ਝੰਡਾ ਬੁਲੰਦ ਕੀਤਾ, ਉਹ ਅੱਜ ਦੁਨੀਆ ਭਰ ਦੀਆਂ ਕੌਮਾਂਤਰੀ ਜਥੇਬੰਦੀਆਂ ਦੇ ਚਾਰਟ ਦਾ ਅੰਗ ਬਣੀਆਂ ਹੋਈਆਂ ਹਨ। ਜਿਥੋਂ ਤਕ 'ਗਦਰ ਦੀ ਗੂੰਜ' ਦੀਆਂ ਕਵਿਤਾਵਾਂ ਦੇ ਸਾਹਿਤਕ ਮਿਆਰ ਅਤੇ ਮੁਲੰਕਣ ਦਾ ਸਵਾਲ ਹੈ, ਇਸ ਬਾਰੇ ਸਾਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਸਾਹਿਤ ਦੇ ਇਤਿਹਾਸ ਲੇਖਕਾਂ ਅਤੇ ਸਾਹਿਤ-ਆਚਾਰੀਆਂ ਨੇ ਸੰਦਰਭ ਦੀਆਂ ਸੀਮਾਵਾਂ ਨੂੰ ਧਿਆਨ 'ਚ ਰੱਖ ਕੇ ਇਨ੍ਹਾਂ ਰਚਨਾਵਾਂ ਦਾ ਮੁੱਲ ਨਹੀਂ ਪਾਇਆ ਜੋ ਆਪਣੇ ਆਪ 'ਚ ਵਿਲੱਖਣ ਧਾਰਾ ਦਾ ਸਥਾਨ ਰੱਖਦੀਆਂ ਹਨ।

ਕਹਾਣੀ

# ਫੋਟੋ ਸੈਸ਼ਨ

***ਜਨਾਬ ਤੌਕੀਰ ਚੁਗਤਾਈ ਲਹਿੰਦੇ ਪੰਜਾਬ ਦੇ ਉੱਘੇ ਲੇਖਕ ਹਨ। ਉਹ ਕਹਾਣੀਆਂ ਵੀ ਲਿਖਦੇ ਹਨ ਅਤੇ ਕਵਿਤਾਵਾਂ ਵੀ। ਉਨ੍ਹਾਂ ਉਰਦੂ ਅਤੇ ਪੰਜਾਬੀ ਵਿਚ ਸਾਹਿਤ ਰਚਨਾ ਕੀਤੀ ਹੈ।ਉਨ੍ਹਾਂ ਦੀ ਕਹਾਣੀ 'ਫੋਟੋ ਸੈਸ਼ਨ' ਅੱਜ ਦੇ ਜ਼ਮਾਨੇ 'ਤੇ ਬੜਾ ਤਕੜਾ ਵਿਅੰਗ ਹੈ। ਲੋਕ ਜਿਸ ਤਰ੍ਹਾਂ ਨਵੀਂ ਤਕਨਾਲੋਜੀ ਦੇ ਗੁਲਾਮ ਬਣ ਗਏ ਹਨ, ਉਹ ਸਭ ਕੁਝ ਸੰਵੇਦਨਸ਼ੀਲਬੰਦੇ ਨੂੰ ਤੜਫਾਉਣ ਵਾਲਾ ਹੈ।***



**ਤੌਕੀਰ ਚੁਗਤਾਈ**

"ਲਗਦਾ ਨਹੀਂ ਹੁਣ ਉਹ ਆਪਣੇ ਪੈਰਾਂ 'ਤੇ ਘਰ ਮੁੜ ਕੇ ਆਵੇਗਾ!"

"ਆਪਣੇ ਪੈਰਾਂ 'ਤੇ ਤੁਰ ਕੇ ਗਿਆ ਕਦੋਂ ਸੀ। ਪਰ ਹੁਣ ਤਾਂ ਓਹਦੀ ਹਾਲਤ ਬਹੁਤ ਮਾੜੀ ਏ।"

"ਵੈਸੇ ਵੀ ਛੇ ਮਹੀਨੇ ਹੋਏ ਓਹਦਾ ਟੁਰਨਾ ਫਿਰਨਾ ਤਾਂ ਖ਼ਤਮ ਹੋ ਗਿਆ ਸੀ। ਮੰਜੀ 'ਤੇ ਈ ਰਹਿੰਦਾ ਸੀ। ਹੋ ਸਕਦਾ ਏ ਇਕ ਦੋ ਦਿਨ ਹੋਰ ਕੱਢ ਜਾਏ। ਸੁਣਿਆ ਉਹਦੇ ਹੱਥ ਪੈਰ ਵੀ ਹੁਣ ਸੁੱਜ ਗਏ ਨੇ!"

"ਆਹੋ, ਮੈਨੂੰ ਓਹਦੇ ਗੁਆਂਢੀ ਸ਼ਕੀਲ ਨੇ ਦੱਸਿਆ ਏ। ਕਹਿੰਦਾ ਸੀ ਡਾਕਟਰਾਂ ਨੇ ਜਵਾਬ ਦੇ ਛੱਡਿਆ ਏ।"

ਨਈਮ ਨੇ ਮੋਟਰਸਾਈਕਲ ਚਲਾਂਦੇ ਹੋਏ ਨਜ਼ੀਰ ਦੇ ਕੰਨ ਲਾਗੇ ਮੂੰਹ ਕਰਦਿਆਂ ਆਖਿਆ। ਦੋਵੇਂ ਸਿਵਲ ਹਸਪਤਾਲ ਜਾ ਰਹੇ ਸਨ। ਉਨ੍ਹਾਂ ਦੇ ਚਾਚੇ ਦਾ ਪੁੱਤਰ ਜਲੀਲ ਗੁਰਦਿਆਂ ਆਲੇ ਵਾਰਡ ਵਿਚ ਦਾਖ਼ਲ ਸੀ।

"ਗੁਰਦਿਆਂ ਦਾ ਮਰੀਜ਼ ਡਾਇਲਸਿਸ 'ਤੇ ਚਲਾ ਜਾਏ ਤਾਂ ਓਹਦੇ ਲਈ ਦੁਆ ਈ ਕੀਤੀ ਜਾ ਸਕਦੀ ਏ, ਪਰ ਕੀ ਕਰੀਏ ਜਾਣਾ ਵੀ ਜ਼ਰੂਰੀ ਏ।" ਨਜ਼ੀਰ ਨੇ ਮੋਟਰਸਾਈਕਲ ਚਲਾਂਦੇ ਹੋਏ ਮੂੰਹ ਪਿੱਛੇ ਮੋੜ ਕੇ ਉਹਨੂੰ ਜ਼ੋਰ ਦੀ ਆਖਿਆ।

"ਨਹੀਂ ਇੰਝ ਨਹੀਂ ਹੁੰਦਾ, ਬਹੁਤੇ ਮਰੀਜ਼ ਤੇ ਡਾਇਲਸਿਸ ਮਗਰੋਂ ਵੀ ਅੱਠ ਦਸ ਵਰ੍ਹੇ, ਸਗੋਂ ਏਸ ਤੋਂ ਵੀ ਜ਼ਿਆਦਾ ਵੇਲ਼ਾ ਕੱਢ ਜਾਂਦੇ ਨੇ। ਮੈਨੂੰ ਇਕ ਡਾਕਟਰ ਨੇ ਦੱਸਿਆ ਸੀ।" ਨਈਮ ਨੇ ਉਹਨੂੰ ਆਖਿਆ।

"ਹਾਂ, ਪਰ ਸਰਕਾਰੀ ਤੇ ਪ੍ਰਾਈਵੇਟ ਅਸਪਤਾਲਾਂ ਦੇ ਇਲਾਜ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਏ। ਬੰਦੇ ਚੋਖੇ ਹੋਣੇ ਨੇ ਅਸਪਤਾਲ ਵਿਚ।"

"ਤਿੰਨ ਦਿਨ ਤੋਂ ਵਟਸਐਪ ਗਰੁੱਪ ਵਿਚ ਫੋਟੋਆਂ ਸ਼ੇਅਰ ਹੋ ਰਹੀਆਂ ਨੇ। ਸਾਰੇ ਉਸ ਨੂੰ ਵੇਖਣ ਆ ਰਹੇ ਨੇ, ਜੋ ਵੀ ਫੋਟੋ ਖਿੱਚਦਾ ਏ, ਗਰੁੱਪ ਵਿਚ ਸ਼ੇਅਰ ਕਰ ਦਿੰਦਾ ਏ। ਮੈਨੂੰ ਤਾਂ ਵਟਸਐਪ ਦੀਆਂ ਫੋਟੋਆਂ ਰਾਹੀਂ ਈ ਉਹਦੀ ਸਿਹਤ ਬਾਰੇ ਪਤਾ ਚਲਦਾ ਰਿਹਾ, ਪਰ ਰੁਝੇਵੇਂ ਪਾਰੋਂ ਉਹਨੂੰ ਵੇਖਣ ਨਾ ਜਾ ਸਕਿਆ।" ਨਜ਼ੀਰ ਨੇ ਉਹਦੀ ਗੱਲ ਦਾ ਜਵਾਬ ਦਿੰਦੇ ਆਖਿਆ।

"ਯਾਰ ਅੱਜ ਕੱਲ੍ਹ ਇੰਨਾ ਟਾਇਮ ਕਿਸ ਕੋਲ਼ ਹੁੰਦਾ ਏ ਕਿ ਓਹ ਬਿਮਾਰਾਂ ਨੂੰ ਵੇਖਦਾ ਫਿਰੇ, ਪਰ ਉਹ ਭਰਾਵਾਂ ਵਰਗਾ ਏ। ਚਾਚੇ ਦਾ ਪੁੱਤਰ ਜੋ ਹੋਇਆ। ਮੈਂ ਵੀ ਵੇਖੀਆਂ ਸਨ ਉਹਦੀ ਬਿਮਾਰੀ ਦੀਆਂ ਸਾਰੀਆਂ ਫੋਟੋਆਂ, ਇਕ ਬੜੀ ਵਧੀਆ ਫੋਟੋ ਆਈ ਸੀ।"

"ਕਿਹੜੀ?"

"ਜਿਹਦੇ ਵਿਚ ਉਹ ਹੱਥ ਚੁੱਕ ਕੇ ਕਿਸੇ ਸ਼ੈਅ ਵੱਲ ਇਸ਼ਾਰਾ ਕਰ ਰਿਹਾ ਸੀ।" ਨਈਮ ਨੇ ਆਖਿਆ।

"ਆਹੋ! ਨਿੱਕੀ ਧੀ ਨੂੰ ਸੱਦ ਰਿਹਾ ਸੀ। ਉਹ ਫੋਟੋ ਮੇਰੇ ਪੁੱਤਰ ਨੇ ਬਣਾਈ ਸੀ।"

"ਅੱਜ ਮੈਂ ਵੀ ਬਣਾਵਾਂਗਾ।" ਨਈਮ ਉਤਾਵਲਾ ਜਿਹਾ ਹੋ ਕੇ ਆਖ ਰਿਹਾ ਸੀ।

"ਮੈਂ ਤਿੰਨ ਦਿਨ ਪਹਿਲਾਂ ਆਇਆ ਸਾਂ, ਫੋਟੋਆਂ ਵੀ ਬਣਾਈਆਂ ਸਨ ਤੇ ਇਕ ਦੋ ਸੈਲਫੀਆਂ ਵੀ ਲਿੱਤੀਆਂ ਸਨ। ਭਾਬੀ ਤੇ ਉਹਦੇ ਬੱਚੇ ਵੀ ਬੈਠੇ ਹੋਏ ਸਨ, ਨਾਲ਼ ਸੋਹਣੀ ਜਿਹੀ ਜਵਾਨ ਨਰਸ ਵੀ ਖਲੋਤੀ ਹੋਈ ਸੀ। ਵੈਸੇ ਸਰਕਾਰੀ ਅਸਪਤਾਲਾਂ ਵਿਚ ਜਵਾਨ ਨਰਸਾਂ ਘੱਟ ਈ ਨਜ਼ਰ ਆਉਂਦੀਆਂ ਨੇ, ਮੈਂ ਪਹਿਲੀ ਵਾਰ ਏਨੀ ਜਵਾਨ ਤੇ ਸੋਹਣੀ ਨਰਸ ਵੇਖੀ ਏ। ਪਿਛਲੀ ਵਾਰ ਜਦੋਂ ਫੂਫੀ ਬਰਕਤ ਇੱਥੇ ਦਾਖ਼ਲ ਸੀ, ਮੈਂ ਉਹਨੂੰ ਵੇਖਣ ਰੋਜ਼ ਈ ਆਉਂਦਾ ਸਾਂ, ਉਦੋਂ ਸਾਰੀਆਂ ਅੱਧਖੜ ਜਿਹੀਆਂ ਨਰਸਾਂ ਈ ਲੱਗੀਆਂ ਫਿਰਦੀਆਂ ਸਨ।"



"ਬੱਸ ਮੈਨੂੰ ਇੱਥੇ ਈ ਲਾਹ ਛੱਡ, ਤੂੰ ਮੋਟਰਸਾਈਕਲ ਪਾਰਕ ਕਰ ਲੈ, ਫਿਰ ਦੋਵੇਂ ਵਾਰਡ ਵਿਚ ਜਾਂਦੇ ਹਾਂ।" ਨਈਮ ਨੇ ਨਜ਼ੀਰ ਦੇ ਮੋਢੇ 'ਤੇ ਹੱਥ ਧਰਦਿਆਂ ਆਖਿਆ।

ਵਾਰਡ ਵਿਚ ਵੜਦਿਆਂ ਸਾਰ ਈ ਉਨ੍ਹਾਂ ਨੂੰ ਆਪਣੀ ਬਰਾਦਰੀ ਦੇ ਹੋਰ ਪੰਜ ਛੇ ਜੀਅ ਨਜ਼ਰ ਆਏ ਜਿਹਨਾਂ ਵਿਚ ਜ਼ਨਾਨੀਆਂ ਤੇ ਬੱਚੇ ਵਧੀਕ ਸਨ।

"ਡਾਕਟਰ ਮਨ੍ਹਾ ਵੀ ਕਰਦੇ ਨੇ ਬਹੁਤੇ ਬੰਦੇ ਤੇ ਬੱਚੇ ਮਰੀਜ਼ ਕੋਲ਼ ਲਿਆਣ ਤੋਂ। ਮਰੀਜ਼ ਕੋਲ਼ ਤਾਂ ਇਕ ਬੰਦਾ ਈ ਰਹਿ ਸਕਦਾ ਏ। ਨਾਲੇ ਵਧੀਕ ਬੰਦੇ ਹੋਵਣ ਤਾਂ ਮਰੀਜ਼ ਵੀ ਤੰਗ ਹੁੰਦਾ ਏ।" ਨਜ਼ੀਰ ਨੇ ਬਾਹਰ ਖਲੋਤੇ ਬੰਦਿਆਂ ਵੱਲ ਵੇਖਦਿਆਂ ਆਖਿਆ।

ਦੋਵੇਂ ਅੰਦਰ ਵੜੇ ਤਾਂ ਬਾਹਰ ਖਲੋਤੇ ਬੰਦਿਆਂ ਤੋਂ ਅੱਡ ਚਾਰ ਪੰਜ ਹੋਰ ਬੰਦੇ ਵੀ ਜਲੀਲ ਦੇ ਬੈੱਡ ਦੁਆਲ਼ੇ ਖਲੋਤੇ ਹੋਏ ਸਨ। ਜਲੀਲ ਦੇ ਘਰ ਆਲੀ, ਉਹਦੀਆਂ ਦੋ ਧੀਆਂ ਤੇ ਇਕ ਪੰਜ ਸਾਲ ਦਾ ਪੁੱਤਰ ਵੀ ਬੈੱਡ ਨਾਲ਼ ਜੁੜੇ ਬੈਂਚ 'ਤੇ ਬੈਠਾ ਪਿਆ ਸੀ।

"ਹੁਣ ਕੀ ਹਾਲ ਏ ਇਨ੍ਹਾਂ ਦਾ? ਡਾਕਟਰਾਂ ਨੇ ਕੀ ਆਖਿਆ ਏ ਭਾਬੀ?" ਨਜ਼ੀਰ ਨੇ ਜਲੀਲ ਦੀ ਘਰ ਆਲੀ ਕੋਲ਼ੋਂ ਪੁੱਛਿਆ।

"ਡਾਕਟਰਾਂ ਨੇ ਤਾਂ ਜਵਾਬ ਦੇ ਦਿੱਤਾ ਏ। ਕਹਿੰਦੇ ਇਹਨੂੰ ਘਰ ਲੈ ਜਾਓ ਪਰ ਸੋਚਦੀ ਆਂ, ਘਰ ਜਾ ਕੇ ਇਹ ਵੱਲ ਥੋੜ੍ਹੇ ਹੋ ਜਾਣਗੇ। ਕੁਝ ਸਮਝ ਨਹੀਂ ਆਉਂਦੀ।" ਜਲੀਲ ਦੇ ਘਰ ਆਲੀ ਨੇ ਭਾਰੀ ਜਿਹੀ ਆਵਾਜ਼ ਨਾਲ਼ ਨਜ਼ੀਰ ਦੇ ਲਾਗੇ ਆ ਕੇ ਉਹਨੂੰ ਹੌਲ਼ੀ ਜਿਹੀ ਦੱਸਿਆ।

ਜਲੀਲ ਦੀਆਂ ਅੱਖਾਂ ਬੰਦ ਸਨ। ਨਜ਼ੀਰ ਉਹਦੇ ਸਿਰਹਾਣੇ ਟੇਢਾ ਜਿਹਾ ਹੋ ਕੇ ਬੈਠਾ ਤੇ ਮੋਬਾਇਲ ਫੋਨ ਆਲ਼ਾ ਹੱਥ ਉੱਤੇ ਕਰ ਕੇ ਇਕ ਸੈਲਫੀ ਲੈ ਲਿੱਤੀ। ਫਿਰ ਫੋਟੋਆਂ ਆਲ਼ਾ ਫੋਲਡਰ ਖੋਲ੍ਹ ਕੇ ਨਵੀਂ ਬਣਾਈ ਸੈਲਫੀ ਨੂੰ ਵੇਖਿਆ। ਫੋਟੋ ਬਹੁਤ ਵਧੀਆ ਬਣੀ ਸੀ। ਓਹਦੇ ਨਾਲ਼ ਜਲੀਲ ਲੇਟਿਆ ਹੋਇਆ ਸੀ ਤੇ ਨਾਲ਼ ਦੇ ਬੈਂਚ 'ਤੇ ਉਹਦੇ ਘਰ ਆਲ਼ੀ ਆਪਣੇ ਧੀਆਂ ਪੁੱਤਰਾਂ ਨਾਲ਼ ਉਦਾਸ ਜਹਿਆ ਮੂੰਹ ਥੱਲੇ ਕਰ ਕੇ ਬੈਠੀ ਹੋਈ ਸੀ। ਨਜ਼ੀਰ ਨੇ ਨਵੀਆਂ ਫੋਟੋਆਂ ਨੂੰ ਉਸੇ ਵੇਲ਼ੇ ਵਟਸਐਪ ਗਰੁੱਪ ਵਿਚ ਸ਼ੇਅਰ ਕਰਦਿਆਂ ਓਹਨਾਂ ਥੱਲੇ ਕੈਪਸ਼ਨ ਦਿੱਤੀ:

'ਹਸਪਤਾਲ ਵਿਚ ਜਲੀਲ ਤੇ ਉਹਦਿਆਂ ਬੱਚਿਆਂ ਨਾਲ਼। ਡਾਕਟਰਾਂ ਨੇ ਜਲੀਲ ਨੂੰ ਜਵਾਬ ਦੇ ਦਿੱਤਾ। ਦੁਆ ਦੀ ਅਪੀਲ ਏ।'

ਨਈਮ ਨੇ ਵੀ ਤਸਵੀਰਾਂ ਬਨਾਣ ਲਈ ਆਪਣਾ ਮੋਬਾਇਲ ਫੋਨ ਹੱਥ ਵਿਚ ਫੜਿਆ ਹੋਇਆ ਸੀ। ਨੋਟੀਫਿਕੇਸ਼ਨ ਆਇਆ ਤਾਂ ਉਹਨੇ ਫੋਟੋ ਵੇਖਦਿਆਂ ਈ ਨਜ਼ੀਰ ਨੂੰ ਆਖਿਆ।

"ਪਈ ਬਹੁਤ ਵਧੀਆ ਫੋਟੋ ਆਈ ਏ!"

ਜਲੀਲ ਦੇ ਘਰ ਆਲ਼ੀ ਤੇ ਉਹਦੇ ਬੱਚੇ ਬਿੱਟ-ਬਿੱਟ ਦੋਹਾਂ ਦਾ ਮੂੰਹ ਵੇਖ ਰਹੇ ਸਨ।

ਨਜ਼ੀਰ ਪਿੱਛੇ ਹਟਿਆ ਤਾਂ ਨਈਮ ਸੈਲਫੀ ਲੈਣ ਲਈ ਜਲੀਲ ਦੇ ਮੋਢੇ ਕੋਲ਼ ਟੇਢਾ ਹੋ ਕੇ ਲੰਮਾ ਪਏ ਗਿਆ। ਉਹਨੇ ਆਖਿਆ, "ਜੇ ਮੇਰੀ ਸੈਲਫੀ ਤੇਰੇ ਨਾਲੋਂ ਵੱਖ ਹੋਈ ਤਾਂ ਈ ਮਜ਼ਾ ਆਵੇਗਾ। ਦੋਵੇਂ ਇਕੋ ਜਿਹੀਆਂ ਹੋਈਆਂ ਤਾਂ ਕੀ ਫ਼ਾਇਦਾ!"

ਉਹਨੇ ਜਲੀਲ ਦਾ ਹੱਥ (ਜਿਹੜਾ ਬਿਲਕੁਲ ਠੰਢਾ ਸੀ) ਆਪਣੇ ਹੱਥ ਵਿਚ ਫੜ ਕੇ ਏਸ ਢੰਗ ਨਾਲ਼ ਉਤਾਂਹ ਨੂੰ ਕੀਤਾ ਜਿਵੇਂ ਉਹ ਬਿਮਾਰੀ ਨਾਲ਼ ਲੜਨ ਤੇ ਉਹਨੂੰ ਸ਼ਿਕਸਤ ਦੇਵਣ ਲਈ ਤਿਆਰ ਬਰ ਤਿਆਰ ਹੋਵੇ, ਪਹਿਲਾਂ ਨਾਲੋਂ ਚੰਗੀ ਹਾਲਤ ਵਿਚ ਹੋਵੇ ਤੇ ਛੇਤੀ ਵੱਲ ਹੋ ਕੇ ਹਸਪਤਾਲ ਤੋਂ ਨਿਕਲਣ ਦੀ ਆਸ ਰੱਖਦਾ ਹੋਵੇ।

ਉਹਨੇ ਵੀ ਆਪਣੀ ਸੈਲਫੀ ਵਟਸਐਪ 'ਤੇ ਸ਼ੇਅਰ ਕਰਦਿਆਂ ਫੋਟੋ ਹੇਠਾਂ ਕੈਪਸ਼ਨ ਲਿਖੀ:

'ਜਲੀਲ ਦੀ ਹਾਲਤ ਹੁਣ ਪਹਿਲੇ ਨਾਲੋਂ ਵਧੀਆ।'

ਇੰਨੇ ਚਿਰ ਨੂੰ ਇਕ ਅੱਧਖੜ ਜਿਹੀ ਨਰਸ ਵਾਰਡ ਵਿਚ ਵੜੀ ਤੇ ਕਹਿਣ ਲੱਗੀ, "ਮਰੀਜ਼ ਨੂੰ ਮਿਲਣ ਦਾ ਟਾਇਮ ਇਕ ਘੰਟਾ ਹੁੰਦਾ ਏ। ਪੰਜ ਵੱਜ ਗਏ ਨੇ, ਟਾਇਮ ਮੁੱਕ ਗਿਆ। ਇਕ ਬੰਦਾ ਮਰੀਜ਼ ਕੋਲ਼ ਰਹਿ ਜਾਏ, ਦੂਜੇ ਵਾਰਡ ਤੋਂ ਬਾਹਰ ਚਲੇ ਜਾਣ!"

ਜਲੀਲ ਦੇ ਘਰ ਆਲ਼ੀ ਬੈੱਡ 'ਤੇ ਓਹਦੇ ਕੋਲ਼ ਬੈਠ ਗਈ। ਜਲੀਲ ਦੀਆਂ ਅੱਖਾਂ ਬੰਦ ਤੇ ਓਹਦੇ ਹੱਥ ਪੈਰ ਠੰਢੇ ਸਨ। ਸਾਰੇ ਰਿਸ਼ਤੇਦਾਰ ਆਪੋ-ਆਪਣੇ ਘਰ ਚਲੇ ਗਏ ਸਨ। ਓਹਦੇ ਬੱਚੇ ਵੀ ਵਾਰਡ ਤੋਂ ਬਾਹਰ ਵੇਟਿੰਗ ਰੂਮ ਵਿਚ ਆ ਗਏ ਸਨ।

ਨਰਸ ਨੇ ਡਿਊਟੀ 'ਤੇ ਆਂਦੇ ਈ ਜਲੀਲ ਦਾ ਬਲੱਡ ਪ੍ਰੈਸ਼ਰ ਚੈੱਕ ਕੀਤਾ, ਅੱਖਾਂ ਖੋਲ੍ਹ ਕੇ ਵੇਖੀਆਂ, ਨਬਜ਼ ਚੈੱਕ ਕੀਤੀ ਤੇ ਫ਼ਿਰ ਓਹਦੇ ਘਰ ਆਲ਼ੀ ਨੂੰ ਹੌਲ਼ੀ ਜਿਹੀ ਆਖਿਆ, "ਇਨ੍ਹਾਂ ਦਾ ਵੱਡਾ ਪੁੱਤਰ ਜਾਂ ਭਰਾ?"

"ਭਰਾ ਤਾਂ ਕੋਈ ਨਹੀਂ, ਪੰਜ ਵਰ੍ਹਿਆਂ ਦਾ ਪੁੱਤ ਆਪਣੀ ਭੈਣਾਂ ਨਾਲ਼ ਬਾਹਰ ਬੈਂਚ 'ਤੇ ਬੈਠਾ ਹੋਣਾ।"

"ਤੇ ਤੁਸੀਂ?"

"ਮੈਂ ਇਨ੍ਹਾਂ ਦੇ ਘਰ ਆਲ਼ੀ ਆਂ।"

"ਮੈਨੂੰ ਇਹ ਗੱਲ ਦੱਸਦਿਆਂ ਬੜਾ ਦੁੱਖ ਹੋ ਰਿਹਾ ਏ ਕਿ ਤੁਹਾਡੇ ਬੱਚਿਆਂ ਦਾ ਪਿਓ ਹੁਣ ਏਸ ਦੁਨੀਆ 'ਤੇ ਨਹੀਂ ਰਿਹਾ।" ਨਰਸ ਨੇ ਓਹਦੇ ਮੋਢੇ 'ਤੇ ਹੱਥ ਰੱਖਦਿਆਂ ਹੌਲ਼ੀ ਜਿਹੀ ਆਖਿਆ।

ਜਲੀਲ ਦੇ ਘਰ ਆਲ਼ੀ ਦੀਆਂ ਅੱਖਾਂ ਜੋ ਜਗਰਾਤੇ ਕੱਟ-ਕੱਟ ਤੇ ਰੋ-ਰੋ ਕੇ ਪਹਿਲਾਂ ਈ ਸੁੱਜੀਆਂ ਹੋਇਆਂ ਸਨ, ਇਕ ਵਾਰ ਫਿਰ ਭਿੱਜ ਗਈਆਂ ਤੇ ਓਹਨੇ ਨਰਸ ਨੂੰ ਆਖਿਆ, "ਜਦੋਂ ਡਾਕਟਰਾਂ ਨੇ ਜਵਾਬ ਦਿੱਤਾ ਸੀ, ਮੇਰੀ ਆਸ ਤਾਂ ਉਦੋਂ ਈ ਟੁੱਟ ਗਈ ਸੀ ਪਰ ਕੀ ਕਰਦੀ, ਬੱਚਿਆਂ ਨੂੰ ਝੂਠੀਆਂ ਤਸੱਲੀਆਂ ਦਿੰਦੀ ਰਹੀ, ਮੈਥੋਂ ਉਨ੍ਹਾਂ ਦਾ ਰੋਣਾ ਨਹੀਂ ਵੇਖਿਆ ਜਾਂਦਾ। ਮੈਨੂੰ ਪਤਾ ਏ ਜਦੋਂ ਕਿਸੇ ਦੇ ਗੁਰਦੇ ਫ਼ੇਲ੍ਹ ਹੋ ਜਾਣ ਤਾਂ ਉਹ ਬਹੁਤਾ ਚਿਰ ਨਹੀਂ ਜੀਅ ਸਕਦਾ।"

ਘਰ ਆਲ਼ੇ ਦੀ ਮੀਯਤ ਦਾ ਮੂੰਹ ਕੱਜ ਕੇ ਉਹ ਵਾਰਡ 'ਚੋਂ ਬਾਹਰ ਆਈ ਤਾਂ ਉਹਦੀਆਂ ਧੀਆਂ ਆਪਣੇ ਭਰਾ ਨੂੰ ਗੋਦੀ ਵਿਚ ਲੈ ਕੇ ਬੈਂਚ 'ਤੇ ਬੈਠੀਆਂ ਹੋਈਆਂ ਸਨ। ਓਹਨੇ ਦੋਹਾਂ ਧੀਆਂ ਨੂੰ ਗਲਵਕੜੀ ਪਾਈ ਤੇ ਰੋਂਦੇ ਹੋਏ ਆਖਿਆ, "ਤੁਹਾਡਾ ਪਿਓ ਤੁਹਾਨੂੰ ਛੱਡ ਗਿਆ ਏ।"

ਨਿੱਕੀ ਕੁੜੀ ਨੇ ਮਾਂ ਨੂੰ ਰੋਂਦੇ ਹੋਏ ਆਖਿਆ, "ਅੰਮੀ ਅਸੀਂ ਯਤੀਮ ਹੋ ਗਏ ਆਂ।"

"ਆਹੋ ਤੇ ਮੈਂ ਰੰਡੀ।" ਉਹਨੇ ਵੱਡੀ ਧੀ ਨੂੰ ਗਲ਼ ਨਾਲ਼ ਲਾ ਕੇ ਡਸਕੋਰੇ ਭਰਦਿਆਂ ਆਖਿਆ।

ਭੈਣਾਂ ਨੇ ਸੁੱਤੇ ਹੋਏ ਭਰਾ ਨੂੰ ਗੋਦੀ ਵਿਚੋਂ ਕੱਢ ਕੇ ਬੈਂਚ 'ਤੇ ਲੰਮਿਆਂ ਪਾਇਆ ਤੇ ਮਾਂ ਨਾਲ਼ ਵਾਰਡ ਵਿਚ ਵੜਦੇ ਸਾਰ ਪਿਓ ਦੀ ਮੀਯਤ ਨਾਲ਼ ਚਮੜ ਕੇ ਰੋਣ ਲੱਗ ਪਈਆਂ। ਨਰਸ ਨੇ ਹਸਪਤਾਲ ਦਾ ਇਕ ਫਾਰਮ ਉਹਨੂੰ ਦਿੰਦੇ ਆਖਿਆ, "ਏਸ ਫਾਰਮ 'ਤੇ ਦਸਤਖ਼ਤ ਕਰ ਕੇ ਤੁਸੀਂ ਇਨ੍ਹਾਂ ਦੀ ਮੀਯਤ ਘਰ ਲਿਜਾ ਸਕਦੇ ਓ। ਵਾਰਡ ਦੇ ਬਾਹਰ ਐਂਬੂਲੈਂਸ ਖੜ੍ਹੋਤੀ ਹੋਈ ਏ।"

ਛੋਟੀ ਕੁੜੀ ਨੇ ਆਪਣੇ ਪਰਸ ਵਿਚੋਂ ਮੋਬਾਇਲ ਫੋਨ ਕੱਢਿਆ। ਉਹ ਆਪਣੇ ਪਿਓ ਦੀ ਅਖ਼ੀਰਲੀ ਫੋਟੋ ਖਿੱਚਣਾ ਚਾਹੁੰਦੀ ਸੀ।


ਵੱਡੀ ਭੈਣ ਨੇ ਅੱਗੇ ਵਧ ਕੇ ਉਹਦੇ ਹੱਥ 'ਚੋਂ ਮੋਬਾਇਲ ਲੈਂਦਿਆਂ ਆਖਿਆ, "ਦੋ ਤਿੰਨ ਦਿਨਾਂ ਤੋਂ ਸਾਡੇ ਪਿਓ ਦੇ ਫੋਟੋ ਸੈਸ਼ਨ ਹੋ ਰਹੇ ਨੇ, ਹੁਣ ਬੱਸ ਕਰ ਦੇ। ਅਸਾਂ ਪਿਓ ਦੇ ਬਿਮਾਰ ਤੇ ਪੀਲੇ ਮੂੰਹ ਦੀਆਂ ਫੋਟੋਆਂ ਦਾ ਕੀ ਕਰਨਾ ਐਂ। ਇਨ੍ਹਾਂ ਦੇ ਹੱਸਦੇ ਖਿੜਦੇ ਮੂੰਹ ਦੀਆਂ ਫੋਟੋਆਂ ਤਾਂ ਨਿੱਕੇ ਹੁੰਦਿਆਂ ਤੋਂ ਸਾਡੇ ਦਿਲ ਦੇ ਐਲਬਮ ਵਿਚ ਲੱਗੀਆਂ ਹੋਈਆਂ ਨੇ ਜੋ ਸਦਾ ਲੱਗੀਆਂ ਰਹਿਣਗੀਆਂ।" ਓਹਨੇ ਰੋਂਦੀ ਹੋਈ ਭੈਣ ਨੂੰ ਖਿੱਚ ਕੇ ਆਪਣੇ ਸੀਨੇ ਨਾਲ਼ ਲਾ ਲਿਆ।

# ਪੰਜਾਬੀ ਫ਼ਿਲਮ 'ਜੂਨੀਅਰ' ਦਾ ਹੀਰੋ ਬਣਿਆ ਅਮੀਕ ਵਿਰਕ

ਪੰਜਾਬੀ ਫਿਲਮਾਂ ਦੇ ਨਿਰਮਾਣ ਖੇਤਰ 'ਚ ਆਪਣੀਆਂ ਵਿਲੱਖਣ ਪੈੜਾਂ ਪਾਉਣ ਵਾਲੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਅਮੀਕ ਵਿਰਕ ਨਾਮੀ ਨਿਰਮਾਤਾ ਹਨ ਜਿਨ੍ਹਾਂ ਨੇ ਬਤੌਰ ਨਿਰਮਾਤਾ 'ਬੰਬੂਕਾਟ', 'ਲਾਹੌਰੀਏ', 'ਭਲਵਾਨ ਸਿੰਘ', 'ਅਫਸਰ', 'ਵੇਖ ਬਰਾਤਾਂ ਚੱਲੀਆਂ' ਅਤੇ 'ਗੋਲਕ ਬੁਗਨੀ ਬੈਂਕ ਤੇ ਬਟੂਆ-1' ਵਰਗੀਆਂ ਸ਼ਾਨਦਾਰ ਫ਼ਿਲਮਾਂ ਦਾ ਨਿਰਮਾਣ ਕਰ ਕੇ ਪੰਜਾਬੀ ਸਿਨਮੇ ਦਾ ਮਾਣ ਵਧਾਇਆ ਹੈ। ਪੰਜਾਬੀ ਦਰਸ਼ਕਾਂ ਦੀ ਨਬਜ਼ ਟੋਹ ਕੇ ਫਿਲਮਾਂ ਬਣਾਉਣ ਵਾਲੇ ਅਮੀਕ ਵਿਰਕ ਹੁਣ ਬਤੌਰ ਅਦਾਕਾਰ ਵੀ ਸਰਗਰਮ ਹੋ ਚੁੱਕੇ ਹਨ।

ਬੀਤੇ ਦਿਨੀਂ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਮੌੜ' ਵਿੱਚ ਅੰਗਰੇਜ਼ ਪੁਲਿਸ ਅਫ਼ਸਰ 'ਬਰਟਨ' ਦਾ ਦਮਦਾਰ ਕਿਰਦਾਰ ਨਿਭਾ ਕੇ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਉਣ ਵਾਲੇ ਅਮੀਕ ਵਿਰਕ ਹੁਣ ਬਤੌਰ ਹੀਰੋ ਪੰਜਾਬੀ ਫ਼ਿਲਮ 'ਜੂਨੀਅਰ' ਵਿਚ ਨਜ਼ਰ ਆਉਣਗੇ। ਅਗਲੇ ਮਹੀਨੇ ਸਿਨੇਮਾਘਰਾਂ ਦਾ ਸ਼ਿੰਗਾਰ ਬਣਨ ਜਾ ਰਹੀ ਹੈ। ਇਸ ਫ਼ਿਲਮ ਬਾਰੇ ਅਮੀਕ ਦੱਸਦੇ ਹਨ ਕਿ ਇਸ ਫ਼ਿਲਮ ਨੂੰ ਬਣਨ ਵਿਚ ਭਾਵੇਂ ਦੋ ਸਾਲ ਲੱਗੇ ਹਨ ਪਰ ਇਸ ਦੀ ਤਿਆਰੀ ਉਹ ਕਈ ਸਾਲਾਂ ਤੋਂ ਕਰ ਰਹੇ ਹਨ ਅਤੇ ਇਹ ਪੰਜਾਬੀ ਦੀ ਪਹਿਲੀ ਐਕਸ਼ਨ ਡਰਾਮਾ ਫ਼ਿਲਮ ਹੈ ਜੋ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਭਾਸ਼ਾ ਵਿਚ ਹੈ ਅਤੇ ਭਾਰਤ ਸਮੇਤ ਤਿੰਨ ਵੱਖ ਵੱਖ ਮੁਲਕਾਂ ਵਿਚ ਫਿਲਮਾਈ ਗਈ ਹੈ। ਖ਼ੂਬਸੂਰਤ ਸ਼ਹਿਰ ਚੰਡੀਗੜ੍ਹ ਦੇ ਜੰਮਪਲ ਤੇ ਚੰਡੀਗੜ੍ਹ ਸਮੇਤ ਆਸਟਰੇਲੀਆ ਤੋਂ ਐਨੀਮੇਸ਼ਨ ਤੇ ਮਲਟੀਮੀਡੀਆ ਦੀ ਪੜ੍ਹਾਈ ਕਰਨ ਵਾਲੇ ਅਮੀਕ ਵਿਰਕ ਦਾ ਮੁੱਢ ਤੋਂ ਹੀ ਝੁਕਾਅ ਸਿਨਮਾ ਵੱਲ ਸੀ। ਉਹ ਦੱਸਦੇ ਹਨ ਕਿ ਉਨ੍ਹਾਂ ਦਾ ਨਾਨਕਾ ਪਰਿਵਾਰ ਕਲਾ ਨਾਲ ਸਬੰਧ ਰੱਖਦਾ ਹੈ, ਉੱਥੋਂ ਹੀ ਉਸਨੂੰ ਵੀ ਪਹਿਲਾਂ ਪੇਂਟਿੰਗ ਤੇ ਫਿਰ ਅਦਾਕਾਰੀ ਦੀ ਚੇਟਕ ਲੱਗੀ। ਉਸਨੇ ਆਪਣੇ ਪਰਿਵਾਰ ਕਾਰੋਬਾਰ ਦੀ ਥਾਂ ਫ਼ਿਲਮ ਜਗਤ ਵਿੱਚ ਕੰਮ ਕਰਨ ਨੂੰ ਪਹਿਲ ਦਿੱਤੀ। ਬਤੌਰ ਅਦਾਕਾਰ ਆਪਣੀ ਸ਼ੁਰੂਆਤ ਕਰਨ ਤੋਂ ਪਹਿਲਾਂ ਅਮੀਕ ਵਿਰਕ ਨੇ ਇਸ ਇੰਡਸਟਰੀ ਨੂੰ ਸਮਝਿਆ ਅਤੇ ਆਪਣਾ ਪ੍ਰੋਡਕਸ਼ਨ "ਨਦਰ ਫਿਲਮਸ" ਦੇ ਬੈਨਰ ਹੇਠ ਬਤੌਰ ਪ੍ਰੋਡਿਊਸਰ ਅੱਧੀ ਦਰਜਨ ਤੋਂ ਵੱਧ ਫਿਲਮਾਂ ਦਾ ਨਿਰਮਾਣ ਕੀਤਾ।

ਅਮੀਕ ਦੱਸਦੇ ਹਨ ਕਿ ਕਰੋਨਾ ਕਾਲ ਦੌਰਾਨ ਉਨ੍ਹਾਂ ਇਸ ਫ਼ਿਲਮ ਦੀ ਕਹਾਣੀ ਖੁਦ ਲਿਖੀ




ਸੀ, ਇਸ ਫ਼ਿਲਮ 'ਚ ਉਨ੍ਹਾਂ ਨੂੰ ਅਜਿਹਾ ਹੀਰੋ ਚਾਹੀਦਾ ਸੀ ਜੋ ਖੁਦ ਨੂੰ ਫ਼ਿਲਮ ਦੇ ਕਿਰਦਾਰ ਵਿਚ ਢਾਲਣ ਲਈ ਸਮਾਂ ਦੇ ਸਕੇ ਅਤੇ ਆਪਣੇ ਆਪ ਨੂੰ ਮਾਨਸਿਕ ਅਤੇ ਸਰੀਰਿਕ ਤੌਰ 'ਤੇ ਤਿਆਰ ਕਰ ਸਕੇ। ਫਿਲਮ ਇੰਡਸਟਰੀ ਦੇ ਕੁਝ ਦੋਸਤਾਂ ਦੀ ਸਲਾਹ ਤੋਂ ਬਾਅਦ ਉਨ੍ਹਾਂ ਖੁਦ ਇਹ ਕਿਰਦਾਰ ਨਿਭਾਉਣ ਦਾ ਫੈਸਲਾ ਲਿਆ। ਕਹਾਣੀ ਦੀ ਮੰਗ ਮੁਤਾਬਕ ਉਨ੍ਹਾਂ ਕਰੀਬ ਦੋ ਸਾਲ ਲਗਾਤਾਰ ਮਿਹਨਤ ਕੀਤੀ ਅਤੇ ਖੁਦ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਤਿਆਰ ਕੀਤਾ। ਨੌਜਵਾਨ ਨਿਰਦੇਸ਼ਕ ਹਰਮਨ ਢਿੱਲੋਂ ਦੀ ਡਾਇਰੈਕਟ ਕੀਤੀ ਇਸ ਫ਼ਿਲਮ ਵਿਚ ਉਹ ਅਜਿਹੇ ਨੌਜਵਾਨ ਦਾ ਕਿਰਦਾਰ ਨਿਭਾ ਰਹੇ ਜੋ ਕਿਸੇ ਵੇਲੇ ਕਰਾਈਮ ਦੀ ਦੁਨੀਆ ਦਾ ਹਿੱਸਾ ਸੀ। ਆਮ ਨਾਗਰਿਕ ਵਾਲੀ ਜ਼ਿੰਦਗੀ ਜਿਓਂ ਰਹੇ ਇਸ ਨੌਜਵਾਨ ਦੀ ਜ਼ਿੰਦਗੀ ਵਿਚ ਉਦੋਂ ਤਰਥੱਲੀ ਮੱਚਦੀ ਹੈ ਜਦੋਂ ਉਸਦੀ ਬੱਚੀ ਗਲਤੀ ਨਾਲ ਕੁਝ ਗੈਂਗਸਟਰਾਂ ਦੀ ਗੋਲੀ ਦਾ ਸ਼ਿਕਾਰ ਹੋ ਜਾਂਦੀ ਹੈ। ਅਮੀਕ ਮੁਤਾਬਕ ਉਨ੍ਹਾਂ ਦੀ ਇਹ ਫਿਲਮ ਆਮ ਪੰਜਾਬੀ ਫ਼ਿਲਮਾਂ ਨਾਲੋਂ ਵੱਖਰੀ ਹੈ। ਫ਼ਿਲਮ ਦੀ ਸਾਰੀ ਤਕਨੀਕੀ ਟੀਮ ਸਾਊਥ ਸਿਨਮਾ ਤੇ ਹਾਲੀਵੁੱਡ ਨਾਲ ਸਬੰਧਿਤ ਹੈ। ਫ਼ਿਲਮ 'ਚ ਆਮ ਇਨਸਾਨ ਦੀ ਜ਼ਿੰਦਗੀ ਅਤੇ ਕਰਾਈਮ ਦੀ ਦੁਨੀਆਂ ਦਾ ਸੱਚ ਖੂਬਸੂਰਤ ਤਰੀਕੇ ਨਾਲ ਫਿਲਮਾਇਆ ਹੈ। ਫ਼ਿਲਮ ਆਮ ਫਿਲਮਾਂ ਵਰਗੀ ਨਹੀਂ ਹੈ। ਫਿਲਮ ਵਿੱਚ ਪੰਜਾਬੀ ਦੇ ਨਾਲ ਨਾਲ ਹਿੰਦੀ, ਅੰਗਰੇਜ਼ੀ ਤੇ ਕੁਝ ਹੋਰ ਭਾਸ਼ਾਵਾਂ ਵੀ ਹਨ ਜੋ ਵੱਖ ਵੱਖ ਕਿਰਦਾਰਾਂ ਵੱਲੋਂ ਸਮਾਂ, ਸਥਾਨ ਤੇ ਹਾਲਾਤ ਮੁਤਾਬਕ ਬੋਲੀਆਂ ਗਈਆਂ ਹਨ। ਇਸ ਲਈ ਇਹ ਫ਼ਿਲਮ ਸਿਰਫ ਪੰਜਾਬੀ ਫ਼ਿਲਮ ਨਾ ਰਹਿ ਕੇ ਪੂਰੇ ਦੇਸ਼ਾਂ ਦੁਨੀਆਂ ਦੀ ਫ਼ਿਲਮ ਹੋਵੇਗੀ। ਅਮੀਕ ਮੁਤਾਬਕ ਜਿਸ ਤਰ੍ਹਾਂ ਪ੍ਰਤੱਖ ਨੂੰ ਪ੍ਰਮਾਣ ਦੀ ਜ਼ਰੂਰਤ ਨਹੀਂ ਹੁੰਦੀ ਉਸੇ ਤਰ੍ਹਾਂ ਫ਼ਿਲਮ ਦਾ ਟ੍ਰੇਲਰ ਆਉਣ ਤੋਂ ਬਾਅਦ ਉਨ੍ਹਾਂ ਨੂੰ ਫ਼ਿਲਮ ਬਾਰੇ ਜ਼ਿਆਦਾ ਕੁਝ ਬੋਲਣ ਦੀ ਜ਼ਰੂਰਤ ਨਹੀਂ। ਅਮੀਕ ਮੁਤਾਬਕ ਇਹ ਫਿਲਮ ਉਸਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਰਿਸਕ ਹੈ, ਪਰ ਪੰਜਾਬੀ ਸਿਨਮਾ ਨੂੰ ਰਵਾਇਤੀ ਚੱਕਰ ਵਿੱਚੋਂ ਕੱਢਣ ਲਈ ਅਜਿਹੇ ਰਿਸਕ ਲੈਣੇ ਜ਼ਰੂਰੀ ਹੋ ਗਏ ਹਨ। ਅੱਜ ਦੇ ਦੌਰ ਵਿਚ ਤੁਸੀਂ ਦਰਸ਼ਕਾਂ ਨੂੰ ਕੁਝ ਵੱਖਰਾ ਕਰਕੇ ਹੀ ਸਿਨਮਾ ਤੱਕ ਲੈ ਕੇ ਆ ਸਕਦੇ ਹੋ। ਇਹ ਫਿਲਮ ਪੰਜਾਬੀ ਦਰਸ਼ਕਾਂ ਦੇ ਤੇਜ਼ੀ ਨਾਲ ਬਦਲ ਰਹੇ ਸਿਨਮਾ ਰੁਝਾਨ ਨੂੰ ਧਿਆਨ ਵਿੱਚ ਰੱਖਕੇ ਬਣਾਈ ਗਈ ਹੈ।

*-ਜਿੰਦ ਜਵੰਦਾ*
*ਫੋਨ: 97795-91482*

# ਭਗਵਾ ਰੰਗ: ਹੁਣ ਯੂਨੀਵਰਸਿਟੀਆਂ ਵੀ ਖਤਰੇ 'ਚ

ਕੁਝ ਦਿਨ ਪਹਿਲਾਂ ਜਦੋਂ ਮੈਂ ਦਿੱਲੀ ਦੀ ਸਾਊਥ ਏਸ਼ੀਅਨ ਯੂਨੀਵਰਸਿਟੀ (ਐੱਸ.ਏ.ਯੂ.) ਦੇ ਚਾਰ ਅਧਿਆਪਕਾਂ ਨੂੰ ਮੁਅੱਤਲ ਕੀਤੇ ਜਾਣ ਦੀ ਖ਼ਬਰ ਪੜ੍ਹੀ ਤਾਂ ਝਟਕਾ ਲੱਗਾ ਪਰ ਮੈਂ ਹੈਰਾਨ ਬਿਲਕੁਲ ਨਹੀਂ ਹੋਇਆ। ਜਿੰਨਾ ਕੁ ਮੈਂ ਜਾਣਦਾ ਹਾਂ, ਇਹ ਪ੍ਰੋਫੈਸਰ ਆਪੋ-ਆਪਣੀ ਮਹਾਰਤ ਦੇ ਖੇਤਰਾਂ ਵਿਚ ਵਧੀਆ ਕੰਮ ਕਰ ਰਹੇ ਹਨ। ਨਾਲ ਹੀ ਉਨ੍ਹਾਂ ਖ਼ੁਦ ਨੂੰ ਖ਼ਾਲਸ 'ਨਿਰਪੱਖ' ਪੇਸ਼ੇਵਰਾਂ ਵਜੋਂ ਪਰਿਭਾਸ਼ਿਤ ਕਰਨ ਦੀ ਥਾਂ ਸੋਝੀਵਾਨ, ਸੱਚੇ ਅਧਿਆਪਕਾਂ ਵਾਲਾ ਵਿਹਾਰ ਕੀਤਾ, ਉਹ ਵੀ ਆਪਣੇ ਵਿਦਿਆਰਥੀਆਂ ਨਾਲ ਸੰਵਾਦ ਕਾਇਮ ਰੱਖਦਿਆਂ। ਹੈਰਾਨੀ ਦੀ



**ਅਵਿਜੀਤ ਪਾਠਕ**

ਗੱਲ ਨਹੀਂ ਕਿ ਜਦੋਂ ਵਿਦਿਆਰਥੀ ਆਪਣੇ ਵਜ਼ੀਫ਼ੇ ਵਿਚ ਕਟੌਤੀ ਦਾ ਵਿਰੋਧ, ਤੇ ਨਾਲ ਹੀ ਕੁਝ ਵਿਧਾਨਕੀ ਕਮੇਟੀਆਂ ਵਿਚ ਨੁਮਾਇੰਦਗੀ ਦਿੱਤੇ ਜਾਣ ਦੀ ਮੰਗ ਕਰ ਰਹੇ ਸਨ ਤਾਂ ਇਨ੍ਹਾਂ ਪ੍ਰੋਫੈਸਰਾਂ ਨੇ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਇਹੋ ਅਪੀਲ ਕੀਤੀ ਸੀ ਕਿ ਵਿਦਿਆਰਥੀਆਂ ਨਾਲ ਗੱਲਬਾਤ ਕਰ ਕੇ ਇਸ ਮਾਮਲੇ ਦਾ ਕੋਈ ਸਨਮਾਨਜਨਕ ਹੱਲ ਕੱਢ ਲਿਆ ਜਾਵੇ (ਨਾ ਕਿ ਸਾਰੇ ਮਾਮਲੇ ਨੂੰ ਪੁਲੀਸ ਵੱਲੋਂ ਸਿੱਝੇ ਜਾਣ ਲਈ ਮਹਿਜ਼ 'ਅਮਨ ਤੇ ਕਾਨੂੰਨ' ਦੀ ਸਮੱਸਿਆ ਬਣਾ ਕੇ ਪੇਸ਼ ਕੀਤਾ ਜਾਵੇ)।

ਉਨ੍ਹਾਂ ਵਿਚੋਂ ਇਕ ਪ੍ਰੋਫੈਸਰ ਨੇ ਹਸਪਤਾਲ ਜਾ ਕੇ ਉਥੇ ਦਾਖ਼ਲ ਉਸ ਵਿਦਿਆਰਥੀ ਦਾ ਹਾਲ-ਚਾਲ ਜਾਣਿਆ ਜਿਹੜਾ ਅੰਦੋਲਨ ਦੌਰਾਨ ਬੁਰੀ ਤਰ੍ਹਾਂ ਬਿਮਾਰ ਹੋ ਗਿਆ ਸੀ। ਕਿਸੇ ਚੰਗੇਰੇ ਸਮਾਜ ਵਿਚ ਇਨ੍ਹਾਂ ਅਧਿਆਪਕਾਂ ਦੇ ਅਜਿਹੇ ਗੁਣਾਂ ਜਾਂ ਸਦਗੁਣਾਂ ਦੀ ਸ਼ਲਾਘਾ ਕੀਤੀ ਜਾਣੀ ਬਣਦੀ ਸੀ ਪਰ ਅੱਜ ਅਸੀਂ ਅਜਿਹੇ ਸਮਾਜ ਵਿਚ ਰਹਿ ਰਹੇ ਹਾਂ ਜਿਹੜਾ ਹਰ ਚੀਜ਼ ਨੂੰ ਉਸ ਦੇ ਉਲਟ-ਭਾਵ ਵਿਚ ਬਦਲ ਦਿੰਦਾ ਹੈ, ਜਿਵੇਂ ਚੰਗੇ ਗੁਣਾਂ ਨੂੰ ਔਗੁਣਾਂ ਵਿਚ, ਤਰਸ ਨੂੰ ਗ਼ੈਰ-ਪੇਸ਼ੇਵਰ ਵਿਹਾਰ ਵਿਚ ਅਤੇ ਵਿਦਵਤਾ ਨੂੰ ਠੰਢੀ ਉਦਾਸੀਨਤਾ ਵਿਚ। ਇਸ ਲਈ ਮੈਂ ਇਹੋ ਸੋਚਦਾ ਹਾਂ ਕਿ ਉਨ੍ਹਾਂ ਦੀ ਮੁਅੱਤਲੀ ਅਟੱਲ ਸੀ ਕਿਉਂਕਿ ਯੂਨੀਵਰਸਿਟੀ ਪ੍ਰਸ਼ਾਸਨ ਉਨ੍ਹਾਂ ਦੇ 'ਮਾੜੇ-ਵਿਹਾਰ' ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦਾ!

ਖ਼ੈਰ, ਇਹ ਸਮਝਣਾ ਔਖਾ ਨਹੀਂ ਹੈ ਕਿ ਯੂਨੀਵਰਸਿਟੀ ਵੱਲੋਂ ਅਜਿਹੀਆਂ ਅਨੁਸ਼ਾਸਨੀ ਕਾਰਵਾਈਆਂ ਅਧਿਆਪਨ ਭਾਈਚਾਰੇ ਨੂੰ ਦੋ ਸਾਫ਼ ਸੁਨੇਹੇ ਦਿੰਦੀਆਂ ਹਨ: (ੳ) ਅਧਿਆਪਕ ਹੋਣ ਦੇ ਨਾਤੇ ਤੁਹਾਨੂੰ ਆਪਣੀਆਂ ਸੀਮਾਵਾਂ ਪਤਾ ਹੋਣੀਆਂ ਚਾਹੀਦੀਆਂ ਹਨ; ਆਪਣੀ ਮੁਕਾਬਲਤਨ ਦਿਲਕਸ਼ ਤਨਖ਼ਾਹ ਹਾਸਲ ਕਰੋ, ਖ਼ਾਮੋਸ਼ ਰਹੋ ਤੇ ਜਮਾਤਾਂ ਦੇ ਅੰਦਰ 'ਸਿਆਸਤ' ਨਾ ਵਾੜੋ; ਨਹੀਂ ਤਾਂ ਸਜ਼ਾ ਭੁਗਤਣ ਲਈ ਤਿਆਰ ਰਹੋ; ਅਤੇ (ਅ) ਨਿਗਰਾਨੀ ਮਸ਼ੀਨਰੀ ਦੀ ਤਾਕਤ ਨੂੰ ਘੱਟ ਨਾ ਸਮਝੋ; ਇਹ ਲਗਾਤਾਰ ਤੁਹਾਡੇ ਉਤੇ ਨਜ਼ਰ ਰੱਖ ਰਹੀ ਹੈ, ਤੁਹਾਡੀ ਹਰ ਹਿੱਲ-ਜੁੱਲ ਤੇ ਕਾਰਵਾਈ ਨੂੰ ਦੇਖ ਰਹੀ ਹੈ, ਇਥੋਂ ਤੱਕ ਕਿ ਇਹ ਵੀ ਪਤਾ ਲਾ ਰਹੀ ਹੈ ਕਿ ਕਿਤੇ ਤੁਸੀਂ 'ਮਾਰਕਸਵਾਦੀ ਸਟੱਡੀ ਸਰਕਲ' ਵਰਗੇ ਕਿਸੇ 'ਕੱਟੜ' ਮੰਚ ਦਾ ਹਿੱਸਾ ਤਾਂ ਨਹੀਂ ਹੋ। ਦਰਅਸਲ ਇਹ ਦੋ ਸੁਨੇਹੇ ਡਰ ਦੇ ਮਨੋਵਿਗਿਆਨ ਨੂੰ ਹੋਰ ਤੇਜ਼ ਕਰਨਗੇ ਅਤੇ ਬਹੁਤੇ ਅਧਿਆਪਕ ਇਸ ਦੌਰਾਨ 'ਬਚ ਕੇ' ਚੱਲਣਗੇ, ਉਹ ਕੂਟਨੀਤੀ ਦਾ ਸਹਾਰਾ ਲੈਣਗੇ ਅਤੇ ਆਪਣੀ ਖ਼ਾਮੋਸ਼ੀ ਰਾਹੀਂ ਉਹ ਪ੍ਰਸ਼ਾਸਨ ਨੂੰ ਵੱਧ ਤੋਂ ਵੱਧ ਹਮਲਾਵਰ ਰੁਖ਼ ਅਪਣਾਉਣ ਦਾ ਮੌਕਾ ਦੇਣਗੇ।



ਜਦੋਂ ਮੈਂ 1990 ਵਿਚ ਅਧਿਆਪਨ ਦਾ ਕਿੱਤਾ ਅਪਣਾਉਣ ਦਾ ਫ਼ੈਸਲਾ ਕੀਤਾ ਤਾਂ ਮੈਂ ਯੂਨੀਵਰਸਿਟੀ ਦੇ ਬਹੁਤ ਹੀ ਵਧੀਆ ਵਿਚਾਰ ਤੋਂ ਪ੍ਰੇਰਿਤ ਸਾਂ। ਮੈਨੂੰ ਜਾਪਦਾ ਸੀ ਕਿ ਯੂਨੀਵਰਸਿਟੀ ਇਕ ਤਰ੍ਹਾਂ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਬਹੁਤ ਹੀ ਜ਼ਿੰਦਾ-ਜਾਗਦੇ ਤੇ ਵਧਦੇ-ਫੁੱਲਦੇ ਭਾਈਚਾਰੇ ਵਜੋਂ ਕੰਮ ਕਰੇਗੀ। ਇਹ ਉਹ ਥਾਂ ਹੋਵੇਗੀ ਜਿੱਥੇ ਅਧਿਆਪਕ ਤੇ ਵਿਦਿਆਰਥੀ ਮਿਲ ਕੇ ਤੁਰਦੇ ਹਨ। ਜਿੱਥੇ ਨਿਆਂਪੂਰਨ ਤੇ ਨੇਕ, ਦਿਆਲੂ ਸੰਸਾਰ ਦੀ ਸਿਰਜਣਾ ਲਈ ਵਧੀਆ ਸਿੱਖਿਆ ਸ਼ਾਸਤਰ, ਸੱਭਿਆਚਾਰ ਤੇ ਸਿਆਸਤ ਉਤੇ ਅਰਥ ਭਰਪੂਰ ਖੋਜ ਤੇ ਲਗਾਤਾਰ ਬਹਿਸ ਤੇ ਸੰਵਾਦ ਰਾਹੀਂ ਅਤੇ ਵਿਰੋਧ ਦੇ ਵੱਖੋ-ਵੱਖ ਤਰੀਕਿਆਂ ਰਾਹੀਂ ਸਿਖਾਏਗੀ; ਤੇ ਨਾਲ ਹੀ ਮਾੜੀਆਂ ਆਦਤਾਂ ਤੇ ਗ਼ਲਤ ਗੱਲਾਂ ਨੂੰ ਪਿਛਾਂਹ ਛੱਡਣ ਲਈ ਸੋਝੀ ਦੇਵੇਗੀ। ਇਸ ਦੇ ਨਾਲ ਹੀ ਮੈਂ ਸੋਚਿਆ ਕਿ ਇਸ ਦੌਰਾਨ ਯੂਨੀਵਰਸਿਟੀ ਪ੍ਰਸ਼ਾਸਨ ਸਿਰਫ਼ ਸਾਰੇ ਕਾਸੇ ਨੂੰ ਸੰਭਵ ਬਣਾਉਣ ਵਾਲੇ ਦੀ ਭੂਮਿਕਾ ਹੀ ਨਿਭਾਵੇਗਾ ਤਾਂ ਕਿ ਵਿਦਿਆਰਥੀ ਤੇ ਅਧਿਆਪਕ ਖੁੱਲ੍ਹੇਪਣ ਅਤੇ ਆਜ਼ਾਦੀ ਵਾਲੇ ਵਾਤਾਵਰਨ ਵਿਚ ਫਲ-ਫੁੱਲ ਸਕਣ। ਮੈਂ ਜਾਣਦਾ ਹਾਂ ਕਿ ਇਸ ਆਦਰਸ਼ ਦਾ ਉਨ੍ਹਾਂ ਤਕਨੀਕੀ-ਪ੍ਰਬੰਧਕਾਂ ਵੱਲੋਂ ਸਿਰਫ਼ ਮਜ਼ਾਕ ਹੀ ਉਠਾਇਆ ਜਾਵੇਗਾ ਜਿਹੜੇ ਅੱਜ ਕੱਲ੍ਹ ਸਾਡੀਆਂ ਯੂਨੀਵਰਸਿਟੀਆਂ ਨੂੰ ਚਲਾ ਰਹੇ ਹਨ। ਕਾਰਨ ਇਹ ਕਿ ਨਵ-ਉਦਾਰਵਾਦ ਦਾ ਮੂਲ ਤਰਕ ਯੂਨੀਵਰਸਿਟੀਆਂ ਦਾ ਗ਼ੈਰ-ਸਿਆਸੀਕਰਨ ਕਰਨਾ ਚਾਹੁੰਦਾ ਹੈ ਜੋ ਇਸ ਦੀ ਥਾਂ ਇਨ੍ਹਾਂ ਨੂੰ 'ਬਰਾਂਡ' ਬਣਾ ਦੇਣਾ ਲੋਚਦਾ ਹੈ ਜਿਹੜਾ 'ਉਤਪਾਦਕਤਾ' ਅਤੇ 'ਕੁਸ਼ਲਤਾ' ਦੇ ਬਾਜ਼ਾਰ ਰਾਹੀਂ ਸੇਧਿਤ ਮੰਤਰ ਦਾ ਪਾਲਣ-ਪੋਸ਼ਣ ਕਰਦਾ ਹੈ ਅਤੇ ਜੋ ਵਿਦਿਆਰਥੀਆਂ ਨੂੰ ਸਿਰਫ਼ ਖ਼ਪਤਕਾਰਾਂ ਅਤੇ ਅਧਿਆਪਕਾਂ ਨੂੰ ਮਹਿਜ਼ ਸੇਵਾ ਦੇਣ ਵਾਲਿਆਂ ਵਿਚ ਬਦਲ ਦਿੰਦਾ ਹੈ।

ਅਜਿਹੇ ਹਾਲਾਤ ਵਿਚ ਸਿੱਖਿਆ ਸ਼ਾਸਤਰ ਦੀ ਉਹੋ ਜਿਹੀ ਭਾਵਨਾ ਨੂੰ ਬਣਾਈ ਰੱਖਣਾ ਬਹੁਤ ਮੁਸ਼ਕਿਲ ਹੈ ਜਿਸ ਦੀ ਮਿਸਾਲ ਪਾਉਲੋ ਫਰੇਰੇ ਅਤੇ ਬੈੱਲ ਹੁੱਕ ਵਰਗਿਆਂ ਨੇ ਕਾਇਮ ਕੀਤੀ ਸੀ। ਇਸ ਦੀ ਥਾਂ ਕਿਸੇ ਅਧਿਆਪਕ/ਪ੍ਰੋਫੈਸਰ ਤੋਂ 'ਨਿਰਪੱਖ' ਹੋਣ ਦੀ ਤਵੱਕੋ ਕੀਤੀ ਜਾਂਦੀ ਹੈ। ਰਾਜਨੀਤੀ ਤਾਂ ਅਸਲੀ ਰਾਹ ਤੋਂ ਭਟਕ ਜਾਣਾ ਹੈ; ਪ੍ਰੋਫੈਸਰਾਂ ਨੂੰ ਸਿਰਫ਼ ਪਰਚੇ ਪ੍ਰਕਾਸ਼ਿਤ ਕਰਨੇ ਚਾਹੀਦੇ ਹਨ। ਉਨ੍ਹਾਂ ਨੂੰ ਸਿਰਫ਼ ਹਵਾਲਾ ਸੂਚਨਾ ਅਤੇ ਛਪੇ ਪਰਚਿਆਂ ਦੀ ਗਿਣਤੀ ਨੂੰ ਹੀ ਧਿਆਨ ਵਿਚ ਰੱਖਣਾ ਚਾਹੀਦਾ ਹੈ, ਤੇ ਨਾਲ ਹੀ ਯੂਨੀਵਰਸਿਟੀ ਦੀ 'ਦਰਜਾਬੰਦੀ' ਵਧਾਉਣੀ ਚਾਹੀਦੀ ਹੈ! ਇਸੇ ਤਰ੍ਹਾਂ ਵਿਦਿਆਰਥੀਆਂ ਨੂੰ ਸਿਰਫ਼ ਆਪਣੇ ਉਪਯੋਗਤਾਵਾਦੀ ਟੀਚਿਆਂ ਬਾਰੇ ਹੀ ਸੋਚਣਾ ਚਾਹੀਦਾ ਹੈ। ਸੰਭਵ ਤੌਰ 'ਤੇ ਦਿੱਲੀ ਦੀ ਸਾਊਥ ਏਸ਼ੀਅਨ ਯੂਨੀਵਰਸਿਟੀ (ਐੱਸ.ਏ.ਯੂ.) ਵੀ ਇਸੇ ਤਰਕ ਦਾ ਪਾਲਣ ਕਰ ਰਹੀ ਹੈ। ਇਸ ਵਿਚ ਕੋਈ ਹੈਰਾਨੀ ਨਹੀਂ ਕਿ ਇਨ੍ਹਾਂ ਹਾਲਾਤ ਦੌਰਾਨ ਵਿਰੋਧ ਵਿਚ ਆਵਾਜ਼ ਉਠਾਉਣ ਵਾਲੇ ਵਿਦਿਆਰਥੀਆਂ ਨੂੰ ਵਿਘਨਕਾਰੀ ਅਨਸਰਾਂ ਵਜੋਂ ਦੇਖਿਆ ਜਾਂਦਾ ਹੈ; ਤੇ ਜਿਵੇਂ ਚਾਰ ਅਧਿਆਪਕਾਂ ਦੀ ਮੁਅੱਤਲੀ ਤੋਂ ਸੰਕੇਤ ਮਿਲਦਾ ਹੈ, ਜੇ ਤੁਸੀਂ ਇਨ੍ਹਾਂ 'ਸ਼ੱਕੀ' ਵਿਦਿਆਰਥੀਆਂ ਨਾਲ ਮਿਲਦੇ-ਜੁਲਦੇ ਦੇਖੇ ਜਾਂਦੇ ਹੋ ਤਾਂ ਸਾਫ਼ ਹੈ ਕਿ ਤੁਹਾਨੂੰ ਖਮਿਆਜ਼ਾ ਭੁਗਤਣਾ ਹੋਵੇਗਾ। ਇਸ ਤਰ੍ਹਾਂ ਅਧਿਆਪਕਾਂ ਦੀ ਮੁਅੱਤਲੀ ਨੂੰ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ।

ਇਹੀ ਨਹੀਂ, ਜਿਵੇਂ ਭਾਰਤ ਤੇਜ਼ੀ ਨਾਲ ਇਕ ਤਰ੍ਹਾਂ ਦੀ ਚੁਣਾਵੀ ਤਾਨਾਸ਼ਾਹੀ ਵੱਲ ਵਧ ਰਿਹਾ ਹੈ, ਅਸੀਂ 'ਬੌਧਿਕਤਾ ਵਿਰੋਧੀ' ਵਾਇਰਸ ਤੋਂ ਪੈਦਾ ਹੋ ਰਿਹਾ ਨਵੀਂ ਤਰ੍ਹਾਂ ਦਾ ਸੰਕਟ ਵੀ ਦੇਖ ਰਹੇ ਹਾਂ। ਤੁਸੀਂ ਆਲੋਚਨਾਤਮਕ ਢੰਗ ਨਾਲ ਹਰਗਿਜ਼ ਨਾ ਸੋਚੋ। ਸਥਾਪਤੀ ਨੂੰ ਕੋਈ ਸਵਾਲ ਨਾ ਕਰੋ। ਵਿਕਾਸ, ਰਾਸ਼ਟਰਵਾਦ ਅਤੇ ਧਰਮ ਦੇ ਦਬਦਬੇ ਵਾਲੇ ਵਿਖਿਆਨ ਨੂੰ ਪ੍ਰਵਾਨ ਕਰੋ। ਇਸ ਲਈ ਕੀ ਇਹ ਹੈਰਾਨੀਜਨਕ ਹੈ ਕਿ ਅਸਹਿਮਤੀ ਦੇ ਕਿਸੇ ਮਾਮੂਲੀ ਜਿਹੇ ਨਿਸ਼ਾਨ ਨੂੰ ਵੀ ਅਪਰਾਧੀ ਬਣਾ ਦਿੱਤਾ ਗਿਆ ਹੈ? ਭਾਰਤ ਵਿਚ ਹਰ ਕਿਤੇ ਯੂਨੀਵਰਸਿਟੀ ਪ੍ਰਸ਼ਾਸਨ ਬਹੁਤ ਜ਼ਿਆਦਾ ਚੌਕਸ ਹੋ ਰਿਹਾ ਹੈ; ਇਹ ਅਜਿਹੀ ਕਿਸੇ ਵੀ ਸਰਗਰਮੀ ਦੀ ਇਜਾਜ਼ਤ ਨਹੀਂ ਦਿੰਦਾ ਜਿਹੜੀ ਹਾਕਮ ਨਿਜ਼ਾਮ ਨੂੰ ਸਵਾਲ ਕਰਦੀ ਹੋਵੇ ਜਾਂ ਆਲੋਚਨਾਤਮਕ ਸੋਚ ਨੂੰ ਹੁਲਾਰਾ ਦਿੰਦੀ ਹੋਵੇ ਜਾਂ ਰਹਿਣ-ਸਹਿਣ ਦੇ ਅਗਾਂਹਵਧੂ ਤਰੀਕੇ ਨੂੰ ਉਤਸ਼ਾਹਿਤ ਕਰਦੀ ਹੋਵੇ, ਫਿਰ ਇਹ ਭਾਵੇਂ ਅਧਿਆਪਨ ਹੋਵੇ ਜਾਂ ਫਿਰ ਸੱਭਿਆਚਾਰਕ ਜਾਂ ਸਿਆਸੀ ਸਰਗਰਮੀ। ਕਾਫ਼ੀ ਦੇਰ ਮੈਂ ਇਹੋ ਸੋਚਦਾ ਰਿਹਾ ਕਿ ਐੱਸ.ਏ.ਯੂ. ਗੁਣਾਤਮਕ ਤੌਰ 'ਤੇ ਵੱਖਰੀ ਤਰ੍ਹਾਂ ਦੀ ਯੂਨੀਵਰਸਿਟੀ ਹੋਵੇਗੀ ਜੋ ਅੱਠ ਸਾਰਕ ਮੁਲਕਾਂ ਦਾ ਸਾਂਝਾ ਉੱਦਮ ਹੈ। ਮੈਂ ਬਹੁਤ ਵਾਰ ਇਸ ਯੂਨੀਵਰਸਿਟੀ ਵਿਚ ਜਾ ਚੁੱਕਾ ਹਾਂ ਅਤੇ ਇਸ ਦੌਰਾਨ ਬੰਗਲਾਦੇਸ਼, ਨੇਪਾਲ ਤੇ ਅਫ਼ਗ਼ਾਨਿਸਤਾਨ ਦੇ ਨੌਜਵਾਨ ਵਿਦਿਆਰਥੀਆਂ ਨਾਲ ਗੱਲਬਾਤ ਕਰ ਕੇ ਮੈਨੂੰ ਬਹੁਤ ਤਸੱਲੀ ਮਿਲਦੀ ਹੈ; ਨਾਲ ਹੀ ਇਸ ਵਿਚ ਵਧੀਆ ਤੇ ਨੌਜਵਾਨ ਅਧਿਆਪਕਾਂ ਦੀ ਮੌਜੂਦਗੀ ਵੀ ਬਹੁਤ ਖ਼ੁਸ਼ੀ ਵਾਲੀ ਗੱਲ ਸੀ। ਕੀ ਐੱਸ.ਏ.ਯੂ. ਆਪਣੀ ਖ਼ੁਦਮੁਖ਼ਤਾਰੀ ਗੁਆ ਰਹੀ ਹੈ, ਸਰਕਾਰ ਦੇ ਇਸ਼ਾਰਿਆਂ ਮੁਤਾਬਕ ਚੱਲ ਰਹੀ ਹੈ ਅਤੇ ਕਿਸੇ ਹੋਰ ਭਾਰਤੀ ਯੂਨੀਵਰਸਿਟੀ ਵਾਂਗ ਹੀ ਵਰਤਾਅ ਕਰ ਰਹੀ ਹੈ ਤਾਂ ਕਿ ਇਹ ਵੀ ਨਿਸ਼ਠਾਵਾਨ ਅਤੇ ਗ਼ੈਰ-ਸਿਆਸੀ ਕਰੀਅਰਵਾਦੀ ਜਾਂ ਫਿਰ ਇਸ ਤੋਂ ਵੀ ਵਧ ਕੇ ਅਤਿ-ਰਾਸ਼ਟਰਵਾਦੀਆਂ ਦੇ ਸਮੂਹ ਹੀ ਪੈਦਾ ਕਰੇ?

ਇਨ੍ਹਾਂ ਚਾਰ ਅਧਿਆਪਕਾਂ ਲਈ ਮੇਰਾ ਦਿਲ ਦੁਖਦਾ ਹੈ। ਜਿਹੜੀ ਚੀਜ਼ ਮੈਨੂੰ ਵੱਧ ਫ਼ਿਕਰਮੰਦ ਕਰਦੀ ਹੈ, ਉਹ ਇਹ ਕਿ ਜਿਵੇਂ ਉੱਚ ਸਮਾਜਿਕ ਤੇ ਆਰਥਿਕ ਪੁਜ਼ੀਸ਼ਨ ਹਾਸਲ ਕਰਨ ਵਾਲਾ ਭਾਰਤੀ ਮੱਧ ਵਰਗ ਵਾਲੇ ਕੋਈ ਵੀ 'ਜੋਖਮ' ਉਠਾਉਣ ਤੋਂ ਬਚਦੇ ਹਨ ਅਤੇ ਉਨ੍ਹਾਂ ਦੇ ਬੜੇ ਸੌੜੇ ਸਰੋਕਾਰਾਂ 'ਮੇਰੀ ਨੌਕਰੀ, ਮੇਰਾ ਕਰੀਅਰ, ਮੇਰੀ ਸੁਰੱਖਿਆ, ਮੇਰਾ ਪਰਿਵਾਰ, ਮੇਰੀ ਕਾਰ, ਮੇਰਾ ਘਰ, ਮੇਰੀ ਈਐੱਮਆਈ' ਆਦਿ ਕਾਰਨ ਇਨ੍ਹਾਂ ਚਾਰ ਪੀੜਤਾਂ ਨੂੰ ਵਡੇਰੇ ਅਧਿਆਪਨ ਭਾਈਚਾਰੇ ਤੋਂ ਕੋਈ ਵੀ ਠੋਸ ਅਤੇ ਲਗਾਤਾਰ ਜਜ਼ਬਾਤੀ ਤੇ ਸਿਆਸੀ ਹਮਾਇਤ ਮਿਲਣ ਦੇ ਆਸਾਰ ਨਹੀਂ ਹਨ। ਇਕੱਲਿਆਂ ਲੜਾਈ ਲੜਦਿਆਂ ਉਨ੍ਹਾਂ ਨੂੰ ਵਿੱਤੀ ਤੇ ਮਨੋਵਿਗਿਆਨਕ ਮਾਰ ਝੱਲਣੀ ਪਵੇਗੀ। ਤਾਂ ਵੀ ਮੇਰਾ ਖ਼ਿਆਲ ਹੈ ਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਆਇਆ ਇਹ ਅਹਿਮ ਮੋੜ ਉਨ੍ਹਾਂ ਦੇ ਵਿਸ਼ਵਾਸ ਤੇ ਹੌਸਲੇ ਨੂੰ ਹੋਰ ਮਜ਼ਬੂਤ ਕਰੇਗਾ, ਉਨ੍ਹਾਂ ਨੂੰ ਡਟੇ ਰਹਿਣ ਦੀ ਤਾਕਤ ਦੇਵੇਗਾ ਅਤੇ ਇਨ੍ਹਾਂ ਔਖੇ ਵੇਲਿਆਂ ਦੌਰਾਨ ਉਮੀਦ ਦੇ ਇਕ ਸਰੋਤ ਵਜੋਂ ਉੱਭਰਨ ਵਿਚ ਮਦਦ ਕਰੇਗਾ।

---

# ਭ੍ਰਿਸ਼ਟ ਸਿਆਸੀ ਫੰਡਿੰਗ

ਭਾਰਤ ਵਿਚ ਕਾਰਪੋਰੇਟ ਸੰਚਾਲਨ ਅਤੇ ਬੈਂਕਾਂ ਦੀ ਸੰਪਤੀ ਦਾ ਮਿਆਰ, ਸਿਆਸੀ ਫੰਡਿੰਗ (ਸਿਆਸੀ ਪਾਰਟੀਆਂ ਨੂੰ ਮਿਲਣ ਵਾਲਾ ਚੰਦਾ) ਦੀ ਸਫ਼ਾਈ (ਭ੍ਰਿਸ਼ਟਾਚਾਰ ਰਹਿਤ ਕਰਨ) ਉਤੇ ਨਿਰਭਰ ਕਰਦਾ ਹੈ ਪਰ ਅਜਿਹਾ ਹੋ ਨਹੀਂ ਰਿਹਾ। ਇਹ ਕੌੜੀ ਸੱਚਾਈ ਹੈ। ਜਦੋਂ ਤੱਕ ਸੁਧਾਰ ਨਹੀਂ ਹੋ ਜਾਂਦੇ, ਉਦੋਂ ਤੱਕ ਮਜ਼ਬੂਤ ਵਿੱਤੀ ਸੈਕਟਰ

**ਟੀ.ਕੇ. ਅਰੁਣ**

ਅਤੇ ਕਾਰਪੋਰੇਟ ਸੰਚਾਲਨ ਵਿਚ ਸੁਧਾਰ ਲਿਆਉਣ ਪੱਖੋਂ ਸੇਬੀ ਨੂੰ ਕਾਮਯਾਬੀ ਮਿਲਣ ਦੇ ਦਾਅਵੇ ਓਨੇ ਹੀ ਖੋਖਲੇ ਹਨ ਜਿੰਨਾ ਖੋਖਲਾ ਇਹ ਦਾਅਵਾ ਹੈ ਕਿ ਜਮਹੂਰੀਅਤ ਭਾਰਤ ਦੇ ਡੀ.ਐੱਨ.ਏ. ਵਿਚ ਹੈ। ਭਾਰਤ ਲੰਮਾ ਸਮਾਂ ਜਾਤੀਵਾਦੀ ਊਚ-ਨੀਚ ਅਤੇ ਸਮਾਜਿਕ ਤੇ ਸੱਭਿਆਚਾਰਕ ਤਾਕਤਾਂ ਦੀ ਬਹੁਤ ਅਸਾਵੀਂ ਵੰਡ ਦਾ ਸ਼ਿਕਾਰ ਰਿਹਾ ਹੈ।

ਕਾਰਪੋਰੇਟ ਸੰਚਾਲਨ ਅਤੇ ਬੈਂਕਾਂ ਵੱਲੋਂ ਕਰਜ਼ ਸਬੰਧੀ ਫ਼ੈਸਲੇ ਕਰਨ ਵਰਗੇ ਮਾਮਲਿਆਂ ਉਤੇ ਚਰਚਾ ਕਰਦੇ ਵਕਤ ਗੰਧਲੀ ਸਿਆਸੀ ਫੰਡਿੰਗ ਦਾ ਮੁੱਦਾ ਕਿਉਂ ਸਾਹਮਣੇ ਆਉਂਦਾ ਹੈ? ਦੋਵੇਂ ਹੀ ਭਾਰਤ ਵਿਚ ਚੱਲਣ ਵਾਲੀ ਸਿਆਸਤ ਦੀ ਦਲਦਲ ਤੋਂ ਬਹੁਤ ਦੂਰ ਵਾਪਰਨ ਵਾਲੇ ਮਾਮਲੇ ਹਨ ਅਤੇ ਭਾਰਤੀ ਸਿਆਸਤ ਉਹ ਥਾਂ ਹੈ ਜਿਥੇ ਵਿਧਾਇਕਾਂ/ਸੰਸਦ ਮੈਂਬਰਾਂ ਦੀਆਂ ਕੀਮਤਾਂ ਗਰਮੀਆਂ ਵਿਚ ਟਮਾਟਰਾਂ ਦੀਆਂ ਕੀਮਤਾਂ ਵਧਣ ਨਾਲੋਂ ਵੱਧ ਤੇਜ਼ੀ ਨਾਲ ਵਧਦੀਆਂ ਹਨ। ਇਹ ਸਾਰਾ ਕੁਝ ਉਸ ਰਾਜਨੀਤੀ ਤੋਂ ਵੱਖਰਾ ਹੈ ਜਿਹੜੀ ਵਿੱਦਿਅਕ ਅਦਾਰਿਆਂ ਵਿਚ ਪੜ੍ਹਾਈ ਜਾਂਦੀ ਹੈ। ਅਜਿਹਾ ਇਸ ਕਾਰਨ ਕਿ ਬਹੁਤੇ ਭਾਰਤੀ ਕਿਸੇ ਪਾਰਟੀ ਦੀ ਇਮਦਾਦ ਲਈ ਇਕ ਪੈਸੇ ਦੀ ਵੀ ਮਦਦ ਨਹੀਂ ਕਰਦੇ। ਉਨ੍ਹਾਂ ਨੂੰ ਜਾਪਦਾ ਹੈ ਕਿ ਉਨ੍ਹਾਂ ਦਾ ਲੋਕਤੰਤਰ ਵਿਚ ਯੋਗਦਾਨ ਵੋਟ ਪਾ ਕੇ ਤੇ ਵੱਟਸਐਪ ਸੁਨੇਹੇ ਅੱਗੇ ਭੇਜ ਕੇ ਹੀ ਪੂਰਾ ਹੋ ਜਾਂਦਾ ਹੈ ਅਤੇ ਉਹ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਦਾ ਹਿੱਸਾ ਹੋਣ 'ਤੇ ਮਾਣ ਮਹਿਸੂਸ ਕਰਦੇ ਹਨ। ਇਸ ਕਾਰਨ ਸਿਆਸੀ ਪਾਰਟੀਆਂ ਕੋਲ ਫੰਡ ਜੁਟਾਉਣ ਲਈ ਵੱਡੇ ਸਰਮਾਏਦਾਰਾਂ ਤੇ ਕਾਰਪੋਰੇਟਾਂ ਵੱਲ ਦੇਖਣ ਦਾ ਰਾਹ ਹੀ ਬਾਕੀ ਬਚਦਾ ਹੈ।

ਤੁਸੀਂ ਪੁੱਛ ਸਕਦੇ ਹੋ ਕਿ ਇਲੈਕਟੋਰਲ ਬਾਂਡਾਂ (ਚੋਣ ਬਾਂਡ) ਦੇ ਦੌਰ ਵਿਚ ਕੈਸ਼ (ਨਕਦੀ) ਦੀਆਂ ਗੱਲਾਂ ਕਿਉਂ? ਅਜਿਹਾ ਇਸ ਕਾਰਨ ਕਿ ਵਿਹਾਰ-ਵਰਤਾਅ ਪੱਖੋਂ ਸਿਆਸਤ ਗੰਧਲੀ ਹੁੰਦੀ ਹੈ ਤੇ ਇਸ ਲਈ ਨਕਦ ਅਦਾਇਗੀਆਂ ਦੀ ਲੋੜ ਪੈਂਦੀ ਹੈ। ਮੰਨ ਲਵੋ, ਕਿਸੇ ਹਲਕੇ ਦੇ ਸਾਰੇ ਨੌਂ ਉਮੀਦਵਾਰ ਚੋਣਾਂ ਦੌਰਾਨ ਸ਼ਰਾਬ ਵੰਡਦੇ ਹਨ ਸਗੋਂ ਕੁਝ ਤਾਂ ਵੋਟਰਾਂ ਨੂੰ ਨਕਦ ਨੋਟ ਵੀ ਵੰਡਦੇ ਹਨ, ਤਾਂ ਕੀ ਇਸ ਖ਼ਰਚੇ ਲਈ ਪਾਰਟੀ ਦੇ ਵਹੀ-ਖ਼ਾਤਿਆਂ ਵਿਚ ਦਰਜ ਦਾਨ ਵਾਲੇ ਪੈਸਿਆਂ ਦਾ ਇਸਤੇਮਾਲ ਕੀਤਾ ਜਾਵੇਗਾ, ਫਿਰ ਇਹ ਭਾਵੇਂ ਚੈੱਕ ਰਾਹੀਂ ਹਾਸਲ ਕੀਤੇ ਹੋਣ ਜਾਂ ਚੋਣ ਬਾਂਡ ਰਾਹੀਂ?

ਜੇ ਕੁਝ ਦਰਜਨ ਵਿਧਾਇਕਾਂ ਦੀ ਦਲਬਦਲੀ ਕਰਵਾ ਕੇ ਉਨ੍ਹਾਂ ਨੂੰ ਉਸ ਆਗੂ ਦੇ ਹੱਕ ਵਿਚ ਲਿਆਉਣਾ ਹੈ ਜਿਸ ਖ਼ਿਲਾਫ਼ ਉਨ੍ਹਾਂ ਚੋਣਾਂ ਲੜੀਆਂ ਤੇ ਜ਼ੋਰਦਾਰ ਚੋਣ ਪ੍ਰਚਾਰ ਕੀਤਾ ਸੀ ਅਤੇ ਇਸ ਲਈ ਪ੍ਰਤੀ ਵਿਧਾਇਕ 20 ਕਰੋੜ ਰੁਪਏ ਦੇਣੇ ਪੈਂਦੇ ਹਨ ਅਤੇ ਅਜਿਹਾ ਅਪਰੇਸ਼ਨ ਕਈ ਸੂਬਿਆਂ ਵਿਚ ਦੁਹਰਾਉਣਾ ਪੈਂਦਾ ਹੈ, ਤਾਂ ਇਸ ਲਈ ਵੀ ਕਾਫ਼ੀ ਭਾਰੀ ਰਕਮ ਦੀ ਲੋੜ ਪੈਂਦੀ ਹੈ। ਇਸ ਸੂਰਤ ਵਿਚ ਪਾਰਟੀ ਵੱਲੋਂ ਚੋਣ ਕਮਿਸ਼ਨ ਨੂੰ ਭੇਜੇ ਆਪਣੇ ਖ਼ਾਤਿਆਂ ਵਿਚ ਕਿਸੇ ਅਜਿਹੀ ਮੱਦ ਦੀ ਕਲਪਨਾ ਕਰੋ ਜਿਸ ਵਿਚ ਲਿਖਿਆ ਹੋਵੇ: 'ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਖ਼ਰੀਦਣ ਲਈ ਸਾਲਾਨਾ ਖ਼ਰਚ'।

ਇਸ ਲਈ ਇਸ ਤਰ੍ਹਾਂ ਦੇ ਖ਼ਰਚਿਆਂ ਲਈ ਰਕਮਾਂ ਬੇਹਿਸਾਬੇ ਵਸੀਲਿਆਂ ਤੋਂ ਆਉਂਦੀਆਂ ਹਨ। ਇਸੇ ਤਰ੍ਹਾਂ ਜਨਤਕ ਆਗੂਆਂ ਦੀਆਂ ਵਿਸ਼ਾਲ ਰੈਲੀਆਂ ਵਿਚ ਸ਼ਾਮਲ ਹੋਣ ਵਾਲੇ ਭਗਤਨੁਮਾ ਹਮਾਇਤੀਆਂ ਨੂੰ ਕੀਤੀ ਜਾਣ ਵਾਲੀ ਦਿਹਾੜੀ ਦੀ ਅਦਾਇਗੀ ਸੂਬਾ ਦਰ ਸੂਬਾ ਵੱਖੋ-ਵੱਖ ਹੁੰਦੀ ਹੈ। ਖ਼ੁਸ਼ਹਾਲ ਸੂਬਿਆਂ ਵਿਚ ਇਹ ਪ੍ਰਤੀ ਵਿਅਕਤੀ 1500 ਰੁਪਏ ਤੱਕ ਹੋ ਸਕਦੀ ਹੈ ਪਰ ਕੋਈ ਵੀ ਪਾਰਟੀ ਕਦੇ ਇਹ ਨਹੀਂ ਮੰਨੇਗੀ ਕਿ ਉਸ ਨੇ ਆਪਣੀ ਰੈਲੀ ਵਾਸਤੇ ਭੀੜ ਜੁਟਾਉਣ ਲਈ ਪੈਸੇ ਦਿੱਤੇ ਹਨ।

ਆਖ਼ਰਕਾਰ ਇਸ ਨਕਦੀ ਦੀ ਅਦਾਇਗੀ ਕੌਣ ਕਰਦਾ ਹੈ? ਬਹੁਤਾ ਕਰ ਕੇ ਛੋਟੀਆਂ ਤੇ ਵੱਡੀਆਂ ਕੰਪਨੀਆਂ ਦੇ ਮਾਲਕ। ਵੱਡੀਆਂ ਕੰਪਨੀਆਂ ਵਾਲੇ ਅਜਿਹੀ ਫੰਡਿੰਗ, ਜਵਾਬ ਵਿਚ ਲਾਹੇ ਲੈਣ ਲਈ ਕਰਦੇ ਹਨ; ਤੇ ਛੋਟੀਆਂ ਕੰਪਨੀਆਂ ਵਾਲੇ ਉਸੇ ਤਰ੍ਹਾਂ ਅਦਾਇਗੀ ਕਰਦੇ ਹਨ ਜਿਵੇਂ ਉਹ ਆਪਣੇ ਸ਼ਹਿਰ/ਕਸਬੇ ਵਿਚ ਸੁਰੱਖਿਆ ਰੈਕਟ ਚਲਾਉਣ ਵਾਲਿਆਂ ਨੂੰ ਕਰਦੇ ਹਨ। ਕੁਝ ਇਸ ਨੂੰ ਆਪਣੇ ਕਾਰੋਬਾਰ ਤੇ ਲੈਣ-ਦੇਣ ਦਾ ਹੀ ਹਿੱਸਾ ਹੀ ਮੰਨਦੇ ਹਨ।

ਸਭ ਤੋਂ ਪਹਿਲਾਂ ਤਾਂ ਸਵਾਲ ਇਹ ਉੱਠਦਾ ਹੈ ਕਿ ਕੰਪਨੀਆਂ ਨੂੰ ਇਹ ਬੇਹਿਸਾਬੀ ਦੌਲਤ ਕਿਥੋਂ ਮਿਲਦੀ ਹੈ, ਖ਼ਾਸਕਰ ਅਜੋਕੇ ਡਿਜੀਟਲ ਅਦਾਇਗੀਆਂ ਦੇ ਦੌਰ ਵਿਚ ਅਤੇ ਜਦੋਂ ਕਿਸੇ ਕਾਰਪੋਰੇਟ ਘਪਲੇ ਦਾ ਪਤਾ ਲਾਉਣ ਲਈ ਹਿੰਡਨਬਰਗ ਵਾਲੇ ਸੂਹਾਂ ਲੈਂਦੇ ਫਿਰਦੇ ਹੋਣ? ਦਰਅਸਲ ਜਦੋਂ ਕੰਪਨੀਆਂ ਬੈਂਕ ਤੋਂ ਕਰਜ਼ ਲੈਂਦੀਆਂ ਹਨ ਤਾਂ ਉਹ ਪ੍ਰੋਜੈਕਟ ਦੀ ਲਾਗਤ ਨੂੰ ਵਧਾ-ਚੜ੍ਹਾਅ ਕੇ ਦੱਸਦੀਆਂ ਹਨ ਅਤੇ ਪ੍ਰੋਜੈਕਟ ਲਈ ਅਸਲ ਵਿਚ ਜਿੰਨੀ ਰਕਮ ਦੀ ਲੋੜ ਹੁੰਦੀ ਹੈ, ਉਸ ਤੋਂ ਕਿਤੇ ਜ਼ਿਆਦਾ ਰਕਮ ਦਾ ਕਰਜ਼ ਲੈ ਲੈਂਦੀਆਂ ਹਨ। ਪ੍ਰੋਜੈਕਟ ਨੂੰ ਵੱਖੋ-ਵੱਖ ਕੰਪਨੀਆਂ ਵੱਲੋਂ ਅਮਲ ਵਿਚ ਲਿਆਂਦਾ ਜਾਂਦਾ ਹੈ ਜਿਨ੍ਹਾਂ ਵਿਚੋਂ ਕੁਝ ਪ੍ਰੋਮੋਟਰ ਨਾਲ ਜੁੜੀਆਂ ਹੁੰਦੀਆਂ ਹਨ। ਪੈਸੇ ਦੀ ਹੇਰਾਫੇਰੀ ਇਨ੍ਹਾਂ ਰਾਹੀਂ ਹੀ ਕੀਤੀ ਜਾਂਦੀ ਹੈ; ਜਾਂ ਫਿਰ ਜਦੋਂ ਕੰਪਨੀਆਂ ਵੱਲੋਂ ਦੂਜੀਆਂ ਕੰਪਨੀਆਂ ਨੂੰ ਖ਼ਰੀਦਿਆ ਜਾਂਦਾ ਹੈ ਤਾਂ ਵਿਕਰੇਤਾ ਬੜੀ ਖੁੱਲ੍ਹਦਿਲੀ ਨਾਲ ਅਦਾਇਗੀ ਦਾ ਇਕ ਹਿੱਸਾ, ਖ਼ਰੀਦਣ ਵਾਲੀ ਕੰਪਨੀ ਦੇ ਪ੍ਰੋਮੋਟਰ ਵੱਲੋਂ ਦੱਸੇ ਕਿਸੇ ਵਿਦੇਸ਼ੀ ਬੈਂਕ ਦੇ ਖ਼ਾਤੇ ਵਿਚ ਪਹੁੰਚਾ ਦਿੰਦਾ ਹੈ। ਹਕੀਕਤ ਵਿਚ ਖ਼ਰੀਦਣ ਵਾਲੀ ਕੰਪਨੀ ਜ਼ਿਆਦਾ ਅਦਾਇਗੀ ਕਰਦੀ ਹੈ।

ਜਦੋਂ ਵਧਾ ਕੇ ਦਿੱਤੀ ਗਈ ਪ੍ਰੋਜੈਕਟ ਲਾਗਤ ਨੂੰ ਮਨਜ਼ੂਰੀ ਦੇ ਦਿੱਤੀ ਜਾਂਦੀ ਹੈ ਅਤੇ ਲੋੜ ਨਾਲੋਂ ਜ਼ਿਆਦਾ ਕਰਜ਼ ਵੰਡ ਦਿੱਤੇ ਜਾਂਦੇ ਹਨ ਤਾਂ ਸੰਭਾਵੀ ਗੜਬੜ ਲਈ ਜ਼ਮੀਨ ਤਿਆਰ ਹੋ ਜਾਂਦੀ ਹੈ। ਜਿਸ ਪ੍ਰੋਜੈਕਟ ਲਈ ਕਰਜ਼ ਲਿਆ ਗਿਆ ਸੀ, ਉਸ ਵੱਲੋਂ ਨਕਦੀ ਪੈਦਾ ਕਰਨਾ ਸ਼ੁਰੂ ਕੀਤੇ ਜਾਣ ਤੋਂ ਪਹਿਲਾਂ ਉਸ ਵਾਸਤੇ ਹਾਸਲ ਕੀਤੇ ਗਏ ਵਾਧੂ ਕਰਜ਼ ਦੀ ਅਦਾਇਗੀ ਵਾਸਤੇ ਪ੍ਰੋਮੋਟਰ ਹੋਰ ਕਈ ਪ੍ਰੋਜੈਕਟ ਚਾਲੂ ਕਰ ਦਿੰਦਾ ਹੈ ਤੇ ਉਨ੍ਹਾਂ ਸਾਰਿਆਂ ਲਈ ਕਰਜ਼ ਲੈ ਲੈਂਦਾ ਹੈ। ਫਿਰ ਉਸ ਕਰਜ਼ ਦੇ ਇਕ ਹਿੱਸੇ ਦਾ ਇਸਤੇਮਾਲ ਮੂਲ ਕਰਜ਼ ਦੀ ਅਦਾਇਗੀ ਲਈ ਕੀਤਾ ਜਾਂਦਾ ਹੈ।

ਜੇ ਸਾਰਾ ਕੁਝ ਮਿਥੇ ਮੁਤਾਬਕ ਚੱਲਦਾ ਹੈ ਤਾਂ ਸਾਰੇ ਪ੍ਰੋਜੈਕਟ ਮੁਕੰਮਲ ਕਰ ਲਏ ਜਾਂਦੇ ਹਨ ਤੇ ਸਾਰੇ ਕਰਜ਼ ਨਬਿੜ ਦਿੱਤੇ ਜਾਂਦੇ ਹਨ। ਜੇ ਅਜਿਹਾ ਨਹੀਂ ਹੁੰਦਾ ਤਾਂ ਬਸ ਕਰਜ਼ ਗੜਬੜਾ ਜਾਂਦੇ ਹਨ ਅਤੇ ਇਸ ਦੇ ਸਿੱਟੇ ਵਜੋਂ ਬੈਂਕਾਂ ਦੇ ਵੱਟੇ ਖ਼ਾਤੇ ਪਏ ਕਰਜ਼ਿਆਂ (ਐੱਨ.ਪੀ.ਏ.) ਦਾ ਭਾਰ ਵਧ ਜਾਂਦਾ ਹੈ।

ਭਾਰਤ ਵਿਚ ਸਿਆਸੀ ਫੰਡਿੰਗ ਵਿਚ ਕੋਈ ਸੁਧਾਰ ਨਹੀਂ ਹੋਇਆ। ਇਹ ਸਾਰੇ ਸਰਮਾਏਦਾਰਾਂ ਨੂੰ ਘੱਟ ਜਾਂ ਵੱਧ ਪੱਧਰ ਤੱਕ ਕਰੋਨੀ ਪੂੰਜੀਵਾਦੀ (ਸਿਸਟਮ ਨਾਲ ਮਿਲੀਭੁਗਤ ਰਾਹੀਂ ਚੱਲਣ ਵਾਲੇ ਸਰਮਾਏਦਾਰ) ਬਣਾ ਲੈਂਦੀ ਹੈ। ਨਾਲ ਹੀ ਇਹ ਦੁਨੀਆ ਦੇ ਹੋਰ ਹਿੱਸਿਆਂ ਵਾਂਗ ਹੀ ਭਾਰਤ ਵਿਚ ਵੀ ਭ੍ਰਿਸ਼ਟਾਚਾਰ ਨੂੰ ਮੌਕਾਪ੍ਰਸਤ ਦੀ ਥਾਂ ਸਿਲਸਿਲੇਵਾਰ ਬਣਾ ਦਿੰਦੀ ਹੈ। ਭਾਰਤੀ ਲੋਕਤੰਤਰ ਭ੍ਰਿਸ਼ਟਾਚਾਰ ਦੀ ਕਮਾਈ ਉਤੇ ਚੱਲਦਾ ਹੈ।

ਬੈਂਕਿੰਗ ਢਾਂਚੇ ਦੇ ਮੌਜੂਦਾ ਹਾਲਾਤ ਗੁਜ਼ਰਦਾ ਹੋਇਆ ਇੱਕ ਪੜਾਅ ਹੈ। ਸਿਆਸੀ ਫੰਡਿੰਗ ਵਿਚ ਸੁਧਾਰਾਂ ਦੀ ਅਣਹੋਂਦ ਵਿਚ ਜਦੋਂ ਬੈਂਕ ਦੁਬਾਰਾ, ਹੋਰ ਕਰਜ਼ ਦੇਣੇ ਸ਼ੁਰੂ ਕਰ ਦਿੰਦੇ ਹਨ ਤਾਂ ਕੁਝ ਤਾਕਤਾਂ ਇਨ੍ਹਾਂ ਨੂੰ ਡੁੱਬੇ ਕਰਜ਼ਿਆਂ ਵਿਚ ਬਦਲਣ ਲਈ ਮਜਬੂਰ ਕਰ ਦੇਣਗੀਆਂ।




HEALTHY BODY HEALTHY MIND

# 15th ANNUAL GAMES



**Soccer, Track & Field, Basketball, Flag Football, Wrestling
Field Hockey, Volleyball, Kabaddi**

## July 22-23, 2023, Saturday & Sunday

**James Logan High School, 1800 H St, Union City CA 94587**

**Register Today at www.sikhsports.com**

ਕੈਲੀਫੋਰਨੀਆ ਦਾ ਇੱਕੋ-ਇੱਕ ਟੂਰਨਾਮੈਂਟ ਜਿੱਥੇ 1,500 ਤੋਂ ਜ਼ਿਆਦਾ ਅਥਲੀਟ ਹਿੱਸਾ ਲੈਂਦੇ ਹਨ।
''ਕਿਰਪਾ ਕਰਕੇ ਅੱਜ ਆਪਣੇ ਆਪ ਨੂੰ ਜਾਂ ਆਪਣੀ ਟੀਮ ਨੂੰ ਰਜਿਸਟਰ ਕਰੋ''

**Please send your donations to : 4430 Deerfield Way, Danville CA 94506**

Sikh Sports Association of USA is a registered 501 fd (3) Non-Profit Organisation, General information: 1-666-499-0032

# Punjab Sports Club, Chicago

ਸੂਬੇਦਾਰ ਬਾਪੂ ਕਰਤਾਰ ਸਿੰਘ ਅਤੇ ਸਵਰਗੀ ਹਰਭਜਨ ਸਿੰਘ ਘੁਮਾਣ ਦੀ ਯਾਦ ਵਿਚ ਕਬੱਡੀ ਟੂਰਨਾਮੈਂਟ



## Sports & Cultural Festival (World Kabaddi Cup)

**Sunday August 6th, 2023**

***11AM to 7 PM***

**BUSSE WOODS, 5 ELK GROVE VILLAGE**

**Free Entry, Free Parking & Free Food, Free Mehandi Special For Ladies.**



ਜੈਜ਼ੀ ਬੀ ਲਾਈਵ ਬੈਂਡ ਨਾਲ ਪਰਫਾਰਮੈਂਸ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕਰਨਗੇ।

### ਮੁੱਖ ਮਹਿਮਾਨ




ਦਰਸ਼ਨ ਸਿੰਘ ਧਾਲੀਵਾਲ ਸੁਰਜੀਤ ਸਿੰਘ ਰੱਖੜਾ

### ਚੇਅਰਮੈਨ



ਜੇ ਪੀ ਖਹਿਰਾ

### ਵਿਸ਼ੇਸ਼ ਮਹਿਮਾਨ



ਹੈਰੀ ਘੁਮਾਣ ਅਮਰਵੀਰ ਘੁਮਾਣ

### Directors of Event



ਅਮਰਜੀਤ ਢੀਂਡਸਾ ਲਖਬੀਰ ਢੀਂਡਸਾ

## Guest Of Honour



ਅਮੋਲਕ ਸਿੰਘ ਗਾਖਲ, ਹਰਜਿੰਦਰ ਸਿੰਘ ਜੱਜ, ਤੀਰਥ ਗਾਖਲ, ਲੱਖਾ ਗਾਜੀਪੁਰੀਆ, ਮਲਕੀਤ ਸਿੰਘ ਬੋਪਾਰਾਏ, ਸੈਮ ਉੱਪਲ, ਗੁਰਮੀਰ ਉੱਪਲ, ਹਰਪ੍ਰੀਤ ਜੱਜ



ਡਾ. ਨਵਜੋਤ ਸਿੰਘ ਦਹੀਆ, ਸੰਤੋਖ ਸਿੰਘ ਜੱਜ, ਡਾ. ਨਿੱਕ ਧਾਲੀਵਾਲ, ਜੋਤੀ ਚਾਂਦੀ, ਸਰਪੰਚ ਬਲਿਹਾਰ ਸਿੰਘ ਰਾਣੂ, ਕੇ ਡੀ ਰਾਣੂ, ਡਾ. ਪ੍ਰਭਜੋਤ ਸਿੱਧੂ, ਮਨਰਾਜ ਜੱਜ

### ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ



ਪਰਮਜੀਤ ਖਹਿਰਾ, ਬਲਜੀਤ ਬਾਸੀ, ਜਸਵਿੰਦਰ ਰਾਏ, ਜਸਵਿੰਦਰ ਸ਼ੇਰਗਿੱਲ

### ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਕੈਲੀਫੋਰਨੀਆ



ਬਲਜੀਤ ਸੰਧੂ, ਕੁਲਦੀਪ ਸਿੰਘ ਢੰਡਵਾੜ



ਅੰਮ੍ਰਿਤਪਾਲ ਸਿੰਘ ਢਿੱਲੋਂ, ਰਾਜਪਾਲ ਸੰਧੂ

### ਕਲੱਬ ਮੈਂਬਰ



ਸ. ਲਖਵੀਰ ਸਿੰਘ ਸਹੋਤਾ, ਸੰਤੋਖ ਸਿੰਘ ਘੁੰਮਣ, ਅਜੈਬ ਸਿੰਘ ਲੱਖਣ, ਸ. ਹੈਪੀ ਸਿੰਘ ਹੀਰ, ਡਾ. ਹਰਜਿੰਦਰ ਸਿੰਘ ਖਹਿਰਾ, ਸ. ਨਰਿੰਦਰ ਸਿੰਘ ਸਰਾਂ, ਸ. ਜਸਕਰਨ ਸਿੰਘ ਧਾਲੀਵਾਲ, ਰਜਿੰਦਰ ਦਿਆਲ, ਸ. ਹਰਵਿੰਦਰ ਸਿੰਘ ਬਿੱਲਾ, ਹਰਦੀਪ ਗਿੱਲ, ਪਰਮਿੰਦਰ ਸੈਂਬੀ, ਜਸਪਾਲ ਮਿੱਢਾ